# ਗੁਰਮਤਿ ਅਤੇ ਵਿਗਿਆਨ

ਗੁਰਬਚਨ ਸਿੰਘ ਸਿੱਧੂ ਐਮ.ਏ.

ਪ੍ਰਕਾਸ਼ਕ:
ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ.) ਮੁੱਲਾਂਪੁਰ ਦਾਖਾ ਮੰਡੀ
ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ
ਟੈਲੀਫੋਨ : 0161-2881001
website : www.gurmatbhawan.org
email : info@gurmatbhawan.org
gurmat_bhawan@sify.com

# ਗੁਰਮਤਿ ਅਤੇ ਵਿਗਿਆਨ

© ਗੁਰਬਚਨ ਸਿੰਘ ਸਿੱਧੂ ਐਮ.ਏ.

ਦੂਜੀ ਵਾਰ (ਸੋਧ ਕਰਕੇ ਅੰਗਰੇਜ਼ੀ ਵਿੱਚ) 2006 : (1000 ਕਾਪੀਆਂ)
ਤੀਸਰੀ ਵਾਰ (ਪੰਜਾਬੀ ਵਿੱਚ) 2009 : (1000 ਕਾਪੀਆਂ)

ਪ੍ਰਕਾਸ਼ਕ:
ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ.) ਮੁੱਲਾਂਪੁਰ ਦਾਖਾ ਮੰਡੀ
ਜ਼ਿਲ੍ਹਾ ਲੁਧਿਆਣਾ, ਪੰਜਾਬ, ਭਾਰਤ
ਟੈਲੀਫੋਨ : 0161-2881001
website : www.gurmatbhawan.org
email : info@gurmatbhawan.org
gurmat_bhawan@sify.com

## ਤਤਕਰਾ

Opinions
ਇਸ ਪੁਸਤਕ ਬਾਰੇ
**ਅਧਿਆਇ 1**
ਸਿੱਖ ਧਰਮ ਤੇ ਸਾਇੰਸ 1
1.1 ਧਰਮ ਕੀ ਹੈ ? 3
1.2 ਧਰਮ ਤੇ ਸਾਇੰਸ 6
**ਅਧਿਆਇ 2**
ਸਰਬ ਵਿਆਪਕ ਮਹਾ-ਸ਼ਕਤੀ 12
ਮਹਾ-ਸ਼ਕਤੀ 12
2.2 ਪਰਮਾਤਮਾ 14
2.3 ਪਰਮਾਤਮਾ ਨੂੰ ਕਿੱਸ ਨੇ ਬਣਾਇਆ? 17
**ਅਧਿਆਇ 3**
ਸਾਡਾ ਬ੍ਰਹਮੰਡ 20
**ਅਧਿਆਇ 4**
ਰਚਨਾ 26
4.1 ਟਾਈਡਲ ਸਿਧਾਂਤ 27
4.2 ਪ੍ਰੋਟੋਪਲੈਨਿਟ ਸਿਧਾਂਤ 27
4.3 ਹਿਗਜ਼ ਬੋਸਨ ਸਿਧਾਂਤ 27
4.4 ਲੂ ਵਿਲੀਅਮ ਸਿਧਾਂਤ 28
4.5 ਰੱਸੀ ਜਾਂ ਸੂਤਲੀ ਸਿਧਾਂਤ 28
4.6 ਕਾਲਪਣਿਕ ਸਿਧਾਂਤ 29
4.7 ਭਬੂਕਾ ਸਿਧਾਂਤ (Big Bang theory) 29
4.8 ਸਿੱਖ ਸਿਧਾਂਤ 30
4.9 ਬ੍ਰਹਮੰਡ ਦਾ ਜਨਮ ਦਿਨ 36
**ਅਧਿਆਇ 5**
ਜੀਵਨ 39

5.1 ਪੁਲਾੜ ਸਿਧਾਂਤ 40
5.2 ਪ੍ਰਕਿਰਤੀ ਹੀ ਜੀਵਨ ਬਣ ਗਈ 40
5.3 ਊਰਜਾ ਸਿਧਾਂਤ 41
5.4 ਹਿਗਜ਼ ਬੋਸਨ ਸਿਧਾਂਤ 42
5.5 ਸੂਗਰ ਸਿਧਾਂਤ 43
5.6 ਅਮੀਨੋ ਐਸਿਡ ਸਿਧਾਂਤ 43
5.7 ਕੋਲਰ ਸਿਧਾਂਤ 44
5.8 ਸਹਿਜ-ਵਿਕਾਸ ਸਿਧਾਂਤ (Theory of Evolution) 44
5.9 ਡੀ ਵਰਾਈ ਦਾ ਮਿਊਟੇਸ਼ਨ ਸਿਧਾਂਤ 46

**ਇਨ੍ਹਾਂ ਸਿਧਾਂਤਾਂ ਬਾਰੇ ਵਿਚਾਰ:**

1 ਨਿਰਜੀਵ ਦਾ ਜੀਵਾਣੂ ਵਿੱਚ ਬਦਲਨਾ 46
2 ਜੀਵ-ਜ਼ਾਤੀਆਂ (Species) ਦਾ ਵਿਕਾਸ 49
3 ਪ੍ਰੀਵਰਤਿਤ ਉੱਤਪਤੀ (Mutation) ਦਾ ਸਿਧਾਂਤ 51
4 ਜਨਣ ਅੰਗਾਂ ਦੀ ਅਦਲਾ ਬਦਲੀ ਨਾਲ ਨਵੀਆਂ ਨਸਲਾਂ ਦੀ ਉੱਤਪਤੀ 53
5 ਜੀਵਨ ਆਕਾਸ਼ ਤੋਂ ਧਰਤੀ ਉੱਪਰ ਆਇਆ 55

5.10 ਸਿੱਖ ਸਿਧਾਂਤ 56
5.11 ਜੀਵਾਂ ਦੀ ਸ਼੍ਰੇਣੀਵੰਡ (ਖਾਣੀਆਂ) 61
5.12 ਜੀਵਨ ਦਾ ਰਹਸਯ 62
5.13 ਪੱਥਰਾਂ ਵਿੱਚ ਜੀਵਨ 67
5.14 ਜੀਵਾਂ ਦੀਆਂ ਵੰਨਗੀਆਂ 68
5.15 ਕੀ ਆਕਾਸ਼ ਵਿੱਚਲੇ ਗ੍ਰਹਿਆਂ ਵਿੱਚ ਵੀ ਜੀਵਨ ਹੈ? 70

(ੳ) ਇਹ ਵਿਚਾਰ ਕਿਉਂ ਫੁਰਿਆ? 70
(ਅ) ਪੁਲਾੜ ਵਿੱਚ ਜੀਵਨ ਦੀ ਖੋਜ 72
(ੲ) ਉੱਪਰ ਵਸਦੇ ਲੋਕਾਂ ਨਾਲ ਗੱਲਬਾਤ 72

5.16 ਸਿਖ ਸਿਧਾਂਤ 73
5.17 ਜੀਵਨ ਦੇ ਅੰਸ਼ (ਤੱਤ) 74
5.18 ਬਨਸਪਤੀ ਵਿੱਚ ਜੀਵਨ 75
5.19 ਪ੍ਰਾਗਣ (Pollination-ਉੱਤਪਤੀ ਵਿਧੀ) 76
5.20 ਜੀਵ ਉਤਪਤੀ 77
5.21 ਜੀਵ ਦੇ ਅੰਦਰ ਜੀਵ 77
5.22 ਬ੍ਰਹਮੰਡ ਵਿੱਚ ਜੀਵਨ ਦੀ ਪ੍ਰਗਤੀ 79
5.23 ਬ੍ਰਹਮੰਡ ਅਤੇ ਜੀਵਨ ਦਾ ਅੰਤ 79

**ਅਧਿਆਇ 6**

ਗਤੀ (Motion) 83
6.1 ਪਦਾਰਥ ਦੀ ਅੰਦਰਲੀ ਹਿਲਜੁੱਲ 83
6.2 ਪਦਾਰਥ ਦੀ ਬਾਹਰਲੀ ਗਤੀ 84
6.3 ਸੂਖਸ਼ਮ ਸੰਸਾਰ ਵਿੱਚ ਤ੍ਰਿਭਵਨ 88
6.4 ਬ੍ਰਹਮੰਡ ਦਾ ਵਿਸਤਾਰ ਅਤੇ ਸੁਕੜਨ 89
6.5 ਬ੍ਰਹਮੰਡ ਦਾ ਅੰਤ 90
6.6 ਬ੍ਰਹਮੰਡ ਦੇ ਅੰਤ ਬਾਰੇ ਸਿੱਖ ਸਿਧਾਂਤ 93

**ਅਧਿਆਇ 7**

ਕੁਦਰਤ ਦੇ ਨਿਯਮ 95
7.1 ਪੁੰਜ (Mass) ਅਤੇ ਊਰਜਾ (Energy) ਦੀ ਅਬਿਨਾਸ਼ਤਾ ਦਾ ਨਿਯਮ 96
7.2 ਸਥਾਨ ਬਦਲੀ (ਵਿਸਥਾਪਣ) ਸਿਧਾਂਤ 98
7.3 ਪਾਣੀ ਦੀ ਬਣਤਰ 99
7.4 ਸੰਯੋਗ ਅਤੇ ਵਿਯੋਗ ਦਾ ਨਿਯਮ 99
7.5 ਪਦਾਰਥ ਦਾ ਊਰਜਾ ਵਿੱਚ ਬਦਲੀ ਦਾ ਸਿਧਾਂਤ 101

**ਅਧਿਆਇ 8**

ਚੰਦਰਮਾ 102
8.1 ਚੰਦਰਮਾ ਦੀ ਉੱਤਪਤੀ 104
8.2 ਚੰਦਰਮਾ ਧਰਤੀ ਤੋਂ ਕਿੰਨੀ ਦੂਰ ਹੈ? 105
8.3 ਚੰਦਰਮਾ ਦਾ ਸੂਰਜ ਨਾਲ ਸੰਬੰਧ 107

**ਅਧਿਆਇ 9**

ਧਰਮ ਅਤੇ ਸਮਾਜਿਕ ਵਿਗਿਆਨ 108
9.1 ਧਰਮ ਅਤੇ ਰਾਜਨੀਤੀ 108
9.2 ਨਿਰਪੇਖਤਾਵਾਦ (Secularism) 112
9.3 ਏਕਤਾਵਾਦ (Unionism) 113
9.4 ਆਤਮ ਰੱਖਿਆ ਦਾ ਹੱਕ (Right of self defence) 114
9.5 ਜਨਾਨੀਆਂ ਦਾ ਸਮਾਜਿਕ ਰੁਤਬਾ 116
9.6 ਜ਼ਾਤ ਪਾਤ 118

9.7 ਭੋਜਨ ਅਤੇ ਖਾਣ ਪੀਣ ਵਾਰੇ 119
(ੳ) ਭੋਜਨ 119
(ਅ) ਨਸ਼ੇ 120
9.8 ਵਰਤ 123
9.9 ਪ੍ਰਤਿਸ਼ਠਾ ਤੇ ਸਮਾਜਿਕ ਮਾਣ ਵਡਿਆਈ 123
9.10 ਵਿੱਦਿਆ 124
9.11 ਇਤਿਹਾਸ 127
9.12 ਕਾਨੂੰਨ 128
9.13 ਯੁੱਧ ਤੇ ਸ਼ਾਂਤੀ 129
9.14 ਪਰਿਆਵਰਣ (Ecology) 131
9.15 ਲੋਕਤੰਤਰ (Democracy) 135
9.16 ਸਹਿਨਸ਼ੀਲਤਾ 136
9.17 ਨਿਰਸਵਾਰਥ ਸੇਵਾ (Voluntary Service) 138
9.18 ਪਦਾਰਥਵਾਦ (Materialism) 139
9.19 ਸਾਮਵਾਦ (Communism) 140
**ਅਧਿਆਇ 10**
ਅਧਿਆਤਮਕ ਵਿਸ਼ੇ 144
10.1 ਧਾਰਮਿਕ ਏਕਾਧਿਕਾਰ (Bigotry) 144
10.2 ਮੁਕਤੀ (ਨਿਰਵਾਣ/ ਕੈਵਲਯਾ) 145
10.3 ਧਰਮ ਪ੍ਰੀਵਰਤਣ 147
10.4 ਪ੍ਰਾਰਥਨਾ (Prayer) 149
10.5 ਇਕੀਸ਼ਵਰਵਾਦ (Monotheism) 150
10.6 ਪੈਗੰਬਰ ਦੀ ਵਾਪਸੀ 151
10.7 ਸਵਰਗ ਅਤੇ ਨਰਕ 152
10.8 ਪਵਿੱਤਰ ਸਮਾਂ ਅਤੇ ਦਿਨ ਤਿਉਹਾਰ 155
**ਅਧਿਆਇ 11**
ਵਿਆਪਕ ਧਰਮ 158

# Opinions

1. "You have put so much effort in gathering so much data and information for this small volume. It would be a very valuable book about Sikhism." *Dr. Baldev Singh Collegeville P.A. America*

2. "I whole-heartedly applaud this book. It should be on the shelves of all libraries and be distributed by all Gurdwaras. It is imperative that the Sikh youth of today are encouraged to read works of this nature." *Dr.Tarlochan Singh Warwick. Leamington Spa. U.K.*

3. "You have done a lot of work in studying Gurbani and its comparison with science. Evolutions of life, earth, space, and matter have all been explained in a beautiful manner. The language and terms used are simple and precise. A common person can understand them easily." *Dr. Sarbjit Singh Scientific Officer Bhava Atomic research Centre Bombay 400085 India.*

4. "It is a splendid in-depth study of Sikhism and how it relates to science. It would make every Sikh proud to know that our Gurus were in deed well aware of scientific knowledge at a time when the world did not have all the sophistry and instrumentation which we now have." *Dr. Gurcharan Singh Msc; PhD Taramedic Corporation Kuala Lumpur Malaysia.*

5. "I have read your book with great interest and found it very informative. It is a new addition to Sikh literature. You have done a marvellous job in quoting relevant scientific literature with respect to its religious interpretations. Thank you for giving me the opportunity to read your informative book." *Dr. Gurmel Singh Sidhu America.*

6. "The writer has made a fine attempt to delve into the foundations of knowledge in order to reach the truth. He has the vision and the intuition to see into the life of things. The effort made by him is really commendable. The book is sure to enhance the knowledge of its readers and broaden their outlook."

   *S. Ram Singh Kular Principal Akal Degree College Mastuana (India) and Chief organiser Guru Gobind Singh Study Circle Ludhiana. (India)*

7. "The writer has made a deep research in the relevance of science in religion. He has tried to highlight the strong bond between the two. He has not only based his study on the physical sciences but has also explored social sciences and humanities. Psychology, Physical science, Sociology, Philosophy, Economics, Secularism and communism have all found a niche in this study" *Professor Gurdev Singh Postgraduate Deptt.of English G.H.G.Khalsa College Sadhar (India)*

8. G.S.Sidhu ਹੋਰਾਂ ਦੀ ਪੁਸਤਕ 'Sikh Religion and Science' ਧਰਮ ਅਤੇ ਵਿਗਿਆਨ ਦੇ ਆਪਸੀ ਸੰਬੰਧਾਂ ਉੱਪਰ ਇੱਕ ਤਰਕ-ਪੂਰਨ, systematic ਅਤੇ ਸਾਰ-ਗਰਭਿਤ ਟਿੱਪਣੀ ਹੈ । ਸਿੱਧੂ ਸਾਹਿਬ ਨੇ ਸਿੱਖ ਧਰਮ ਦੀ ਵਿਗਿਆਨਕਤਾ ਦਾ ਡੂੰਘਾ ਵਿਸ਼ਲੇਸ਼ਣਾਤਮਿਕ ਅਧਿਅਨ ਕੀਤਾ ਹੈ। ਇਸ ਅਧਿਅਨ ਦੀ ਮੁੱਖ ਵਿਸ਼ੇਸ਼ਤਾ ਅਤੇ ਇਸੇ ਵਿਸ਼ੇ ਉੱਪਰ ਹੋਏ ਹੋਰ ਅਧਿਐਨਾਂ ਤੋਂ ਭਿੰਨਤਾ ਇਹ ਹੈ ਕਿ ਜਿੱਥੇ ਹੋਰ ਅਧਿਐਨਾਂ ਵਿੱਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ ਕਿ ਗੁਰਬਾਣੀ, ਵਿਗਿਆਨ ਦਾ ਹੀ ਅਨੁਰੂਪ ਹੈ ਇਸ ਅਧਿਅਨ ਵਿੱਚ ਗੁਰਬਾਣੀ ਦੀ ਭੂਮਿਕਾ ਨੂੰ ਮੁੱਖ ਰਖਦੇ ਹੋਏ ਅਧਿਅਨਕਾਰ ਨੇ ਮੰਨਿਆ ਹੈ ਕਿ ਅਜੋਕਾ ਵਿਗਿਆਨ ਸਗੋਂ ਗੁਰਬਾਣੀ ਦਾ ਅਨੁਕਰਣ ਕਰ ਰਿਹਾ ਹੈ ।

   ਸਿੱਧੂ ਸਾਹਿਬ ਦਾ ਇਹ ਅਧਿਐਨ ਇਹ ਸਥਾਪਤ ਕਰਨ ਵਿੱਚ ਪੂਰੀ ਤਰਾਂ ਸਫ਼ਲ ਰਿਹਾ ਹੈ ਕਿ Sikhism ਅਧੁਨਿਕ ਵੈਸ਼ਾਵਿਕ ਵਿਵਸਥਾ ਨੂੰ ਪੂਰੀ ਤਰਾਂ ਵਿਆਖਿਆ ਕਰਨ ਵਿੱਚ ਸਮਰਥ ਹੈ ਅਤੇ ਭਵਿੱਖ ਲਈ ਇੱਕੋ ਇੱਕ ਸੰਪੂਰਣ ਵਿਚਾਰ ਧਾਰਾ ਹੈ ਜੋ ਦੁਨੀਆਂ ਨੂੰ ਚੰਗੇਰਾ ਜੀਵਨ ਜਿਉਣ ਲਈ ਤਿਆਰ ਕਰਨ ਵਿੱਚ ਸਹਾਈ ਹੋ ਸਕਦੀ ਹੈ ।

*Dr. Rajinder Singh*
Deptt. of Hindi
G.H.G.Khalsa College Sadhar (India)

# ਇਸ ਪੁਸਤਕ ਬਾਰੇ

ਅਧੁਨਿਕ ਯੁਗ ਵਿੱਚ ਵਿਗਿਆਨ ਦੀ ਉੱਨਤੀ ਕਾਰਨ ਇਨਸਾਨ ਦੇ ਜੀਵਨ ਢੰਗ, ਉਸ ਦੀ ਆਰਥਿਕਤਾ ਅਤੇ ਨੈਤਿਕ ਮਰਿਯਾਦਾ ਵਿੱਚ ਅਨੇਕ ਪ੍ਰਕਾਰ ਦੇ ਪ੍ਰੀਵਰਤਣ ਆਏ ਹਨ । ਇਸ ਦੇ ਨਾਲ ਨਾਲ ਇਹ ਪ੍ਰੀਵਰਤਣ ਵੀ ਆਇਆ ਹੈ ਕਿ ਅੱਜ ਦਾ ਮਨੁੱਖ ਹਰ ਗੱਲ ਦੀ ਤਹਿ ਤੱਕ ਪਹੁੰਚਣ ਅਤੇ ਅਸਲੀਅਤ ਲੱਭਣ ਦੇ ਯਤਨ ਵਿੱਚ ਰਹਿੰਦਾ ਹੈ । ਕੁੱਝ ਲੋਕ ਵਿਗਿਆਨ ਅਤੇ ਕਮਿਊਨਿਜ਼ਮ ਦੇ ਪ੍ਰਭਾਵ ਹੇਠ ਇਹ ਵੀ ਸਮਝਣ ਲਗ ਪਏ ਹਨ ਕਿ ਧਾਰਮਿਕ ਵਿਸ਼ਵਾਸ਼ ਵਿਗਿਆਨਕ ਸੋਚ ਨਾਲ ਮੇਲ ਨਹੀਂ ਖਾਂਦੇ, ਇਸ ਲਈ ਇਸ ਯੁਗ ਵਿੱਚ ਧਰਮ ਦੀ ਕੋਈ ਲੋੜ ਨਹੀਂ ਹੈ ।[1] ਕੁੱਝ ਤਾਂ ਇੱਥੋਂ ਤੱਕ ਵੀ ਕਹਿ ਦਿੰਦੇ ਹਨ ਕਿ ਧਰਮ ਅੰਧਵਿਸ਼ਵਾਸ਼ ਦਾ ਪੁਲੰਦਾ ਹੈ ਅਤੇ ਇਸ ਦਾ ਯੁਗ ਬੀਤ ਗਿਆ ਹੈ ।[2] ਪਦਾਰਥਵਾਦ ਅਤੇ ਨਾਸਤਿਕਤਾ ਵਧ ਰਹੀ ਹੈ । ਦੂਜੇ ਪਾਸੇ ਅਜਿਹੇ ਧਾਰਮਿਕ ਵਿਅਕਤੀ ਵੀ ਘੱਟ ਨਹੀਂ ਹਨ ਜੋ ਕਹਿੰਦੇ ਹਨ ਕਿ ਧਰਮ ਬਾਰੇ ਕੋਈ ਪ੍ਰਸ਼ਨ ਪੁੱਛਣਾ ਜਾ ਇਸ ਦੀ ਚੀਰ ਫਾੜ ਕਰਨਾ ਮਹਾਂ ਪਾਪ ਹੈ । ਬਸ, ਅੱਖਾਂ ਮੀਟ ਕੇ, ਸਦੀਆਂ ਤੋਂ ਚਲੇ ਆ ਰਹੇ ਰਸਮ ਰਵਾਜ, ਰੀਤਾਂ ਅਤੇ ਧਾਰਮਿਕ ਕਰਮ ਕਾਂਡ ਕਰੀ ਜਾਓ ਅਤੇ ਮੰਤਰ ਰਟੀ ਜਾਉ; ਇਹੋ ਧਰਮ ਹੈ ।[3]

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਇੰਸ ਸਾਡੇ ਪਰਿਆਵਰਣ ਨੂੰ ਨਿਖਾਰ ਰਹੀ ਹੈ ਅਤੇ ਕੁਦਰਤ ਦੇ ਨਿਯਮਾਂ ਨੂੰ ਸਮਝਣ ਵਿੱਚ ਸਹਾਈ ਹੋ ਰਹੀ ਹੈ । ਜੇ ਕਰ ਸਾਇੰਸ ਨੂੰ ਅੱਖੋਂ ਪ੍ਰੋਖੇ ਕਰ ਦਿੱਤਾ ਜਾਵੇ ਤਾਂ ਹਜ਼ਾਰਾਂ ਸਾਲਾਂ ਦਾ ਗਿਆਨ ਅਜਾਈਂ ਚਲਾ ਜਾਵੇਗਾ ਅਤੇ ਮਨੁੱਖ ਇੱਕ ਵਾਰ ਫੇਰ ਜੰਗਲੀ ਜੀਵਨ ਵਿੱਚ ਪਹੁੰਚ ਜਾਵੇਗਾ। ਦੂਜੇ ਪਾਸੇ ਇਹ ਵੀ ਸਚਾਈ ਹੈ ਕਿ ਸਾਇੰਸ ਨੇ ਇਨਸਾਨ ਲਈ ਤਬਾਹੀ ਵੀ ਲਿਆਂਦੀ ਹੈ। ਜੋ ਮਨੁੱਖੀ ਗੁਣ (ਸਦਾਚਾਰ, ਸਮਾਜਕ ਨਿਆਂ, ਪਿਆਰ, ਨਿਮਰਤਾ, ਹੌਮੇ ਤਿਆਗ, ਨੇਕੀ, ਅਤੇ ਭਰਾਤ੍ਰੀ ਭਾਵ ਆਦਿਕ) ਧਰਮ ਹਜ਼ਾਰਾਂ ਸਾਲ ਲਾ ਕੇ ਸਿਰਜਦਾ ਹੈ ਸਾਇੰਸ ਉਸ ਨੂੰ ਇੱਕ ਸਕਿੰਟ ਵਿੱਚ ਨਸ਼ਟ ਕਰ ਸਕਦੀ ਹੈ ।[4] ਨਾ ਧਰਮ ਅਤੇ ਨਾ ਹੀ ਸਾਇੰਸ ਹਰ ਰੋਗ ਦਾ ਇਲਾਜ ਹਨ । ਪ੍ਰਸਿੱਧ ਵਿਗਿਆਨੀ ਐਲਬਰਟ ਆਈਨਸਟਾਈਨ ਲਿਖਦੇ ਹਨ, *"ਧਰਮ ਤੋਂ ਬਿਨਾਂ ਸਾਇੰਸ ਲੰਗੜੀ ਹੈ ਅਤੇ ਵਿਗਿਆਨ ਤੋਂ ਬਿਨਾਂ ਧਰਮ ਅੰਨ੍ਹਾ ਹੈ"* । ਮਨੁੱਖ ਦੀ ਮੁਕਤੀ ਲਈ ਸਾਇੰਸ ਅਤੇ ਧਰਮ ਦੋਹਾਂ ਦੀ ਇੱਕੋ ਜਿੰਨੀ ਲੋੜ ਹੈ । ਸਾਇੰਸ ਜੜ੍ਹ ਪਦਾਰਥ ਬਾਰੇ ਗਿਆਨ ਪਰਦਾਨ ਕਰਦੀ ਹੈ ਅਤੇ ਕਈ ਪ੍ਰਕਾਰ ਦੇ ਸੁੱਖਾਂ ਦਾ ਸਾਧਨ ਬਣਦੀ ਹੈ ਅਤੇ ਧਰਮ ਮਨੁੱਖੀ ਮਨ ਦੀਆਂ ਮਾਨਸਿਕ ਪ੍ਰਵਿਰਤੀਆਂ ਦਾ ਗਿਆਨ ਪਰਦਾਨ ਕਰਦਾ ਹੈ। ਦੋਹਾਂ ਦਾ ਗਿਆਨ ਜ਼ਰੂਰੀ ਹੈ । **"ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥ ਅਗਿਆਨਿ ਅੰਧੇਰੈ ਸੂਝਸਿ ਨਾਹੀ ਬਹੁੜਿ ਬਹੁੜਿ ਭਰਮਾਤਾ" ॥ (ਪੰਨਾ 610)**

ਮੇਰੇ ਵਰਗੇ ਅਨਾੜੀ ਵੱਲੋਂ, ਜਿਸ ਨੂੰ ਨਾਂ ਆਪਣੇ ਧਰਮ ਬਾਰੇ ਪੂਰਾ ਗਿਆਨ ਹੋਵੇ ਅਤੇ ਨਾਂ ਸਾਇੰਸ ਬਾਰੇ ਕੁੱਝ ਜਾਣਦਾ ਹੋਵੇ, ਅਜਿਹੇ ਵਿਸ਼ੇ ਉੱਪਰ ਪੁਸਤਕ ਲਿਖਣ ਬੈਠ ਜਾਣਾ ਮੂਰਖਤਾ ਹੀ ਸਮਝੀ ਜਾਵੇਗੀ । ਇਹ ਕੰਮ ਇਸ ਲਈ ਵੀ ਬੇਹੱਦ ਔਖਾ ਹੈ ਕਿ ਧਰਮ ਵਿੱਚ ਵਿਗਿਆਨਕ ਨਿਯਮਾਵਲੀ (Laws of Science) ਨੂੰ ਲੱਭਦੇ ਫਿਰਨਾ ਇਸ ਤਰ੍ਹਾਂ ਹੈ ਜਿਵੇਂ ਕੋਈ ਮਾਰੂਥਲ ਵਿੱਚ ਮੱਛੀਆਂ ਲੱਭ ਰਿਹਾ ਹੋਵੇ । ਅਜਿਹੇ ਵਿਸ਼ੇ ਤੇ ਲਿਖਣ ਲਈ ਦੋਹਾਂ ਹੀ ਖੇਤਰਾਂ (ਸਾਂਇੰਸ ਤੇ ਧਰਮ) ਦਾ ਪੂਰਨ ਗਿਆਨ ਹੋਣਾ ਜ਼ਰੂਰੀ ਹੈ । ਮੈਂ ਇਸ ਵਿਸ਼ੇ ਵੱਲ ਇਸ ਲਈ ਪ੍ਰੇਰਿਆ ਗਿਆ ਕਿ ਸਨ 2001-2002 ਵਿੱਚ ਇੰਗਲੈਂਡ ਦੇ ਕੁੱਝ ਵਿਦਿਆਰਥੀਆਂ ਵੱਲੋਂ ਇੱਕ ਲੈਕਚਰ ਲੜੀ ਦਾ ਪ੍ਰਬੰਧ ਕੀਤਾ ਗਿਆ ਸੀ । ਇਸ ਲੜੀ ਵਿੱਚ ਮੈਨੂੰ Sikh Religion and Science ਦਾ ਵਿਸ਼ਾ ਦਿੱਤਾ ਗਿਆ ਸੀ ਜਿਸਨੂੰ ਮੈਂ ਹਿਚਕਚਾਉਂਦੇ ਹੋਏ ਪ੍ਰਵਾਣ ਕਰਨ ਦੀ ਗ਼ਲਤੀ ਕਰ ਬੈਠਾ ਸਾਂ । ਇਹ ਪੁਸਤਕ ਮੇਰੇ ਲੈਕਚਰ ਨੋਟਾਂ ਦਾ ਰੂਪਾਂਤਰ ਹੈ। ਯਤਨ ਕੀਤਾ ਹੈ ਕਿ ਔਖੇ ਵਿਗਿਆਨਕ ਸ਼ਬਦਾਂ (Scientifc Vocabulary) ਅਤੇ ਨਿਯਮਾਂ ਨੂੰ ਜਿੰਨਾ ਹੋ ਸਕੇ ਸੌਖਾ ਕਰ ਕੇ ਲਿਖਿਆ ਜਾਵੇ ਅਤੇ ਨਾਲ ਹੀ ਉਨ੍ਹਾਂ ਦਾ ਅੰਗ੍ਰੇਜ਼ੀ ਰੂਪ ਵੀ ਬ੍ਰੈਕਟ ਵਿੱਚ ਰੱਖ ਲਿਆ ਜਾਵੇ ਤਾਂ ਜੋ ਪਾਠਕਾਂ ਨੂੰ ਸਮਝਣ ਵਿੱਚ ਔਖ ਨਾ ਹੋਵੇ । ਇਹ ਕੁੱਝ ਕਰਕੇ ਵੀ ਸ਼ਾਇਦ ਕੁੱਝ ਪਾਠਕਾਂ ਨੂੰ ਕਿਧਰੇ ਕਿਧਰੇ ਪੁਸਤਕ ਨੂੰ ਸਮਝਣ ਵਿੱਚ ਔਖ ਆਵੇ । ਅਜਿਹੇ ਪਾਠਕਾਂ ਪਾਸੋਂ ਮੈਂ ਖਿਮਾ ਦਾ ਜਾਚਕ ਹਾਂ ।

---

[1] Read "*The God delusion*" by Richard Dawkins and "*The Failed Hypothesis*" by Victor Stenger

[2] Read "How religion poisons everything" by Christopher Hitchens

[3] ਇਸਲਾਮ ਵਿੱਚ ਅਲ ਅਸ਼ਾਰੀ ਅਤੇ ਅਲ ਗ਼ਜ਼ਾਲੀ ਦੋ ਪਰਸਿਧ ਵਿਦਵਾਨ ਹੋਏ ਹਨ ਜੋ ਕਹਿੰਦੇ ਸਨ ਕਿ ਇਸਲਾਮ ਦੀ ਕਿਸੇ ਗੱਲ ਉੱਪਰ ਕਿੰਤੂ ਪ੍ਰੰਤੂ ਕਰਨਾ ਕੁਫਰ ਹੈ । ਇਸ ਬਾਰੇ ਸਯਦ ਅਮੀਰ ਅਲੀ ਆਪਣੀ ਪੁਸਤਕ The spirit of Islam ਦੇ ਪੰਨਾ 486 ਤੇ ਲਿਖਦੇ ਹਨ, " ਜੇ ਅਸ਼ਾਰੀ ਤੇ ਗ਼ਜ਼ਾਲੀ ਨਾ ਹੁੰਦੇ ਤਾਂ ਅਰਬੀ ਲੋਕਾਂ ਦੀ ਕੌਮ ਨੇ ਗੈਲੀਲੀਓ, ਕੈਪਲਰ ਅਤੇ ਨਿਊਟਨ ਵਰਗੇ ਕਿੰਨੇ ਹੀ ਸਾਇੰਸਦਾਨ ਪੈਦਾ ਕਰਨੇ ਸਨ"। ਇਹੋ ਗੱਲ ਸਿੱਖ ਧਰਮ ਬਾਰੇ ਵੀ ਕਹੀ ਜਾ ਸਕਦੀ ਹੈ ਕਿ ਜੇ ਕਰ ਸਿੱਖ ਧਰਮ ਵਿੱਚ ਅਨਪੜ੍ਹ ਅਤੇ ਅੱਧਪੜ੍ਹ ਸਾਧ ਨਾ ਹੁੰਦੇ ਤਾਂ ਹਰ ਸਿੱਖ ਵਿਗਿਆਨੀ ਹੋਣਾ ਸੀ ।

[4] ਹੀਰੋਸ਼ੀਮਾ ਅਤੇ ਨਾਗਾਸਾਕੀ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ ।

ਮੇਰਾ ਵਿਸ਼ਾਵਾਸ ਹੈ ਕਿ ਸਾਇੰਸ ਅਤੇ ਸਿੱਖ ਧਰਮ ਇੱਕ ਦੂਜੇ ਦੇ ਪੂਰਕ ਹਨ। ਜੇ ਕਰ ਪੁਸਤਕ ਪੜ੍ਹਣ ਉਪ੍ਰੰਤ ਪਾਠਕ ਵੀ ਇਹੋ ਮਹਿਸੂਸ ਕਰਨ ਤਾਂ ਸਮਝ ਲਵਾਂਗਾ ਕਿ ਮੇਰਾ ਯਤਨ ਸਫਲ ਹੋਇਆ ਹੈ । ਪੁਸਤਕ ਬਾਰੇ ਆਉਣ ਵਾਲੇ ਸੁਝਾਵਾਂ ਲਈ ਅਤੇ ਸੁਚਾਰੂ ਆਲੋਚਨਾ ਲਈ ਧੰਨਵਾਦੀ ਹੋਵਾਂਗਾ ।

ਗੁਰਬਚਨ ਸਿੰਘ
ਨੌਟਿੰਘਮ
20.1.2009

Note:- ਇਹ ਪੁਸਤਕ ਅੰਗ੍ਰੇਜ਼ੀ ਵਿੱਚ ਵੀ ਛੱਪ ਚੁੱਕੀ ਹੈ ।

# ਅਧਿਆਇ 1

## ਸਿੱਖ ਧਰਮ ਤੇ ਸਾਇੰਸ

ਮਨੁੱਖੀ ਸਮਾਜ ਦੀ ਉੱਨਤੀ ਦੇ ਕਈ ਪੜਾ ਹਨ । ਇੱਕ ਸਮਾਂ ਐਸਾ ਵੀ ਸੀ ਕਿ ਮਨੁੱਖ ਪੱਥਰ, ਦਰਖਤ, ਭੂਤ-ਪ੍ਰੇਤ, ਦਰਿਆਵਾਂ ਅਤੇ ਪਸ਼ੂਆਂ ਆਦਿਕ ਦੀ ਪੂਜਾ ਕਰਦਾ ਸੀ ।[5] ਧਾਰਮਿਕ ਗ੍ਰੰਥ ਪੈਦਾ ਹੋਏ ਤਾਂ ਇਨ੍ਹਾਂ ਦੀ ਪੂਜਾ ਪ੍ਰਤਿਸ਼ਠਾ ਹੋਣ ਲਗੀ ਅਤੇ ਰਾਜਿਆ ਪ੍ਰੋਹਿਤਾਂ ਆਦਿਕ ਨੇ ਇਨ੍ਹਾਂ ਦੇ ਆਸਰੇ ਸਮਾਜ ਨੂੰ ਗਿਆਨ ਦੇਣ ਦੀ ਥਾਂ ਗੁਮਰਾਹ ਕਰਨਾ ਸ਼ੁਰੂ ਕਰ ਦਿੱਤਾ।[6] ਇੱਕ ਸਮਾਂ ਅਜਿਹਾ ਵੀ ਆਇਆ ਜਦ ਮੌਕੇ ਦੀ ਸਰਕਾਰ ਹੀ ਸਭ ਕੁੱਝ ਹੁੰਦੀ ਸੀ ਤੇ ਅਤਿਆਚਾਰ ਕਰਦੀ ਸੀ।[7] ਰਾਜੇ ਨੂੰ ਹੀ ਰੱਬ ਕਰਕੇ ਪੂਜਿਆ ਜਾਂਦਾ ਸੀ ਤੇ ਨਿਹਕਲੰਕ ਮੰਨਿਆ ਜਾਂਦਾ ਸੀ।[8] ਧਾਰਮਿਕ ਆਗੂਆਂ ਨੇ ਵੀ ਆਮ ਜੰਤਾ ਅਤੇ ਰਾਜਿਆਂ ਉੱਪਰ ਅਜਿਹਾ ਛੱਪਾ ਪਾਇਆ ਕਿ ਤਰਕ (ਦਲੀਲ) ਲਗਭਗ ਖ਼ਤਮ ਹੀ ਹੋ ਗਈ ।[9] ਜੋ ਧਾਰਮਿਕ ਪੁਸਤਕ ਵਿੱਚ ਲਿਖੇ ਅਨੁਸਾਰ ਨਹੀਂ

[5] ਅੱਜ ਵੀ ਬਹੁਤ ਸਾਰੇ ਲੋਕ ਅਜਿਹੀ ਪੂਜਾ ਕਰਦੇ ਦੇਖੇ ਜਾ ਸਕਦੇ ਹਨ ।

[6] ਈਸਾਈ, ਯਹੂਦੀ ਅਤੇ ਇਸਲਾਮ ਵਿੱਚ ਆਦਮ ਤੇ ਹਵਾ ਦੀ ਕਹਾਣੀ ਆਉਂਦੀ ਹੈ। ਆਦਮ ਨੂੰ ਹੁਕਮ ਸੀ ਕਿ "ਗਿਆਨ ਦੇ ਦਰਖਤ" ਦਾ ਫਲ ਨਹੀਂ ਖਾਣਾ (ਗਿਆਨ ਪ੍ਰਾਪਤ ਨਹੀਂ ਕਰਨਾ)। ਆਦਮ ਨੇ ਇਸ ਦੀ ਅਵਗਿਆ ਕੀਤੀ ਅਤੇ ਰਬ ਨੇ ਨਾਰਾਜ਼ ਹੋ ਕੇ ਆਦਮ ਨੂੰ ਸੁਰਗ ਵਿੱਚੋਂ ਧੱਕਾ ਦੇ ਕੇ ਧਰਤੀ ਉੱਪਰ ਸੁੱਟ ਦਿੱਤਾ। ਮਿਲਟਨ ਦੀ ਪੁਸਤਕ Paradsise Lost ਵਿੱਚ ਇਸ ਦਰਖਤ ਨੂੰ "Mother of Science" ਲਿਖਿਆ ਮਿਲਦਾ ਹੈ । ਮਤਲਬ ਇਹ ਕਿ ਗਿਆਨ ਪ੍ਰਾਪਤ ਕਰਨਾ ਪਾਪ ਹੈ । ਹਿੰਦੂ ਧਰਮ ਵਿੱਚ ਬ੍ਰਾਹਮਣ ਤੋਂ ਬਿਨਾ ਹੋਰ ਕਿਸੇ ਨੂੰ ਧਾਰਮਿਕ ਗ੍ਰੰਥਾਂ (Acquisition of knowledge) ਦੇ ਪਠਨ ਪਾਠਨ ਦੀ ਜਾਂ ਉਨ੍ਹਾਂ ਨੂੰ ਸੁਨਣ ਦੀ ਮਨਾਹੀ ਸੀ। ਜੇ ਕੋਈ ਅਵੱਗਿਆ ਕਰਦਾ ਸੀ ਤਾਂ ਸਿੱਖਾ ਢਾਲ ਕੇ ਉਸ ਦੇ ਕੰਨਾਂ ਵਿੱਚ ਪਾ ਦਿੱਤਾ ਜਾਂਦਾ ਸੀ ਤਾਂ ਜੋ ਦੁਬਾਰਾ ਐਸੀ ਗਲਤੀ ਨਾ ਕਰ ਸਕੇ ।

[7] Power tends to corrupt. Absolute power corrupts absolutely. (Lord Acton)

[8] ਈਸ਼ਵਰੋ ਵਾ ਦਿ.ਲੀਸ਼ਵਰੋ ਵਾ.(ਦਿੱਲੀ ਨਿਰੇਸ਼ ਹੀ ਈਸ਼ਵਰ ਹੈ) । ਰਾਜਾ ਰੱਬ ਦਾ ਰੂਪ ਹੈ (ਮਨੂੰ ਸਿਮਰਤੀ 7.3 ਕੌਟਲਿਆ ਅਰਥ ਸ਼ਾਸ਼ਤਰ 1-13:1) In Europe the ~divine right of kings' has been prevalent for a long time. "Obey the messenger and those of you who are in authority" (Quran iv-59)

[9] ਮਹਿਮੂਦ ਗ਼ਜ਼ਨਵੀ ਨੇ ਸਭ ਲਾਇਬ੍ਰੇਰੀਆਂ ਸਾੜਣ ਦਾ ਹੁਕਮ ਦੇ ਦਿੱਤਾ । ਦਲੀਲ ਇਹ ਦਿੱਤੀ ਗਈ ਕਿ ਜੇ ਇਨ੍ਹਾਂ ਵਿੱਚਲੀਆਂ ਪੁਸਤਕਾਂ ਵਿੱਚ ਕੁਰਾਨ ਦੀ ਸਿਖਿਆ ਹੀ ਹੈ ਤਾਂ ਇਨ੍ਹਾਂ ਦੀ ਲੋੜ ਨਹੀਂ ਕਿਉਂਕਿ ਇਹ ਕੁਰਾਨ ਦੀਆਂ ਸ਼ਰੀਕ ਬਣਦੀਆਂ ਹਨ । ਜੇ ਇਨ੍ਹਾਂ ਵਿੱਚ ਕੁਰਾਨ ਨਾਲੋਂ ਵੱਖਰੀਆਂ ਗੱਲਾਂ ਲਿਖੀਆਂ ਹਨ ਤਾ ਇਨ੍ਹਾਂ ਦੀ ਲੋੜ ਨਹੀਂ ਕਿਉਂਕਿ ਇਹ ਕੁਫ਼ਰ ਹਨ । ਅਜਿਹੀਆਂ ਮਾਰੂ ਨੀਤੀਆਂ ਵਿਰੁੱਧ ਛੇਵੀਂ ਸਦੀ ਪੂ:ਈ ਵਿੱਚ ਬੁੱਧ ਧਰਮ ਅਤੇ ਜੈਨ ਧਰਮ ਨੇ ਬ੍ਰਾਹਮਣੀ ਧੱਕੇ ਵਿਰੁੱਧ ਆਵਾਜ਼ ਉਠਾਈ, ਮਾਰਟਨ ਲੂਥਰ ਨੇ ਰੋਮ ਦੇ ਪੋਪ ਨੂੰ ਵੰਗਾਰਿਆ ਅਤੇ ਸਿੱਖ ਧਰਮ ਨੇ ਮੁਗ਼ਲ ਹਕੂਮਤ ਨਾਲ ਟੱਕਰ ਲਈ ।

ਸੀ ਚਲਦਾ ਉਸ ਨੂੰ ਜਾਨੋ ਹੀ ਮਾਰ ਦਿੱਤਾ ਜਾਂਦਾ ਸੀ ।[10] ਕੋਈ ਪੰਜ ਕੁ ਸੌ ਸਾਲ ਤੋਂ ਹੀ ਰੂੜ੍ਹੀਵਾਦੀ (ਪਿਛਾਂ ਖਿੱਚੂ) ਸਿਧਾਂਤ ਬਦਲੇ ਹਨ ਅਤੇ ਇਨਸਾਨ ਨੂੰ ਆਜ਼ਾਦ ਹੋ ਕੇ ਸੋਚਣ ਤੇ ਬੋਲਣ ਦਾ ਅਵਸਰ ਪ੍ਰਾਪਤ ਹੋਇਆ ਹੈ ।

ਅੱਜ ਦਾ ਯੁਗ ਸਾਇੰਸ (ਵਿਗਿਆਨ) ਦਾ ਯੁਗ ਹੈ । ਜੋ ਗੱਲ ਦਲੀਲ ਦੀ ਤੱਕੜੀ ਉੱਪਰ ਪੂਰੀ ਨਹੀਂ ਉੱਤਰਦੀ ਜਾਂ ਸਾਬਤ ਨਹੀਂ ਕੀਤੀ ਜਾ ਸਕਦੀ ਉਸ ਨੂੰ ਅੱਜ ਦਾ ਮਨੁੱਖ ਮੰਨਣ ਤੋਂ ਆਕੀ ਹੋ ਖੜੋਤਾ ਹੈ । ਅੱਜ ਰੀਤਾਂ, ਰਸਮਾਂ, ਅਤੇ ਰਿਵਾਜਾਂ ਨੂੰ ਧਰਮ ਦੇ ਦਾਇਰੇ ਵਿੱਚੋਂ ਬਾਹਰ ਕੱਢ ਕੇ ਦਲੀਲ ਦੀ ਕਸਵੱਟੀ ਤੇ ਪਰਖਣ ਦੀ ਰੁਚੀ ਪਰਵਿਰਤ ਹੋ ਰਹੀ ਹੈ । ਇਸ ਰੁਚੀ ਅਧੀਨ ਇੱਕ ਤਬਕਾ ਐਸਾ ਵੀ ਪੈਦਾ ਹੋ ਗਿਆ ਹੈ ਜੋ ਧਰਮ ਨੂੰ ਅਫ਼ੀਮ ਦੇ ਨਸ਼ੇ ਨਾਲ ਤੁੱਲਣਾ ਦਿੰਦਾ ਹੈ ਅਤੇ ਧਰਮ ਨੂੰ ਤਰਕ-ਹੀਣ ਕਮਲਪੁਣਾ ਅਤੇ ਧਾਰਮਿਕ ਗ੍ਰੰਥਾਂ ਨੂੰ ਗਿਆਨ-ਕੋਸ਼ ਦੀ ਥਾਂ ਅਗਿਆਨ-ਕੋਸ਼ ਕਹਿੰਦਾ ਹੈ ।[11] ਪਾਸਕਲ ਦਾ ਖਿਆਲ ਹੈ ਕਿ "ਮਨੁੱਖ ਜਿੰਨਾਂ ਧਾਰਮਿਕ ਕੱਟੜਤਾ ਰਾਹੀਂ ਪੂਰੀ ਤਰਾਂ ਦੁਸ਼ਟ ਹੋ ਸਕਦਾ ਹੈ ਉਨਾਂ ਕਿਸੇ ਹੋਰ ਤਰਾਂ ਨਹੀਂ"।[12] ਇਸ ਪਰਿਪੇਖ ਵਿੱਚ ਇਹ ਵੀ ਆਮ ਹੀ ਕਿਹਾ ਜਾਂਦਾ ਹੈ ਕਿ ਸੰਸਾਰ ਵਿੱਚ ਉਤਨੇ ਲੋਕ ਕੁਦਰਤੀ ਮੌਤ ਜਾਂ ਬੀਮਾਰੀ ਨਾਲ ਨਹੀਂ ਮਰੇ ਜਿਤਨੇ ਧਰਮ-ਧੱਕੇ ਨਾਲ ਮਾਰੇ ਗਏ ਹਨ।[13] ਉਂਝ ਇਹ ਗੱਲ ਵੀ ਕਿਸੇ ਤੋਂ ਲੁਕੀ ਛਿਪੀ ਨਹੀਂ ਹੈ ਕਿ ਸਾਇੰਸ ਨੇ ਵੀ ਘੱਟ ਨਹੀਂ ਕੀਤੀ ।[14] ਕੀ ਅਸੀਂ ਹੀਰੋਸ਼ੀਮਾ ਅਤੇ ਨਾਗਾਸਾਕੀ ਦੀ ਤਬਾਹੀ ਨੂੰ ਕਦੀ ਭੁੱਲ ਸਕਦੇ ਹਾਂ ਜਿੱਥੇ ਪਲਕ ਝਪਕ ਵਿੱਚ ਲੱਖਾਂ ਲੋਕਾਂ ਨੂੰ ਸਦਾ ਦੀ ਨੀਂਦ ਸੁਆ ਦਿੱਤਾ ਗਿਆ ? ਅੱਜ ਦੇ ਪ੍ਰਮਾਣੂ ਹਥਿਆਰ ਅਤੇ ਆਕਾਸ਼ ਵਿੱਚ ਛੱਡੇ ਗਏ ਰਾਕਟਾਂ ਅਤੇ ਜਹਾਜਾਂ ਰਾਹੀਂ ਫੈਲਾਏ ਜਾ ਰਹੇ ਪ੍ਰਦੂਸ਼ਣ ਨਾਲ ਤਾਂ ਸੰਸਾਰ ਦੀ

[10] ਗੈਲੀਲੀਓ ਤੇ ਬਰੂਨੋ ਵਰਗੇ ਵਿਗਿਆਨੀਆਂ ਨੇ ਕਸ਼ਟ ਸਹੇ ਅਤੇ ਕਈ ਮਾਰੇ ਵੀ ਗਏ ।

[11] Karl Marx said,"Religion is the opiate of the masses. "Let us take care of this world: and then, when we have finished with this world, we will take care of other world."

"There are the fanatical atheists whose intolerance is the same as that of the religious fanatics, and it springs from the same source. They are creatures who can't hear the music of the spheres. (The Expanded Quotable Einstein, Princeton University Press, 2000 p. 214)

[12] Men never do evil completely and cheerfully as when they do it from religious conviction"(Pascal)

[13] ਮੁਗਲ ਹਿੰਦੂਆਂ ਨੂੰ ਮੁਸਲਮਾਨ ਬਨਾਉਣ ਲਈ ਤਿੰਨ ਤਰੀਕੇ ਵਰਤਦੇ ਸਨ (1) ਮੌਤ ਦਾ ਡਰ ਦੇਣਾ (2) ਜਗੀਰਾਂ ਤੇ ਉੱਚੇ ਅਹੁਦਿਆਂ ਦਾ ਲਾਲਚ ਦੇਣਾ (3) ਆਰਥਕ ਸੰਕਟ ਪੈਦਾ ਕਰਕੇ ਧਰਮ ਪ੍ਰੀਵਰਤਣ ਲਈ ਮਜਬੂਰ ਕਰਨਾ । ਧਰਮ ਧੱਕੇ ਨਾਲ ਲੱਖਾਂ ਭਾਰਤੀ ਮਾਰੇ ਗਏ ।

[14] "The web of our life is a mingled yarn, good and ill together." (William Shakespeare)



ਹਸਤੀ ਹੀ ਖ਼ਤਰੇ ਵਿੱਚ ਪਈ ਹੋਈ ਹੈ । ਵਿਗਿਆਨੀ ਆਪ ਵੀ ਇਸ ਬਾਰੇ ਚਿੰਤਤ ਹਨ ।[15] ਪੋਪ ਨੇ ਠੀਕ ਹੀ ਕਿਹਾ ਹੈ ਕਿ " ਅੱਜ ਦਾ ਮਨੁੱਖ ਧਰਤੀ ਨੂੰ ਮਾਰੂਥਲ ਬਣਾਈ ਜਾ ਰਿਹਾ ਹੈ ਅਤੇ ਭਰਾਤ੍ਰੀ-ਭਾਵ ਦੀ ਥਾਂ ਦੁਸ਼ਮਣੀ ਦੇ ਬੀਜ ਬੀਜ ਰਿਹਾ ਹੈ। ਅਜਿਹਾ ਵਿਵਹਾਰ ਮੌਤ ਦਾ ਸੂਚਕ ਹੈ" ।[16]

ਅੱਜ ਦੇ ਮਨੁਖ ਨੂੰ ਧਰਮ ਅਤੇ ਸਾਇੰਸ ਦੋਹਾਂ ਦੀ ਲੋੜ ਹੈ । ਇਕੱਲਾ ਵਿਗਿਆਨ ਵਿਨਾਸ਼ਕਾਰੀ ਹੋ ਸਕਦਾ ਹੈ ਅਤੇ ਇੱਕਲਾ ਧਰਮ ਨਿਜਵਾਦ ਨੂੰ ਜਨਮ ਦਿੰਦਾ ਹੈ । ਵਿਗਿਆਨ ਸਮਾਜਿਕ ਅਨਿਆਂ, ਆਰਥਕ ਸੋਸ਼ਣ ਅਤੇ ਨਸਲਵਾਦ ਵਿਰੁੱਧ ਕੁੱਝ ਨਹੀਂ ਕਰ ਸਕਦਾ ਅਤੇ ਧਰਮ ਅਜੋਕੇ ਮਨੁਖ ਦੀਆਂ ਭੌਤਕ ਸਮੱਸਿਆਵਾਂ ਨੂੰ ਹੱਲ ਕਰਨ ਤੋਂ ਅਸਮਰਥ ਹੈ । ਵਿਗਿਆਨ ਪਦਾਰਥਵਾਦ ਦਾ ਵਿਸ਼ਾ ਹੈ ਅਤੇ ਧਰਮ ਅਧਿਆਤਮਵਾਦ ਦਾ।[17] ਧਰਮ ਵਿਗਿਆਨੀਆਂ ਨੂੰ ਮਨੁੱਖਤਾ ਪ੍ਰਤੀ ਸੁਹਿਰਦਤਾ ਪਰਦਾਨ ਕਰਦਾ ਹੈ ਅਤੇ ਵਿਗਿਆਨ ਮਨੁੱਖ ਨੂੰ ਸਮਾਜ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਦਿਵਾਉਂਦਾ ਹੈ । ਇੰਨ੍ਹਾਂ ਦੇ ਕਾਰਜ-ਖੇਤਰ ਵੱਖੋ ਵੱਖਰੇ ਹਨ । ਦੋਵੇਂ ਮਨੁੱਖ ਨੂੰ ਅਸਲੀਅਤ ਦੀ ਖੋਜ ਵੱਲ ਪ੍ਰੇਰਦੇ ਹਨ । ਦੋਹਾਂ ਦੇ ਸੁਮੇਲ ਵਿੱਚ ਹੀ ਸੰਸਾਰ ਦਾ ਭਲਾ ਹੈ ।[18] ਦੋਹਾਂ ਦਾ ਹੀ ਅਧਿਅਨ ਅਤੇ ਮੁਲਅੰਕਣ ਨਿਰਪੱਖ ਰਹਿਕੇ ਕਰਨਾ ਜ਼ਰੂਰੀ ਹੈ । ਵਿਗਿਆਨਕ ਖੋਜ ਵੀ ਧਰਮ ਜਿੰਨੀ ਹੀ ਜ਼ਰੂਰੀ ਹੈ"[19]

"**ਖੋਜੀ ਉਪਜੈ ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ**"॥
(ਪੰਨਾ 1255)

## 1.1 ਧਰਮ ਕੀ ਹੈ ?

ਧਰਮ ਇਨਸਾਨੀ ਜੀਵਨ ਦੇ ਗੰਭੀਰ ਰਹੱਸਾਂ ਨੂੰ ਸਮਝਣ ਤੇ ਖੋਜਣ ਦੀ ਚੇਸ਼ਟਾ

[15] Scientific realism is a noble concept but it can become an instant perversion to destroy the world." (S.P. Charter). In this connection the world famous scientist Albert Einstein wrote, "If I had known that my theories would lead to such destruction, I would rather have been a watchmaker"(Albert Einstein *How it is done p.177)*

[16] Pope John Paul I said so on 26.8.78

[17]: "Science is almost totally incompatible with religion." Peter Atkins

[18] "Science can only be created by those who are thoroughly imbued with the aspiration toward truth and understanding. This source of feeling, however, springs from the sphere of religion."(Albert Einstein *Science Philosophy and religion: A symposium 1941).* " I cannot conceive a genuine scientist without a profound faith" (Albert Einstein *Science & Religion p.26)*

[19] ਕਾਫ਼ਰ ਹੋਣੋ ਡਰ ਕੇ ਜੀਵੇਂ ਖੋਜੋਂ ਮੂਲ ਨਾ ਖੁੰਝੀਂ, ਲਾਈ ਲੱਗ ਮੋਮਨ ਦੇ ਕੋਲੋਂ ਖੋਜੀ ਕਾਫ਼ਰ ਚੰਗਾ" (ਪ੍ਰੋ: ਮੋਹਣ ਸਿੰਘ)

ਹੈ, ਇਨਸਾਨ ਦੀ ਆਤਮਾ ਦਾ ਪਰਮਾਤਮਾ ਨਾਲ ਰਿਸ਼ਤਾ ਗੰਢਣ ਦਾ ਨਾਂ ਹੈ ।[20] ਇਸ ਰਿਸ਼ਤੇ ਦੀ ਸ਼ੁੱਧੀ ਅਤੇ ਮਜ਼ਬੂਤੀ ਇਨਸਾਨੀ ਭਾਈਚਾਰੇ ਦੀ ਸ਼ੁੱਧੀ ਅਤੇ ਮਜ਼ਬੂਤੀ ਦੀ ਜ਼ਾਮਨ ਸਮਝੀ ਜਾਂਦੀ ਹੈ । ਧਰਮ ਦਾ ਮੁੱਖ ਨਿਸ਼ਾਨਾ ਚੇਤੰਤਾ ਦੀ ਖੋਜ ਰਾਹੀਂ ਅੰਤਰ-ਦ੍ਰਿਸ਼ਟੀ ਪ੍ਰਾਪਤ ਕਰਨਾ ਮੰਨਿਆ ਗਿਆ ਹੈ । ਆਮ ਕਰਕੇ ਧਰਮਾਂ ਦੇ ਹੇਠ ਲਿਖੇ ਤਿੰਨ ਅੰਗ ਹੁੰਦੇ ਹਨ:

1. ਪੂਜਾ ਪਾਠ :- ਜਿਸ ਵਿੱਚ ਧਾਰਮਿਕ ਰੀਤਾਂ ਰਸਮਾਂ ਅਤੇ ਪੂਜਾ ਵਿਧੀਆਂ/ ਕਰਮ ਕਾਂਡ ਹੁੰਦੀਆਂ ਹਨ ।

2 ਅਲੌਕਿਕ ਪ੍ਰਾਸਰੀਰਕ ਅੰਸ਼: - ਆਤਮਾ, ਪ੍ਰਮਾਤਮਾ, ਮੁਕਤੀ, ਪੁਨਰਜਨਮ, ਦੇਵਤਿਆਂ ਆਦਿਕ ਵਿੱਚ ਵਿਸ਼ਵਾਸ਼ । ਇਸ ਵਿੱਚ ਮਿਥਿਹਾਸ ਅਤੇ ਇਤਿਹਾਸ ਅਕਸਰ ਇਕ ਦੂਜੇ ਵਿੱਚ ਰਲ ਗੱਡ ਹੋ ਜਾਂਦੇ ਹਨ ।

3. ਰੂਹਾਨੀ ਅਤੇ ਆਤਮਿਕ ਅੰਸ਼:- ਇਹ ਵਿਅਕਤੀ ਦੇ ਪ੍ਰਮਾਤਮਾ ਅਤੇ ਸਮਾਜ ਪ੍ਰਤੀ ਨਿੱਜੀ ਅਨੁਭਵ ਦਾ ਖੇਤਰ ਹੈ । ਸਚਾਈ, ਨੈਤਿਕਤਾ, ਪਵਿਤ੍ਰਤਾ ਤੇ ਸਮਾਜੀ ਬਰਾਬਰੀ ਆਦਿਕ ਇਸ ਦੇ ਜ਼ਰੂਰੀ ਅੰਗ ਹਨ । ਇਸ ਦਾ ਅਨੁਭਵ ਕੇਵਲ ਅਭਿਆਸੀ ਨੂੰ ਹੀ ਹੁੰਦਾ ਹੈ ।[21] ਸਾਇੰਸਦਾਨ ਐਲਬਰਟ ਆਈਨਸਟਨ ਇਸ ਨੂੰ ਬੇਹੱਦ ਸੁੰਦਰ ਅਨੁਭਵ ਮੰਨਦੇ ਹਨ ਜਿਸ ਨੂੰ ਬਿਆਨ ਕਰਨਾ ਕਠਨ ਹੈ।[22] ਗੁਰਬਾਣੀ ਕਹਿੰਦੀ ਹੈ, "**ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ"॥ (ਪੰਨਾ 657) ਕਹੁ ਕਬੀਰ ਗੂੰਗੈ ਗੁੜ ਖਾਇਆ ਪੂਛੇ ਤੇ ਕਿਆ ਕਹੀਐ" ॥ (ਪੰਨਾ 334)** ਇਸ ਅਵਸਥਾ ਵਿੱਚ ਪੁੱਜੇ ਹੋਏ ਮਨੁੱਖ ਨੂੰ ਸਿੱਖ ਧਰਮ ਵਿੱਚ ਸੰਤ ਜਾਂ ਬ੍ਰਹਮਗਿਆਨੀ ਕਿਹਾ ਜਾਂਦਾ ਹੈ । ਇਸ ਦੀ ਵਿਆਖਿਆ ਗੁਰਬਾਣੀ ਵਿੱਚ ਕਈ ਥਾਈਂ ਕੀਤੀ ਗਈ ਹੈ ਜਿਵੇਂ "**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ, ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ (ਪੰਨਾ 319)**

ਰਵਾਇਤੀ ਧਰਮ, ਕਰਮ ਕਾਂਡ/ਪੁਜਾ (Ritualism) ਅਤੇ ਪ੍ਰਾਸ੍ਰੀਰਕ ਖੇਤਰਾਂ (Metaphysics areas) ਵਿੱਚ ਇੱਕ ਦੂਜੇ ਤੋਂ ਭਿੰਨ ਹੁੰਦੇ ਹਨ ਪ੍ਰੰਤੂ ਆਤਮਿਕ ਖੇਤਰ ਵਿੱਚ ਇੱਕ ਦੂਜੇ ਦੇ ਨੇੜੇ ਆ ਜਾਂਦੇ ਹਨ । ਇਸ ਲਈ ਕਿਹਾ ਜਾ ਸਕਦਾ ਹੈ ਕਿ ਧਰਮ ਦੀ ਅਸਲੀ ਨੀਂਹ ਆਤਮਿਕ ਹੈ ਅਤੇ ਅਜਿਹਾ ਧਰਮ ਸਮਾਜ ਦੀ ਸਮੁੱਚੀ ਭਲਾਈ ਲਈ ਵਚਨ-ਵੱਧ ਹੁੰਦਾ ਹੈ । ਇਸ ਖੇਤਰ ਵਿੱਚ ਰੂੜ੍ਹੀਵਾਦੀ ਸਿਧਾਂਤਾਂ ਅਤੇ ਕਰਮ ਕਾਂਡਾਂ ਆਦਿਕ ਤੇ ਜ਼ੋਰ ਦੇਣ ਦੀ ਥਾਂ ਸਮਾਜਕ ਭਲਾਈ ਤੇ ਆਤਮਿਕ ਉੱਚਤਾ ਨੂੰ ਹੀ ਮੁੱਖ ਰਖਿਆ ਜਾਂਦਾ ਹੈ । ਧਰਮ ਵਿੱਚ ਸਿਆਸਤ ਜ਼ਹਿਰ ਹੈ ਅਤੇ ਮਿਥਿਹਾਸ ਨਾਲ ਧਰਮ ਦਾ ਦਮ ਘੁੱਟਣ ਲੱਗ ਜਾਂਦਾ ਹੈ । ਸਿੱਖ ਗੁਰੂ ਸਾਹਿਬਾਨ ਨੇ ਧਰਮ ਦੇ ਉਪ੍ਰੋਕਤ ਪਹਿਲੇ ਦੋ ਪੱਖਾਂ (ਕਰਮ ਧਰਮ ਅਤੇ ਪ੍ਰਾਸ੍ਰੀਰਕ ਅਨੁਭਵ) ਤੇ ਬਹੁਤਾ ਜ਼ੋਰ ਨਹੀਂ ਦਿੱਤਾ ਸਗੋਂ ਕਿਧਰੇ ਕਿਧਰੇ ਇਨ੍ਹਾਂ ਤੋਂ ਸਾਵਧਾਨ ਰਹਿਣ ਲਈ ਹੀ ਕਿਹਾ ਹੈ। ਗੁਰੂ ਜੀ ਕਹਿੰਦੇ ਹਨ "**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ"॥** (ਪੰਨਾ 635), "**ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ**"॥ (ਪੰਨਾ 747) ਕਰਮਾਂ ਕਾਂਡਾਂ ਨਾਲ ਕੁੱਝ ਵੀ ਪਰਾਪਤੀ ਨਹੀਂ ਹੁੰਦੀ, "**ਕਰਮੁ ਧਰਮੁ ਕਿਛੁ ਉਪਜਿ ਨ ਆਇਓ ਨਹ ਉਪਜੀ ਨਿਰਮਲ ਕਰਣੀ"॥** (ਪੰਨਾ 530) ਇਨ੍ਹਾਂ ਕਰਮ ਕਾਂਡਾਂ ਤੋਂ ਆਜ਼ਾਦ ਹੋਣ ਲਈ ਗੁਰੂ ਜੀ ਨੇ ਬਿਬੇਕ ਬੁੱਧ (ਵਿਚਾਰਵਾਨ) ਹੋਣ ਦਾ ਉਪਦੇਸ਼ ਦਿੱਤਾ ਹੈ ਤੇ ਗੁਰੂ ਦੀ ਆਗਿਆ ਮੰਨਣ ਦਾ ਰਾਹ ਦਿਖਾਇਆ ਹੈ, "**ਬਿਬੇਕ ਬੁਧਿ ਸਤਿਗੁਰ ਤੇ ਪਾਈ ਗੁਰ ਗਿਆਨ ਗੁਰੂ ਪ੍ਰਭ ਕੇਰਾ"॥ (ਪੰਨਾ 711) "ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ"॥ (ਪੰਨਾ 1114)** ਗੁਰੂ ਜੀ ਨੇ ਧਰਮ ਦੀ ਪ੍ਰੀਭਾਸ਼ਾ ਦੇਣ ਵੇਲੇ ਵੀ ਕੇਵਲ ਨਾਮ ਜਪਣ ਅਤੇ ਚੰਗੇ ਕਰਮ ਦ੍ਰਿੜਾਉਣ ਦਾ ਹੁਕਮ ਕਰਦਿਆਂ ਕਿਹਾ ਹੈ, "**ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ"॥ (ਪੰਨਾ 266)**[23]

ਸੰਤਾਂ ਬਾਰੇ ਅਕਸਰ ਇਹ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ ਆਤਮਿਕ ਅਨੁਭਵ ਉਨ੍ਹਾਂ ਤੱਕ ਹੀ ਸੀਮਤ ਹੁੰਦੇ ਹਨ ਅਤੇ ਦੂਸਰੇ ਲੋਕ ਉਨ੍ਹਾਂ ਤੋਂ ਲਾਭ ਨਹੀਂ ਉਠਾ ਸਕਦੇ। ਪਰ ਇਹ ਜ਼ਰੂਰ ਦੇਖਿਆ ਗਿਆ ਹੈ ਕਿ ਇਸ ਪੱਧਰ ਤੇ ਪੁੱਜੇ ਹਰ ਧਰਮ ਦੇ ਸੱਚੇ ਸੁੱਚੇ ਸੰਤਾਂ ਦੇ ਆਤਮਿਕ ਅਨੁਭਵਾਂ ਵਿੱਚ ਬਹੁਤ ਸਮਾਨਤਾ ਹੁੰਦੀ ਹੈ । ਸੰਤ ਦੇ ਕੰਮ ਰੱਬ ਦੇ ਆਪਣੇ ਕੰਮਾਂ ਵਰਗੇ ਹੀ ਹੁੰਦੇ ਹਨ ਕਿਉਂਕਿ ਧਰਮ ਹਮੇਸ਼ਾ ਉਨ੍ਹਾਂ ਦੇ ਹਿਰਦੇ ਵਿੱਚ ਵਸਦਾ ਹੈ । "**ਸੋਈ ਸੰਤੁ ਜਿ ਭਾਵੈ ਰਾਮ ॥ ਸੰਤ ਗੋਬਿੰਦ ਕੈ**

[20] "Human recognition of superhuman controlling power" (Oxford English Dictionary). Some people define it as "Thirst for God and its satisfaction".

[21] "To understand mysticism one has to tread the path personally with faith, self consecration and devotion…Mystics are the channels through which knowledge of reality filters down to our universe of ignorance and illusion. A totally un-mystical world would be a world totally blind and insane" (Aldus Huxley).



[22] "The most beautiful thing we can experience is the mysterious. It is the source of all true art and science" (Albert Einstein : A Symposium 1941 chapter 13)

[23] ਦੁਨੀਆ ਦਾ ਪ੍ਰਸਿੱਧ ਸਾਇੰਸਦਾਨ ਐਲਬਰਟ ਆਈਨਸਟਨ ਵੀ ਇਹੋ ਗਲ ਕਹਿੰਦਾ ਹੈ, "True religion is real living with all one's soul, with all one's goodness and righteousness."

**ਏਕੈ ਕਾਮ"॥ (ਪੰਨਾ 867) "ਸੰਤ ਜਨਾ ਕੈ ਹਿਰਦੈ ਸਭ ਧਰਮ" ॥ (ਪੰਨਾ 294)** ਇਨ੍ਹਾਂ ਵਲੋਂ ਦੱਸਿਆ ਰਾਹ ਧਰਮ ਦਾ ਗਾਡੀ ਰਾਹ ਹੁੰਦਾ ਹੈ ਤੇ ਇਨ੍ਹਾਂ ਦਾ ਮਿਲਣਾ ਵੱਡੀ ਕਿਸਮਤ ਦੀ ਨਿਸ਼ਾਨੀ ਹੁੰਦੀ ਹੈ, "**ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ"॥** (ਪੰਨਾ 622) ਐਲਬਰਟ ਸਵੀਟਜ਼ਰ ਦਾ ਖ਼ਿਆਲ ਹੈ ਕਿ ਬਿਬੇਕ ਬੁੱਧੀ ਹੀ ਸੰਤ ਬਣ ਸਕਦੀ ਹੈ ਜੋ ਸਭ ਸੰਸਾਰ ਦਾ ਭਲਾ ਕਰ ਸਕਦੀ ਹੈ ਅਤੇ ਸਾਨੂੰ ਸਭ ਨੂੰ ਆਪਣੇ ਵਿਚਾਰਾਂ ਰਾਹੀਂ ਧਾਰਮਿਕ ਬਨਣਾ ਚਾਹੀਦਾ ਹੈ ।[24] W.T. Stace ਤਾਂ ਇਹ ਵੀ ਆਖਦੇ ਹਨ ਕਿ, "ਸੰਤ ਹੀ ਭਵਿੱਖ ਦਾ ਪਰਮ ਮਨੁੱਖ ਹੋਵੇਗਾ"।[25]

## 1.2 ਧਰਮ ਤੇ ਸਾਇੰਸ

ਸਾਇੰਸ (ਵਿਗਿਆਨ)[26] ਕੁਦਰਤ ਦੇ ਨਿਯਮਾਂ ਦਾ ਉਹ ਸਮੂਹ ਹੈ ਜੋ ਬੰਦੇ ਨੇ ਸਮਝ ਲਿਆ ਹੈ ਤੇ ਜਿਸ ਦੀ ਇਹ ਵਰਤੋਂ ਕਰ ਰਿਹਾ ਹੈ ।[27] ਸਾਇੰਸ ਦਾ ਮੁੱਢ "ਕਾਰਨ" ਤੋਂ ਬੱਝਦਾ ਹੈ ਜਦ ਇਨਸਾਨ ਹਰ ਘਟਣਾ ਦੇ ਪਿੱਛੇ ਉਸ ਦੇ ਹੋਣ ਦਾ "ਕਾਰਨ" ਲੱਭਣ ਦਾ ਯਤਨ ਕਰਦਾ ਹੈ । ਵਿੰਗ ਤੜਿੰਗਾ ਰੱਸਾ ਕਿਉਂ ਅਚਾਨਕ ਹਿੱਲਣ ਲੱਗ ਪਿਆ? ਇਹ ਜ਼ਰੂਰ ਰੱਸਾ ਨਹੀਂ ਸੱਪ ਹੋਵੇਗਾ । ਚਿੜੀਆਂ ਕਿਉਂ ਇੱਕ

[24] "Rational thinking, which is free from assumption, ends up in mysticism. We must all venture once more to be thinkers so as to reach mysticism, which is the only direct and only profound world-view. We must all, through thought, become religious" (*Civilization and Ethics P. 11-13)*

[25] "It is possible, in short, that the superman of thefuture is to be the mystic man" (Mysticism and Philosophy p.204) "Religion is the greatest motive power for realising that infinite energy which is the birthright and nature of every man. In building up character, in making for everything that is good and great, in bringing peace to others and peace to one's own self" (Swami Vivekananda)

[26] ਸਾਇੰਸ ਕੁਦਰਤ ਦੇ ਨਿਯਮਾਂ ਦਾ ਵਿਉਂਤ-ਬੱਧ, ਤਰਕਸ਼ੀਲ ਗਿਆਨ ਹੈ । ਇਸ ਦੀਆਂ ਅਜ ਕਲ੍ਹ ਬਹੁਤ ਕਿਸਮਾਂ ਹੋ ਗਈਆਂ ਹਨ । ਗੁਰਬਾਣੀ ਵਿੱਚ ਸਾਰੀਆਂ ਦਾ ਜ਼ਿਕਰ ਭਾਵੇਂ ਨਾ ਹੋਵੇ ਪ੍ਰੰਤੂ ਤਾਰਾ ਵਿਗਿਆਨ, ਬਨਾਸਪਤੀ ਵਿਗਿਆਨ, ਪੁਲਾੜ, ਭੂਗੋਲ, ਰਸਾਇਣ, ਚਕਿਤਸਾ, ਪਰਿਆਵਰਣ, ਤੱਤ ਵਿਗਿਆਨ, ਰਾਜਨੀਤੀ , ਭਾਸ਼ਾ ਅਰਥ-ਸ਼ਾਸ਼ਤਰ, ਨਿਰਤ, ਸੰਗੀਤ, ਵਿਦਿਆ, ਦਰਸ਼ਨ, ਧਰਮ, ਮਨੋਵਿਗਿਆਨ, ਮਿਥਿਹਾਸ ਅਤੇ ਸਮਾਜਿਕ ਵਿਗਿਆਨ ਬਾਰੇ ਜ਼ਿਕਰ ਆਮ ਮਿਲ ਜਾਂਦਾ ਹੈ ।

[27] ""Systematic and formulated knowledge"(Oxford English Dictionary). "Some define it as verified knowledge. Albert Einstein describes it as, "Methodical thinking towards finding regulative connections between our sensual experiences."(*Ideas and opinions crown publishers New York 1954).* "Science grows out of our rationality in relation to material things. Art grows out of our relation to living beings. Religion grows out of our relation to persons."(*Reason and Emotion by John MacMurray p.196).* "The aim of science is to study nature and human experience objectively."(Karl Pearson *Grammar of science 1900 p.6)*



ਦਮ ਖੱਪ ਪਾਉਣ ਲੱਗ ਪਈਆਂ ਹਨ ? ਇਨ੍ਹਾਂ ਨੇ ਜ਼ਰੂਰ ਕੋਈ ਖ਼ਤਰਾ (ਸੱਪ ਆਦਿਕ) ਦੇਖ ਲਿਆ ਹੋਵੇਗਾ । ਇਹੋ ਜਿਹੀ ਦਲੀਲਬਾਜ਼ੀ ਨਾਲ ਹੀ ਤਾਰਾ ਵਿਗਿਆਨੀ ਐਡਮ ਨੇ ਯੂਰੈਨਿਸ ਦੇ ਵਚਿੱਤਰ ਵਿਵਹਾਰ ਨੂੰ ਦੇਖ ਕੇ ਨੈਪਚੂਨ ਤਾਰੇ ਦੇ ਹੋਣ ਦੀ ਭਿਵੱਖ ਬਾਣੀ ਕੀਤੀ ਸੀ ਜੋ ਪਿੱਛੋਂ ਇੰਨ ਬਿੰਨ ਸਹੀ ਸਿੱਧ ਹੋਈ ।

ਜਿਉਂ ਜਿਉਂ ਬੰਦਾ ਨਵੇਂ ਨਵੇਂ ਨਿਯਮ ਲੱਭ ਰਿਹਾ ਹੈ ਪੁਰਾਣੀਆਂ ਧਾਰਮਿਕ ਤੇ ਸਮਾਜਕ ਰਸਮਾਂ ਰੀਤਾਂ ਬਦਲ ਰਹੀਆਂ ਹਨ । ਇਹੀ ਗਲ ਸਾਇੰਸ ਤੇ ਲਾਗੂ ਹੁੰਦੀ ਹੈ। ਨਿਊਟਨ ਨੇ ਪਹਿਲਾਂ ਇਹ ਗੱਲ ਲੱਭੀ ਸੀ ਕਿ ਪ੍ਰਕਾਸ਼ (ਚਾਨਣ) ਛੋਟੇ ਛੋਟੇ ਟੁੱਕੜਿਆਂ ਦਾ ਸਮੂਹ ਹੈ ਜੋ ਸਿੱਧੀ ਲਕੀਰ ਵਿੱਚ ਸਫਰ ਕਰਦੇ ਹਨ । ਇਸ ਨੂੰ ਕਾਰਪਸਕੂਲਰ ਥਿਉਰੀ ਕਿਹਾ ਜਾਂਦਾ ਸੀ । ਫੇਰ ਵੇਵ ਥਿਉਰੀ ਨੇ ਇਹ ਗੱਲ ਗ਼ਲਤ ਸਾਬਤ ਕਰ ਦਿੱਤੀ ਤੇ ਕਿਹਾ ਕਿ ਪ੍ਰਕਾਸ਼ ਲਹਿਰਾਂ ਵਿੱਚ ਚਲਦਾ ਹੈ । ਹੁਣ ਕੁਆਂਟਮ ਥਿਉਰੀ ਨੇ ਉਪ੍ਰੋਕਤ ਦੋਵੇਂ ਵਿਚਾਰ ਗ਼ਲਤ ਸਾਬਤ ਕਰ ਦਿੱਤੇ ਹਨ । ਪਹਿਲਾਂ ਮੰਨਿਆ ਜਾਂਦਾ ਸੀ ਕਿ ਪ੍ਰਕਾਸ਼ ਵਿੱਚ ਮੋੜ ਨਹੀਂ ਆਉਂਦਾ (ਵਿੰਗ ਨਹੀਂ ਪੈਂਦਾ) । ਪ੍ਰਕਾਸ਼ ਦੀ ਕਿਰਨ ਸਿੱਧੀ ਇੱਕ ਥਾਂ ਤੋਂ ਦੂਜੀ ਥਾਂ ਪਹੁੰਚਦੀ ਹੈ (ਜਿਵੇਂ ਕਿ ਬੈਟਰੀ ਦਾ ਚਾਨਣ) ਪਰ ਹੁਣ ਆਈਨਸਟਾਈਨ ਨੇ ਸਿੱਧ ਕਰ ਦਿੱਤਾ ਹੈ ਕਿ ਚਾਨਣ ਦੀ ਕਿਰਣ ਵੀ ਵਿੰਗੀ ਹੋ ਕੇ ਚੱਲ ਪੈਂਦੀ ਹੈ । ਇੱਕ ਮੌਕੇ ਨਿਊਟਨ ਦੇ ਤਿੰਨ ਅਸੂਲਾਂ (Three Laws of Motion) ਨੂੰ ਪੱਥਰ ਤੇ ਲਕੀਰ ਮੰਨਿਆ ਜਾਂਦਾ ਸੀ ਪ੍ਰੰਤੂ ਆਈਨਸਟਾਈਨ ਦੀ "ਥਿਉਰੀ ਆਫ ਰਿਲੇਟੀਵਿਟੀ (Theory of Relativity)"[28] ਨੇ ਇਸ ਨੂੰ ਗ਼ਲਤ ਸਾਬਤ ਕਰ ਦਿੱਤਾ । ਸਾਇੰਸ ਦੇ ਨਿਯਮ ਨਵੀਂ ਖੋਜ ਕਾਰਨ ਬਦਲਦੇ ਰਹਿੰਦੇ ਹਨ।

ਅਕਸਰ ਲੋਕ ਧਰਮ ਨੂੰ ਬੇਦਲੀਲ ਵਿਸ਼ਵਾਸ਼ ਅਤੇ ਅੰਨ੍ਹੀ ਸ਼ਰਧਾ ਦਾ ਪਾਗਲਪਣ ਆਖਦੇ ਹਨ ਅਤੇ ਨਤੀਜਾ ਇਹ ਕੱਢਦੇ ਹਨ ਕਿ ਧਰਮ ਅਤੇ ਸਾਇੰਸ ਕਦੇ ਵੀ ਇੱਕ ਨਹੀਂ ਹੋ ਸਕਦੇ ।[29] ਇਹ ਵੀ ਕਿਹਾ ਜਾਂਦਾ ਹੈ ਕਿ ਜਿਉਂ ਜਿਉਂ ਵਿਗਿਆਨ ਪੈਰ ਪਸਾਰ ਰਿਹਾ ਹੈ ਧਰਮ ਦਾ ਵਿਹੜਾ ਸੌੜਾ ਹੁੰਦਾ ਜਾ ਰਿਹਾ ਹੈ ਅਤੇ ਇੱਕ ਸਮਾਂ ਐਸਾ ਆਵੇਗਾ ਜਦ ਧਰਮ ਬਿਸਤਰਾ ਲਪੇਟ ਕੇ ਤੁਰਦਾ ਲੱਗੇਗਾ । ਧਰਮ ਪੁਰਾਣੇ ਸਮੇਂ ਦੀ ਰਹਿੰਦ ਖੂੰਦ ਹੈ ਅਤੇ ਇਸ ਦਾ ਸਮਾਂ ਵਿਹਾ ਚੁੱਕਾ ਹੈ । ਪ੍ਰੰਤੂ ਇਸ ਵਿੱਚ ਵੀ ਸ਼ੱਕ

[28] ਇਹ ਥਿਉਰੀ 1916 ਵਿੱਚ ਪੇਸ਼ ਹੋਈ। ਨਿਊਟਨ ਦੇ ਨਿਯਮ ਥੋੜੀ ਸਪੀਡ ਉੱਪਰ ਠੀਕ ਹਨ ਪਰ ਬਹੁਤੀ ਤੇ ਬਦਲਦੀ ਹੋਈ ਸਪੀਡ ਵਿੱਚ ਪ੍ਰਕਾਸ਼ ਵਿੱਚ ਵੀ ਮੋੜ ਪੈਦਾ ਹੋ ਜਾਂਦੇ ਹਨ ।

[29] A rational religion is a scientific impossibility. The essential element in all religious beliefs is ultra rational sanction" (Kid.*Social Revolution).*

ਨਹੀਂ ਕਿ ਜਦ ਸਾਇੰਸਦਾਨ ਕਿਸੇ ਮਸਲ੍ਹੇ ਨੂੰ ਨਹੀਂ ਸੁਲਝਾ ਸਕਦਾ ਤਾਂ ਹੱਥ ਖੜ੍ਹੇ ਕਰ ਦਿੰਦਾ ਹੈ ਅਤੇ ਆਖਦਾ ਹੈ "ਰੱਬ ਹੀ ਜਾਣੇ" ।

ਸਾਇੰਸ ਕੇਵਲ ਬਾਹਰਲੇ ਕੁਦਰਤੀ ਵਿਗਿਆਨ (Physical Sciences) ਤੱਕ ਹੀ ਸੀਮਤ ਹੈ । ਸਾਇੰਸ ਤਾਂ 'ਜੋ ਹੈ' ਉਸੇ ਨੂੰ ਖੋਜ ਕੇ ਦੱਸ ਸਕਦੀ ਹੈ ਪਰ ਇਹ ਨਹੀਂ ਦੱਸ ਸਕਦੀ ਕਿ 'ਜੋ ਨਹੀਂ ਹੈ' ਉਹ ਕਿਵੇਂ ਹੋ ਸਕਦਾ ਹੈ । ਕਿਸੇ ਵਿਚਾਰ ਨੂੰ ਤਜਰਬੇ ਨਾਲ ਸਿੱਧ ਨਾ ਕਰ ਸਕਣ ਦਾ ਇਹ ਮਤਲਬ ਤਾਂ ਨਹੀਂ ਲਿਆ ਜਾ ਸਕਦਾ ਕਿ ਉਹ ਵਿਚਾਰ ਹੀ ਗ਼ਲਤ ਹੈ ।

ਮਨੁੱਖੀ ਮਨ ਦੀ ਕੇਵਲ ਵਿਗਿਆਨਕ ਤੱਤਾਂ ਨੂੰ ਜਾਣ ਲੈਣ ਨਾਲ ਹੀ ਤਸੱਲੀ ਨਹੀਂ ਹੁੰਦੀ । ਉਦਾਹਰਣ ਲਈ ਇੱਕ ਡਾਕਟਰ ਭਾਵੇਂ ਡਾਕਟਰੀ ਬਾਰੇ ਹਰ ਤਰ੍ਹਾਂ ਦਾ ਗਿਆਨ ਪ੍ਰਾਪਤ ਕਰ ਲਵੇ ਪਰ ਇਹ ਦੱਸਣ ਤੋਂ ਅਸਮਰਥ ਰਹੇਗਾ ਕਿ ਉਸ ਦਾ ਆਪਣੇ ਮਰੀਜ਼ ਨਾਲ ਇਸ਼ਕ ਕਿਉਂ ਹੋ ਗਿਆ । ਇਸੇ ਤਰ੍ਹਾਂ ਇੱਕ ਸਰਜਨ ਜੋ ਸਰਜਰੀ ਬਾਰੇ ਸਭ ਕੁੱਝ ਜਾਣਦਾ ਹੋਵੇ ਆਪਣੇ ਹੀ ਬੱਚੇ ਦਾ ਅਪ੍ਰੇਸ਼ਨ ਕਰਨ ਵੇਲੇ ਮਨ ਵਿੱਚ ਆ ਰਹੇ ਉਤਰਾ ਚੜ੍ਹਾ ਦਾ ਕਾਰਨ ਨਹੀਂ ਦੱਸ ਸਕੇਗਾ । ਵਿਗਿਆਨ ਇਨਸਾਨ ਵਿੱਚ ਈਮਾਨਦਾਰੀ, ਤਰਸ, ਸ਼ਾਂਤੀ, ਸ਼ਹਿਨਸ਼ੀਲਤਾ, ਮਿਤ੍ਰਤਾ ਆਦਿਕ ਵਰਗੇ ਜ਼ਰੂਰੀ ਸਮਾਜਕ ਗੁਣ ਪੈਦਾ ਨਹੀਂ ਕਰ ਸਕਦਾ ਅਤੇ ਨਾ ਹੀ ਸਮਾਜ ਵਿੱਚੋਂ ਹੰਕਾਰ, ਲੋਭ, ਕ੍ਰੋਧ ਅਤੇ ਧਾਰਮਿਕ ਕੱਟੜਤਾ ਵਰਗੇ ਮਾਰੂ ਰੁਝਾਨ ਨੂੰ ਦੂਰ ਕਰ ਸਕਦਾ ਹੈ । ਬੰਦੇ ਦੀਆਂ ਮਾਨਸਿਕ ਪਰਵਿਰਤੀਆਂ ਦੇ ਬਦਲਣ ਲਈ ਸਾਇੰਸ ਪਾਸ ਕੋਈ ਯੰਤਰ ਨਹੀਂ ਹੈ । ਇਹ ਕੇਵਲ ਤੇ ਕੇਵਲ ਧਰਮ ਦਾ ਹੀ ਵਿਸ਼ਾ ਹੈ ।

ਅਜਿਹੇ ਲੋਕ ਵੀ ਘੱਟ ਨਹੀਂ ਹਨ ਜੋ ਕਹਿੰਦੇ ਹਨ ਕਿ ਧਰਮ ਤੇ ਵਿਗਿਆਨ ਦੋਵੇਂ 'ਸੱਚ' ਦੇ ਖੋਜੀ ਹਨ । ਇਨ੍ਹਾਂ ਨੇ ਸਿੱਧ ਕਰ ਦਿੱਤਾ ਹੈ ਕਿ ਧਰਮ ਤੋਂ ਬਿਨਾਂ ਸੰਸਾਰ ਦੇ ਮਸੂਲੇ ਹੱਲ ਨਹੀਂ ਹੋ ਸਕਦੇ । ਵਿਗਿਆਨ ਨੇ ਸਗੋਂ ਧਰਮ ਦੀ ਲੋੜ ਹੋਰ ਵਧਾ ਦਿੱਤੀ ਹੈ । ਸੰਸਾਰ ਦੇ ਪ੍ਰਸਿੱਧ ਵਿਗਿਆਨੀ ਸ੍ਰੀ ਆਰਥਰ ਸੀ ਕਲਾਰਕ ਕਹਿੰਦੇ ਹਨ, "ਜੋ ਲੋਕ ਇਹ ਸਮਝਦੇ ਹਨ ਕਿ ਸਾਇੰਸ ਨੇ ਸਭ ਮਸਲੇ ਹੱਲ ਕਰ ਦਿੱਤੇ ਹਨ ਨਿਰੇ ਮੂਰਖ ਹਨ"।[30]

ਮਨੁੱਖੀ ਮਨ ਲਈ ਅੰਤਰਮੁਖੀ ਅਤੇ ਬਾਹਰ ਮੁਖੀ ਦੋਵੇਂ ਗਿਆਨ ਲੋੜੀਂਦੇ ਹਨ। ਇੱਕ ਮਨ ਨੂੰ ਸੁਧਾਰਦਾ ਹੈ ਅਤੇ ਦੂਸਰਾ ਦੁਨਿਆਵੀ ਸੁੱਖ ਪਰਦਾਨ ਕਰਦਾ

[30] "Those who think that science has accounted for everything are just stupid." *(Mysterious World* p.12)



ਹੈ। ਸਾਇੰਸਦਾਨ ਧਰਮ ਦੀ ਵਰਤੋਂ ਕਰਕੇ ਸਫਲ ਨਹੀ ਹੋ ਸਕਦਾ ਅਤੇ ਧਰਮੀ ਬੰਦਾ ਤਜਰਬਿਆਂ ਨਾਲ ਨਰਕ ਸੁਰਗ ਨੂੰ ਸਾਬਤ ਨਹੀਂ ਕਰ ਸਕਦਾ ।[31] ਦੋਹਾਂ ਦੇ ਕਾਰਜ-ਖੇਤਰ ਵੱਖੋ ਵੱਖਰੇ ਹਨ। ਇੱਕ ਦਾ ਹਥਿਆਰ ਸਿਖਸ਼ਾ ਹੈ ਦੂਸਰੇ ਦਾ ਹਥਿਆਰ ਦਲੀਲ ਹੈ। ਇੱਕ ਕਰਤਾਰ ਦੀ ਭੌਤਕੀ ਰਚਨਾ ਦੇ ਭੇਦ ਲੱਭ ਰਿਹਾ ਹੈ ਦੂਸਰਾ ਮਨੁੱਖੀ ਮਨ ਦੀਆਂ ਡੂੰਘਾਈਆਂ ਨਾਪ ਰਿਹਾ ਹੈ। ਵਿਗਿਆਨ ਘੋੜਾ ਹੈ ਅਤੇ ਧਰਮ ਇਸ ਦਾ ਅਸਵਾਰ ਹੈ। ਦੋਵੇਂ ਇੱਕੋ ਕੁਦਰਤ ਦੀ ਅਸਲੀਅਤ ਦੇ ਖੋਜੀ ਹਨ। ਜੇ ਫ਼ਰਕ ਹੈ ਤਾਂ ਕੇਵਲ ਇਤਨਾ ਕੁ ਹੀ ਹੈ ਜਿਤਨਾ ਕੁ ਇੱਕੋ ਚੀਜ਼ ਨੂੰ ਦੇਖਣ ਵਾਲੇ ਦੋ ਵੱਖੋ ਵੱਖ ਰੰਗ ਦੇ ਸ਼ੀਸ਼ਿਆਂ ਵਾਲੀਆਂ ਐਨਕਾਂ ਲਾਉਣ ਵਾਲਿਆਂ ਨੂੰ ਦਿਸਦਾ ਹੋਵੇ । ਅਸਲੀਅਤ ਜਾਚਣ ਲਈ ਇਨਸਾਨ ਨੂੰ ਦੋਹਾਂ ਦੀ ਹੀ ਲੋੜ ਹੈ ।[32] ਸੰਸਾਰ ਪ੍ਰਸਿੱਧ ਸਾਇੰਸਦਾਨ ਆਈਨਸਟਾਈਨ ਤਾਂ ਇਹ ਵੀ ਆਖਦੇ ਹਨ ਕਿ "ਸੰਸਾਰ ਦੇ ਸਾਇੰਨਸਦਾਨਾਂ ਵਿੱਚੋਂ ਅਜਿਹਾ ਮਨੁੱਖ ਲੱਭਣਾ ਹੀ ਮੁਸ਼ਕਲ ਹੈ ਜਿਸ ਦੇ ਮਨ ਵਿੱਚ ਆਤਮਿਕ ਵਿਚਾਰ ਹੀ ਨਾ ਹੋਣ"[33] ਸਗੋਂ ਅਸਲੀਅਤ ਤਾਂ ਇਹ ਹੈ ਅੱਜ ਦੇ ਪਦਾਰਥਵਾਦੀ ਯੁੱਗ ਵਿੱਚ ਆਪਣਾ ਸੁੱਖ ਆਰਾਮ ਤਿਆਗ ਕੇ ਮਨੁੱਖੀ ਸੇਵਾ ਵਿੱਚ ਲੱਗੇ ਸਾਇੰਸਦਾਨ ਵੀ ਅਸਲ ਵਿੱਚ ਧਰਮੀ ਲੋਕ ਹੀ ਹਨ । ਸਹੀ ਮੁਲਅੰਕਣ ਤਾਂ ਇਹੀ ਹੋਵੇਗਾ ਕਿ ਵਿਗਿਆਨ ਅਤੇ ਧਰਮ ਦੋਹਾਂ ਦੀ ਹੀ ਮਨੁੱਖਤਾ ਨੂੰ ਲੋੜ ਹੈ ਅਤੇ ਮਨੁੱਖੀ ਸਮਾਜ ਦੀ ਉਨੰਤੀ ਤੇ ਬਿਹਤਰੀ ਲਈ, ਧਰਮ ਅਤੇ ਵਿਗਿਆਨ, ਦੋਹਾਂ ਨੂੰ, ਕ੍ਰੰਗੜੀ ਪਾਕੇ ਚੱਲਣਾ ਚਾਹੀਦਾ ਹੈ। ਪ੍ਰਸਿੱਧ ਫਿਲਾਸਫਰ ਬਰਟ੍ਰੈਂਡ ਰਸਲ ਕਹਿੰਦੇ ਹਨ, "ਸੰਸਾਰ ਦੇ ਪ੍ਰਸਿੱਧ ਫਿ਼ਲਾਸਫਰਾਂ ਦਾ ਵਿਚਾਰ ਹੈ ਕਿ ਮਨੁੱਖ ਨੂੰ ਰਹਸਵਾਦ ਅਤੇ ਵਿਗਿਆਨ ਦੋਹਾਂ ਦੀ ਹੀ ਲੋੜ ਹੈ"।[34] "ਜਾਨਣ ਦੀ ਉਤਸੁਕਤਾ[35] ਹੀ ਨਾ ਹੋਵੇ

[31] "When religious claims are evaluated using scientific methods, they are found to be false. When scientific claims are evaluated using the methods of faith, they are found to be false". (Edington)

[32] Only such an approach can be intellectually honest, satisfying, rewarding and socially beneficial…….Intuitive knowledge goes farther than rational knowledge. It does not contradict it but certainly transcends it" (Aldus Huxley)

[33] "While the mystics' way is inward and contemplative, scientists' is outward and analytical. You will hardly find one among profounder sort of scientific minds without a religious feeling of his own."(Albert Einstein *The world as I see it p.28).* Einstein also says, "After religious teachers accomplish the refining process indicated, they will surely recognize with joy that religion has been ennobled and made more profound by scientific knowledge."

[34] "The greatest men who have been philosophers have felt the need both of science and mysticism"*(Mysticism, logic and other essays by Bertrand Russell p.1, 4 and 12)*

[35] ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ (ਪੰਨਾ 60)

ਤਾਂ ਨਾ ਅਸੀਂ ਸਾਇੰਸ ਤੋਂ ਲਾਭ ਉਠਾ ਸਕਦੇ ਹਾਂ ਅਤੇ ਨਾ ਹੀ ਧਰਮ ਤੋਂ" (ਸਰ ਆਰਥਰ ਐਡਿੰਗਟਨ *Science and the unseen world p.5)*

ਅੱਜ-ਕੱਲ੍ਹ ਦੇ ਕਈ ਵਿਗਿਆਨੀ ਜੜ੍ਹ ਮਾਦੇ ਦੀ ਖੋਜ ਕਰਦੇ ਕਰਦੇ ਅੰਤ ਮਾਦੇ ਦੇ ਚੇਤਨ ਪੱਖ ਦੀ ਖੋਜ ਕਰਨ ਵੱਲ ਪ੍ਰੇਰਤ ਹੋ ਰਹੇ ਹਨ । ਕੁਦਰਤ ਦਾ ਗਿਆਨ ਪ੍ਰਾਪਤ ਕਰਦੇ ਕਰਦੇ ਅਜਿਹੇ ਕਈ ਫਿਲਾਸਫਰ ਅਤੇ ਸਾਇੰਸਦਾਨ, ਸਾਇੰਸ ਨੂੰ ਤਿਆਗ ਕੇ, ਧਰਮ ਵਿੱਚ ਪਰਵਿਰਤ ਹੋ ਗਏ । ਦੁਨੀਆਂ ਦਾ ਮਸ਼ਹੂਰ ਸਾਇੰਸਦਾਨ ਸਵੀਡਨਬਰਗ (1688-1772), ਮਹਾਤਮਾ ਬੁੱਧ ਵਾਂਗ ਹੀ, ਸਟਾਕਹੋਮ ਦੇ ਇੱਕ ਸ਼ਾਹੀ ਘਰਾਣੇ ਵਿੱਚ ਪੈਦਾ ਹੋਇਆ ਅਤੇ ਪੰਜਾਹ ਕੁ ਸਾਲ ਸਾਇੰਸ ਦੀਆਂ ਕਈ ਕਾਢਾਂ ਕੱਢਣ ਉਪ੍ਰੰਤ ਇੱਕ ਸਾਧੂ ਬਣ ਗਿਆ ਤੇ ਬਾਕੀ ਦੀ ਸਾਰੀ ਉਮਰ ਨਾਮ ਜਪ ਕੇ ਗੁਜ਼ਾਰੀ ।[36] ਇਸੇ ਤਰ੍ਹਾਂ ਐਨੀ ਬਸੰਤ, ਜੋ ਨਾਸਤਕ ਸੀ, ਅਤੇ ਧਰਮ ਉੱਪਰ ਤਰ੍ਹਾਂ ਤਰ੍ਹਾਂ ਦੇ ਉਟੰਕਣ ਕਰਿਆ ਕਰਦੀ ਸੀ, ਅੰਤ ਧਰਮ ਵੱਲ ਪ੍ਰੇਰਤ ਹੋ ਗਈ ਅਤੇ World Theosophical Society ਦੀ ਕਾਫੀ ਸਮਾਂ ਚੇਅਰਮੈਨ ਬਣੀ ਰਹੀ । ਕੁੱਝ ਇਹੋ ਜਿਹਾ ਹੀ ਕੋਇਸਲਰ (Koestler) ਨਾਲ ਵਾਪਰਿਆ ਜੋ ਨਾਸਤਕ ਹੁੰਦਾ ਹੋਇਆ ਅੰਤ ਆਸਤਕ ਬਣ ਕੇ ਹੀ ਮੋਇਆ । ਅਸਲ ਗੱਲ ਇਹ ਹੈ ਦਲੀਲ ਅਤੇ ਵਿਗਿਆਨਕ ਸਬੂਤ ਅਕਲ ਦੀ ਤਸੱਲੀ ਕਰਾ ਦੇਣ ਤਾਂ ਕਰਾ ਦੇਣ ਪਰ ਦਿਲ ਇਨ੍ਹਾਂ ਨੂੰ ਮੰਨਣ ਤੋਂ ਆਕੀ ਰਹਿੰਦਾ ਹੈ ।[37] ਸੰਸਾਰ ਪ੍ਰਸਿਧ ਵਿਗਿਆਨੀ ਸਟੀਫ਼ਨ ਹਾਕਿੰਗ ਰੱਬ ਦੀ ਹੋਂਦ ਨੂੰ ਨਹੀਂ ਮੰਨਦੇ । ਜਦ ਵਿਦਿਆਰਥੀਆਂ ਨੇ ਉਨ੍ਹਾਂ ਤੋਂ ਰੱਬ ਬਾਰੇ ਪੁੱਛਿਆ ਤਾਂ ਉੱਤਰ ਮਿਲਿਆ, "ਮੈਂ ਰੱਬ ਬਾਰੇ ਪੁੱਛੇ ਸਵਾਲਾਂ ਦਾ ਉੱਤਰ ਨਹੀਂ ਦਿੰਦਾ" । ਆਪਣੀ ਪੁਸਤਕ A brief history of time, ਜੋ ਕਿ ਅੱਜ-ਕੱਲ੍ਹ ਵਿਗਿਆਨ ਬਾਰੇ ਸਭ ਤੋਂ ਉੱਤਮ ਪੁਸਤਕ ਮੰਨੀ ਜਾ ਰਹੀ ਹੈ, ਦੇ ਅੰਤਲੇ ਅਧਿਆਇ ਵਿੱਚ ਆਪ ਹੀ ਲਿਖਦੇ ਹਨ, "ਸਾਇੰਸ ਦੀ ਖੋਜ ਦੇ ਅਗਲੇ ਪੜਾ ਤੇ ਇਨਸਾਨ ਰੱਬ ਦੇ ਨੇੜੇ ਪਹੁੰਚ ਜਾਵੇਗਾ" ।

ਕੁਦਰਤ ਅਨੰਤ ਹੈ ਅਤੇ ਇਸ ਦਾ ਗਿਆਨ ਵੀ ਅਨੰਤ ਹੈ । ਸਾਇੰਸ ਹੋਰ ਹੋਰ ਨਿਯਮ ਲੱਭਦੀ ਰਹੇਗੀ ਅਤੇ ਸਮੇਂ ਸਮੇਂ ਬਦਲਦੀ ਰਹੇਗੀ ਪਰ ਧਰਮ ਨੇ ਪੂਰਨ ਗਿਆਨ ਇੱਕੋ ਵਾਰ ਦੇ ਦਿੱਤਾ ਹੈ ।[38] ਦੋਹਾਂ ਪ੍ਰਕਾਰ ਦੇ ਗਿਆਨ ਦੀ ਖ਼ਾਤਰ ਬੰਦਾ

[36] He wrote, "Of the two worlds, the physical, far from being real itself is only the symbol of the spiritual. The human body is merely the haberdashery of the soul"

[37] "Above the logic of the head is the logic of the heart. The heart has reason of its own, the head can never understand."(Rousseau)

[38] In my view the most important function of art and science is to awaken religious feeling and keep it alive in those who are receptive to it. (Albert Einstein, 1930)



ਬਹੁਤ ਮਿਹਨਤ ਕਰਦਾ ਹੈ ਅਤੇ ਜਦ ਗਿਆਨ ਦੀ ਹੱਦ ਆ ਜਾਂਦੀ ਹੈ ਤਾਂ ਬੰਦੇ ਨੂੰ ਉਸੇ ਲਾਈਨ ਵਿੱਚ ਉਹੀ ਟੀਚਾ ਲੱਭਣ ਲਈ ਦੂਜੀ ਵਾਰ ਹੋਰ ਵਧੇਰੇ ਮਿਹਨਤ (ਕਰਮ) ਕਰਨ ਦੀ ਲੋੜ ਨਹੀਂ ਰਹਿੰਦੀ ।

**"ਗਿਆਨੈ ਕਾਰਨ ਕਰਮ ਅਭਿਆਸੁ ॥**
**ਗਿਆਨੁ ਭਇਆ ਤਹ ਕਰਮਹ ਨਾਸੁ"** ॥ (ਪੰਨਾ 1167)

ਮਨੁੱਖੀ ਜੀਵਨ ਲਈ ਦੋਹਾਂ ਵਿੱਚ ਹੀ ਮਿਹਨਤ ਦੀ ਲੋੜ ਹੈ ਅਤੇ ਸੁਚੱਜੇ ਅਤੇ ਸੁਖੀ ਜੀਵਨ ਲਈ ਦੋਵੇਂ ਹੀ ਮਹੱਤਵਪੂਰਣ ਹਨ । ਦੋਵੇਂ 'ਸੱਚ' ਦੀ ਖੋਜ ਕਰਦੇ ਹਨ ਭਾਵੇਂ ਕਿ ਇਨ੍ਹਾਂ ਦੇ ਕਾਰਜ ਖੇਤਰ ਵੱਖਰੇ-ਵੱਖਰੇ ਹਨ । ਵਿਗਿਆਨ 'ਜੜ੍ਹ'(ਸਰਗੁਣ) ਪਦਾਰਥਾਂ ਦੀ ਖੋਜ ਕਰਦਾ ਹੈ ਅਤੇ ਧਰਮ 'ਚੇਤਨ' (ਨਿਰਗੁਣ) ਸੰਸਾਰ ਦੀ। ਗੁਰਬਾਣੀ ਦੋਹਾਂ ਨੂੰ ਹੀ ਮਹੱਤਤਾ ਦਿੰਦੀ ਹੈ ।

"**ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥**
**ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥** (ਪੰਨਾ 290)

# ਅਧਿਆਇ 2

## ਸਰਬ ਵਿਆਪਕ ਮਹਾ-ਸ਼ਕਤੀ

### ਮਹਾ-ਸ਼ਕਤੀ

ਧਰਮ ਆਤਮ-ਗਿਆਨ ਤੇ ਨਿਰਭਰ ਹੈ ਅਤੇ ਸ਼ਰਧਾ ਜਾਂ ਵਿਸ਼ਵਾਸ਼ ਮੰਗਦਾ ਹੈ ਪ੍ਰੰਤੂ ਵਿਗਿਆਨ ਜਾਂਚ ਪੜਤਾਲ ਅਤੇ ਨਿਰੀਖਸ਼ਣ ਨਾਲ ਸੰਬੰਧ ਰਖਦਾ ਹੈ । ਵਿਗਿਆਨ ਹਰ ਗੱਲ ਦਾ ਸਬੂਤ ਮੰਗਦਾ ਹੈ ਪਰ ਧਰਮ ਕੇਵਲ ਇਸ ਵਿਸ਼ਵਾਸ਼ ਤੇ ਖੜ੍ਹਾ ਹੈ ਕਿ ਸਭ ਉਤਪਤੀ ਅਤੇ ਵਿਕਾਸ ਦਾ ਕੋਈ ਕਰਤਾ ਵੀ ਹੈ । ਅੱਜ ਕੱਲ੍ਹ ਕੁੱਝ ਐਸੇ ਲੋਕ ਵੀ ਮਿਲ ਜਾਂਦੇ ਹਨ ਜੋ ਭਾਵੇਂ ਨਾ ਤਾਂ ਵਿਗਿਆਨੀ ਹੀ ਹਨ ਤੇ ਨਾ ਹੀ ਧਰਮੀ, ਪਰ ਉਹ ਇਹ ਵਿਸ਼ਵਾਸ਼ ਰਖਦੇ ਹਨ ਕਿ ਸੰਸਾਰ ਦਾ ਕੋਈ ਕਰਤਾ ਨਹੀਂ ਕਲਪਿਆ ਜਾ ਸਕਦਾ । ਇਨ੍ਹਾਂ ਵਿਦਿਵਾਨਾਂ ਅਨੁਸਾਰ, ਮਾਦਾ ਜਾਂ ਪਦਾਰਥ (Matter) ਹਮੇਸ਼ਾ ਤੋਂ ਹੀ ਆ ਰਿਹਾ ਹੈ (ਅਨਾਦੀ ਹੈ)। ਧਰਮ ਇਹ ਪੁੱਛਦਾ ਹੈ ਕਿ ਜੇ ਪਦਾਰਥ ਅਨਾਦੀ ਹੈ ਤਾਂ ਇਸ ਵਿੱਚ ਗਤੀ (Motion) ਕਿਵੇਂ ਅਤੇ ਕਦੋਂ ਪੈਦਾ ਹੋਈ । ਨਿਰਜੀਵ (ਮੁਰਦਾ) ਪਦਾਰਥ (Life-Less Matter) ਵਿੱਚ ਸੋਚ ਸ਼ਕਤੀ ਅਤੇ ਮਨ ਕਿਵੇਂ ਪੈਦਾ ਹੋਏ ਅਤੇ ਇਹ ਪਦਾਰਥ ਬ੍ਰਹਮੰਡ ਵਿੱਚ ਕਿਸ ਸ਼ਕਤੀ ਨਾਲ ਫੈਲ ਗਿਆ? ਵਿਗਿਆਨੀ ਮੰਨਦਾ ਹੈ ਕਿ "ਪਦਾਰਥ ਮੁੱਢ ਕਦੀਮ ਤੋਂ ਹੀ ਪੁਲਾੜ ਵਿੱਚ ਫੈਲਦਾ ਆ ਰਿਹਾ ਹੈ ਅਤੇ ਮਨ ਕਦੇ ਵੀ ਵਿਚਾਰਾਂ ਤੋਂ ਖ਼ਾਲੀ ਨਹੀਂ ਰਹਿੰਦਾ"[39] । ਪਦਾਰਥ ਬਦਲ ਕੇ ਮਨ ਕਿਵੇਂ ਅਤੇ ਕਦੋਂ ਬਣਿਆਂ? ਇਸ ਵਿੱਚ ਸੋਚ ਵਿੱਚਾਰ ਕਦੋਂ ਉਤਪਨ ਹੋਣ ਲੱਗੇ? ਪਦਾਰਥ ਦਾ ਫੈਲਾਓ ਕਦੋਂ ਆਰੰਭ ਹੋਇਆ ਅਤੇ ਇਹ ਕਦੋਂ ਖ਼ਤਮ ਹੋਵੇਗਾ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਗਿਆਨੀ ਦੇ ਨਹੀਂ ਸਕਦਾ। ਧਰਮ ਕਹਿੰਦਾ ਹੈ ਕਿ ਇਹ ਸਵਾਲ ਹੀ ਨਿਰਮੂਲ ਹਨ ਕਿਉਂਕਿ ਸਰਬ ਵਿਆਪਕ ਮਹਾਂ ਸ਼ਕਤੀ ਪਾਸ ਸਭ ਕੁੱਝ ਕਰਨ ਦੀ ਸਮਰਥਾ ਹੈ । ਇਹ ਸਵਾਲ ਇਸ ਤਰ੍ਹਾਂ ਦਾ ਹੈ ਜਿਸ ਤਰਾਂ ਕੋਈ ਪੁੱਛੇ ਕਿ "ਮੁਰਗ਼ੀ ਪਹਿਲਾਂ ਪੈਦਾ ਹੋਈ ਕਿ ਆਂਡਾ"?

ਪ੍ਰਸਿੱਧ ਵਿਦਿਵਾਨ ਜੇਮਜ਼ ਜੀਨਜ਼ ਕਹਿੰਦੇ ਹਨ ਕਿ "ਪਦਾਰਥ ਵਿੱਚ ਮਨ ਦਾ

[39] "The essence of matter is expansion in space but the essence of mind is thought" (Descartes quoted by Sir James Jeans in *The mysterious Universe p.171)*



ਪੈਦਾ ਹੋ ਜਾਣਾ ਕੋਈ ਸਾਧਾਰਣ ਘਟਨਾ ਨਹੀਂ ਇਹ ਇੱਕ ਵਚਿੱਤਰ ਘਟਣਾ ਹੈ ਜਿਸ ਤੋਂ ਸੁਤੇ ਸਿੱਧ ਹੀ ਸੰਸਾਰ ਦੇ ਕਰਤਾ ਬਾਰੇ ਸੋਚ ਉਪਜ ਪੈਂਦੀ ਹੈ । ਸੰਸਾਰ ਦੇ ਸਾਰੇ ਮਨਾਂ ਵਿੱਚ ਉੱਗੀ ਸਮੁੱਚੀ ਵਿਚਾਰ ਕਿਸੇ ਅਦਿੱਖ ਮਹਾਂ ਸ਼ਕਤੀ ਦੀ ਉਪਜ ਹੀ ਹੋ ਸਕਦੀ ਹੈ"।[40] ਇਹੋ ਗੱਲ ਅਰਸਤੂ ਲਿਖਦਾ ਹੈ । ਉਹ ਕਹਿੰਦਾ ਹੈ ਕਿ "ਫਿਲਾਸਫਰਾਂ ਦਾ ਸੋਚਦੇ ਸੋਚਦੇ ਪਿੱਛੇ ਹੀ ਪਿੱਛੇ ਜਾਂਦੇ ਜਾਂਦੇ ਅੰਤ ਨਹੀਂ ਆਉਂਦਾ ਅਤੇ ਅਖੀਰ ਇਹ ਮੰਨਣਾ ਹੀ ਪੈਂਦਾ ਹੈ ਕਿ ਕੋਈ ਅਦ੍ਰਿਸ਼ਟ, ਅਗੰਮ, ਅਬਦਲ, ਅਬਿਨਾਸ਼ੀ ਆਦਿ ਸ਼ਕਤੀ (ਵਿਆਪਕ ਮੂਲ ਸੱਤਯ) ਵੀ ਹੈ ਜੋ ਕਿ ਕੁਦਰਤ ਦੀ ਕਰਤਾ ਧਰਤਾ ਹੈ"।[41] ਅਰਸਤੂ ਦਾ ਵਿਚਾਰ ਬਹੁਤ ਸਾਰਥਿਕ ਹੈ । ਇਕ ਮਨੁੱਖੀ ਆਂਡੇ (ਭਰੂਣ) ਵਿੱਚ ਜਿਹੜਾ ਕਿ ਨੰਗੀ ਅੱਖ ਨਾਲ ਦੇਖਿਆ ਵੀ ਨਹੀਂ ਜਾ ਸਕਦਾ, ਜੀਵਨ ਦੇ ਬੇਸ਼ੁਮਾਰ ਮਹੀਨ ਕਣ ਹੁੰਦੇ ਹਨ ਜਿਨ੍ਹਾਂ ਤੋਂ ਮਾਂ ਦੇ ਗਰਭ ਵਿੱਚ ਅੱਡੋ ਅੱਡ ਮਨੁੱਖੀ, ਕੰਨ, ਨੱਕ, ਅੱਖਾਂ ਅਦਿਕ ਸਾਰੇ ਅੰਗ ਬਣਦੇ ਹਨ । ਸਾਇੰਸਦਾਨਾਂ ਨੇ ਲੱਭਿਆ ਹੈ ਕਿ ਇਕੱਲੇ ਮਨੁਖੀ ਦਿਮਾਗ਼ ਵਿੱਚ ਹੀ 10,000,000,000 ਸੈਲ ਹਨ । ਅਜਿਹੀ ਕਾਰੀਗਰੀ ਕਿਸੇ ਦੈਵੀ ਸ਼ਕਤੀ ਦੇ ਹੋਣ ਵੱਲ ਹੀ ਇਸ਼ਾਰਾ ਕਰਦੀ ਹੈ । ਫੇਰ ਇਹ ਵੀ ਵੇਖਣ ਵਾਲੀ ਗੱਲ ਹੈ ਕਿ ਸਾਡੀ ਸਾਇੰਸ ਅਨੁਸਾਰ ਕਾਰਬਨ ਡਾਈ ਔਕਸਾਈਡ ਗੈਸ ($CO_2$) ਜੋ ਅਸੀਂ ਸਾਹ ਰਾਹੀਂ ਬਾਹਰ ਕੱਢਦੇ ਹਾਂ ਅਤੇ ਸਰੀਰ ਵਿੱਚੋਂ ਖਾਰਜ ਹੁੰਦਾ ਮਲ-ਮੂਤਰ, ਦੋਵੇਂ ਹੀ ਹਾਨੀ ਕਾਰਕ ਹਨ, ਪ੍ਰੰਤੂ ਆਂਡੇ ਵਿੱਚ ਪਲਦੇ ਬੱਚੇ ਦੇ ਆਲੇ ਦੁਆਲੇ ਇਹ ਸਭ ਕੁੱਝ ਹੁੰਦਾ ਹੈ ਪਰ ਉਹ ਫੇਰ ਵੀ ਜੀਵਤ ਰਹਿੰਦਾ ਹੈ । ਬੱਚੇ ਨੂੰ ਖ਼ੁਰਾਕ ਕੌਣ ਅਤੇ ਕਿਵੇਂ ਪਹੁੰਚਾਉਂਦਾ ਹੈ ? ਜ਼ਾਹਰ ਹੈ ਇੱਥੇ ਕੋਈ 'ਹੁਕਮ'[42] ਵਰਤਦਾ ਹੈ ਜਿਸ ਨੂੰ ਬੰਦਾ ਬਿਆਨ ਨਹੀਂ ਕਰ ਸਕਦਾ। "**ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ**"॥ (ਪੰਨਾ 1)

ਸਿੱਖ ਧਰਮ ਬ੍ਰਹਿਮੰਡ ਦੇ ਰਚਨਹਾਰੇ (Designer) ਨੂੰ ਮੰਨਦਾ ਹੈ । ਇਸ ਵਿੱਚ ਸੰਸਾਰ ਰਚਣਹਾਰੀ ਸ਼ਕਤੀ 'ਹੁਕਮ' (Directive Principle) ਦਾ ਜ਼ਿਕਰ

[40] "Mind no longer appears as an accidental intruder into the realm of matter, we are beginning to suspect that we ought to rather hail it as the Creator and Governor of the realm of matter, not of course our individual minds but the minds in which the atoms out of which our individual minds have grown exist as thoughts."(James Jeans *The mysterious Universe p.187)*

[41] "If we are not to plunge drearily into an indefinite regress putting back one problem step by step endlessly, we must posit a Prime Mover unmoved being, incorporeal, invisible space-less, sexless, passionless, changeless, perfect and eternal (God?), Who is the final cause of nature."(Aristotle)

[42] There certainly is some ~directive principle' at work (*Science today* p.25)

ਬਾਰ ਬਾਰ ਆਇਆ ਹੈ । ਕਈ ਥਾਈਂ ਗੁਰੂ ਜੀ ਨੇ ਇਸ ਨੂੰ 'ਜੋਤਿ' (Consciosness) ਵੀ ਲਿਖਿਆ ਹੈ । **"ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾ ਤੂ ਜਗ ਮਹਿ ਆਇਆ"॥** (ਪੰਨਾ 921) ਮਾਤ ਗਰਭ ਵਿੱਚ ਪਲਦੇ ਬੱਚੇ ਦੀ ਸੁਰਖਸ਼ਾ ਬਾਰੇ ਵੀ ਗੁਰੂ ਜੀ ਇਹੋ ਕਹਿੰਦੇ ਹਨ ਕਿ ਉਸ ਦਾ ਖਿਆਲ ਇਹੋ ਹੁਕਮ (Directive Principle) ਰੱਖਦਾ ਹੈ ।

**"ਜਨਨੀ ਕੇਰੇ ਉਦਰ ਉਦਕ ਮਹਿ ਪਿੰਡੁ ਕੀਆ ਦਸ ਦੁਆਰਾ ॥**
**ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ" ॥** (ਪੰਨਾ 488)

ਇਸੇ ਆਦਿ-ਸ਼ਕਤੀ ਨੇ ਸੰਸਾਰ ਦੀ ਉਤਪਤੀ ਕੀਤੀ ਹੈ ਅਤੇ ਇਹੋ ਇਸ ਦੀ ਪਾਲਣਾ ਕਰ ਰਹੀ ਹੈ ।

**"ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ"॥** (ਪੰਨਾ 724)

## 2.2 ਪਰਮਾਤਮਾ

ਸੰਸਾਰ ਵਿੱਚ ਬਹੁਤ ਸਾਰੇ ਐਸੇ ਲੋਕ ਹਨ ਜੋ ਕਿਸੇ ਦੈਵੀ ਸ਼ਕਤੀ ਦੀ ਹੋਂਦ ਨੂੰ ਨਹੀਂ ਮੰਨਦੇ ।[43] ਭੌਤਿਕ ਵਿਗਿਆਨੀ ਜਿਵੇਂ ਲੌਜ, ਕਰੁਕਸ ਅਤੇ ਕਰਿਪਸ ਐਸੇ ਵਿਦਵਾਨ ਹਨ ਜੋ ਕਹਿੰਦੇ ਹਨ ਕਿ ਜੇ ਰੱਬ ਕਿਧਰੇ ਹੈ ਤਾਂ ਉਹ ਕੁਦਰਤ ਤੋਂ ਵੱਖਰਾ ਨਹੀਂ । ਦੂਸਰੇ ਸਬਦਾਂ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਉਨ੍ਹਾਂ ਅਨੁਸਾਰ ਦਿਸਦੀ ਪਿਸਦੀ ਦੁਨੀਆਂ ਤੋਂ ਬਾਹਰ ਕਿਸੇ ਅਦਿੱਖ ਸ਼ਕਤੀ (ਰੱਬ) ਦਾ ਕਿਆਸ ਨਿਰਮੂਲ ਹੈ । ਦੂਸਰੇ ਪਾਸੇ ਐਸੇ ਵਿਦਵਾਨ ਵੀ ਹਨ ਜੋ ਕਹਿੰਦੇ ਹਨ ਕਿ ਰੱਬ ਦੀ ਹੋਂਦ ਤੋਂ ਬਿਨਾਂ ਅਨੇਕ ਗੁੰਝਲਦਾਰ ਪ੍ਰਸ਼ਨਾਂ ਦਾ ਉੱਤਰ ਲੱਭਣਾ ਮੁਸ਼ਕਿਲ ਹੈ । ਸਾਇੰਸਦਾਨਾਂ ਵਿੱਚੋਂ ਵੀ ਕਈ ਐਸੇ ਹਨ ਜੋ ਪੂਰਨ ਤੌਰ ਤੇ ਰੱਬ ਦੀ ਹੋਂਦ ਨੂੰ ਮੰਨਣ ਲੱਗ ਪਏ ਹਨ।[44] ਪਹਿਲੇ ਪ੍ਰਕਾਰ ਦੇ ਲੋਕਾਂ ਨੂੰ ਭੌਤਿਕਵਾਦੀ ਅਤੇ ਦੂਜੀ ਪ੍ਰਕਾਰ ਦੇ ਲੋਕਾਂ ਨੂੰ ਅਧਿਆਤਮਵਾਦੀ ਕਿਹਾ ਜਾ ਸਕਦਾ ਹੈ ।

ਜਿਵੇਂ ਕਿ ਪਿੱਛੇ ਜ਼ਿਕਰ ਆ ਚੁੱਕਾ ਹੈ ਸੰਸਾਰ ਵਿੱਚ ਇੱਕ ਆਦਿ-ਸ਼ਕਤੀ (ਹੁਕਮ) ਜਾਂ ਚੇਤਨਾ ਹੈ ਜਿਸ ਨੂੰ ਸਾਇੰਸਦਾਨ Directive Principle ਆਖਦੇ ਹਨ। ਸਿੱਖ ਧਰਮ ਇਸ ਦੀ ਵਿਆਖਿਆ ਕਰਦਿਆਂ ਦਸਦਾ ਹੈ ਕਿ ਸੰਸਾਰ ਦੇ ਜ਼ੱਰੇ ਜ਼ੱਰੇ ਵਿੱਚ ਇਹੋ ਹੁਕਮ ਵਰਤਦਾ ਹੈ । ਜ਼ਮੀਨ, ਆਸਮਾਨ, ਚੰਦ, ਤਾਰੇ, ਹਵਾ, ਪਾਣੀ, ਸਮੁੰਦਰ, ਅਗਨੀ, ਭੋਜਨ ਆਦਿਕ ਸਭ ਵਿੱਚ ਉਹੀ ਚੇਤਨ ਸ਼ਕਤੀ (Consciousness-Directive Principle) ਵਰਤਦੀ ਹੈ । ਅੱਜ ਦੇ ਵਿਗਿਅਨੀਆਂ ਨੇ ਪਦਾਰਥ ਦੇ ਧੁਰ ਅੰਦਰ ਤੱਕ ਨਿਗਾਹ ਮਾਰ ਕੇ ਪ੍ਰਮਾਣਤ ਕਰ ਦਿੱਤਾ ਹੈ ਕਿ ਪਦਾਰਥ ਦੇ ਹਰ ਪ੍ਰਮਾਣੂ ਵਿੱਚ ਇਹ ਅਦਿਖ ਸ਼ਕਤੀ ਹਰ ਥਾਂ ਇੱਕੋ ਜਿਹੀ ਵਰਤ ਰਹੀ ਹੈ । ਭਾਵੇਂ ਵਿਗਿਆਨੀਆਂ ਨੇ ਇਹ ਲੱਭਤ ਹੁਣੇ ਹੁਣੇ ਹੀ ਲੱਭੀ ਹੈ; ਗੁਰੂ ਗ੍ਰੰਥ ਸਾਹਿਬ ਵਿੱਚ ਇਸ ਦਾ ਜ਼ਿਕਰ ਪੰਜ ਸੌ ਸਾਲ ਪਹਿਲਾਂ ਹੀ ਆ ਚੁੱਕਾ ਹੈ । ਗੁਰੂ ਜੀ ਲਿਖਦੇ ਹਨ: **"ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ ਕੁੰਟ ਦਹ ਦਿਸੇ ਸਮਾਹਿ ॥ ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ 2 ॥ ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਰ ਮਹਿ ਏਕੁ" ॥** (ਪੰਨਾ 294)

ਇੱਸੇ ਅਦਿੱਖ ਅਤੇ ਵਿਸਤ੍ਰਤ ਮਹਾਂ ਸ਼ਕਤੀ ਨੂੰ ਪ੍ਰਮਾਤਮਾ ਜਾਂ 'ਰੱਬ' ਕਿਹਾ ਜਾਂਦਾ ਹੈ। ਅਜਿਹੀ ਸ਼ਕਤੀ ਦਾ ਕੋਈ ਸਾਕਾਰ ਰੂਪ ਨਹੀਂ ਵਿਖਾਇਆ ਜਾ ਸਕਦਾ ਅਤੇ ਇਸੇ ਲਈ ਇਸ ਦੇ ਹੋਣ ਦਾ ਕੋਈ ਦ੍ਰਿਸ਼ਟ ਪ੍ਰਮਾਣ ਜਾਂ ਸਬੂਤ ਉਪਲਬਧ ਨਹੀਂ। ਦੁਨੀਆਂ ਭਰ ਦੇ ਰਹੱਸਯਵਾਦੀ ਇਹੋ ਆਖਦੇ ਹਨ ਕਿ ਅਜਿਹੀ ਸ਼ਕਤੀ ਦਾ ਪੂਰਨ ਗਿਆਨ ਇਨਸਾਨ ਦੀ ਸਮਝ ਤੋਂ ਪਰੇ ਹੈ ਕਿਉਂਕਿ ਇਹ ਸ਼ਕਤੀ ਸਮੇਂ ਅਤੇ ਹੋਰ ਬੰਦਸ਼ਾਂ ਤੋਂ ਆਜ਼ਾਦ ਹੈ ।[45] ਇਸ ਦੇ ਗਿਆਨ ਲਈ ਸ਼ਰਧਾ ਦੀ ਅੱਖ ਅਤੇ ਆਤਮਿਕ ਗਿਆਨ ਦੀ ਲੋੜ ਹੈ । ਸਾਇੰਸਦਾਨ ਇਸ ਬਾਰੇ ਇਸ ਤਰ੍ਹਾਂ ਕਹਿੰਦੇ ਹਨ:

"ਅਜੋਕਾ ਸਾਇੰਸ ਵਿਗਿਆਨ ਸਾਨੂੰ ਕਾਇਲ ਕਰ ਰਿਹਾ ਹੈ ਕਿ ਕਰਤਾਰੀ ਸ਼ਕਤੀ ਸਮੇਂ ਅਤੇ ਸਪੇਸ ਤੋਂ ਪਰੇ ਹੈ । ਪਰ ਅਸੀਂ ਉਸਦੀ ਰਚਨਾ ਦਾ ਅੰਗ ਹਾਂ ਤੇ ਉਹ ਰਚਨਾ ਤੋਂ ਬਾਹਰ ਵੀ ਨਹੀਂ । ਉਹ ਰਚਨਾ ਤੋਂ ਇਤਨਾ ਹੀ ਬਾਹਰ ਹੈ ਜਿਤਨਾ ਇੱਕ ਤਸਵੀਰ ਬਣਾਉਣ ਵਾਲਾ ਤਸਵੀਰ ਤੋਂ ਅਲੱਗ ਹੁੰਦਾ ਹੈ ਪਰ ਆਪਣੀ ਕਲਾ ਰਾਹੀਂ ਤਸਵੀਰ ਦੇ ਵਿੱਚ ਹੀ ਵਿੱਚਰ ਰਿਹਾ ਹੁੰਦਾ ਹੈ।" (*The Mysterious Universe by* Sir James Jeans p.183) ਥਰਮੋਡਿਨੇਮਿਕਸ ਦੇ ਦੂਜੇ ਨਿਯਮ ਦਾ

[43] "God is dead" Nietzche.

[44] "All through the physical world runs an unknown content which must surely be the stuff of our consciousness. I do not think that with any legitimate usage of the word it can be said that the external world of physics is the only world that really exists." (Sir A. Eddington in *Space, time and gravitation) "A bit of science distances one from God,but much science nears one to him*"(Louis Pasteur dean of the faculty of Science University of Lille France)

[45] Knowledge of the existence of something we cannot penetrate, of the manifestations of the profoundest reason and the most radiant beauty - it is this knowledge and this emotion that constitute the truly religious attitude; in this sense, and in this alone, I am a deeply religious man. (**Albert Einstein**)

ਜ਼ਿਕਰ ਕਰਦਿਆਂ G.W.Wylen Sonntag ਵੀ ਬਿਲਕੁਲ ਇਹੋ ਗੱਲ ਕਹਿੰਦੇ ਹਨ।[46]

ਅੱਜ ਦਾ ਨਾਸਤਕ ਰਬ ਦੇ ਹੋਣ ਦਾ ਸਬੂਤ ਮੰਗਦਾ ਹੈ । ਸਿੱਖ ਲਈ ਅਜਿਹੇ ਸਬੂਤ ਦੀ ਲੋੜ ਨਹੀਂ ਹੈ । ਉੱਸ ਲਈ ਗੁਰੂ ਜੀ ਦੀ ਲਿਖੀ ਗੱਲ ਪੱਥਰ ਤੇ ਲਕੀਰ ਹੈ । ਗੁਰੂ ਜੀ ਕਹਿੰਦੇ ਹਨ

**"ਜਹਿ ਜਹਿ ਦੇਖਾਂ ਤਹਿ ਤਹਿ ਸੋਈ"॥ (ਪੰਨਾ 105)**
**"ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ"॥ (ਪੰਨਾ 397)**

ਪ੍ਰਮਾਤਮਾ ਸੰਸਾਰ ਵਿੱਚ ਇਸ ਤਰਾਂ ਹਲੂਲ ਹੈ ਜਿਵੇਂ ਕਿਹਾ ਜਾਏ ਕਿ ਕੋਈ ਰਾਗੀ ਆਪਣੇ ਰਾਗ ਵਿੱਚ ਹਲੂਲ ਹੁੰਦਾ ਹੈ । ਜਿਵੇਂ ਚੰਗੇ ਚਿੱਤਰਕਾਰ ਨੂੰ ਉਸ ਦੀ ਤਸਵੀਰ ਤੋਂ ਅਤੇ ਚੰਗੇ ਰਾਗੀ ਨੂੰ ਉਸ ਦੀ ਆਵਾਜ਼ ਤੇ ਰਾਗ ਤੋਂ ਪਛਾਣ ਲਿਆ ਜਾਂਦਾ ਹੈ, ਇਸੇ ਤਰ੍ਹਾਂ ਕੁਦਰਤ ਵਿੱਚ ਵਸਦੇ ਕਾਦਰ ਨੂੰ ਪਛਾਣਿਆ ਜਾਂਦਾ ਹੈ । ਲੋੜ ਕੇਵਲ ਇਸ ਗੱਲ ਦੀ ਹੈ ਕਿ ਸਾਡੇ ਪਾਸ ਉਹ ਅੱਖ ਹੋਵੇ ਜਿਸ ਬਾਰੇ ਗੁਰੂ ਜੀ ਲਿਖਦੇ ਹਨ, **"ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ"॥ (ਪੰਨਾ 1100)** ਸਾਡੀਆਂ ਭੌਤਕ ਅੱਖਾਂ ਤਾਂ ਰੱਸੀ ਨੂੰ ਸੱਪ ਸਮਝ ਲੈਂਦੀਆਂ ਹਨ । ਉਂਝ ਵੀ ਇਨ੍ਹਾਂ ਨੂੰ ਜੋ ਕੁੱਝ ਦਿਸਦਾ ਹੈ ਉਹ ਕੁੱਝ ਹੁੰਦਾ ਨਹੀਂ । ਇਹ ਕਿਸੇ CD ਜਾਂ DVD ਵਿੱਚਲੇ ਪ੍ਰੋਗ੍ਰਾਮ ਨੂੰ ਨਹੀਂ ਦੇਖ ਸਕਦੀਆਂ ਅਤੇ ਨਾਂ ਹੀ ਚੁੰਬਕ ਜਾਂ ਬਿਜਲੀ ਦੀ ਹੋਂਦ ਵੇਖ ਸਕਦੀਆਂ ਹਨ। ਪਰ ਇਸ ਦਾ ਇਹ ਅਰਥ ਤਾਂ ਨਹੀਂ ਲਿਆ ਜਾ ਸਕਦਾ ਕਿ ਇਹ ਚੀਜ਼ਾਂ ਹੈ ਹੀ ਨਹੀਂ।[47] (Lack of evidence is no proof of absence)

ਇਹ ਗੱਲ ਵੀ ਚੇਤੇ ਰੱਖਣੀ ਚਾਹੀਦੀ ਹੈ ਕਿ ਪਰਮਾਤਮਾ ਕੋਈ ਭੌਤਕ ਵਸਤ ਨਹੀਂ ਜਿਸ ਨੂੰ ਅੱਖ ਨਾਲ ਦੇਖਿਆ ਜਾ ਸਕੇ ।[48] ਪਰਮਾਤਮਾ ਇਕ ਚੇਤੰਨਤਾ (Consciousness) ਹੈ[49] ਜੋ ਕੁਦਰਤ ਦੇ ਕਣ ਕਣ ਵਿੱਚ ਬ੍ਰਾਜਮਾਨ ਹੈ । ਕੁਦਰਤ ਦੇ ਨਿਯਮਾਂ ਨਾਲ ਇੱਕ ਮਿੱਕ ਹੋ ਕੇ ਹੀ ਇਸ ਦਾ ਕੁੱਝ ਥੌਹ-ਪਤਾ ਲਗਦਾ ਹੈ ਤੇ ਅਜਿਹਾ ਕਰਨਾ ਵਿਅਕਤੀਗਤ ਕਾਰਜ ਹੈ ।[50] ਅਜਿਹਾ ਵਿਚਾਰ ਦਿੰਦੇ ਹੋਏ ਸ਼ਿਲਰ ਕਹਿੰਦੇ ਹਨ, "ਪਰਮਾਤਮਾ ਬੰਦੇ ਦੀ ਆਪਣੀ ਆਤਮਾ ਵਿੱਚ ਹੀ ਵਸਦਾ ਹੈ ਪਰ ਮੁਸ਼ਕਿਲ ਤਾਂ ਇਹ ਹੈ ਕਿ ਪਰਮਾਤਮਾ ਦੇ ਗਿਆਨ ਤੱਕ ਪਹੁੰਚਣਾ ਤਾਂ ਪਾਸੇ ਰਿਹਾ ਆਤਮਾ ਆਪਣਾ ਹੀ ਪੂਰਨ ਗਿਆਨ ਪ੍ਰਾਪਤ ਕਰਨੋਂ ਅਸਮਰਥ ਰਹਿੰਦੀ ਹੈ" (*Shiller. Human Knowledge)* । ਆਤਮਿਕ ਗਿਆਨ ਲਈ ਕਿਸੇ ਧਾਰਮਿਕ ਆਗੂ, ਗੁਰੂ ਪੀਰ ਦੀ ਲੋੜ ਹੈ ਜਿਸ ਨੇ ਆਪ ਪੂਰਨ ਆਤਮਿਕ ਗਿਆਨ ਪਰਾਪਤ ਕਰ ਲਿਆ ਹੋਵੇ । ਗੁਰੂ ਜੀ ਕਹਿੰਦੇ ਹਨ ਕਿ ਅਜਿਹੇ ਗੁਰੂ ਆਪਣੀ ਆਤਮਾ ਨੂੰ ਸਮਝ ਕੇ ਆਪ ਵੀ ਉਸ ਪਰਮਾਤਮਾ ਵਰਗੇ ਹੋ ਗਏ ਹੁੰਦੇ ਹਨ,

**"ਆਤਮੁ ਚੀਨਿ ਭਏ ਨਿਰੰਕਾਰੀ"॥ (ਪੰਨਾ 415)**
**"ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ"॥ (ਪੰਨਾ 421)**

## 2.3 ਪਰਮਾਤਮਾ ਨੂੰ ਕਿਸ ਨੇ ਬਣਾਇਆ?

ਅਕਸਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਰੱਬ ਕਿਵੇਂ ਹੋਂਦ ਵਿੱਚ ਆਇਆ । ਵਾਸ਼ਿੰਗਟਨ ਯੂਨੀਵਰਸਿਟੀ ਦੇ ਪ੍ਰੋਫੈਸਰ ਪਾਸਕਲ ਬੋਇਅਰ ਤਾਂ ਇਥੋਂ ਤੱਕ ਕਹਿੰਦੇ ਹਨ ਕਿ, "ਸਾਡਾ ਦਿਮਾਗ਼ ਰੱਬ ਨੇ ਨਹੀਂ ਬਣਾਇਆ ਸਗੋਂ ਸਾਡੇ ਦਿਮਾਗ਼ ਨੇ ਰੱਬ ਕਲਪ ਲਿਆ ਹੈ"।ਚਾਰਲਸ ਡਾਰਵਿਨ ਅਤੇ ਹੋਰ ਬਹੁਤ ਸਾਰੇ ਵਿਚਾਰਵਾਨ ਵੀ ਇਹੀ ਮੰਨਣ ਲੱਗ ਪਏ ਸਨ ਕਿ ਮਾਦਾ ਜਾਂ ਪਦਾਰਥ ਹੀ ਮੁੱਢ ਵਿੱਚ ਸੀ ਅਤੇ ਇਹੋ ਸ਼ਕਲ ਵਟਾ ਕੇ ਹੌਲ਼ੀ ਹੌਲ਼ੀ ਇਨਸਾਨ ਬਣ ਗਿਆ। ਪ੍ਰੰਤੂ ਜੇਕਰ ਇਨ੍ਹਾਂ ਵਿਦਵਾਨਾਂ ਨੂੰ ਉਨ੍ਹਾਂ ਵਾਲਾ ਹੀ ਪ੍ਰਸ਼ਨ ਪੁੱਛਿਆ ਜਾਵੇ ਕਿ ਮਾਦਾ ਜਾਂ ਪਦਾਰਥ ਕਿਸ ਨੇ ਬਣਾਇਆ ਤਾਂ ਉਹ ਨਿਰੁੱਤਰ ਹੋ ਜਾਂਦੇ ਹਨ । ਇਹ ਤਾਂ ਇਸ ਤਰ੍ਹਾਂ ਕਹਿਣ ਵਰਗੀ ਗੱਲ ਹੈ ਕਿ ਮਿੱਟੀ ਦੇ ਕੁੱਝ ਕਣ ਇਕੱਠੇ ਹੋਏ ਤੇ ਰੇਡੀਓ ਬਣ ਕੇ ਖਬਰਾਂ ਦੇਣ ਲੱਗ ਪਏ । ਸਾਇੰਸਦਾਨ

[46] "We see the second law of thermodynamics as a description of the prior and continuing work of a Creator, who also holds the answer to our future destiny and that of the universe." (*Fundamentals of classical Thermodynamics 1985 p.232)*

[47] The wavelength range in which our eyes can see is only .0001 centimeters. Waves of higher or lower wavelengths go undetected. With this limited vision humans' cannot claim to see everything.

[48] "I see a pattern, but my imagination cannot picture the maker of that pattern. I see a clock, but I cannot envision the clockmaker. The human mind is unable to conceive of the four dimensions, so how can it conceive of God, before whom a thousand years and a thousand dimensions are as one? (The Expanded Quotable Einstein, Princeton University Press, 2000 p. 208)

[49] Consciousness is the most direct thing in experience; all else is remote inference.(Sir A.Eddington)

[50] It is incorrect to say that God is a person; it is more nearly correct to say that God is personal meaning that God can be and is revealed existentially to a human person or persons (*Religion in philosophical & cultural perspective* by J.C. Feaver and Willam Horosz 1967 p.15)

ਇਹ ਵੀ ਨਹੀਂ ਦੱਸ ਸਕੇ ਕਿ ਨਿਰਜੀਵ ਮਾਦੇ ਵਿੱਚ ਜਾਨ ਕਦੋਂ ਅਤੇ ਕਿਵੇਂ ਪੈ ਗਈ ਅਤੇ ਇਸ ਵਿੱਚ ਹਿੱਲ ਜੁੱਲ ਲਈ ਸ਼ਕਤੀ ਕਿਵੇਂ ਪੈਦਾ ਹੋਈ । ਵਿਗਿਆਨੀ ਕਾਰਨ (Cause) ਅਤੇ ਕਾਰਜ (Effect) ਨੂੰ ਮੰਨਦੇ ਹਨ ਤੇ ਕਹਿੰਦੇ ਹਨ ਕਿ ਹਰ ਕਾਰਜ ਦੇ ਪਿੱਛੇ ਕੋਈ ਕਾਰਨ ਜ਼ਰੂਰ ਹੁੰਦਾ ਹੈ । ਇਸ ਸਵਾਲ ਦਾ ਜਵਾਬ ਅਜੇ ਵੀ ਤਲਬ ਕੀਤਾ ਜਾਂਦਾ ਹੈ ਕਿ ਪਦਾਰਥ ਦੇ ਪੈਦਾ ਹੋਣ ਪਿੱਛੇ ਕੀ ਕਾਰਨ ਸੀ? ਜੇ ਕਰ ਪਦਾਰਥ ਆਪਣੇ ਆਪ ਨੂੰ ਪੈਦਾ ਕਰ ਸਕਦਾ ਮੰਨਿਆ ਜਾ ਸਕਦਾ ਹੈ ਤਾਂ ਪਰਮਾਤਮਾ ਆਪਣੇ ਆਪ ਨੂੰ ਪੈਦਾ ਕਰਨ ਵਾਲਾ ਮੰਨਣ ਤੋਂ ਇਨਕਾਰ ਕਿਉਂ? ਗੁਰੂ ਜੀ ਲਿਖਦੇ ਹਨ,

> **"ਆਪੇ ਆਪਿ ਉਪਾਇਅਨੁ ਆਪਿ ਕੀਮਤਿ ਪਾਈ"॥ (ਪੰਨਾ 786)**
> **"ਆਪੇ ਆਪਿ ਉਪਾਇਦਾ ਪਿਆਰਾ ਸਿਰਿ ਆਪੇ ਧੰਧੜੈ ਲਾਹੁ"॥**
> **(ਪੰਨਾ 604)**

ਸਿੱਖ ਧਰਮ ਅਨੁਸਾਰ ਇੱਕ ਹੁਕਮ, ਜੋਤ ਜਾਂ ਸੁਰਤ (Consciousness) ਹੈ ਜੋ ਹਰ ਜੀਵ ਨਿਰਜੀਵ ਪਦਾਰਥ ਵਿੱਚ ਵਰਤ ਰਹੀ ਹੈ ਅਤੇ ਕੋਈ ਵੀ ਇਸਤੋਂ ਖਾਲੀ ਨਹੀਂ । "**ਏਕਾ ਸੁਰਤਿ ਜੇਤੇ ਹੈ ਜੀਅ॥ ਸੁਰਤਿ ਵਿਹੂਣਾ ਕੋਇ ਨ ਕੀਅ"॥ ( ਪੰਨਾ 24)** ਇਹ ਜੋਤ ਜਾਂ ਸੁਰਤ ਐਸੀ ਹੈ ਜਿਵੇਂ ਫੁੱਲ ਵਿੱਚ ਖੁਸ਼ਬੂ, ਲੱਕੜੀ ਵਿੱਚ ਅਗਨੀ, ਦੁੱਧ ਵਿੱਚ ਮੱਖਣ ਜਾਂ ਸ਼ੀਸ਼ੇ ਵਿੱਚ ਪਰਛਾਈ । "**ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥ ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ"॥ (ਪੰਨਾ 617)** ਇਹ ਸੁਰਤ ਜਾਂ ਜੋਤ (Consciousness) ਕੇਵਲ ਮਨ ਨਾਲ ਪਰਤੀਤ ਕੀਤੀ ਜਾ ਸਕਦੀ ਹੈ, ਭੌਤਕ ਅੱਖਾਂ ਨਾਲ ਵੇਖੀ ਨਹੀਂ ਜਾ ਸਕਦੀ। ਜਿਵੇਂ ਦੁੱਧ ਵਿੱਚੋਂ ਮੱਖਣ ਨੂੰ ਪਰਗਟ ਕਰਨ ਲਈ ਰਿੜਕਣ ਦੀ ਲੋੜ ਪੈਂਦੀ ਹੈ, ਇਸੇ ਤਰ੍ਹਾਂ, ਇਸ ਦੈਵੀ ਚੇਤਨਾ ਨੂੰ ਪ੍ਰਤੀਤ ਕਰਨ ਲਈ ਮਨ ਨੂੰ ਰਿੜਕਣਾ ਪੈਂਦਾ ਹੈ। ਭਾਵੇਂ ਇਹ ਵਿਚਾਰ 500 ਸਾਲ ਪਹਿਲਾਂ ਗੁਰੂ ਜੀ ਦੇ ਚੁੱਕੇ ਹਨ, ਅੱਜ ਦੀ ਸਾਇੰਸ ਵੀ ਘੁੰਮ ਘੁਮਾ ਕੇ ਇਹੋ ਵਿਚਾਰ ਦੇਣ ਲੱਗ ਪਈ ਹੈ । ਯੂਨੀਵਰਸਿਟੀ ਆਫ ਬਰਕਲੇ ਦੇ ਪ੍ਰੋਫੈਸਰ ਡਾਕਟਰ ਫਿਟਜ਼ੋਫ ਕਾਪਰਾ ਕਹਿੰਦੇ ਹਨ ਕਿ ਕੁਆਂਟਮ ਥਿਉਰੀ ਦੇ ਨਿਯਮ ਕਿਸੇ ਚੇਤਨਤਾ ਨੂੰ ਮੰਨਣ ਤੋਂ ਬਿਨਾਂ ਅਧੂਰੇ ਹਨ।[51] ਗੁਰੂ ਜੀ ਇਸ ਚੇਤਨਤਾ ਦੀ ਵਿਆਖਿਆ ਕਰਦੇ ਹੋਏ ਇਸ ਨੂੰ

[51] "It was not possible to formulate the laws (of Quantum theory) in a fully consistent way without reference to consciousness."(*The Tau of Physics page 300)* Also see Wagner's *Scientific Essays page 172.*



ਨਿਹਚਲ, ਨਿਰਵੈਰ[52], ਕਰਤਾਰੀ ਅਤੇ ਸਵੈ ਪ੍ਰਕਾਸ਼ ਸ਼ਕਤੀ ਮੰਨਦੇ ਹਨ। ਪਰਮਾਤਮਾ ਨੂੰ ਕਿਸ ਨੇ ਬਣਾਇਆ ਦਾ ਸਿੱਧਾ ਉੱਤਰ ਜੋ ਗੁਰੂ ਜੀ ਨੇ ਦਿੱਤਾ ਹੈ ਉਹ ਹੈ,

> **"ਆਪੇ ਆਪ ਉਪਾਇ ਨਿਰਾਲਾ"॥ (ਪੰਨਾ 1036)**
> **"ਨਾਨਕ ਆਪਨ ਰੂਪ ਆਪ ਹੀ ਉਪਰਜਾ"**॥ (ਪੰਨਾ 291)

[52] ਈਸਾਈ ਧਰਮ ਵਿੱਚ ਰੱਬ ਪੱਥਰ, ਆਹਣ, ਭੁਚਾਲ ਆਦਿਕ ਲਿਆ ਕੇ ਲੋਕਾਂ ਤੋਂ ਬਦਲਾ ਲੈਣ ਲਈ ਉਨ੍ਹਾਂ ਨੂੰ ਨਸ਼ਟ ਕਰਦਾ ਦਿਖਾਇਆ ਗਿਆ ਹੈ ਪਰੰਤੂ ਪਰਮਾਤਮਾ ਦੀ ਜੋ ਪ੍ਰੀਭਾਸ਼ਾ ਸਤਿਗੁਰੂ ਨਾਨਕ ਦੇਵ ਜੀ ਨੇ ਦਿੱਤੀ ਹੈ ਉਹ ਅੱਜ ਦੇ ਸਾਇੰਸਦਾਨਾਂ ਦੇ ਵਿਚਾਰਾਂ ਨਾਲ ਪੂਰੀ ਤਰਾਂ ਮੇਲ ਖਾਂਦੀ ਹੈ । ਉਦਾਹਰਣ ਲਈ ਸੰਸਾਰ ਦਾ ਸਭ ਤੋਂ ਵੱਡਾ ਸਾਇੰਸਦਾਨ ਆਈਨਸਟਾਈਨ ਮੰਨਦਾ ਹੈ ਕਿ, "Subtle is the Lord but malicious He is not" (*The sience and life of Albert Einstein by P.Abraham published by Oxford University Press)"ਤੂੰ ਨਿਹਚਲੁ ਨਿਰਵੈਰੁ ਸਚੁ ਸਚਾ ਤੁਧੁ ਦਰਬਾਰੁ" (ਪੰਨਾ 962)*

# ਅਧਿਆਇ 3

## ਸਾਡਾ ਬ੍ਰਹਮੰਡ

ਕਿਸੇ ਚੰਦ ਚਾਨਣੀ ਰਾਤ ਵੇਲੇ ਆਸਮਾਨ ਵਿੱਚ ਨਜ਼ਰ ਦੌੜਾਈਏ ਤਾਂ ਕੁਦਰਤ ਦੀ ਵਿਸ਼ਾਲਤਾ ਅਤੇ ਰੰਗੀਨੀ ਦਾ ਜੋ ਨਜ਼ਾਰਾ ਅੱਖਾਂ ਤਕਦੀਆਂ ਹਨ ਉਸ ਨੂੰ ਵੇਖ ਕੇ ਬ੍ਰਹਮੰਡ ਦੀ ਅਨੰਤਤਾ ਅਤੇ ਵਿਸ਼ਾਲਤਾ ਪ੍ਰਤੀ ਇਨਸਾਨ ਦੰਗ ਰਹਿ ਜਾਂਦਾ ਹੈ ਅਤੇ ਇਨਸਾਨ ਦੇ ਦਿਲ ਵਿੱਚ ਮਨੁੱਖੀ ਜੀਵਨ ਦੇ ਨਿਗੂਣਾ ਹੋਣ ਬਾਰੇ ਵਿਚਾਰ ਉਪਜਦੇ ਹਨ। ਇਹ ਵਿਸ਼ਾਲ ਸੰਸਾਰ ਕਿਸ ਨੇ ਬਣਾਇਆ? ਇਸ ਦਾ ਮੁੱਢ ਜਾਂ ਅੰਤਲਾ ਸਿਰਾ ਕਿੱਥੇ ਹੈ ਆਦਿਕ ਅਨੇਕਾਂ ਪ੍ਰਸ਼ਨ ਮਨੁੱਖੀ ਮਨ ਵਿੱਚ ਉਪਜਦੇ ਹਨ ਜਿਨ੍ਹਾਂ ਦਾ ਜਵਾਬ ਮਨੁੱਖ ਅੱਜ ਤੱਕ ਨਹੀਂ ਲੱਭ ਸਕਿਆ । ਕਿਸੇ ਵਿਦਵਾਨ ਨੇ ਠੀਕ ਹੀ ਕਿਹਾ ਹੈ, "ਮਾਜ਼ਿ ਆਗ਼ਾਜ਼ ਓਜ਼ਿ ਅੰਜਾਮਿ ਜਹਾਂ ਬੇਖ਼ਬਰਮ । ਅੱਵਲ ਓ ਆਖ਼ੀਨ ਕੋਹਨਾ ਕਿਤਾਬ ਉਫ਼ਤਾਦ ਅਸਤ" (ਸਾਡੇ ਬ੍ਰਹਮੰਡ ਦਾ ਆਦਿ ਅਤੇ ਅੰਤ ਨਹੀਂ ਲਭਦਾ। ਬ੍ਰਹਮੰਡ ਕੁਦਰਤ ਦੀ ਇੱਕ ਐਸੀ ਪੁਰਾਣੀ ਕਿਤਾਬ ਹੈ ਜਿਸ ਦਾ ਪਹਿਲਾ ਅਤੇ ਅੰਤਲਾ ਪੱਤਰਾ ਗੁੰਮ ਹਨ) ।[53] ਅੱਜ ਸੰਸਾਰ ਦਾ ਹਰ ਸਾਇੰਸਦਾਨ ਖੋਜਾਂ ਕਰ ਕਰ ਕੇ ਅੰਤ ਇਹ ਮੰਨਣ ਤੇ ਮਜਬੂਰ ਹੋ ਗਿਆ ਹੈ ਕਿ ਸੱਚ ਮੁੱਚ ਹੀ ਬ੍ਰਹਮੰਡ ਇੱਕ ਵਚਿੱਤਰ ਪਸਾਰਾ ਹੈ ਜਿਸ ਦਾ ਕੋਈ ਆਦਿ ਅੰਤ ਨਹੀਂ ।[54] ਸਾਇੰਸਦਾਨ ਸਰ ਜੇਮਜ਼ ਜੀਨਜ਼ ਲਿਖਦੇ ਹਨ, "ਜੇ ਕਰ ਅਸੀਂ ਬ੍ਰਹਮੰਡ ਦੀ ਕੋਈ ਸਾਕਾਰ ਤਸਵੀਰ ਦੇਖਣੀ ਚਾਹੀਏ ਤਾਂ ਇਹੋ ਵਿਚਾਰ ਉੱਪਜਦਾ ਹੈ ਜਿਵੇਂ ਕਿ ਪਰਮਾਤਮਾ ਨੇ ਆਪਣੀ ਉਂਗਲੀ ਨਾਲ ਈਥਰ ਵਿੱਚ ਰੋਲ ਘਚੋਲਾ ਪਾ ਦਿੱਤਾ ਹੋਵੇ"[55] । ਸ਼ਾਇਦ ਮਿਸਟਰ ਜੀਨਜ਼ ਨੂੰ ਗੁਰੂ ਨਾਨਕ ਦੇਵ ਜੀ ਦੀ ਬਾਣੀ ਪੜ੍ਹਣ ਦਾ ਮੌਕਾ ਹੀ ਨਾ ਮਿਲਿਆ ਹੋਵੇ

[53] "What I see in Nature is a magnificent structure that we can comprehend only very imperfectly, and that must fill a thinking person with a feeling of "humility." This is a genuinely religious feeling that has nothing to do with mysticism". (Albert Einstein)

[54] I do not believe in a personal God and I have never denied this but have expressed it clearly. If something is in me which can be called religious then it is the unbounded admiration for the structure of the world so far as our science can reveal it. (**Albert Einstein**, 1954)

[55] "If we want a concrete picture of creation we may think of the finger of God agitating ether" (Sir james Jeans *Universe around us p.354)*



ਨਹੀਂ ਤਾਂ ਉਹ ਇਸ ਵਿਚਾਰ ਨੂੰ ਆਪਣਾ ਬਣਾ ਕੇ ਨਾ ਦਸਦੇ । ਗੁਰੂ ਜੀ ਨੇ ਤਾਂ ਸਾਇੰਸੀ ਜੰਤਰਾਂ ਦੀਆਂ ਕਾਢਾਂ ਤੋਂ ਪਹਿਲਾਂ ਹੀ ਇਹੋ ਗੱਲ ਅਨੇਕਾਂ ਵਾਰ ਕਹੀ ਸੀ ਕਿ **"ਨਾਨਕ ਕਰਤੇ ਕਾ ਨਾਹਿ ਸੁਮਾਰੁ" ॥ (ਪੰਨਾ 291) ਜਾਂ "ਕੋਇ ਨ ਜਾਣੈ ਤੇਰਾ ਕੇਤਾ ਕੇਵਡੁ ਚੀਰਾ"॥ (ਪੰਨਾ 9)**[56] ਬ੍ਰਹਮੰਡ ਦੀ ਅਜੋਕੀ ਪ੍ਰੀਭਾਸ਼ਾ ਵੀ ਇਹੋ ਹੈ ਕਿ ਬ੍ਰਹਮੰਡ ਅਦਿੱਖ ਜਯੋਤੀ (Radiation) ਅਤੇ ਪਦਾਰਥ (ਮਾਦਾ) ਨਾਲ ਭਰਿਆ ਹੋਇਆ ਖਾਲੀ ਥਾਂ (ਪੁਲਾੜ) ਹੈ । ਇਹ ਪਦਾਰਥ ਨਾ ਘਟਦਾ ਹੈ ਅਤੇ ਨਾਂ ਵਧਦਾ ਹੈ ਕੇਵਲ ਸ਼ਕਲ ਬਦਲਦਾ ਹੈ ।[57] ਇਹੋ ਗੱਲ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਸਨ, "**ਜ਼ਮੀਂ ਜਮਾਨ ਕੇ ਵਿਖੇ ਸਮਸਤ ਏਕ ਜੋਤ ਹੈ, ਨਾ ਘਾਟ ਹੈ ਨਾ ਬਾਧ ਹੈ ਨਾਂ ਘਾਟ ਵਾਧ ਹੋਤ ਹੈ"। "ਜੋ ਕਿਛੁ ਪਾਇਆ ਸੁ ਏਕਾ ਵਾਰ"**॥ (ਪੰਨਾ 7)

ਸਾਇੰਸ ਜਿਉਂ ਜਿਉਂ ਉੱਨਤ ਹੋ ਰਹੀ ਹੈ ਤਿਉਂ ਤਿਉਂ ਬ੍ਰਹਮੰਡ ਬਾਰੇ ਹੋਰ ਹੋਰ ਜਾਣਕਾਰੀ ਮਿਲ ਰਹੀ ਹੈ । ਹੁਣ ਸੰਸਾਰ ਦੇ ਸਾਰੇ ਸਾਇੰਸਦਾਨ ਮੰਨਦੇ ਹਨ ਕਿ ਬ੍ਰਹਮੰਡ ਦਾ ਕੋਈ ਆਰ-ਪਾਰ ਨਹੀਂ ਅਤੇ ਦਿਸਦੇ ਪਿਸਦੇ ਬ੍ਰਹਮੰਡ ਵਰਗੇ ਹੋਰ ਅਨੇਕਾਂ ਬ੍ਰਹਮੰਡ ਹਨ । ਇਹ ਗੱਲ ਸਾਇੰਸਦਾਨ ਭਾਵੇਂ ਅਜ ਕਹਿ ਰਹੇ ਹਨ ਪ੍ਰੰਤੂ ਸਿੱਖ ਗੁਰੂ ਸਾਹਿਬਾਨ ਨੇ ਬ੍ਰਹਮੰਡਾਂ ਦੀ ਬੇਅੰਤਤਾ ਬਾਰੇ ਬਾਣੀ ਵਿੱਚ ਥਾਂ ਥਾਂ ਜ਼ਿਕਰ ਕੀਤਾ ਹੋਇਆ ਹੈ । ਕੁਝ ਮਸਾਲਾਂ ਹੇਠਾਂ ਦੇ ਰਹੇ ਹਾਂ:

**1. "ਉਨਿ ਮੋਹੇ ਬਹੁਤੇ ਬ੍ਰਹਮੰਡ"॥ (ਪੰਨਾਂ 892), 2. "ਅਨਿਕ ਰੂਪ ਰੰਗ ਬ੍ਰਹਮੰਡ"॥ (ਪੰਨਾ 1236) "ਓਅੰਕਾਰਿ ਅਕਾਰ ਲਖ ਬ੍ਰਹਮੰਡ ਬਣਾਇਆ"॥ (ਭਾਈ ਗੁਰਦਾਸ)**

ਬ੍ਰਹਮੰਡ ਇੰਨਾ ਵੱਡਾ ਹੈ ਕਿ ਇਸ ਵਿੱਚ ਇੱਕ ਵੀ ਤਾਰਾ ਐਸਾ ਨਹੀਂ ਜਿਸ ਕੋਲੋਂ ਆਉਂਦਾ ਪ੍ਰਕਾਸ਼ ਧਰਤੀ ਤੱਕ ਚਾਰ ਪ੍ਰਕਾਸ਼ ਸਾਲਾਂ ਤੋਂ ਘੱਟ ਸਮੇਂ ਵਿੱਚ ਪਹੁੰਚ ਜਾਵੇ।[58] ਇਸ ਵਿਸ਼ਾਲ ਸੰਸਾਰ ਵਿੱਚ ਸਾਡਾ ਸੂਰਜ ਇਸ ਤਰ੍ਹਾਂ ਹੈ ਜਿਵੇਂ ਰੇਤੇ ਦੇ ਢੇਰ ਵਿੱਚ ਰੇਤੇ ਦਾ ਇੱਕ ਕਿਣਕਾ ਅਤੇ ਇਸ ਤੋਂ 10 ਗੁਣਾ ਵੱਡੇ ਅਤੇ ਚਮਕਦਾਰ ਸੂਰਜ

[56] ਪੜ੍ਹੋ ਗੁਰੂ ਗ੍ਰੰਥ ਸਾਹਿਬ ਪੰਨਾ 67,223,276,350,464,929,940,1004) ਆਦਿਕ

[57] Universe is the amount of radiation and matter that exists and the space occupied by the same and in between.

[58] ਪ੍ਰਕਾਸ਼ 186000 ਮੀਲ ਪ੍ਰਤੀ ਸਕਿੰਟ ( 300,000,000 ਮੀਟਰ ਪ੍ਰਤੀ ਸਕਿੰਟ) ਦੀ ਰਫ਼ਤਾਰ ਨਾਲ ਚਲਦਾ ਹੈ । ਇਸ ਰਫਤਾਰ ਨਾਲ ਜਿੰਨਾ ਇਹ ਇੱਕ ਸਾਲ ਵਿੱਚ ਸਫਰ ਕਰਦਾ ਹੈ ਉਸ ਨੂੰ ਇਕ ਪ੍ਰਕਾਸ਼ ਸਾਲ (Light year) ਕਿਹਾ ਜਾਂਦਾ ਹੈ । ਸਾਡੀਆਂ ਬਹੁਤ ਹੀ ਸੂਖਮ ਦੂਰਬੀਨਾਂ ਅਜੇ ਤੱਕ 120 ਮਿਲੀਅਨ ਪ੍ਰਕਾਸ਼ ਸਾਲਾਂ ਦਾ ਪੈਂਡਾ ਹੀ ਦੇਖ ਸਕੀਆਂ ਹਨ । ਧਰੂੰ ਤਾਰਾ ਸਾਡੇ ਪਾਸੋਂ 40 ਪ੍ਰਕਾਸ਼ ਸਾਲ ਮੀਲ ਦੂਰ ਹੈ ।

ਵੀ ਹਨ ਜਿਵੇਂ ਕਿ ਬੀਟਲਗੀਜ਼ । ਓਰੀਗਾਏ ਸੂਰਜ ਤਾਂ ਬੀਟਲਗੀਜ਼ ਨਾਲੋਂ ਵੀ ਕਈ ਗੁਣਾ ਵੱਡਾ ਹੈ ।[59] 13 ਜੂਨ 2002 ਨੂੰ ਸਾਇੰਸਦਾਨਾਂ ਨੇ ਇੱਕ ਹੋਰ ਤਾਰਾ ਲੱਭਿਆ ਹੈ ਜੋ ਸਾਡੇ ਕੋਲੋਂ 45 ਪ੍ਰਕਾਸ਼ ਸਾਲ ਦੂਰ ਹੈ । ਐਲਬਰਟ ਆਈਨਸਾਈਨ ਬ੍ਰਹਮੰਡ ਨੂੰ ਬਿਆਨ ਕਰਦੇ ਲਿਖਦੇ ਹਨ ਕਿ ਇਨਸਾਨ ਇੱਕ ਬੱਚੇ ਦੀ ਤਰ੍ਹਾਂ ਹੈ ਜੋ ਇੱਕ ਲਾਇਬ੍ਰੇਰੀ ਵਿੱਚ ਅਨੇਕਾਂ ਭਾਸ਼ਾਵਾਂ ਵਿੱਚ ਲਿਖੀਆਂ ਪੁਸਤਕਾਂ ਦਾ ਸਾਰਾ ਗਿਆਨ ਪ੍ਰਾਪਤ ਕਰਨ ਦਾ ਯਤਨ ਕਰ ਰਿਹਾ ਹੋਵੇ ।[60] ਵੱਡੀਆ ਤੋਂ ਵੱਡੀਆਂ ਅਤੇ ਸੂਖਮ ਤੋਂ ਸੂਖਮ ਦੂਰਬੀਨਾਂ ਬਣ ਗਈਆਂ ਹਨ ਪਰ ਅਜੇ ਵੀ ਇਨਸਾਨ ਬ੍ਰਹਮੰਡ ਦਾ ਇਤਨਾ ਕੁ ਹਿੱਸਾ ਹੀ ਦੇਖ ਸਕਿਆ ਹੈ ਜਿਵੇਂ ਦੁਨੀਆਂ ਦੀ ਸਾਰੀ ਮਿੱਟੀ ਦਾ ਇੱਕ ਕਿਣਕਾ ਦੇਖ ਲਿਆ ਹੋਵੇ । ਇਨਸਾਨ ਦਾ ਇਸ ਵਿਸ਼ਾਲ ਬ੍ਰਹਮੰਡ ਨੂੰ ਦੇਖ ਸਕਣ ਦਾ ਦਾਅਵਾ ਕਰਨਾ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ ਕੀੜੀ ਹਿਮਾਲੀਆ ਪਰਬਤ ਨੂੰ ਪੂਰੀ ਤਰ੍ਹਾਂ ਦੇਖ ਲੈਣ ਦਾ ਦਾਅਵਾ ਕਰੇ ।

7 ਜਨਵਰੀ 1610 ਨੂੰ ਇੱਕ ਇਤਾਲਵੀ ਵਿਗਿਆਨੀ ਗੈਲੀਲੀਓ (1564-1642) ਨੇ ਆਪਣੀ ਦੂਰਬੀਨ ਰਾਹੀਂ ਬ੍ਰਹਮੰਡ ਦੇ ਵਚਿੱਤਰ ਫੈਲਾਓ ਨੂੰ ਦੇਖ ਕੇ ਕਿਹਾ ਕਿ ਇਕੱਲੀ ਆਕਾਸ਼ ਗੰਗਾ (Milky Way) ਜਿਸ ਨੂੰ ਅਸੀਂ ਛੜਿਆਂ ਦਾ ਰਾਹ ਕਹਿੰਦੇ ਹਾਂ) ਵਿੱਚ ਹੀ ਕਰੋੜਾਂ ਤਾਰੇ ਹਨ । ਉਸ ਵਿਗਿਆਨੀ ਨੇ ਇਹ ਵਿਚਾਰ ਗੁਰੂ ਨਾਨਕ ਸਾਹਿਬ (1469-1539) ਤੋਂ ਕੁੱਝ ਸਾਲ ਮਗਰੋਂ ਦਿੱਤਾ ਪਰ ਗੁਰੂ ਨਾਨਕ ਦੇਵ ਜੀ ਨੇ ਉਸ ਤੋਂ ਪਹਿਲਾਂ "**ਤੇਰਾ ਅੰਤ ਨਾ ਜਾਈ ਲਖਿਆ**" (ਅਤੇ ਗੁਰੂ ਅਰਜਨ ਦੇਵ ਜੀ ਨੇ **"ਕਈ ਕੋਟਿ ਸਸੀਅਰ ਸੂਰ ਨਖ੍ਯ੍ਰ" ॥ (ਪੰਨਾ 275)** ਕਹਿ ਕੇ ਇਹੋ ਗੱਲ ਬਗੈਰ ਦੂਰਬੀਨ ਤੋਂ ਹੀ ਕਹਿ ਦਿੱਤੀ ਸੀ । ਭਾਵੇਂ ਗੈਲੀਲੀਓ ਨੂੰ ਇਹ ਕਹਿਣ ਕਰਕੇ ਤਸੀਹੇ ਦਿੱਤੇ ਗਏ ਪਰ ਛੇਤੀ ਹੀ ਸਾਇੰਸਦਾਨ ਮੰਨ ਗਏ ਕਿ ਗੈ.ਲੀਲੀਓ ਗ਼ਲਤ ਨਹੀਂ ਸੀ । ਸਾਡੀ ਆਕਾਸ਼ ਗੰਗਾ ਵਿੱਚ ਘੱਟੋ ਘੱਟ 40,000,000,000 ਤਾਰੇ ਹਨ ਅਤੇ ਇਸ ਤੋਂ ਵੱਡੀਆਂ ਇਹੋ ਜਿਹੀਆਂ ਘੱਟੋ ਘੱਟ 50,000,000,000,000 ਹੋਰ ਆਕਾਸ਼ ਗੰਗਾਵਾਂ ਵੇਖੀਆਂ ਗਈਆਂ ਹਨ

[59] ਇਨ੍ਹਾ ਤੋਂ ਵੱਡੇ ਸੂਰਜ ਵੀ ਹਨ ਜਿਵੇਂ ਸਿਰੀਅਸ, ਰਿਗਲ, ਡੇਨਵ, ਅਧਾਰਾ ਅਤੇ ਅੰਤਰੇਸ

[60] "The human mind is not capable of grasping the Universe. We are like a little child entering a huge library. The walls are covered to the ceilings with books in many different languages. The child knows that some one must have written these books .It does not know who or how. It does not understand the languages in which they are written. But the child notes a definite plan in the arrangement of the books-a mysterious order which it does not comprehend, but only dimly suspects." Albert Einstein *Science, Philosophy and Religion: A symposium 1941 Chapter 13)*



ਜਿਨ੍ਹਾਂ ਵਿੱਚ ਜੇ ਸਾਡੇ ਸੂਰਜ ਨੂੰ ਰੱਖਿਆ ਜਾਵੇ ਤਾਂ ਕਿੱਧਰੇ ਨਜ਼ਰ ਹੀ ਨਾ ਆਵੇ । 1997 ਵਿੱਚ ਇੰਗਲਿਸਤਾਨ ਦੇ ਵਿਗਿਆਨੀਆਂ ਨੇ "ਸਕੂਬਾ" ਮਸ਼ੀਨ ਰਾਹੀਂ ਛੇ ਹੋਰ ਆਕਾਸ਼ ਗੰਗਾਵਾਂ[61] ਲੱਭੀਆਂ ਹਨ ਜੋ ਕਿ ਸੂਖਮ ਤੋਂ ਸੂਖਮ ਦੂਰਬੀਨ 'ਹਬਲ' ਰਾਹੀਂ ਵੀ ਨਹੀਂ ਦਿਸੀਆਂ ਸਨ । ਵਿਗਿਆਨੀਆਂ ਨੇ ਇਹ ਵੀ ਲੱਭਿਆ ਹੈ ਕਿ ਕੋਈ ਤਾਰਾ ਜਿਸ ਨੇ ਭਸਮ ਹੁੰਦੇ ਸਮੇਂ ਪ੍ਰਕਾਸ਼ ਛੱਡਿਆ ਸੀ ਸਾਡੇ ਤੱਕ ਉਸਦਾ ਪ੍ਰਕਾਸ਼ ਪਹੁੰਚਣ ਲਈ 12,000,000,000,000 ਪ੍ਰਕਾਸ਼ ਸਾਲ ਲੱਗੇ । ਸਾਇੰਸਦਾਨਾਂ ਦੀ ਇਹ ਗੱਲ ਵੀ ਮੰਨਣਯੋਗ ਹੈ ਕਿ ਜੋ ਤਾਰੇ ਅਸੀਂ ਅੱਜ ਦੇਖਦੇ ਹਾਂ ਅਸਲ ਵਿੱਚ ਉਹ ਉੱਥੇ ਨਹੀਂ ਹਨ । ਉਨ੍ਹਾਂ ਦੀ ਇਹ ਜਗਾ ਹਜ਼ਾਰਾਂ ਲੱਖਾਂ ਸਾਲ ਪਹਿਲਾਂ ਸੀ ਜਦੋਂ ਦਾ ਉਨ੍ਹਾਂ ਦਾ ਛੱਡਿਆ ਪ੍ਰਕਾਸ਼ ਸਾਡੇ ਤੱਕ ਹੁਣ ਪਹੁੰਚ ਰਿਹਾ ਹੈ ।

ਇਨਸਾਨ ਹਰ ਗੱਲ ਆਪਣੇ ਪੱਖੋਂ ਹੀ ਦੇਖਦਾ ਹੈ ਅਤੇ ਆਪਣੀ ਕਲਪਣਾ ਨੂੰ ਹੀ ਸੱਚ ਮੰਨ ਲੈਂਦਾ ਹੈ । ਪੱਛਮੀ ਵਿਚਾਰਵਾਨ ਇੱਕ ਸਮੇਂ ਇਹੋ ਮੰਨਦੇ ਸਨ ਕਿ ਸਾਡੀ ਧਰਤੀ ਬ੍ਰਹਮੰਡ ਦੇ ਵਿਚਾਲੇ ਹੈ ਅਤੇ ਸਭ ਸੂਰਜ ,ਤਾਰੇ ਆਦਿਕ ਇਸ ਦੇ ਉਦਾਲੇ ਪਰਕਰਮਾ (ਸਿਜਦਾ) ਕਰਦੇ ਹਨ । ਕੋਪਰਨੀਕਸ ( 1473-1543)[62] ਜੋ ਕਿ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ ਇਹ ਮੰਨਣ ਤੋਂ ਇਨਕਾਰੀ ਸੀ । ਉਸ ਨੇ ਕਿਹਾ ਕਿ ਅਸਲ ਵਿੱਚ ਸਾਡੇ ਬ੍ਰਹਮੰਡ ਦਾ ਕੇਂਦਰ ਧਰਤੀ ਨਹੀਂ ਸੂਰਜ ਹੈ ਜਿਸ ਦੇ ਦੁਆਲੇ ਸਾਡੀ ਧਰਤੀ ਘੁੰਮਦੀ ਹੈ । ਇਹੋ ਗੱਲ ਗੁਰੂ ਜੀ ਨੇ ਆਖੀ ਸੀ ਅਤੇ ਅਨੇਕਾਂ ਵਾਰ ਹੀ ਉਹ ਇਹ ਗੱਲ ਲਿਖ ਕੇ ਛੱਡ ਗਏ ਹਨ ਕਿ ਅਸੀਂ ਜਿਸ ਧਰਤੀ ਤੇ ਰਹਿ ਰਹੇ ਹਾਂ ਇਹ ਬ੍ਰਹਮੰਡ ਵਿੱਚਲੇ ਪਸਾਰੇ ਦੇ ਮੁਕਾਬਲੇ ਤੇ ਖਸਖਸ ਦੇ ਇੱਕ ਦਾਣੇ ਦੇ ਕ੍ਰੋੜਵੇਂ ਹਿੱਸੇ ਤੋਂ ਵੀ ਛੋਟੀ ਹੈ ਅਤੇ ਸਾਡੀ ਧਰਤੀ ਵਰਗੀਆਂ ਅਣਗਿਣਤ ਹੋਰ ਧਰਤੀਆਂ ਵੀ ਹਨ। "**ਧਰਤੀ ਹੋਰੁ ਪਰੈ ਹੋਰੁ ਹੋਰੁ" ॥** (ਪੰਨਾ 3) ਕੇਮਬਰਿਜ ਇੰਸਟੀਚੂਟ ਆਫ ਆਸਟਰੋਨੋਮੀ ਦੇ ਡਾਕਟਰ ਐਂਡਰੀਊ ਬੇਨ (Dr. Andrew Bain) ਕਹਿੰਦੇ ਹਨ ਕਿ ਅਸੀਂ ਸਹੀ ਸਹੀ ਨਹੀਂ ਜਾਣ ਸਕਦੇ ਕਿ ਆਸਮਾਨੀ ਪਿੰਡ ਕਿੰਨੇ ਹਨ ਅਤੇ ਸਾਡੇ ਕੋਲੋਂ ਕਿੰਨੀ ਦੂਰ ਹਨ "ਸੰਸਾਰ ਦਾ ਨਾ ਕੋਈ ਮੁੱਢ ਹੈ ਅਤੇ ਨਾ ਕੋਈ ਅੰਤ" ਇਹ ਵਿਚਾਰ ਗੁਰੂ ਨਾਨਕ ਪਾਤਸ਼ਾਹ ਦੇ ਸ਼ਬਦਾਂ ਦੀ ਹੀ ਪ੍ਰੋੜ੍ਹਤਾ ਕਰਦੇ ਹਨ ਜਦ ਆਪ ਕਹਿੰਦੇ ਹਨ ਕਿ ਬ੍ਰਹਮੰਡ ਦੇ ਮੁੱਢ ਅਤੇ ਅੰਤ ਦਾ

[61] ਜਿਸ ਨੂੰ ਆਕਾਸ਼ ਗੰਗਾ ਜਾਂ ਛੜਿਆਂ ਦਾ ਰਾਹ ਕਹਿੰਦੇ ਹਾਂ ਅਸਲ ਵਿੱਚ ਇਹ ਸਾਡੀ ਧਰਤੀ ਵਰਗੀਆਂ ਹੀ ਹੋਰ ਧਰਤੀਆਂ ਦਾ ਸਮੂਹ ਹੈ।

[62] See Copernicus's "*De Revolutionibus Orbium" published in 1543.*His theory was later rejuvenated by Galileo who became the butt of the Church's anger and died an ignominious death in prison.

ਕੇਵਲ ਉਸ ਪ੍ਰਮਾਤਮਾ ਨੂੰ ਹੀ ਪਤਾ ਹੈ ।"**ਆਦਿ ਅੰਤ ਕੀ ਕੀਮਤਿ ਜਾਨੈ"॥** (ਪੰਨਾ 741)

ਇਸ ਵਿਸ਼ੇ ਤੇ ਹੋਰ ਵਧੇਰੇ ਲਿਖਣ ਨਾਲੋਂ ਅਸੀਂ ਗੁਰਬਾਣੀ ਵਿੱਚੋਂ ਇਸ ਵਿਸ਼ੇ ਨਾਲ ਸੰਬੰਧਤ ਕੁੱਝ ਵਿਚਾਰ ਦੇਣਾ ਠੀਕ ਸਮਝਦੇ ਹਾਂ ਜੋ ਸਾਇੰਸਦਾਨਾਂ ਦੀਆਂ ਖੋਜਾਂ ਦੇ ਨਾ ਕੇਵਲ ਅਨੁਕੂਲ ਹਨ ਸਗੋਂ ਸਾਇੰਸਦਾਨਾਂ ਵੱਲੋਂ ਇਹੋ ਜਿਹੇ ਵਿਚਾਰ ਦੇਣ ਤੋਂ ਘੱਟੋ ਘੱਟ 500 ਸਾਲ ਪਹਿਲਾਂ ਲਿਖ ਦਿੱਤੇ ਗਏ ਸਨ ।

1. **ਬ੍ਰਹੰਮਡ ਦਾ ਅੰਤ ਨਹੀਂ** "ਅੰਤੁ ਨਾਹੀ ਕਿਛੁ ਪਾਰਾਵਾਰੁ"॥ (ਪੰਨਾ 178), "ਅੰਤ ਨ ਜਾਪੈ ਕੀਤਾ ਆਕਾਰੁ॥ ਅੰਤ ਨ ਜਾਪੈ ਪਾਰਾਵਾਰੁ"॥ (ਪੰਨਾ 5)
2. **ਅਕਾਸ਼ ਪਤਾਲ ਲੱਖਾਂ ਹੀ ਹ**ਨ "ਅਨਿਕ ਅਕਾਸ ਅਨਿਕ ਪਾਤਾਲ" (ਪੰਨਾ 1236), "ਖੰਡ ਪਤਾਲ ਅਸੰਖ ਮੈ ਗਣਤ ਨ ਹੋਈ"॥ (ਪੰਨਾ 1283)
3. **ਰਚਨਾ ਦੀ ਗਿਣਤੀ ਮਿਣਤੀ ਨਹੀਂ ਹੋ ਸਕਦੀ** "ਕਰਤੇ ਕੈ ਕਰਣੈ ਨਾਹੀ ਸੁਮਾਰੁ"॥ (ਪੰਨਾ 3), "ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ"॥ (ਪੰਨਾ 275)
4. **ਸੂਰਜ ਚੰਦ ਆਦਿਕ ਕਰੋੜਾਂ ਹੀ ਹ**ਨ "ਕੇਤੇ ਇੰਦ ਚੰਦ ਸੂਰ ਕੇਤੇ ਮੰਡਲ ਦੇਸ" (ਪੰਨਾ 7), "ਅਨਿਕ ਸੂਰ ਸਸੀਅਰ ਨਖਿਆਤਿ"॥ (ਪੰਨਾ 1236), "ਕਈ ਕੋਟਿ ਸਸੀਅਰ ਸੂਰ ਨਖੵਤ੍ਰ"॥ (ਪੰਨਾ 275), "ਕੋਟ ਸੂਰ ਜਾ ਕੈ ਪਰਗਾਸ"॥ (ਪੰਨਾ 1162), ਕੋਟਿ ਚੰਦ੍ਰਮੇ ਕਰਹਿ ਚਰਾਕ"॥ (ਪੰਨਾ 1163)
5. **ਬ੍ਰਹਮੰਡ ਵੀ ਅਨੇਕ ਹਨ** "ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ ਸਰਬ ਜੀਆ ਕਾ ਦਾਤਾ ਰੇ"॥ (ਪੰਨਾ 612), "ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ"॥ (ਪੰਨਾ 1156), "ਕਈ ਕੋਟਿ ਆਕਾਸ ਬ੍ਰਹਮੰਡ"॥ (ਪੰਨਾ 276),
6. **ਧਰਤੀਆਂ ਵੀ ਅਨੇਕ ਹਨ** "ਕਈ ਕੋਟਿ ਦੇਸ ਭੂ ਮੰਡਲ"॥ (ਪੰਨਾ 275)
7. **ਕਰਤੇ ਦੀ ਰਚਨਾ ਦਾ ਲੇਖਾ ਜੋਖਾ ਨਹੀਂ ਹੋ ਸਕਦਾ** "ਏਹੁ ਲੇਖਾ ਲਿਖਿ ਜਾਣੈ ਕੋਇ॥ ਲੇਖਾ ਲਿਖਿਆ ਕੇਤਾ ਹੋਇ"॥ (ਪੰਨਾ 3), "ਨਾਨਕ ਕਰਤੇ ਕਾ ਅੰਤੁ ਨਾ ਪਾਵਹਿ"॥ (ਪੰਨਾ 275)
8. **ਰਚਨਾ ਦਾ ਗਿਆਨ ਇਨਸਾਨੀ ਅਕਲ ਤੋਂ ਬਾਹਰ ਹੈ "**ਅਗੰਮ ਅਗੰਮ ਅਸੰਖ ਲੋਅ॥ ਅਸੰਖ ਕਹਹਿ ਸਿਰਿ ਭਾਰੁ ਹੋਇ"॥ (ਪੰਨਾ 4), "ਕਰਤੇ ਕੀ ਮਿਤਿ ਨ ਜਾਨੈ ਕੀਆ"॥ (ਪੰਨਾ 285) "ਏਹੁ ਅੰਤੁ ਨ ਜਾਣੈ ਕੋਇ॥ ਬਹੁਤਾ ਕਹੀਐ ਬਹੁਤਾ ਹੋਇ"॥ (ਪੰਨਾ 5 )
9. **ਕਈ ਕੋਟਿ ਪਵਣ ਪਾਣੀ ਬੈਸੰਤਰ॥ (ਪੰਨਾ 275)** ਪਵਣ (ਗੈਸਾਂ) ਪਾਣੀ (ਤਰਲ ਪਦਾਰਥ) ਵੀ ਅਨੇਕ ਹਨ



ਉਪ੍ਰੋਕਤ ਸਾਰਾ ਕੁੱਝ ਅੱਜ ਸਾਇੰਸ ਨੇ ਅਨੇਕਾਂ ਤਜਰਬੇ ਕਰਕੇ ਅਤੇ ਕਰੋੜਾਂ ਪੌਂਡ ਖਰਚ ਕੇ ਲੱਭ ਲਿਆ ਹੈ ਅਤੇ ਵਿਗਿਆਨੀ ਇਹ ਸਭ ਕੁਝ ਲੱਭ ਕੇ ਚਕਿਰਤ ਹੋ ਰਹੇ ਹਨ। ਸੰਸਾਰ ਦਾ ਪ੍ਰਸਿੱਧ ਵਿਗਿਆਨੀ ਐਲਬਰਟ ਆਈਨਸਟਾਈਨ ਕਹਿੰਦਾ ਹੈ, ਕਿ ਉਹ "ਕਰਤੇ ਦੇ ਤਾਰਕਾ ਮੰਡਲ ਬਾਰੇ ਜਾਣ ਕੇ ਬੇਹੱਦ ਹੈਰਾਨ ਹੈ ਅਤੇ ਇਸ ਗੱਲੋਂ ਵੀ ਹੈਰਾਨ ਹੈ ਕਿ ਸਾਰੀ ਸ੍ਰਿਸ਼ਟੀ ਦੇ ਵਿੱਚਕਾਰ ਧਰਮ ਕਰਮ ਲਈ ਧਰਤੀ ਥਾਪ ਕੇ ਰੱਖੀ ਗਈ ਹੈ ।[63] ਕਦੀ ਕਦੀ ਤਾਂ ਭੁਲੇਖਾ ਪੈਂਦਾ ਹੈ ਜਿਵੇਂ ਆਈਨਸਟਾਈਨ ਨੇ ਬਾਬੇ ਨਾਨਕ ਦੀ ਬਾਣੀ ਪੜ੍ਹ ਕੇ ਹੀ ਇਹ ਵਿਚਾਰ ਲਿਖੇ ਹੋਣ, "**ਰਾਤੀ ਰੁਤੀ ਥਿਤੀ ਵਾਰ ॥ ਪਵਣ ਪਾਣੀ ਅਗਨੀ ਪਾਤਾਲ ॥ ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥ ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥ ਤਿਨ ਕੇ ਨਾਮ ਅਨੇਕ ਅਨੰਤ**"॥ (ਪੰਨਾ 7)

ਇਸੇ ਤਰ੍ਹਾਂ ਦਾ ਭੁਲੇਖਾ ਪੈਂਦਾ ਹੈ ਜਦ ਅਸੀਂ ਵਿਗਿਆਨੀ ਹਰਬਰਟ ਸਪੈਨਸਰ (Herbert Spencer) ਨੂੰ ਪੜ੍ਹਦੇ ਹਾਂ । ਉਹ ਲਿਖਦਾ ਹੈ, "ਜਿਤਨਾ ਲੱਭ ਲੈਂਦੇ ਹਾਂ ਉਤਨਾ ਹੀ ਅਣਲੱਭਿਆ ਹੋਰ ਵੱਧ ਦਿੱਸਣ ਲੱਗ ਜਾਂਦਾ ਹੈ।[64] ਇਹ ਗੁਰੂ ਨਾਨਕ ਦੇਵ ਜੀ ਦੀ ਬਾਣੀ "**ਬਹੁਤਾ ਕਹੀਏ ਬਹੁਤਾ ਹੋਇ**" ਦਾ ਹੀ ਅਨੁਵਾਦ ਜਾਪਦਾ ਹੈ।

ਅਸੀਂ ਸ੍ਰੀ ਪਾਸਕਲ ਦੇ ਵਿਚਾਰ ਨਾਲ ਇਸ ਅਧਿਆਇ ਦਾ ਅੰਤ ਕਰਾਂਗੇ ਜੋ ਲਿਖਦਾ ਹੈ, "ਪੁਲਾੜ ਵਿੱਚ ਬ੍ਰਹਮੰਡ ਮੈਨੂੰ ਹਰ ਪਾਸਿਓਂ ਢਕ ਲੈਂਦਾ ਹੈ ਅਤੇ ਮੈਨੂੰ ਮੇਰੀ ਹਸਤੀ ਸੂਈ ਦੇ ਨੱਕੇ ਜਿੰਨੀ ਲਗਦੀ ਹੈ । ਜਦੋਂ ਵਿਚਾਰਾਂ ਵਿੱਚ ਰੁੱਝਦਾ ਹਾਂ ਤਾਂ ਹੀ ਮੈਨੂੰ ਬ੍ਰਹਮੰਡ ਦੀ ਕੁੱਝ ਕੁੱਝ ਸਮਝ ਪੈਣ ਲਗਦੀ ਹੈ ।"

---

[63] Two things inspire me to awe- the stary heavens and the moral universe within"(*Science Philosophy and religion).*ਧਰਤਿ ਉਪਾਇ ਧਰੀ ਧਰਮਸਾਲਾ, ਉਤਪਤਿ ਪਰਲਉ ਆਪਿ ਨਿਰਾਲਾ" (ਪੰਨਾ 1033)

[64] "The more is known, the more grows the unknown. Ultimate scientific ideas are all representations of realities that cannot be fully comprehended. In all directions scientistis' investigations bring him face to face with an insoluble enigma, and he evermore perceives it to be an insoluble enigma"(Herbert Spencer *First Principles p.56)*

# ਅਧਿਆਇ 4

## ਰਚਨਾ

ਇਹ ਸੰਸਾਰ ਕਿਵੇਂ ਹੋਂਦ ਵਿੱਚ ਆਇਆ ਅਤੇ ਇਸ ਦਾ ਕੀ ਅੰਤ ਹੋਵੇਗਾ, ਇੱਕ ਐਸਾ ਪ੍ਰਸ਼ਨ ਹੈ ਜਿਸ ਬਾਰੇ ਮੁੱਢ ਕਦੀਮ ਤੋਂ ਹੀ ਮਨੁੱਖ ਅਕਲ ਦੇ ਘੋੜੇ ਦੜੌਂਦਾ ਆਇਆ ਹੈ । ਇਸ ਬਾਰੇ ਜਿੱਥੇ ਵਿਗਿਆਨੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ ਉੱਥੇ ਅਧਿਆਤਮਵਾਦੀਆਂ ਤੇ ਫਿ਼ਲਾਸਫਰਾਂ ਨੇ ਵੀ ਇਸ ਪ੍ਰਸ਼ਨ ਦਾ ਉੱਤਰ ਦੇਣ ਦਾ ਯਤਨ ਕੀਤਾ ਹੈ। ਫਰਕ ਹੈ ਤਾਂ ਕੇਵਲ ਇਤਨਾ ਕੁ ਹੈ ਕਿ ਜਿੱਥੇ ਧਰਮ ਕੁੱਝ ਕਹਿ ਕੇ ਉਸ ਨੂੰ ਹਮੇਸ਼ਾ ਲਈ ਸੱਚ ਹੋਣ ਦਾ ਦਾਅਵਾ ਕਰਦਾ ਹੈ ਉੱਥੇ ਵਿਗਿਆਨੀ ਇੱਕ ਥਿਉਰੀ ਬਣਾ ਕੇ ਉਸ ਨੂੰ ਨਵੀਆਂ ਖੋਜਾਂ ਰਾਹੀਂ ਬਦਲਨ ਲਈ ਵੀ ਹਮੇਸ਼ਾ ਤਿਆਰ ਰਹਿੰਦਾ ਹੈ । ਇਸ ਤਰ੍ਹਾਂ ਸਾਨੂੰ ਵੱਖੋ ਵੱਖਰੇ ਅਨੇਕਾਂ ਵਿਚਾਰ ਮਿਲਦੇ ਹਨ ਜਿਨ੍ਹਾਂ ਦੇ ਸੱਚ ਜਾਂ ਝੂਠ ਹੋਣ ਦਾ ਅੰਤਮ ਫੈਸਲਾ ਹਮੇਸ਼ਾ ਪਾਠਕ ਨੇ ਆਪ ਹੀ ਕਰਨਾ ਹੁੰਦਾ ਹੈ।

ਇਸ ਵਿਸ਼ੇ ਤੇ ਪਰਗਟ ਕੀਤੇ ਗਏ ਵਿਚਾਰਾਂ ਨੂੰ ਮੋਟੇ ਤੌਰ ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ । ਇੱਕ ਉਹ ਹਨ ਜੋ ਕਹਿੰਦੇ ਹਨ ਕਿ ਮਾਦਾ ਜਾਂ ਪਦਾਰਥ (ਜਿਸ ਨੂੰ ਪ੍ਰਕਿਰਤੀ ਆਖਿਆ ਜਾਂਦਾ ਹੈ) ਕਿਸੇ ਅਦਿੱਖ ਸ਼ਕਤੀ (Force) ਕਾਰਨ ਬਦਲਨਾ ਸ਼ੁਰੂ ਹੋ ਗਿਆ ਅਤੇ ਬਦਲਦੇ ਬਦਲਦੇ ਅਨੇਕਾਂ ਰੰਗਾਂ ਰੂਪਾਂ ਵਿੱਚ ਵਟ ਗਿਆ। ਇਸ ਥਿਉਰੀ ਦੇ ਵਿਰੋਧੀ ਪੁੱਛਦੇ ਹਨ ਕਿ ਪ੍ਰਕਿਰਤੀ ਨੂੰ ਕਿਸ ਨੇ ਬਣਾਇਆ ਅਤੇ ਪਦਾਰਥ ਨੂੰ ਚੇਤਨਾ ਵਿੱਚ ਬਦਲਣ ਵਾਲੀ ਅਦਿੱਖ ਸ਼ਕਤੀ ਕਿਵੇਂ, ਕਿੱਥੋਂ ਅਤੇ ਕਦੋਂ ਹੋਂਦ ਵਿੱਚ ਆਈ? ਇਹ ਪ੍ਰਸ਼ਨ ਵੀ ਉੱਤਰ ਮੰਗਦਾ ਹੈ ਕਿ ਪ੍ਰਕਿਰਤੀ ਜਾਂ ਸ਼ਕਤੀ ਆਖਰ ਹਨ ਕੀ? ਦੂਸਰੀ ਸ਼੍ਰੇਣੀ ਦੇ ਲੋਕ ਧਾਰਮਿਕ ਲੋਕ ਹਨ ਜੋ ਇਹ ਮੰਨਦੇ ਹਨ ਕਿ ਸਮੁੱਚੇ ਸੰਸਾਰ ਨੂੰ ਇਕ ਗ਼ੈਬੀ ਸ਼ਕਤੀ ਨੇ ਇੱਕੋ ਵੇਲੇ ਸਿਰਜਿਆ ।

ਸੰਸਾਰ ਦੇ ਵੱਖੋ ਵੱਖਰੇ 17 ਦੇਸ਼ਾਂ ਦੇ ਵਰਤਮਾਨ ਵਿਗਿਆਨੀਆਂ ਨੇ 2.2 ਬਿਲੀਅਨ ਪੌਂਡ ਖਰਚ ਕੇ ਕੇਪ ਕਨੈਵਰਲ (ਫਲੌਰੇਡਾ) ਤੋਂ ਅਕਤੂਬਰ 1997 ਵਿੱਚ ਇੱਕ ਅੰਤਰਿਕਸ਼ ਯਾਨ (Rocket) ਸੈਟਰਨ ਸਿਤਾਰੇ ਉੱਪਰ ਨੂੰ ਭੇਜਿਆ ਹੈ । ਉਹ



ਆਸ ਰੱਖਦੇ ਹਨ ਕਿ ਇਸ ਵਲੋਂ ਪ੍ਰਾਪਤ ਹੋਈ ਜਾਣਕਾਰੀ ਨਾਲ ਇਸ ਗੁੰਝਲਦਾਰ ਸਵਾਲ ਦਾ ਜਵਾਬ ਮਿਲ ਜਾਵੇਗਾ । ਇਸ ਸਿਲਸਿਲੇ ਵਿੱਚ ਨਾਸਾ (NASA) ਵੱਲੋਂ ਵੀ ਪਲੈਂਕ ਐਕਸਪਲੋਰਰ (Planck Explorer) ਛੱਡਿਆ ਗਿਆ ਹੈ ਜਿਸ ਤੋਂ ਆਸ ਰੱਖੀ ਜਾ ਰਹੀ ਹੈ ਕਿ ਉਹ ਕਈ ਕਰੋੜ ਸਾਲ ਪਿੱਛੇ ਤੱਕ ਦਾ ਸੰਸਾਰ ਰਚਨਾ ਦਾ ਇਤਿਹਾਸ ਦੱਸਣ ਵਿੱਚ ਸਹਾਇਕ ਹੋਵੇਗਾ । ਇੱਥੇ ਅਸੀਂ ਸੰਖੇਪ ਵਿੱਚ ਕੁੱਝ ਵਿਗਿਆਨਕ ਥਿਉਰੀਆਂ ਦਾ ਵਰਨਣ ਕਰਾਂਗੇ ਜੋ ਬ੍ਰਹਮੰਡ ਦੇ ਹੋਂਦ ਵਿੱਚ ਆਉਣ ਬਾਰੇ ਪ੍ਰਚਲਤ ਹਨ ।

### 4.1 ਟਾਈਡਲ ਸਿਧਾਂਤ

ਇਸ ਸਿਧਾਂਤ ਨੂੰ ਮੰਨਣ ਵਾਲੇ ਵਿਦਵਾਨ ਕਹਿੰਦੇ ਹਨ ਕਿ ਕਰੋੜਾਂ ਸਾਲ ਪਹਿਲੇ ਇੱਕ ਗੈਸਾਂ ਦਾ ਗੋਲਾ (Nebula- ਨਿਹਾਰਕਾ) ਆਪਣੇ ਆਪ ਦੇ ਦੁਆਲੇ ਘੁੰਮਣ ਲੱਗ ਪਿਆ। ਇਹ ਹੌਲੀ ਹੌਲੀ ਸੂਰਜ ਬਣ ਗਿਆ ਅਤੇ ਘੁੰਮਣ ਕਾਰਨ ਇਸ ਵਿੱਚੋਂ ਨਿਕਲਦੇ ਗੈਸ ਦੇ ਪਰਛੰਡੇ ਠੰਢੇ ਹੁੰਦੇ ਗਏ ਅਤੇ ਸੰਸਾਰ ਦੇ ਪਿੰਡ ਹੋਂਦ ਵਿੱਚ ਆ ਗਏ। ਇਸ ਕਿਰਿਆ ਨੂੰ 5,000,000,000 ਸਾਲ ਲੱਗੇ । ਇਹ ਸਿਧਾਂਤ ਇਹ ਨਹੀਂ ਦੱਸਦਾ ਕਿ ਗੈਸ ਕਿੱਥੋਂ ਆਈ ਅਤੇ ਘੁੰਮਣ ਸ਼ਕਤੀ ਆਪਣੇ ਆਪ ਕਿਵੇਂ ਪੈਦਾ ਹੋ ਗਈ?

### 4.2 ਪ੍ਰੋਟੋਪਲੈਨਿਟ ਸਿਧਾਂਤ

ਇਸ ਸਿਧਾਂਤ ਅਨੁਸਾਰ ਗੈਸ ਦਾ ਇੱਕ ਗੋਲਾ (Nebula) 10-12 ਬਿ਼ਲੀਅਨ ਸਾਲ ਪਹਿਲਾਂ ਫਟ ਕੇ ਪ੍ਰੋਟੋਸਟਾਰ ਬਣ ਗਿਆ ਜਿਸ ਵਿੱਚ ਉਸ਼ਣ-ਪ੍ਰਮਾਣੂ ਕਿਰਿਆ (Thermonuclear Reaction) ਪੈਦਾ ਹੋਣ ਕਾਰਨ ਸ਼ਕਤੀ ਪੈਦਾ ਹੋ ਗਈ ਜਿਸ ਨਾਲ ਇਹ ਆਪਣੇ ਧੁਰੇ ਦੁਆਲੇ ਘੁੰਮਣ ਲੱਗ ਪਿਆ । 4.5 ਬਿਲੀਅਨ ਸਾਲ ਪਹਿਲਾਂ ਇਸ ਤੋਂ ਧਰਤੀਆਂ ਆਦਿਕ ਬਣਨ ਲਗ ਪਈਆਂ ਅਤੇ 3.8 ਬਿਲੀਅਨ ਸਾਲ ਪਹਿਲਾਂ ਇਨ੍ਹਾਂ ਧਰਤੀਆਂ ਉੱਪਰ ਜੀਵਨ ਉਤਪੰਨ ਹੋਣ ਲੱਗ ਪਿਆ ।

### 4.3 ਹਿਗਜ਼ ਬੋਸਨ ਸਿਧਾਂਤ

1964 ਵਿੱਚ ਐਡੰਬਰਾ ਯੂਨੀਵਰਸਿਟੀ (ਸਕੌਟਲੈਂਡ) ਦੇ ਪ੍ਰੋਫੈਸਰ ਪੀਟਰ ਹਿਗਜ਼ ਬੋਸਨ ਨੇ ਸਿਧਾਂਤ ਪੇਸ਼ ਕੀਤਾ ਕਿ ਬ੍ਰਹਮੰਡ ਛੋਟੇ ਛੋਟੇ ਲਸਲਸੇ ਚਿੱਪ ਚਿੱਪ ਕਰਦੇ ਕਣਾਂ (ਜਿਨ੍ਹਾਂ ਨੂੰ ਉਸ ਦੇ ਨਾਂ ਥੱਲੇ ਬੋਸਨ ਕਿਹਾ ਜਾਣ ਲੱਗ ਪਿਆ) ਨਾਲ ਭਰਿਆ ਹੋਇਆ ਹੈ ਜੋ ਬ੍ਰਹਮੰਡ ਵਿੱਚ ਘੁੰਮ ਰਹੇ ਹਨ । ਹੌਲੀ ਹੌਲੀ ਇਹ ਕਣ ਇੱਕ ਦੂਜੇ ਨਾਲ ਜੁੜਦੇ ਗਏ ਅਤੇ ਆਕਾਸ਼ੀ ਪਿੰਡ (ਗ੍ਰਹਿ) ਹੋਂਦ ਵਿੱਚ ਆ ਗਏ । ਭਾਵੇਂ

ਸੰਸਾਰ ਦੇ ਬਹੁਤੇ ਵਿਗਿਆਨੀ ਇਸ ਸਿਧਾਂਤ ਨੂੰ ਮੰਨਣ ਲੱਗ ਪਏ[65] ਪਰ ਸੰਸਾਰ ਪ੍ਰਸਿੱਧ ਵਿਗਿਆਨੀ ਸਟੀਫਨ ਹਾਕਿੰਗ ਇਸ ਸਿਧਾਂਤ ਨਾਲ ਕਦੀ ਸਹਿਮਤ ਨਾ ਹੋਏ। ਉਨ੍ਹਾਂ ਨੇ ਕਿਹਾ, "ਬੋਸਨ ਕੋਈ ਭੂਤ ਪ੍ਰੇਤ ਹੀ ਹੋ ਸਕਦੇ ਹਨ"।

## 4.4 ਲੂ ਵਿਲੀਅਮ ਸਿਧਾਂਤ

ਲੂ ਵਿਲੀਅਮ ਅਤੇ ਥੋਰੰਟਨ ਪੇਜ ਕਹਿੰਦੇ ਹਨ ਕਿ ਪਹਿਲਾਂ ਬਰਫ ਸੀ ਜਿਸ ਵਿੱਚ ਪਦਾਰਥ ਦੱਬਿਆ ਪਿਆ ਸੀ ਜੋ ਬਰਫ ਦੇ ਪਿਘਲਣ ਉਪ੍ਰੰਤ ਠੋਸ ਹੋ ਕੇ ਆਸਮਾਨੀ ਪਿੰਡਾਂ ਦੀ ਸ਼ਕਲ ਧਾਰਨ ਕਰ ਗਿਆ । (Origin of Solar System 1962 Vol.3)

ਵਿਗਿਆਨੀ ਬਰਨਲੇ ਇਸ ਸਿਧਾਂਤ ਨੂੰ ਮੰਨਦੇ ਹਨ ਤੇ ਦਲ਼ੀਲ ਦਿੰਦੇ ਹਨ ਕਿ ਹਰ ਆਸਮਾਨੀ ਪਿੰਡ (ਗ੍ਰਹਿ) ਵਿੱਚ ਕਾਫੀ ਸਾਰੀ ਗੈਸ ਹੈ ਜੋ ਸਿੱਧ ਕਰਦੀ ਹੈ ਕਿ ਪਹਿਲਾਂ ਇਹੋ ਗੈਸ ਬਰਫ ਦੀ ਸ਼ਕਲ ਵਿੱਚ ਸੀ ।( Exploring our Planets p.6)

## 4.5 ਰੱਸੀ ਜਾਂ ਸੂਤਲੀ ਸਿਧਾਂਤ

ਰੈਲੇਟੀਵਿਟੀ ਸਿਧਾਂਤ (Theory of Relativity) ਬਹੁਤ ਵੱਡੇ ਪਦਾਰਥਾਂ ਨਾਲ ਸਬੰਧ ਰੱਖਦਾ ਹੈ ਪ੍ਰੰਤੂ ਕੁਆਂਟਮ ਸਿਧਾਂਤ (The Quantum theory) ਛੋਟੇ ਤੋਂ ਛੋਟੇ ਪਦਾਰਥਾਂ ਦੀ ਗਰੂਰਤਾ (Gravity) ਨਾਲ ਸਬੰਧ ਰਖਦਾ ਹੈ । ਦੋਵੇਂ ਸਿਧਾਂਤ ਹੀ ਵਿਗਿਆਨੀਆਂ ਨੂੰ ਪਰਵਾਣ ਹਨ ਪ੍ਰੰਤੂ ਦੋਵੇਂ ਇੱਕੋ ਸਮੇਂ ਸੱਚ ਨਹੀਂ ਹੋ ਸਕਦੇ। ਜੇ ਕਰ ਇੱਕ ਨੂੰ ਸਹੀ ਮੰਨਿਆ ਜਾਵੇ ਤਾਂ ਦੂਜਾ ਆਪਣੇ ਆਪ ਗ਼ਲਤ ਸਿੱਧ ਹੋ ਜਾਂਦਾ ਹੈ। ਇਸ ਅਜੋੜ ਦੇ ਸਮਾਧਾਨ ਲਈ 1958 ਵਿੱਚ ਸੂਤਲੀ ਸਿਧਾਂਤ ਹੋਂਦ ਵਿੱਚ ਆਇਆ। ਇਹ ਸਿਧਾਂਤ ਮੰਨਦਾ ਹੈ ਕਿ ਇੱਕ ਮੌਕੇ ਬ੍ਰਹਮੰਡ ਬਹੁਤ ਹੀ ਮਹੀਨ ਕਣਾਂ ਨਾਲ ਭਰਿਆ ਹੋਇਆ ਸੀ ਜੋ ਇਸ ਤਰ੍ਹਾਂ ਉੱਡੇ ਫਿਰ ਰਹੇ ਸਨ ਜਿਵੇਂ ਕਿ ਰੱਸੀਆਂ ਵਿੱਚ ਪ੍ਰੋਏ ਹੋਣ । ਹੌਲੀ ਹੌਲੀ ਇਹ ਰੱਸੀਆਂ ਢਿੱਲੀਆ ਹੋ ਕੇ ਜੁੜਦੀਆਂ ਗਈਆਂ ਅਤੇ ਪੇੜਾ (Plasma) ਜਿਹਾ ਬਣ ਗਈਆਂ । ਇਹ ਪੇੜਾ ਵਧਣ ਲੱਗਾ ਅਤੇ ਇਸ ਵਿੱਚ ਤੇਜ ਪੈਦਾ ਹੋ ਗਿਆ ਜਿਸ ਦੇ ਅਸਰ ਨਾਲ ਬ੍ਰਹਮੰਡ ਦੀ ਰਚਨਾ ਹੋਣ ਲੱਗੀ। ਕਈ ਵਿਦਵਾਨਾਂ ਨੇ ਇਸ ਸਿਧਾਂਤ ਉੱਪਰ ਕਿੰਤੂ ਪ੍ਰੰਤੂ ਕੀਤੇ ਹਨ ਅਤੇ ਹੁਣ ਇੱਕ ਦੀ

[65] ਮਿਸ਼ੀਗਨ ਯੂਨੀਵਰਸਟੀ ਦੇ ਪ੍ਰੋਫੈਸਰ ਕੇਨ ਅੱਜ ਵੀ ਇਸ ਸਿਧਾਂਤ ਨੂੰ ਮੰਨ ਰਹੇ ਹਨ ਪਰ ਸਟੀਫਨ ਹਾਕਿੰਗ ਨੇ ਬੋਸਨ ਨੂੰ ਸਾਬਤ ਕਰਨ ਵਾਲਿਆਂ ਲਈ £100 ਦਾ ਇਨਾਮ ਰੱਖ ਦਿੱਤਾ ਹੈ । ਬੋਸਨ ਨੂੰ ਸਾਬਤ ਕਰਨ ਲਈ 1.4 ਬਿਲੀਅਨ ਪੌਂਡ ਖਰਚ ਕੇ 2007 ਵਿੱਚ ਇੱਕ ਹੇਡਰੋਨ ਕੋਲਾਈਡਰ ਸਥਾਪਤ ਕਰ ਦਿੱਤਾ ਗਿਆ ਹੈ । ਬੋਸਨ ਦੀ ਖੋਜ ਜਾਰੀ ਹੈ ।



ਥਾਂ ਪੰਜ ਸੂਤਲੀ ਸਿਧਾਂਤ ਹੋਂਦ ਵਿੱਚ ਆ ਗਏ ਹਨ ।

## 4.6 ਕਾਲਪਿਣਕ ਸਿਧਾਂਤ

ਅਫ਼ਲਤੂਨ (Plato) ਦਾ ਸਿਧਾਂਤ ਹੈ ਕਿ ਬ੍ਰਹਮੰਡ ਇਸ ਤਰ੍ਹਾਂ ਹੋਂਦ ਵਿੱਚ ਆਇਆ ਹੈ ਜਿਵੇਂ ਕਿਸੇ ਆਂਡੇ ਵਿੱਚੋਂ ਬੱਚਾ ਨਿੱਕਲ ਆਉਂਦਾ ਹੈ । ਇਹ ਸਿਧਾਂਤ ਹਿੰਦੂ ਧਰਮ ਦੇ ਛਾਂਦੋਗ ਉਪਨਸ਼ਿਦ (ਖੰਡ 19) ਨਾਲ ਇੰਨ ਬਿੰਨ ਮੇਲ ਖਾਂਦਾ ਹੈ । ਬ੍ਰਹਮਾਂ ਦਾ ਸੁਨਹਿਰੀ ਆਂਡਾ (ਬ੍ਰਹਮ+ਆਂਡਾ= ਬ੍ਰਹਮੰਡ) ਹਜ਼ਾਰ ਕੁ ਸਾਲ ਪਿਆ ਰਿਹਾ ਅਤੇ ਫੇਰ ਅਚਾਨਕ ਫਟ ਗਿਆ । ਇੱਕ ਹਿੱਸਾ ਉੱਪਰ ਆਸਮਾਨ ਬਣ ਗਿਆ ਅਤੇ ਦੂਸਰਾ ਧਰਤੀ ਅਤੇ ਇੱਸ ਵਿੱਚੋਂ ਬ੍ਰਹਮ ਦੇਵ ਉੱਤਪਨ ਹੋਇਆ ਜਿਸ ਨੇ ਇਸਤ੍ਰੀ ਰੂਪ ਧਾਰਨ ਕਰਕੇ ਸੰਸਾਰ ਦੀ ਰਚਨਾ ਕੀਤੀ ।[66]

1930 ਵਿੱਚ ਲਿਟਲਟਨ (R.A.Littleton) ਨੇ ਡਬਲ ਸਟਾਰ ਸਿਧਾਂਤ ਪੇਸ਼ ਕੀਤਾ ਜਿਸ ਅਨੁਸਾਰ ਇੱਕ ਆਸਮਾਨੀ ਸਿਤਾਰਾ ਸੂਰਜ ਨਾਲ ਟਕਰਾਇਆ ਅਤੇ ਫਟ ਕੇ ਗੈਸ ਦਾ ਰੂਪ ਧਾਰਨ ਕਰ ਗਿਆ । ਇਹ ਗੈਸ ਠੰਢੀ ਹੋ ਕੇ ਕਈ ਆਕਾਸ਼ੀ ਪਿੰਡਾਂ ਦਾ ਰੂਪ ਧਾਰ ਗਈ । ਇਸ ਸਿਧਾਂਤ ਦੇ ਵਿਰੋਧ ਵਿੱਚ ਘਣ ਸਿਧਾਂਤ (Condensation Theory) ਆਇਆ ਜਿਸ ਅਨੁਸਾਰ ਸਿਤਾਰਾ ਇੱਕੋ ਸੀ ਅਤੇ ਫਟ ਕੇ ਠੰਡਾ ਹੋਇਆ ਤਾਂ ਸੰਸਾਰ ਦੇ ਗ੍ਰਹਿ ਹੋਂਦ ਵਿੱਚ ਆ ਗਏ । ਵੱਡਾ ਹਿੱਸਾ ਸੂਰਜ ਬਣ ਗਿਆ ਛੋਟੇ ਠੰਡੇ ਹੋ ਕੇ ਧਰਤੀਆਂ ਬਣ ਗਏ ।

## 4.7 ਭਭੂਕਾ ਸਿਧਾਂਤ (Big Bang Theory)

ਇਹ ਸਿਧਾਂਤ 1930 ਵਿੱਚ ਬੈਲਜੀਅਮ ਦੇ ਵਿਗਿਆਨੀ ਗੈਰਿਸ ਲੈਂਬਾਤਰੇ ਨੇ ਪੇਸ਼ ਕੀਤਾ ਸੀ । ਦਸ ਕੁ ਸਾਲ ਬਾਅਦ 1940 ਵਿੱਚ ਇਸ ਸਿਧਾਂਤ ਦੀ ਪ੍ਰੋੜ੍ਹਤਾ ਰੂਸੀ ਵਿਗਿਆਨੀ ਗਰਗ ਗੈਮੋਵ (Gamov) ਨੇ ਵੀ ਕਰ ਦਿੱਤੀ । ਇਸ ਸਿਧਾਂਤ ਅਨੁਸਾਰ ਲਗਭਗ 20 ਬਿਲੀਅਨ ਸਾਲ ਪਹਿਲਾਂ ਇੱਕ ਧਮਾਕਾ ਹੋਇਆ ਅਤੇ ਇੱਕ ਅੱਖ ਫਰਕਣ ਦੇ ਸਮੇਂ ਵਿੱਚ ਹੀ ਪਦਾਰਥ, ਸਮਾਂ, ਪੁਲਾੜ (Space), ਊਰਜਾ (Energy) ਅਤੇ ਗਤੀ (Motion) ਹੋਂਦ ਵਿੱਚ ਆ ਗਏ । ਜੋ ਗੈਸਾਂ ਨਿੱਕਲੀਆਂ

[66] ਇਸ ਸਬੰਧ ਵਿੱਚ ਰਿਗ ਵੇਦ ਦੇ 10.72 ,10.121, ਅਤੇ 16.190 ਅੰਕ ਵਾਚਣੇ ਵੀ ਲਾਹੇਵੰਦ ਹਨ । ਹਿੰਦੂ ਧਰਮ ਵਿੱਚ ਇੱਕ ਹੋਰ ਸਿਧਾਂਤ ਵੀ ਹੈ ਕਿ ਬ੍ਰਹਮਾ ਕੰਵਲ ਫੁੱਲ ਵਿੱਚੋਂ ਪੈਦਾ ਹੋਇਆ । ਪੈਦਾ ਹੁੰਦੇ ਹੁੰਦੇ ਉਸ ਨੂ 36 ਯੁਗ ਲੱਗ ਗਏ । ਇਸ ਦੇ ਮੂੰਹ ਵਿੱਚੋਂ ਚਾਰ ਵੇਦ ਅਤੇ ਬ੍ਰਾਹਮਣ ਪੈਦਾ ਹੋਏ, ਬਾਹਾਂ ਵਿੱਚੋਂ ਖੱਤ੍ਰੀ, ਪੱਟਾਂ ਵਿੱਚੋਂ ਵੈਸ਼ ਅਤੇ ਪੈਰਾਂ ਵਿੱਚੋਂ ਸ਼ੁਦਰ ਪੈਦਾ ਹੋਏ । ਕੁਝ ਹਿੰਦੂ ਵਿਦਿਵਾਨ ਲਿਖਦੇ ਹਨ ਕਿ ਸੱਤ ਆਸਮਾਨ ਉੱਪਰ ਹਨ ਅਤੇ ਸੱਤ ਆਸਮਾਨ ਹੇਠਾਂ ਹਨ । ਇਸਲਾਮ ਵੀ ਇਸੇ ਤਰ੍ਹਾਂ ਚੌਦਾਂ ਤਬਕ ਮੰਨਦਾ ਹੈ ਪ੍ਰੰਤੂ ਗੁਰੂ ਸਾਹਿਬ ਲਿਖਦੇ ਹਨ, "ਪਾਤਾਲਾ ਪਾਤਾਲ ਲਖ ਆਗਾਸਾ ਆਗਾਸ"॥ (ਪੰਨਾ 5)

ਉਨ੍ਹਾਂ ਤੋਂ ਸੂਰਜ, ਧਰਤੀ, ਤਾਰੇ ਅਤੇ ਹੋਰ ਆਸਮਾਨੀ ਗ੍ਰਹਿ, ਉਪਗ੍ਰਹਿ, ਅਤੇ ਆਕਾਸ਼ ਗੰਗਾਵਾਂ (Milky Way) ਆਦਿਕ ਹੋਂਦ ਵਿੱਚ ਆ ਗਏ । ਇਸ ਸਿਧਾਂਤ ਤੋਂ ਪਹਿਲਾਂ ਰੂਸੀ ਵਿਗਿਆਨੀ ਫਰੀਡਮੈਨ ਨੇ 1920-21 ਵਿੱਚ ਆਸਮਾਨੀ ਪਿੰਡਾਂ ਬਾਰੇ ਕੁੱਝ ਅੰਕੜੇ ਤਿਆਰ ਕੀਤੇ ਸਨ ਜਿਨ੍ਹਾਂ ਅਨੁਸਾਰ ਇਹ ਸਿਧਾਂਤ ਠੀਕ ਸਾਬਤ ਹੋਇਆ । 1964 ਵਿੱਚ ਆਰਨੋ ਫੈਨਜ਼ੀਆ ਅਤੇ ਰਾਬਰਟ ਵਿਲਸਨ ਨੇ ਕੁੱਝ ਹੋਰ ਖੋਜਾਂ ਦੇ ਆਧਾਰ ਤੇ ਇਸ ਸਿਧਾਂਤ ਦੇ ਸਹੀ ਹੋਣ ਦੀ ਫੇਰ ਹਾਮੀ ਭਰੀ ਅਤੇ ਸਾਬਤ ਕੀਤਾ ਕਿ ਧਮਾਕੇ ਨਾਲ ਪੈਦਾ ਹੋਈਆਂ ਹਾਈ ਫਰੀਕੁਐਨਸੀ ਰੇਡੀਓ ਮਾਈਕਰੋਵੇਵ ਲਹਿਰਾਂ ਅਜੇ ਵੀ ਪੁਲਾੜ ਵਿੱਚੋਂ ਹਰ ਪਾਸਿਉਂ ਆ ਰਹੀਆਂ ਹਨ ਜੋ ਧਮਾਕੇ ਦੀ ਥਰਥਰਾਹਟ ਦੀ ਹਾਮੀ ਭਰਦੀਆਂ ਹਨ ।

ਇਹ ਸਿਧਾਂਤ ਬਹੁਤੇ ਵਿਗਿਅਨੀਆਂ ਨੂੰ ਜਚ ਗਿਆ ਪ੍ਰੰਤੂ ਇਹ ਸਿਧਾਂਤ ਇਹ ਨਹੀਂ ਦੱਸਦਾ ਕਿ ਧਮਾਕਾ ਕਿਸ ਚੀਜ਼ ਦਾ ਪਿਆ ਤੇ ਕਿਸ ਕਾਰਨ ਪਿਆ, ਬ੍ਰਹਮੰਡ ਕਿਨਾਂ ਕੁ ਲੰਮਾਂ ਚੌੜਾ ਹੈ ਜਿਸ ਵਿੱਚ ਪਦਾਰਥ ਫੈਲ ਗਿਆ, ਫਲਾਓ ਬੰਦ ਹੋ ਗਿਆ ਹੈ ਜਾਂ ਨਹੀਂ ਅਤੇ ਜੇ ਨਹੀਂ ਤਾਂ ਕਦੋਂ ਬੰਦ ਹੋਵੇਗਾ? ਪੁਲਾੜ ਦਾ ਜੇ ਕੋਈ ਅੰਤ ਹੈ ਤਾਂ ਉਸ ਤੋਂ ਪਰੇ ਕੀ ਹੈ ? ਪੁਲਾੜ ਤੋਂ ਪਰੇ ਵੀ ਪਦਾਰਥ ਹੈ ਜਾ ਨਹੀਂ ਤੇ ਜੇ ਹੈ ਤਾਂ ਉਹ ਕਿਹੋ ਜਿਹਾ ਹੈ? ਇਹੋ ਜਿਹੇ ਅਨੇਕਾਂ ਸਵਾਲ ਟਾਮਸ ਗੋਲਡ, ਜੌਨ ਬੋਸਲੇ ਅਤੇ ਹਰਮਨ ਬੂਡੀ ਵਰਗੇ ਸਾਇੰਸਦਾਨਾਂ ਨੇ ਕੀਤੇ ਹਨ ਤੇ ਅਜੇ ਤੱਕ ਇਨ੍ਹਾਂ ਦਾ ਕੋਈ ਤਸੱਲੀ ਬਖਸ਼ ਉੱਤਰ ਨਹੀਂ ਮਿਲਿਆ ।

## 4.8 ਸਿੱਖ ਸਿਧਾਂਤ

ਸਿੱਖ ਗੁਰੂ ਸਾਹਿਬਾਨ ਭੌਤਿਕਵਾਦੀ ਨਹੀਂ ਸਨ । ਉਹ ਇਸ ਗੱਲ ਵਿੱਚ ਰੁਚੀ ਨਹੀਂ ਸਨ ਰਖਦੇ ਕਿ ਬ੍ਰਹਮੰਡ ਕਦੋਂ ਤੇ ਕਿਵੇਂ ਬਣਿਆ ਉਹ ਤਾਂ ਕੁਦਰਤ ਦੀ ਕਾਰੀਗਰੀ ਉੱਪਰ ਹੀ ਕੁਰਬਾਨ ਹੋ ਜਾਂਦੇ ਸਨ ਤੇ ਇਸੇ ਵਿੱਚੋਂ ਪ੍ਰਭੂ ਦੇ ਦਰਸ਼ਨ ਕਰਦੇ ਸਨ । ਵਿਸਮਾਦ (Mystical Wonder) ਹੀ ਉਨ੍ਹਾਂ ਦੀ ਟੇਕ ਸੀ । ਗੁਰੂ ਨਾਨਕ ਸਾਹਿਬ ਲਿਖਦੇ ਹਨ:

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥



ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ 1 ॥
(ਪੰਨਾ 464)

ਸੰਸਾਰ ਦਾ ਇੱਕ ਵੱਡਾ ਸਾਇੰਸਦਾਨ ਐਲਬਰਟ ਆਈਨਸਟਾਈਨ ਵੀ "ਵਿਸਮਾਦ" ਦਾ ਹੀ ਕਾਇਲ ਸੀ ਅਤੇ ਸਮਝਦਾ ਸੀ ਕਿ ਵਿਸਮਾਦ ਤੋਂ ਬਿਨਾਂ ਕੁਦਰਤ ਨਾਲ ਇਕਸੁਰਤਾ ਹੋ ਹੀ ਨਹੀਂ ਸਕਦੀ ਅਤੇ ਇਸੇ ਵਿਸਮਾਦ ਵਿੱਚ ਹੀ ਇਨਸਾਨੀ ਮੁਕਤੀ ਲੁਕੀ ਹੋਈ ਹੈ । ਉਸ ਅਨੁਸਾਰ ਵਿਸਮਾਦ ਤੋਂ ਸੱਖਣੀ ਮਨੁੱਖੀ ਸੋਚ ਅਤੇ ਸਿਧਾਂਤ ਫਜ਼ੂਲ ਹਨ।[67]

ਉਂਜ ਇਹ ਗੱਲ ਵੀ ਨਹੀ ਕਿ ਗੁਰੂ ਜੀ ਆਪਣੇ ਵੇਲੇ ਦੇ ਸਿਧਾਂਤਾਂ ਤੋਂ ਵਾਕਿਫ ਨਹੀਂ ਸਨ। ਉਨ੍ਹਾਂ ਦੇ ਵੇਲੇ ਛੇ ਵੱਖੋ ਵੱਖਰੇ ਸਿਧਾਂਤ ਪਰਚੱਲਤ ਸਨ[68] ਜਿਨ੍ਹਾਂ ਦਾ ਜ਼ਿਕਰ ਕਰਦੇ ਉਹ ਲਿਖਦੇ ਹਨ **"ਛਿਅ ਘਰ ਛਿਅ ਗੁਰ ਛੇ ਉਪਦੇਸ"(ਸੋਹਲਾ)। ਖਟੁ ਦਰਸਨੁ ਵਰਤੈ ਵਰਤਾਰਾ (ਪੰਨਾ 361)** ਇਨ੍ਹਾਂ ਛੇਆਂ ਸਿਧਾਂਤਾਂ ਵਿੱਚੋਂ ਉਨ੍ਹਾਂ ਦੇ ਸਮੇਂ ਸਾਂਖ ਸ਼ਾਸਤਰ ਵਾਲਾ ਸਿਧਾਂਤ ਬਹੁਤਾ ਮੰਨਿਆ ਜਾਂਦਾ ਸੀ । ਸਾਂਖ ਅਨੁਸਾਰ ਪ੍ਰਕਿਰਤੀ (ਪਦਾਰਥ-Matter) ਆਦ ਕਾਲ ਤੋਂ ਹੀ ਹੈ । ਇਹ ਆਪ ਹੀ ਆਪਣੇ ਵਿੱਚ ਚੇਤਨਾ ਸ਼ਕਤੀ (ਮਹੱਤ) ਪੈਦਾ ਕਰਨ ਦੇ ਸਮਰਥ ਹੈ ਅਤੇ ਸਹਿਜੇ

---

[67] "Religious feeling takes the form of a rapturous amazement at the harmony of nature which reveals an intelligence of such superiority that compared with all the systematic thinking and acting of human beings is an utterly insignificant reflection. (**Albert Einstein** in *The World as I see it)*

"The most beautiful and most profound experience is the sensation of the mystical. It is the sower of all true science. He to whom this emotion is a stranger, who can no longer wonder and stand rapt in awe, is as good as dead. To know that what is impenetrable to us really exists, manifesting itself as the highest wisdom and the most radiant beauty which our dull faculties can comprehend only in their primitive forms - this knowledge, this feeling is at the center of true religiousness. (Albert **Einstein** - The Merging of Spirit and Science)

"I do not believe in a personal God and I have never denied this but have expressed it clearly. If something is in me which can be called religious then it is the unbounded admiration for the structure of the world so far as our science can reveal it. (**Albert Einstein**, 1954)

[68] ਗੌਤਮ ਦਾ ਨਿਯਾਯ, ਕਾਂਡ ਦਾ ਵੈਸ਼ੇਸ਼ਕ, ਕਪਲ ਦਾ ਸਾਂਖ, ਪਾਤੰਜਲੀ ਦਾ ਯੋਗ, ਜੈਮਨੀ ਦਾ ਮੀਮਾਨਸਾ ਅਤੇ ਵਿਆਸ ਦਾ ਵੇਦਾਂਤ । ਇਨ੍ਹਾਂ ਨੂੰ "ਖਟ ਦਰਸ਼ਨ" ਜਾਂ "ਛੇ ਸ਼ਾਸ਼ਤਰ" ਕਿਹਾ ਜਾਂਦਾ ਹੈ । ਇਨ੍ਹਾਂ ਦੀ ਵਿਆਖਿਆ ਕਥਾ ਉਪਨਿਸ਼ਦ ( 3.11), ਸਵੇਤਸਵਤਾਰਾ (4.10 ਅਤੇ 6.16) ਵਿੱਚ ਮਿਲ ਜਾਂਦੀ ਹੈ ।

ਸਹਿਜੇ ਚੇਤਨਾ ਸ਼ਕਤੀ ਪੈਦਾ ਕਰਕੇ ਇਸ ਨੇ ਆਪਣੇ ਵਿੱਚ ਤਿੰਨ ਗੁਣ (ਰਜੋ, ਤਮੋ, ਸਤੋ) ਪੈਦਾ ਕਰ ਲਏ । ਇਨ੍ਹਾਂ ਗੁਣਾਂ ਦੇ ਘੱਟ ਵੱਧ ਹੋਣ ਨਾਲ ਸੰਸਾਰ ਰਚਨਾ ਹੋਣੀ ਆਰੰਭ ਹੋ ਗਈ । ਸਿੱਖ ਗੁਰੂ ਜੀ ਇਨ੍ਹਾਂ ਵਿੱਚੋਂ ਕਿਸੇ ਵੀ ਸਿਧਾਂਤ ਨੂੰ ਨਹੀਂ ਸਨ ਮੰਨਦੇ । ਗੁਰੂ ਅਰਜਨ ਦੇਵ ਜੀ ਇਨ੍ਹਾਂ ਦਾ ਖੰਡਨ ਕਰਦੇ ਲਿਖਦੇ ਹਨ ਕਿ ਬ੍ਰਹਮੰਡ ਦੀ ਰਚਨਾ ਐਨੀ ਸਾਦਾ ਨਹੀਂ ਕਿ ਸਮਝੀ ਜਾਂ ਸਕੇ ਤੇ ਇਨ੍ਹਾਂ ਕੁਝਕੁ ਸਿਧਾਂਤਾਂ ਵਿੱਚ ਬੰਨ੍ਹੀ ਜਾ ਸਕੇ । ਆਪ ਦਾ ਫੁਰਮਾਨ ਹੈ "ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ"॥ (ਪੰਨਾ 275)

ਸਿੱਖ ਸਿਧਾਂਤ ਅਨੁਸਾਰ ਬ੍ਰਹਮੰਡ ਦੀ ਰਚਨਾ ਆਪਣੇ ਆਪ ਹੋਂਦ ਵਿੱਚ ਨਹੀਂ ਆਈ ਅਤੇ ਨਾ ਹੀ ਪਦਾਰਥ (Matter) ਅਨਾਦੀ ਹੈ । ਪਦਾਰਥ ਨੂੰ ਵੀ ਪਰਮਾਤਮਾ ਨੇ ਹੀ ਪੈਦਾ ਕੀਤਾ ਹੈ

**ਓਅੰਕਾਰਿ ਸਭ ਸ੍ਰਿਸਟਿ ਉਪਾਈ ॥ ਸਭੁ ਖੇਲੁ ਤਮਾਸਾ ਤੇਰੀ ਵਡਿਆਈ॥**
**ਆਪੇ ਵੇਕ ਕਰੇ ਸਭਿ ਸਾਚਾ ਆਪੇ ਭੰਨਿ ਘੜਾਇਦਾ॥ (ਪੰਨਾ 1061)**
**ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥**
**(ਪੰਨਾ 280)**
**ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥1॥**
**ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ ॥**
**ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ॥ (ਪੰਨਾ 748)**
**ਇਹੁ ਜਗੁ ਆਪਿ ਉਪਾਇਓਨੁ ਕਰਿ ਚੋਜ ਵਿਡਾਨੁ॥ (ਪੰਨਾ 786)**

ਐਲਬਰਟ ਆਈਨਸਟਾਈਨ ਵਰਗੇ ਪ੍ਰਸਿੱਧ ਸਾਇੰਸਦਾਨ ਵੀ ਤਰ੍ਹਾਂ ਤਰਾਂ ਦੇ ਸਿਧਾਂਤ ਵਿਚਾਰਨ ਉਪ੍ਰੰਤ ਇਹੋ ਗੱਲ ਮੰਨ ਗਏ ਜੋ ਗੁਰੂ ਜੀ ਨੇ ਕਹੀ ਸੀ । ਆਈਨਸਟਾਈਨ ਲਿਖਦਾ ਹੈ, " ਜਾਪਦਾ ਹੈ ਕਿ ਇਹ ਬ੍ਰਹਮੰਡ ਕਿਸੇ ਐਸੀ ਸ਼ਕਤੀ ਨੇ ਬਣਾਇਆ ਹੈ ਜੋ ਬੇਹੱਦ ਸੁੰਦਰ ਅਤੇ ਸਿਆਣੀ ਹੈ"।

ਇਸ ਸੁੰਦਰ ਅਤੇ ਸਿਆਣੀ ਸ਼ਕਤੀ ਦਾ ਨਾਂ ਗੁਰੂ ਨਾਨਕ ਦੇਵ ਜੀ ਨੇ "ਸੱਤ"[69] (Cosmic Consciousness) ਰੱਖਿਆ ਹੈ ਅਤੇ ਮੰਨਿਆਂ ਹੈ ਕਿ ਇਹ ਸ਼ਕਤੀ ਹਮੇਸ਼ਾਂ ਤੋਂ ਸੀ, ਹੈ ਅਤੇ ਰਹੇਗੀ "**ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ** ॥ (ਪੰਨਾ 1) "ਸੱਤ" ਇੱਕ ਬੀਜ ਵਿੱਚ ਲੁਪਤ ਬੂਟੇ ਦੀ ਤਰ੍ਹਾਂ ਹੈ ਜੋ ਦਿਸਦਾ ਤਾਂ ਨਹੀਂ ਪਰ ਜੋ ਉਸ ਵਿੱਚ ਹੈ ਜ਼ਰੂਰ । ਇਹ ਸੱਤ ਇੱਕ

[69] ਸੱਤਯਮ ਸ਼ਿਵਮ ਸੁੰਦਰਮ । ਇਹ ਸਦਾ ਥਿਰ ਹੈ, ਕਰਤਾਰੀ ਸ਼ਕਤੀ ਹੈ ਅਤੇ ਸੁਹਣੀ ਹੈ ।



ਸਮੇਂ ਸੁੰਨ (Void) ਵਿੱਚ ਸੀ ਜਿਸ ਤੋਂ ਸਾਰਾ ਬ੍ਰਹਮੰਡ ਉਤਪਨ ਹੋਇਆ । "**ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ ॥ ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ ॥ 1 ॥ ਪਉਣੁ ਪਾਣੀ ਸੁੰਨੈ ਤੇ ਸਾਜੇ ॥ ਸ੍ਰਿਸਟਿ ਉਪਾਇ ਕਾਇਆ ਗੜ ਰਾਜੇ ॥ ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ"॥** (ਪੰਨਾ 1037)

ਗੁਰੂ ਨਾਨਕ ਦੇਵ ਜੀ ਦਾ "ਸੁੰਨ ਕਲਾ" ਦਾ ਸਿਧਾਂਤ ਭਾਵੇਂ ਸ਼ਾਇਦ ਹੀ ਕਿਸੇ ਸਾਇੰਸਦਾਨ ਨੇ ਪੜ੍ਹਿਆ ਹੋਵੇ ਪਰ ਉਹ ਸੁਤੇ ਸਿੱਧ ਹੀ ਹੋਰ ਸਭ ਸਿਧਾਂਤਾਂ ਨਾਲ ਮਗਜ਼ ਪਚੀ ਕਰਨ ਉਪ੍ਰੰਤ ਇਸ ਨੂੰ ਮੰਨਣ ਲੱਗ ਪਏ ਹਨ । ਮਿਸਾਲ ਦੇ ਤੌਰ ਤੇ ਲਾਫੀ ਸਕੌਟ ਦੇ ਲੇਖਾਂ ਦੀ ਪੁਸਤਕ Nothingness (ਸੁੰਨ) ਪੜ੍ਹੋ । ਉਹ ਲਿਖਦੇ ਹਨ ਕਿ ਕਿਸੇ ਵੀ ਐਟਮ ਦਾ 99% ਭਾਗ ਕੇਵਲ ਇਕ ਖਾਲੀ ਥਾਂ (ਸੁੰਨ) ਹੈ ਜਿਸ ਵਿੱਚ ਕੋਈ ਵਸਤੂ ਨਹੀਂ ਹੈ ਪਰ ਤਾਂ ਵੀ ਵਿਗਿਆਨ ਦੱਸਦਾ ਹੈ ਕਿ ਉਥੇ ਕੁੱਝ ਹੈ ਜ਼ਰੂਰ ਜਿਸ ਦੀ ਸ਼ਕਤੀ ਐਟਮਾਂ ਨੂੰ ਨਿਯੰਤ੍ਰਣ ਵਿੱਚ ਰਖਦੀ ਹੈ ।[70] ਹੁਣ ਤਾਂ ਸਾਇੰਸਦਾਨਾਂ ਨੇ ਇੱਕ ਸਿਧਾਂਤ ਵੀ ਘੜ ਲਿਆ ਹੈ ਜਿਸ ਦਾ ਨਾਂ ਹੀ ਸੁੰਨ ਸਿਧਾਂਤ (Nothingness Theory) ਹੈ।

ਵਰਤਮਾਨ ਸਾਇੰਸ ਨੇ ਹੁਣ ਇੱਕ ਨਵਾਂ ਸਿਧਾਂਤ ਪੇਸ਼ ਕੀਤਾ ਹੈ ਜਿਸ ਨੂੰ ਚਾਰਜ ਕਲਾਊਡ ਮਾਡਲ (Charge Cloud Model) ਦਾ ਨਾਂ ਦਿੱਤਾ ਗਿਆ ਹੈ। ਕਿਉਂਕਿ ਇਹ ਕੁਆਂਟਮ ਸਿਧਾਂਤ ਦੀ ਪੂਰੀ ਪ੍ਰੋੜ੍ਹਤਾ ਕਰਦਾ ਹੈ ਇਸ ਲਈ ਇਸ ਨੂੰ ਕੁਆਂਟਮ ਮਕੈਨੀਕਲ ਮਾਡਲ (Quantum Mechanical Model) ਵੀ ਕਿਹਾ ਜਾਂਦਾ ਹੈ । ਇਸ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਐਟਮ ਇੱਕ ਧੁੰਧੂਕਾਰ ਜਿਹਾ ਹੈ ਜੋ ਹੈ ਤਾਂ ਖ਼ਾਲੀ ਪਰ ਕਦੀ ਕਦੀ ਇਹ ਅਹਿਸਾਸ ਕਰਵਾਉਂਦਾ ਹੈ ਕਿ ਇੱਸ ਵਿੱਚ ਕੁੱਝ ਹੈ ਜ਼ਰੂਰ ਜਿਸ ਨੂੰ ਸਾਬਤ ਨਹੀਂ ਕੀਤਾ ਜਾ ਸਜਦਾ । ਇਹ ਜੋ ਕੁੱਝ ਵੀ ਹੈ ਨਾ ਤਾਂ ਠੋਸ (Solid) ਹੈ ਅਤੇ ਨਾ ਹੀ ਇਸ ਨੂੰ ਸੁੰਨ (Void) ਕਿਹਾ ਜਾ ਸਕਦਾ ਹੈ । ਇਹ ਸਿਧਾਂਤ ਹੈਸਨਬਰਗ ਵਿਗਿਆਨੀ ਦੇ ਸ਼ਕੀ ਨਿਯਮ (Uncertainty

[70] "More than 99% of atoms are empty space. The vast majority of the universe appears to consist of something best described as NOTHING. It is space containing absolutely no recognizable matter: nothing solid, liquid or Gas.Yet numerous astrological studies indicate that something is out there, something unseen that exerts force and influence on cosmic and quantum scale, binding both atoms and galaxies together."……………….Galaxies diasappear in a black hole and yet black hole is NOTHING.Here matter; space, energy and time become zero. *(Nothngness* by LaFee Scott)

Principle) ਦੇ ਆਧਾਰ ਤੇ ਮਿਥਿਆ ਗਿਆ ਹੈ । ਬਰਕਲੇ ਯੂਨੀਵਰਸਿਟੀ ਦੇ ਪਰੋਫੈਸਰ ਡਾਕਟਰ ਕਾਪਰਾ (Dr. Fritjof Capra) ਆਪਣੀ ਪੁਸਤਕ "The Tau of Physics" ਦੇ ਪੰਨਾ 221-223 ਤੇ ਲਿਖਦੇ ਹਨ ਕਿ ਹੁਣ ਠੋਸ (Solid) ਅਤੇ ਸੁੰਨ (Void) ਵਿੱਚ ਫਰਕ ਕਰਨਾ ਕਠਨ ਹੈ । ਸੁੰਨ ਵੀ ਖਾਲੀ ਨਹੀਂ ਇੰਜ ਜਾਪਦਾ ਹੈ ਕਿ ਇਸ ਵਿੱਚ ਵੀ ਕੋਈ ਅਣਦਿਸਦੇ ਕਣ ਹਨ ਜੋ ਹੁੰਦੇ ਵੀ ਹਨ ਤੇ ਨਹੀਂ ਵੀ ਹੁੰਦੇ ।[71] ਇੱਕ ਹੋਰ ਵਿਗਿਆਨੀ ਆਰਥਰ ਜੌਰਜ (Arthur S. George) ਨੇ ਆਪਣੀ ਪੁਸਤਕ ਦਾ ਨਾਂ ਹੀ ਰਖਿਆ ਹੈ " ਸੁੰਨ ਵਿੱਚੋਂ ਕੁੱਝ" (Something out of Nothing) ਅਤੇ ਸਿੱਧ ਕੀਤਾ ਹੈ ਕਿ ਬ੍ਰਹਮੰਡ "ਸੁੰਨ" ਵਿੱਚੋਂ ਪੈਦਾ ਹੋਇਆ ਹੈ। ਸੋ ਅਸੀਂ ਦੇਖ ਸਕਦੇ ਹਾਂ ਕਿ ਅੱਕੀਂ ਪਲਾਹੀਂ ਹੱਥ ਮਾਰਨ ਅਤੇ ਅਨੇਕਾਂ ਸਿਧਾਂਤ ਘੜਨ ਬਾਅਦ ਸਾਇੰਸਦਾਨ ਹੁਣ ਉਹੀ ਗੱਲ ਕਹਿ ਰਹੇ ਹਨ ਜੋ ਪੰਜ ਸੌ ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਸੁੱਤੇ ਸਿੱਧ ਹੀ ਕਹਿ ਦਿੱਤੀ ਸੀ ਕਿ ਬ੍ਰਹਮੰਡ 'ਸੁੰਨ' ਵਿੱਚੋਂ ਉਤਪਨ ਹੋਇਆ ਹੈ ।

ਬ੍ਰਹਮੰਡ ਰਚਨਾ ਵਿੱਚ ਸਿਰਜਣਹਾਰ ਨੇ ਇਹ ਕਲਾ ਭਰ ਦਿੱਤੀ ਹੈ ਕਿ ਇਹ ਉਦੋਂ ਤੱਕ ਵਧਦਾ ਫੁਲਦਾ ਰਹਿੰਦਾ ਹੈ ਜਦ ਤੱਕ ਕਿ ਪ੍ਰਭੂ ਆਪ ਹੀ ਇਸ ਦਾ ਵਧਣਾ ਫੁੱਲਣਾ ਨਾ ਰੋਕ ਦੇਵੇ ।[72] ਉਸ ਦੇ ਪੈਦਾ ਕੀਤੇ ਹੋਏ ਜੀਵ ਜੰਤੂ ਵੀ ਇਸ ਕਲਾ ਅਧੀਨ ਸਿਰਜਣਾ ਕਰਦੇ ਰਹਿੰਦੇ ਹਨ । **"ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ ॥ ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ" (ਪੰਨਾ 7)**

ਗੁਰੂ ਜੀ ਦੇ ਇਸ ਸਿਧਾਂਤ ਤੇ ਬਹੁਤ ਸਾਰੇ ਸਿੱਧਾਂ ਨੇ ਨੁਕਤਾ ਚੀਨੀ ਵੀ ਕੀਤੀ

71 "The field theories of modern physics force us to abandon the clasical distinction between material particles and the void. The vacuum is far from empty. On the contrary, it contains an unlimited number of particles which come into being and vanish without end"(The Tau of Physics p.221-223)

72 "God has made the world autonomous and sef-active by bestowing upon it once and for all the three principles of ~becoming, enduring, and disintegration"(Jasbir Singh Ahluwalia-*The sovereignty of the Sikh doctrine p.59)* ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ।ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ (ਪੰਨਾ 7)। ਕਈ ਲੋਕ ਇਸ ਪੰਗਤੀ ਦੇ ਅਰਥ ਬ੍ਰਹਮਾ, ਵਿਸ਼ਨੂੰ ਅਤੇ ਸ਼ਿਵਜੀ ਕਰਦੇ ਹਨ ਜੋ ਠੀਕ ਨਹੀਂ। ਗੁਰਬਾਣੀ ਅਨੁਸਾਰ "ਬ੍ਰਹਮਾ ਬਿਸਨੁ ਮਹੇਸੁ ਨ ਕੋਈ" (ਪੰਨਾ 1035)। ਜੋ ਵੀ ਕੋਈ ਕਿਸੇ ਪ੍ਰਕਾਰ ਦੀ ਰਚਨਾ ਕਰਦਾ ਹੈ ਬ੍ਰਹਮਾ ਹੈ ਅਤੇ ਸੰਸਾਰ ਵਿੱਚ ਅਜਿਹੇ ਬ੍ਰਹਮਿਆਂ ਦਾ ਕੋਈ ਅੰਤ ਨਹੀਂ । ਇਸੇ ਤਰ੍ਹਾਂ ਵਿਸ਼ਨੂ ਅਤੇ ਸਿਵ ਜੀ ਅਨੇਕਾਂ ਹਨ, "ਬ੍ਰਹਮਾ ਬਿਸਨ ਸਿਰੈ ਤੈ ਅਗਨਤ (ਪੰਨਾ 1403), "ਕੋਟਿ ਬਿਸਨ ਕੀਏ ਅਵਤਾਰ, ਕੋਟ ਬ੍ਰਹਮੰਡ ਜਾਕੈ ਧ੍ਰਮਸਾਲ॥ ਕੋਟਿ ਮਹੇਸ ਉਪਾਇ ਸਮਾਏ॥ ਕੋਟਿ ਬ੍ਰਹਮੇ ਜਗੁ ਸਾਜਣ ਲਾਏ॥ (ਪੰਨਾ 1156)



ਅਤੇ ਗੁਰੂ ਜੀ ਪਾਸੋਂ ਪ੍ਰਸ਼ਨ ਪੁੱਛੇ । ਉਨ੍ਹਾਂ ਦੇ ਪੁੱਛੇ ਹੋਏ ਪ੍ਰਸ਼ਨ ਅਤੇ ਗੁਰੂ ਜੀ ਵੱਲੋਂ ਦਿੱਤੇ ਗਏ ਉੱਤਰ ਸਾਡੇ ਗਿਆਨ ਲਈ ਸੁਹਿਰਦ ਸਤਿਗੁਰਾਂ ਨੇ "ਸਿੱਧ ਗੋਸਟ" ਨਾਂ ਦੀ ਬਾਣੀ ਵਿੱਚ ਸੁਰਖਿਅਤ ਕਰ ਦਿੱਤੇ ਹਨ । ਇੱਥੇ ਅਸੀਂ ਉਸ ਬਾਣੀ ਵਿੱਚੋਂ ਕੁੱਝ ਪ੍ਰਸ਼ਨ ਉੱਤਰ ਦੇ ਰਹੇ ਹਾਂ ਸਾਰੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 943 ਤੇ ਪੜ੍ਹੀ ਜਾ ਸਕਦੀ ਹੈ ।

**ਪ੍ਰਸ਼ਨ :- ਸੁੰਨੋ ਸੁੰਨੁ ਕਹੈ ਸਭੁ ਕੋਈ ॥ ਅਨਹਤ ਸੁੰਨੁ ਕਹਾ ਤੇ ਹੋਈ (ਪੰਨਾ 943)**

**"ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ" (ਪੰਨਾ 940)**

**ਉੱਤਰ :- ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ (ਪੰਨਾ 940), ਕੇਤੜਿਆ ਦਿਨ ਗੁਪਤੁ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥ ਕੇਤੜਿਆ ਦਿਨ ਧੁੰਧੂਕਾਰਾ ਆਪੇ ਕਰਤਾ ਪਰਗਟੜਾ (ਪੰਨਾ 1081) ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ (ਪੰਨਾ 1036)**

**ਪ੍ਰਸ਼ਨ :- ਬ੍ਰਹਮੰਡ ਕਿਥੋਂ ਆਇਆ, ਕਿੱਥੇ ਰਿਹਾ ਅਤੇ ਕਿੱਥੇ ਨੂੰ ਜਾ ਰਿਹਾ ਹੈ?**

**"ਕਹਾ ਤੇ ਆਵੈ ਕਹਾ ਇਹੁ ਜਾਵੈ ਕਹਾ ਇਹੁ ਰਹੈ ਸਮਾਈ ॥ (ਪੰਨਾ 940)**

**ਉੱਤਰ :- ਹੁਕਮੀ ਸਹਜੇ ਸ੍ਰਿਸਟਿ ਉਪਾਈ ॥ ਕਰਿ ਕਰਿ ਵੇਖੈ ਅਪਣੀ ਵਡਿਆਈ॥ ਆਪੇ ਕਰੇ ਕਰਾਏ ਆਪੇ ਹੁਕਮੇ ਰਹਿਆ ਸਮਾਈ ਹੇ (ਪੰਨਾ 1043) ਆਪੇ ਸ੍ਰਿਸਟਿ ਹੁਕਮਿ ਸਭ ਸਾਜੀ ॥ ਆਪੇ ਥਾਪਿ ਉਥਾਪਿ ਨਿਵਾਜੀ ॥ ਆਪੇ ਨਿਆਉ ਕਰੇ ਸਭੁ ਸਾਚਾ ਸਾਚੇ ਸਾਚਿ ਮਿਲਾਇਦਾ॥ (ਪੰਨਾ 1059)**

ਸੰਸਾਰ ਉਤਪਤੀ ਦੀ ਕਿਰਿਆ ਕਿਵੇਂ ਕਿਵੇਂ ਅਤੇ ਕਿਸ ਨਿਯਮਾਵਲੀ ਅਨੁਸਾਰ ਵਰਤੀ ਇਸ ਦਾ ਬਹੁਤ ਲੰਮਾਂ ਵੇਰਵਾ ਗੁਰੂ ਜੀ ਨੇ ਦਿੱਤਾ ਹੈ ਜੋ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ 1035 ਰਾਗ ਮਾਰੂ ਵਿੱਚ ਪੜ੍ਹਿਆ ਜਾ ਸਕਦਾ ਹੈ । ਸੰਖੇਪ ਵਿਚਾਰ ਇਸ ਤਰ੍ਹਾਂ ਹੈ

**"ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ ਹੁਕਮੁ ਅਪਾਰਾ॥ ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥ 1 ॥ ਖਾਣੀ ਨ ਬਾਣੀ ਪਉਣ ਨ ਪਾਣੀ॥ ਓਪਤਿ ਖਪਤਿ ਨ ਆਵਣ ਜਾਣੀ॥ ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥ 2 ॥ ਨਾ ਤਦਿ ਸੁਰਗੁ ਮਛੁ ਪਇਆਲਾ॥ ਦੋਜਕੁ ਭਿਸਤੁ ਨਹੀ ਖੈ ਕਾਲਾ॥ ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥ 3 ॥ ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥ ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ॥ 4 ॥ ਨਾ ਤਦਿ ਜਤੀ ਸਤੀ ਬਨਵਾਸੀ॥ ਨਾ ਤਦਿ ਸਿਧ ਸਾਧਿਕ ਸੁਖਵਾਸੀ॥ ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ॥ 5 ॥ ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥ ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤਿ ਪਾਇਦਾ ॥ 6 ॥ ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੋੁਆਲਾ ॥ ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ ॥ 7 ॥ ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥ ਮਮਤਾ ਜਾਲੁ ਕਾਲੁ ਨਹੀ ਮਾਥੈ ਨਾ ਕੋ ਕਿਸੈ ਧਿਆਇਦਾ॥"** (ਪੰਨਾ 1035)

ਇਸ ਸ਼ਬਦ ਦੀ ਪਹਿਲੀ ਤੁਕ ਵਿੱਚ ਜਿਸ "ਧੁੰਧੂਕਾਰਾ" (Indescribable Darkness) ਦਾ ਜ਼ਿਕਰ ਹੈ ਉਸ ਬਾਰੇ ਗੁਰੂ ਜੀ ਦੱਸਦੇ ਹਨ ਕਿ ਉਹ ਕਈ ਯੁਗ ਤੱਕ ਰਹੀ ।

**"ਕੇਤੇ ਜੁਗ ਵਰਤੇ ਗੁਬਾਰੈ॥ ਤਾੜੀ ਲਾਈ ਅਪਰ ਅਪਾਰੈ॥ ਧੁੰਧੂਕਾਰਿ ਨਿਰਾਲਮ ਬੈਠਾ ਨਾ ਤਦਿ ਧੰਧੁ ਪਸਾਰਾ ਹੇ"** ॥ (ਪੰਨਾ 1026) ਇਸੇ ਦੀ ਵਿਆਖਿਆ ਕਰਦੇ ਭਾਈ ਗੁਰਦਾਸ ਜੀ ਲਿਖਦੇ ਹਨ, "**ਪ੍ਰਥਮੇ ਸਾਸ ਨ ਮਾਸ ਸਨ ਅੰਧ ਧੁੰਦ ਕਛ ਖ਼ਬਰ ਨ ਪਾਈ**" ॥ (ਭਾਈ ਗੁਰਦਾਸ ਵਾਰ 1.2-1)

## 4.9 ਬ੍ਰਹਮੰਡ ਦਾ ਜਨਮ ਦਿਨ

ਅਕਸਰ ਇਹ ਸਵਾਲ ਪੁੱਛਿਆ ਜਾਂਦਾ ਹੈ ਕਿ ਸਾਡੀ ਧਰਤੀ ਅਤੇ ਬ੍ਰਹਮੰਡ ਦਾ ਜਨਮ ਕਦੋਂ ਹੋਇਆ? ਭੌਤਿਕ ਵਿਗਿਆਨੀ (Theoretical Scientists) ਅਤੇ ਖਾਸ ਕਰਕੇ ਤੱਤ ਵਿਗਿਆਨੀ (Metaphysists) ਇਹ ਪ੍ਰਸ਼ਨ ਪੁੱਛਦੇ ਵੀ ਹਨ



ਅਤੇ ਤਰ੍ਹਾਂ ਤਰ੍ਹਾਂ ਦੇ ਉੱਤਰ ਵੀ ਦਿੰਦੇ ਹਨ ।[73] ਕੁੱਝ ਵਿਗਿਆਨੀਆਂ ਅਨੁਸਾਰ ਇਹ ਸੰਸਾਰ 20 ਬਿਲੀਅਨ (20,000,000,000) ਸਾਲ ਪਹਿਲਾਂ ਹੋਂਦ ਵਿੱਚ ਆਇਆ ਕੁੱਝ ਦੂਸਰੇ ਵਿਗਿਆਨੀ ਇਹ ਸਮਾਂ 600,000,000 ਸਾਲ ਪਹਿਲਾਂ ਦਾ ਦੱਸਦੇ ਹਨ। ਵਰਲਡ ਬੁੱਕ ਐਨਸਾਈਕਲੋਪੀਡੀਆ ਇਹ ਸਮਾਂ 4.5 ਬਿਲੀਅਨ ਸਾਲ ਲਿਖਦਾ ਹੈ । ਵਰਤਮਾਨ ਅਮਰੀਕਨ ਵਿਗਿਆਨੀ ਕਹਿੰਦੇ ਹਨ ਕਿ ਇਹ ਸਰਿਸ਼ਟੀ 18 ਬਿਲੀਅਨ ਸਾਲ ਪਹਿਲਾਂ ਹੋਂਦ ਵਿੱਚ ਆਈ ।

ਡਡੇਰੋ, ਹੌਲਬੇਚ ਅਤੇ ਕਾਰਲ ਮਾਰਕਸ ਵਰਗੇ ਕੁੱਝ ਵਿਦਵਾਨ ਐਸੇ ਵੀ ਹਨ ਜੋ ਇਹ ਮੰਨਦੇ ਹਨ ਕਿ ਸਾਲਾਂ ਦੀ ਗਿਣਤੀ ਫਜ਼ੂਲ ਹੈ । ਸੰਸਾਰ ਇਕ ਸਵੈ ਚਾਲਕ ਘੜੀ (Auomatic Clock) ਹੈ ਜੋ ਸਦਾ ਤੋਂ ਚਲਦੀ ਆਈ ਹੈ ਅਤੇ ਸਦਾ ਹੀ ਚਲਦੀ ਰਹੇਗੀ । ਕੈਂਟ (Kant) ਅਤੇ ਹੀਗਲ (Hegel) ਨੇ ਇਸ ਸਿਧਾਂਤ ਨੂੰ ਇੱਕ ਮਜ਼ੇਦਾਰ ਮਖੌਲ ਕਿਹਾ ਹੈ ।

ਸੰਸਾਰ ਦੇ ਧਰਮ ਸ਼ਾਸਤ੍ਰੀਆਂ ਨੇ ਵੀ ਇਸ ਪ੍ਰਸ਼ਨ ਦਾ ਉੱਤਰ ਆਪਣੇ ਆਪਣੇ ਤਰੀਕੇ ਨਾਲ ਦੇਣ ਦਾ ਯਤਨ ਕੀਤਾ ਹੈ । ਈਸਾਈ ਅਤੇ ਯਹੂਦੀ ਮੰਨਦੇ ਹਨ ਕਿ ਸਾਡੀ ਧਰਤੀ ਸਨ 2009 ਤੱਕ ਕੇਵਲ 5758 ਸਾਲ ਦੀ ਉਮਰ ਹੀ ਭੋਗ ਸਕੀ ਹੈ। ਆਇਰਲੈਂਡ ਦੇ ਆਰਚ ਬਿਸ਼ਪ (Arch Bishop Usher) ਨੇ 1650 AD ਵਿੱਚ ਇਹ ਗੱਲ ਸਪੱਸ਼ਟ ਕੀਤੀ ਸੀ ਕਿ ਧਰਤੀ ਦਾ ਜਨਮ ਅਕਤੂਬਰ 4004 ਪੂਰਬ ਈਸਵੀ ਦੀ 23 ਤਰੀਕ ਦਿਨ ਐਤਵਾਰ ਨੂੰ ਹੋਇਆ ਸੀ । ਇਹੋ ਤਰੀਕ ਮੇਸਨ ਮੰਨਦੇ ਹਨ । ਇਹ ਲੋਕ ਤਾਂ ਇਹ ਵੀ ਮੰਨਦੇ ਹਨ ਕਿ ਆਦਮ (ਧਰਤੀ ਤੇ ਪੈਦਾ ਹੋਣ ਵਾਲਾ ਪਹਿਲਾ ਬੰਦਾ) ਧਰਤੀ ਬਣਨ ਤੋਂ ਚਾਰ ਸਾਲ ਪਿੱਛੋਂ ਯਾਣੀ 4000 ਬੀ-ਸੀ ਵਿੱਚ ਪੈਦਾ ਹੋਇਆ ਸੀ ਇਸੇ ਸਾਲ ਤੋਂ ਇਹ ਆਪਣਾ ਕਲੰਡਰ ਸ਼ੁਰੂ ਕਰਦੇ ਹਨ ਜਿਸ ਨੂੰ ਏ-ਐਲ (A.L = Ano Lucis) ਸਾਲ ਕਿਹਾ ਜਾਂਦਾ ਹੈ ।

ਹਿੰਦੂ ਵਿਦਵਾਨ ਸੁਆਮੀ ਵਿਵੇਕਾਨੰਦ ਰਿਗ ਵੇਦਾ ਭਾਸ਼ਾ ਭੂਮਿਕਾ ਦੇ ਅਧਿਆਇ 7 ਤੇ ਧਰਤੀ ਦੀ ਉਮਰ ਸਾਲ 2009 ਤੱਕ 1,96,085,3096 ਸਾਲ ਲਿਖਦੇ ਹਨ। ਉਨ੍ਹਾਂ ਦਾ ਇਹ ਅਨੁਮਾਨ ਰਿਗ ਵੇਦ ਦੇ ਅਧਿਆਇ 31 ਵਿੱਚ ਆਏ ਸ਼ਲੋਕ ਨੰਬਰ 7 ਉੱਪਰ ਆਧਾਰਤ ਹੈ ।

---

[73] "There is no doubt that Physics postulates a date at which either entities of the universe were created in a state of high organisation or pre-existing entities were endowed with organisation which they have been squandering ever since."(*The Nature of Physical World)*

ਸਤਿਗੁਰ ਨਾਨਕ ਦੇਵ ਜੀ ਨੇ ਵੀ ਇਸ ਪ੍ਰਸ਼ਨ ਦਾ ਉੱਤਰ ਜਪੁਜੀ ਸਾਹਿਬ ਦੀ ਬਾਣੀ ਵਿੱਚ ਦਿੱਤਾ ਹੈ ।

ਪ੍ਰਸ਼ਨ:- ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ ॥ ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ (ਪੰਨਾ 4)

ਉੱਤਰ:- ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥ ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥ ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥ ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥

ਇਕ ਹੋਰ ਥਾਂ ਸਪੱਸ਼ਟ ਕੀਤਾ ਗਿਆ ਹੈ ਕਿ ਬੰਦੇ ਲਈ ਇਸ ਪ੍ਰਸ਼ਨ ਦਾ ਉੱਤਰ ਲੱਭਣਾ ਅਸੰਭਵ ਹੈ । ਪੁੱਤਰ ਭਲਾ ਆਪਣੇ ਬਾਪ ਦੇ ਜਨਮ ਬਾਰੇ ਕਿਵੇਂ ਪਤਾ ਕਰ ਸਕਦਾ ਹੈ?

**"ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੇ ਸੂਤਿ"**॥ (ਪੰਨਾ 284)

ਹੁਣ ਸਾਇੰਸਦਾਨ ਕਹਿੰਦੇ ਹਨ ਕਿ ਕੋਈ ਤਰੀਕ ਸਮੇਂ (Time) ਅਤੇ ਸਥਾਨ (Space) ਤੋਂ ਬਿਨਾਂ ਕਿਵੇਂ ਨਿਸ਼ਚਿਤ ਕੀਤੀ ਜਾ ਸਕਦੀ ਹੈ? ਸਾਨੂੰ ਤਾਂ ਅਜੇ ਇਹ ਵੀ ਪਤਾ ਨਹੀਂ ਕਿ ਸਮਾਂ ਕਦੋਂ ਅਤੇ ਕਿਸ ਤਰਾਂ ਸ਼ੁਰੂ ਹੋਇਆ । ਅੱਜ ਦੇ ਸਾਇੰਸਦਾਨ ਬੌਂਡੀ, ਗੂਲਡ ਅਤੇ ਹੋਇਲ ਨੇ ਇੱਕ ਨਵਾਂ ਸਿਧਾਂਤ ਪੇਸ਼ ਕੀਤਾ ਹੈ ਜਿਸ ਦਾ ਨਾਂਮ ਹੈ Continuous Creation Hypothesis . ਉਹ ਕਹਿੰਦੇ ਹਨ ਕਿ ਐਸਾ ਕੋਈ ਸਮਾਂ ਹੋ ਹੀ ਨਹੀਂ ਸਕਦਾ ਜਦੋਂ ਬ੍ਰਹਮੰਡ ਨੂੰ ਪੈਦਾ ਕੀਤਾ ਗਿਆ ਹੋਵੇ। ਇਸ ਦਾ ਨਾਂ ਕੋਈ ਆਦਿ ਹੈ ਨਾ ਅੰਤ ।[74] ਸਾਇੰਸਦਾਨਾਂ ਦੇ ਇਹ ਵਿਚਾਰ ਗੁਰਮਤਿ ਦੀ ਹੀ ਨਕਲ ਹਨ । ਕਾਸ਼ ਇਨ੍ਹਾਂ ਨੇ ਬਾਬੇ ਨਾਨਕ ਦੀ ਪੰਜ ਸੌ ਸਾਲ ਪਹਿਲਾਂ ਲਿਖੀ ਬਾਣੀ ਪੜ੍ਹੀ ਹੁੰਦੀ ਜਾਂ ਭਾਈ ਗੁਰਦਾਸ ਜੀ ਦਾ 400 ਪਹਿਲਾਂ ਲਿਖਿਆ ਹੀ ਪੜ੍ਹ ਲਿਆ ਹੁੰਦਾ ।

**"ਓਅੰਕਾਰ ਆਕਾਰ ਕਰਿ ਥਿਤਿ ਨ ਵਾਰੁ ਨ ਮਾਹੁ ਜਣਾਇਆ"॥ (ਭਾਈ ਗੁਰਦਾਸ ਵਾਰ 18.7)**

[74] "It is aesthetically more pleasing and intellectually more acceptable to consider that there can be no particular instant when the universe could have been created. It has no beginning and the creation never ends." (Gould & Hoyal)



# ਅਧਿਆਇ 5

## ਜੀਵਨ

ਜੀਵਨ ਕੀ ਹੈ ? ਇਹ ਪ੍ਰਸ਼ਨ ਵੀ ਉਤਨਾ ਹੀ ਔਖਾ ਹੈ ਜਿਤਨਾ ਇਹ ਪ੍ਰਸ਼ਨ ਕਿ ਜੀਵਨ ਕਿਵੇਂ ਆਰੰਭ ਹੋਇਆ ? ਸਜੀਵ (ਜਿਉਂਦੀਆਂ ਚੀਜ਼ਾਂ) ਅਤੇ ਨਿਰਜੀਵ (ਜੀਵਨ ਰਹਿਤ ਚੀਜ਼ਾਂ) ਵਿੱਚ ਫਰਕ ਕਰਨਾ ਬੇਹੱਦ ਕਠਿਨ ਹੈ । ਹੁਣ ਸਾਇੰਸਦਾਨ ਇਸ ਵਿਸ਼ੇ ਤੇ ਇਹੋ ਕਹਿੰਦੇ ਹਨ ਕਿ ਸਜੀਵ ਅਤੇ ਨਿਰਜੀਵ ਚੀਜ਼ਾਂ ਵਿੱਚ ਕੇਵਲ ਚੇਤਨਤਾ ਦੇ ਥੋੜੇ ਜਾਂ ਬਹੁਤੇ ਚੇਤੰਨ ਹੋਣ ਦਾ ਹੀ ਫਰਕ ਹੈ ਹੋਰ ਕੋਈ ਬਹੁਤਾ ਫਰਕ ਨਹੀਂ । ਕੁੱਝ ਬੂਟੇ ਐਸੇ ਹਨ ਜੋ ਜਿਉਂਦਿਆਂ ਵਾਂਗ ਵਿਵਹਾਰ ਕਰਦੇ ਹਨ । ਉਦਾਹਰਣ ਲਈ ਉਤਰੀ ਕੈਰੋਲਾਈਨਾ ਦਾ ਵੀਨਸ ਫਲਾਈ ਟਰੈਪ ਬੂਟਾ (Venus Flytrap Plant-Dionaea Muscipula) ਹੀ ਲਵੋ ਇਹ ਕੀੜੀਆਂ, ਮੱਕੜੀਆਂ ਮੱਖੀਆਂ ਅਤੇ ਘੋਗੇ ਆਦਿਕ ਖਾ ਜਾਂਦਾ ਹੈ । ਬੋਰਨੀਓ ਦੇ ਕੁੱਝ ਬੂਟੇ ਅਤੇ ਦਰਖਤ ਅਤੇ ਯੋਰੋਪ ਦੇ ਬਟਰਵਰਥ (Butterworth) , ਬਲੈਡਰਵਰਥ (Bladerworth), ਅਤੇ ਪਿਚਰ ਪਲਾਂਟ (Pitcher Plant) ਜਿਉਂਦੇ ਜਾਨਵਰਾਂ ਵਾਂਗ ਹੀ ਮਾਸ ਖਾ ਜਾਂਦੇ ਹਨ ਅਤੇ ਹੱਡੀਆਂ ਸੁੱਟ ਦਿੰਦੇ ਹਨ । ਇਹੋ ਹਾਲ ਇੰਗਲੈਂਡ ਦੇ ਸਨਡਿਊ ਪਲਾਂਟ (Sun Dew Plant) ਦਾ ਹੈ ਜੋ ਮੱਖੀਆਂ, ਕੀੜੀਆਂ, ਮੱਕੜੀਆਂ, ਸੁੰਡੀਆਂ, ਬੀਂਡੇ, ਬਟਰਫਲਾਈ ਅਤੇ ਹੋਰ ਕੀੜਿਆਂ ਮਕੌੜਿਆਂ ਨੂੰ ਖਾ ਜਾਂਦਾ ਹੈ ਤੇ ਉਨ੍ਹਾਂ ਦੀਆਂ ਹੱਡੀਆਂ ਬਾਹਰ ਸੁੱਟ ਦਿੰਦਾ ਹੈ । ਚੂਹਾ ਇਸ ਦੀ ਮਨ ਭਾਉਂਦੀ ਖੁਰਾਕ ਹੈ । ਕੁੱਝ ਐਸੇ ਬੂਟੇ ਵੀ ਹਨ ਜੋ ਇਨਸਾਨ ਵਾਂਗ ਹੀ ਸਾਹ ਲੈਂਦੇ ਹਨ ਭਾਵੇਂ ਕਿ ਇਨ੍ਹਾਂ ਦੇ ਫੇਫੜੇ ਨਹੀਂ ਹੁੰਦੇ । ਉਨ੍ਹਾਂ ਉੱਪਰ ਗੰਦੀ ਹਵਾ ਦਾ ਅਸਰ ਵੀ ਇਨਸਾਨਾਂ ਵਾਂਗ ਹੀ ਹੁੰਦਾ ਹੈ। ਅਠਾਰ੍ਹਵੀਂ ਸਦੀ ਵਿੱਚ ਅਸਫੰਜ (Sponges) ਨੂੰ ਬੂਟਿਆਂ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਸੀ । ਮਗਰਲੀ ਖੋਜ ਨੇ ਸਿੱਧ ਕਰ ਦਿੱਤਾ ਕਿ ਅਸਫੰਜ ਬੂਟਾ ਨਹੀਂ ਜੀਵਤ ਜਾਨਵਰ ਹੈ । ਅੱਜ ਕੱਲ੍ਹ ਕੁੱਝ ਬੀਮਾਰੀਆਂ ਵਾਇਰਸ ਰਾਹੀਂ ਹੁੰਦੀਆਂ ਮੰਨੀਆਂ ਜਾਂਦੀਆਂ ਹਨ ਪਰ ਵਾਇਰਸ (Virus) ਬਾਰੇ ਇਹ ਸਮਝ ਨਹੀਂ ਆ ਰਹੀ ਕਿ ਇਸ ਨੂੰ ਜੀਵਤ ਸਮਝਿਆ ਜਾਵੇ ਜਾਂ ਕੋਈ ਨਿਰਜੀਵ ਵਸਤੂ ।

ਇਹ ਪ੍ਰਸ਼ਨ ਵੀ ਅਜੇ ਤੱਕ ਖੜ੍ਹਾ ਹੈ ਕਿ ਜੀਵਨ ਕਿਵੇਂ ਆਰੰਭ ਹੋਇਆ । ਮੁਰਗੀ ਪਹਿਲਾਂ ਜੰਮੀ ਕਿ ਆਂਡਾ ਪਹਿਲਾਂ ਆਇਆ ? ਦੂਸਰੇ ਸ਼ਬਦਾਂ ਵਿੱਚ ਇੰਝ

ਕਹਿ ਲਵੋ ਕਿ ਪਦਾਰਥ ਪਹਿਲਾਂ ਹੋਂਦ ਵਿੱਚ ਆਇਆ ਕਿ ਜੀਵਨ? ਜੇ ਪਦਾਰਥ ਪਹਿਲਾਂ ਪੈਦਾ ਹੋਇਆ ਤਾ ਕਦੋਂ ਅਤੇ ਕਿਵੇਂ ਇਸ ਵਿੱਚ ਜਾਨ ਪਈ ਅਤੇ ਅਕਲ ਨੇ ਕਦੋਂ ਅਤੇ ਕਿਵੇਂ ਜਨਮ ਲਿਆ ? ਇਸ ਬਾਰੇ ਸਾਇੰਸਦਾਨਾਂ ਦੇ ਕੁੱਝ ਸਿਧਾਂਤ ਦੇ ਕੇ ਹੀ ਕੁੱਝ ਵਿਚਾਰ ਕੀਤਾ ਜਾਵੇਗਾ ।

## 5.1 ਪੁਲਾੜ ਸਿਧਾਂਤ

1905 ਵਿੱਚ ਸਵੀਡਨ ਦੇ ਇੱਕ ਵਿਗਿਆਨੀ ਅਰਹੀਨੀਅਸ (Svante Arrhenius) ਨੇ ਪਨਸਪਰਮੀਆ ਸਿਧਾਂਤ (Panspermia Theory) ਪੇਸ਼ ਕੀਤਾ ਕਿ ਜੀਵਨ ਮੁੱਢ ਤੋਂ ਹੀ ਇੱਕ ਜੀਵਾਣੂ ਦੀ ਸ਼ਕਲ ਵਿੱਚ ਬ੍ਰਹਮੰਡ ਵਿੱਚ ਮੌਜੂਦ ਸੀ ਜਿਸ ਨੂੰ ਸਪੋਰ (Spore)[75] ਕਿਹਾ ਜਾਂਦਾ ਹੈ । ਇਹ ਸਪੋਰ ਆਕਾਸ਼ ਵੱਲੋਂ ਧਰਤੀ ਉੱਪਰ ਆਉਣ ਵਾਲੇ ਆਕਾਸ਼ੀ ਪਿੰਡਾਂ (Astroids) ਨਾਲ ਚਿੰਬੜ ਕੇ ਧਰਤੀ ਉੱਪਰ ਆ ਗਏ ਅਤੇ ਤਰ੍ਹਾਂ ਤਰ੍ਹਾਂ ਦੇ ਜੀਵ ਜੰਤੂ ਬਣ ਗਏ ।

ਇਸੇ ਲੜੀ ਵਿੱਚ ਸ੍ਰੀ ਮੋਨਟੀਵਾਲਟ (Sales Guyon Montivault) ਨੇ 1821 ਵਿੱਚ ਵਿਚਾਰ ਦਿੰਦਿਆ ਕਿਹਾ ਕਿ ਜੀਵਨ ਚੰਦਰਮਾ ਉਪਰੋਂ ਧਰਤੀ ਉੱਪਰ ਆ ਕੇ ਪਨਪਿਆ ਹੈ । ਕਾਫੀ ਦੇਰ ਤੱਕ ਲੋਕ ਇਹ ਮੰਨਦੇ ਰਹੇ ਕਿ ਜੀਵਨ ਟੁੱਟੇ ਹੋਏ ਤਾਰਿਆਂ (Meteorites) ਰਾਹੀਂ ਧਰਤੀ ਉੱਪਰ ਆ ਗਿਆ । ਇੰਗਲੈਂਡ ਦੇ ਕੁੱਝ ਵਿਗਿਆਨੀ ਅਤੇ ਭਾਰਤ ਦੇ ਵਿਗਿਆਨੀ (ਡਾਕਟਰ ਰਾਮਾ ਚੰਦਰਾ ਆਦਿਕ) ਵੀ ਇਹੋ ਮੰਨਦੇ ਹਨ ਕਿ ਛੋਟੇ ਛੋਟੇ ਜੀਵ ਪ੍ਰਾਹੁਣਿਆਂ ਵਾਂਗ ਉੱਪਰੋਂ ਆਏ ਅਤੇ ਸਾਡੀ ਧਰਤੀ ਦੇ ਮਾਲਕ ਬਣ ਗਏ ।

ਕਾਰਡਿਫ ਦੇ ਅਸਟਰੋਬਿਆਲੋਜੀ ਸੈਂਟਰ ਦੇ ਸਾਇੰਸਦਾਨ ਸ੍ਰੀ ਚੰਦਰਾ ਵਿਕਰਮਾਸਿੰਘਾ (Chandra Wickramsinghe) ਅਤੇ ਉਸ ਦੇ ਸਾਥੀ ਵਿਗਿਆਨੀ ਫਰੈਡ ਹੋਇਲ (Fred Hoyal) ਨੇ 1970 ਵਿੱਚ ਵਿਚਾਰ ਪੇਸ਼ ਕੀਤਾ ਕਿ "ਧਰਤੀ ਉੱਪਰਲਾ ਜੀਵਨ ਬ੍ਰਹਮੰਡ ਵਿੱਚਲੀ ਸਾਰੀ ਜੀਵਨ ਪ੍ਰਨਾਲੀ ਨਾਲ ਹਰ ਥਾਂ ਜੁੜਿਆ ਹੋਇਆ ਹੈ"।

## 5.2 ਪ੍ਰਕਿਰਤੀ ਹੀ ਜੀਵਨ ਬਣ ਗਈ

ਵਰਤਮਾਨ ਕਾਲ ਦੇ ਕੁੱਝ ਵਿਗਿਆਨੀ ਇਹ ਧਾਰਨਾ ਰੱਖਦੇ ਹਨ ਕਿ ਧਰਤੀ ਉੱਪਰਲਾ ਜੀਵਨ ਪਦਾਰਥ (Matter) ਤੋਂ ਹੀ ਉੱਨਤ ਹੋਇਆ । ਕਿਸੇ

[75] ਸਪੋਰ ਐਸੇ ਜੀਵਾਣੂ ਨੂੰ ਕਿਹਾ ਜਾਂਦਾ ਹੈ ਜੋ ਵਧ ਕੇ ਨਵਾਂ ਰੂਪ ਧਾਰਦਾ ਰਹਿੰਦਾ ਹੈ ਅਤੇ ਨਵਾਂ ਬਦਲਿਆ ਹੋਇਆ ਜੀਵਾਣੂ ਬਣਦਾ ਰਹਿੰਦਾ ਹੈ ।



ਤਰ੍ਹਾਂ [76] ਪਦਾਰਥ ਕੁੱਝ ਤੱਤਾਂ ਵਿੱਚ ਬਦਲ ਗਿਆ [77] ਤੇ ਇਸ ਵਿੱਚ ਜਾਨ ਪੈ ਗਈ। ਇਹ ਕਈ ਵਾਰ ਬਣਿਆ ਤੇ ਕਈ ਵਾਰ ਉੱਪਰੋਂ ਆਕਾਸ਼ੋਂ ਡਿਗਦੇ ਪੱਥਰਾਂ ਅਤੇ ਟੁੱਟਦੇ ਤਾਰਿਆਂ ਨਾਲ 4.5 ਸਾਲ ਤੱਕ ਤਬਾਹ ਬਰਬਾਦ ਹੁੰਦਾ ਰਿਹਾ । ਕੁੱਝ ਸਾਲ ਹੋਏ ਆਸਟ੍ਰੇਲੀਆ ਵਿੱਚ 3.5 ਬਿਲੀਅਨ ਸਾਲ ਪੁਰਾਣਾ ਹਰੀ ਜਲਬ (Green Algae) ਦਾ ਇੱਕ ਨਮੂਨਾ ਲੱਭਿਆ ਗਿਆ । ਇਸ ਤੋਂ ਬਾਅਦ ਗ੍ਰੀਨਲੈਂਡ ਵਿੱਚ 3.8 ਬਿਲੀਅਨ ਸਾਲ ਪੁਰਾਣਾ ਇੱਕ ਚਟਾਨ ਦਾ ਟੁਕੜਾ ਮਿਲਿਆ ਜਿੱਸ ਉੱਪਰ ਜੀਵਤ ਅਮੀਬਾ (Amoebae)[78] ਚਿੰਬੜੇ ਹੋਏ ਮਿਲੇ । ਇਸ ਤਰ੍ਹਾਂ ਅਮੀਬਾ ਨੂੰ ਹੌਲੀ ਹੌਲੀ ਮਨੁੱਖ (ਜਿਸ ਵਿੱਚ 100,000 ਬਿਲੀਅਨ ਸੈਲ ਹਨ) ਬਨਣ ਵਿੱਚ ਕਰੋੜਾਂ ਸਾਲ ਲੱਗੇ ।[79]

ਇਹ ਗੱਲ ਸਪਸ਼ਟ ਨਹੀਂ ਹੁੰਦੀ ਕਿ ਪਦਾਰਥ (Matter) ਕਿਸ ਤਰ੍ਹਾਂ ਕਲਾ, ਭਾਸ਼ਾਵਾਂ, ਸਾਹਿਤ ਅਤੇ ਧਰਮ ਆਦਿਕ ਸਿੱਖ ਗਿਆ । ਇਸ ਪੱਖ ਦੇ ਵਿਗਿਆਨੀ ਕਹਿੰਦੇ ਹਨ ਕਿ ਮਨੁੱਖ ਸਭ ਤੋਂ ਵੱਧ ਉਨੰਤ ਜੀਵ ਹੈ ਅਤੇ ਹੁਣ ਇਸ ਤੋਂ ਅੱਗੇ ਵਿਕਾਸ ਨਹੀਂ ਹੋਵੇਗਾ ਪਰ ਉਹ ਇਸ ਵਿਕਾਸ ਦੇ ਰੁਕਣ ਦਾ ਕੋਈ ਤਸੱਲੀ ਬਖਸ਼ ਕਾਰਨ ਵੀ ਨਹੀਂ ਦੱਸਦੇ ।

## 5.3 ਊਰਜਾ ਸਿਧਾਂਤ

ਇਸ ਸਿਧਾਂਤ ਵਾਲੇ ਵਿਗਿਆਨੀ ਮੰਨਦੇ ਹਨ ਕਿ 10 ਮਿਲੀਅਨ ਸਾਲ ਪਹਿਲਾਂ ਊਰਜਾ (Energy) ਕਿਸੇ ਪ੍ਰਕਾਰ ਪਦਾਰਥ ਵਿੱਚ ਬਦਲ ਗਈ ਜਿਸ ਤੋਂ ਸਾਡੀ ਧਰਤੀ ਬਣੀ । ਹੌਲੀਆਂ ਹੋਣ ਕਰਕੇ ਗੈਸਾਂ (Hydrogen, Oxygen and Carbon Dioxide ਆਦਿਕ) ਧਰਤੀ ਤੋਂ ਬਾਹਰ ਰਹੀਆਂ ਅਤੇ ਕੁੱਝ ਚਮਤਕਾਰੀ ਕਾਰਨਾਂ ਕਰਕੇ ਇਨ੍ਹਾਂ ਵਿੱਚ ਛੋਟੇ ਛੋਟੇ ਕੀਟਾਣੂਆਂ ਦੀ ਸ਼ਕਲ ਵਿੱਚ ਜੀਵਨ ਪੈਦਾ ਹੋ

[76] "To be forced to believe only one conclusion—that everything in the universe happened by chance—would violate the very objectivity of science itself .Certainly there are those who argue that universe evolved out of a random process, but what random process could produce brain of a man or the system of the human eye?" (Wernher Von Braun Director NASA Board of education California)

[77] ਜਾਨਦਾਰ ਚੀਜ਼ਾਂ ਵਿੱਚ ਪਰੋਟੀਨ ਅਤੇ ਨਿਊਕਲੀਅਕ ਐਸਿਡ ਜ਼ਰੂਰ ਹੁੰਦੇ ਹਨ ਜੋ ਇੱਕ ਦੂਜੇ ਦੇ ਵਿਰੋਧੀ ਹਨ। ਦੋ ਵਿਰੋਧੀ ਤੱਤ ਇੱਕੋ ਪਦਾਰਥ ਵਿੱਚੋਂ ਕਿਵੇਂ ਪੈਦਾ ਹੋਏ ?

[78] ਅਮੀਬਾ ਸਭ ਤੋਂ ਛੋਟਾ ਇੱਕ ਸੈਲ ਦਾ ਜੀਵ ਹੈ ਜੋ ਇੱਕ ਤੋਂ ਦੋ ਸੈਲ, ਦੋ ਤੋਂ ਚਾਰ ਸੈਲ ਹੁੰਦਾ ਹੋਇਆ ਵੱਧਦਾ ਜਾਂਦਾ ਹੈ । ਵਿਗਿਆਨੀ ਸਮਝਦੇ ਹਨ ਕਿ ਜੀਵਨ ਅਮੀਬਾ ਤੋਂ ਆਰੰਭ ਹੋ ਕੇ ਹੌਲੀ ਹੌਲੀ ਜੱਟਲ ਮਨੁੱਖੀ ਸਰੀਰ ਤੱਕ ਪਹੁੰਚ ਗਿਆ ।

[79] Anthropologists are not sure as to the time when this happened or when mankind became bipedal.

ਗਿਆ । ਇਹ ਸਿਧਾਂਤ ਅਠਾਰ੍ਹਵੀਂ ਸਦੀ ਵਿੱਚ ਖੂਬ ਪ੍ਰਚਲਤ ਰਿਹਾ ਤੇ ਦਲੀਲ ਇਹ ਦਿੱਤੀ ਜਾਂਦੀ ਸੀ ਕਿ ਦੇਖੋ ਮਾਸ ਵਿੱਚ ਸੁੰਡੀਆਂ ਬਗੈਰ ਆਂਡਿਆਂ ਤੋਂ ਹੀ ਪੈਦਾ ਹੋ ਜਾਂਦੀਆਂ ਹਨ । ਇਸ ਸਿਧਾਂਤ ਨੂੰ ਫ੍ਰਾਂਸ ਦੇ ਸ੍ਰੀ ਲੇਮਾਰਕ (Jean Baptise Lamarck) ਨੇ ਖੂਬ ਪਰਚਾਰਿਆ ਅਤੇ ਕਿਹਾ ਕਿ ਜੀਵਨ ਇੱਕ ਵਾਰ ਪੈਦਾ ਹੋ ਕੇ ਹਰ ਸਥਲ ਤੇ ਆਪਣੀ ਅਕਲ ਅਤੇ ਪ੍ਰਾਪਤ ਕੀਤੇ ਗੁਣ/ਅਉਗਣ ਆਉਣ ਵਾਲ਼ੀ ਨਸਲ ਨੂੰ ਦਿੰਦਾ ਜਾਂਦਾ ਹੈ ਅਤੇ ਆਉਣ ਵਾਲੀ ਪੀੜ੍ਹੀ ਪਿੱਛਲੀ ਪੀੜ੍ਹੀ ਨਾਲੋਂ ਉੱਨਤ ਹੁੰਦੀ ਤੁਰੀ ਜਾਂਦੀ ਹੈ ।

ਇਟਲੀ ਦੇ ਵਿਗਿਅਨੀ ਰੈਡੀ (Francesco Redi) ਨੇ 1688 ਵਿੱਚ ਇਹ ਸਿਧਾਂਤ ਝੂਠਾ ਸਾਬਤ ਕਰ ਦਿੱਤਾ । ਇਸਤੋਂ ਪਿੱਛੋਂ ਲੇਜ਼ਾਰੋ (Lazzaro Spallanzani) ਨੇ 1780 ਵਿੱਚ ਇਸ ਦੀ ਫੂਕ ਹੀ ਕੱਢ ਦਿੱਤੀ।

## 5.4 ਹਿਗਜ਼ ਬੋਸਨ ਸਿਧਾਂਤ

ਇਸ ਸਿਧਾਂਤ ਦਾ ਜ਼ਿਕਰ ਅਸੀਂ ਪਿੱਛੇ ਵੀ ਕਰ ਆਏ ਹਾਂ । ਇਸ ਅਨੁਸਾਰ ਜੀਵਨ ਅਤੇ ਪਦਾਰਥ ਇੱਕ ਬੋਸਨ ਨਾਂ ਦੇ ਮਹੀਨ ਕਣ ਤੋਂ ਪੈਦਾ ਹੋਏ ਮੰਨੇ ਜਾਂਦੇ ਹਨ। ਬੋਸਨ ਬਹੁਤ ਮਹੀਨ ਛੋਟੇ ਛੋਟੇ ਅਣਦਿਸਦੇ ਕਣ ਜਾਂ ਤ੍ਰਿਸ਼ੇਣ ਹਨ ਜੋ ਆਕਾਸ਼ ਵਿੱਚ ਅਤੇ ਪੁਲਾੜ ਵਿੱਚ ਘੁੰਮਦੇ ਫਿਰਦੇ ਹਨ । ਇਹ ਇੱਕ ਦੂਜੇ ਨਾਲ ਮਿਲ ਕੇ ਦੁਆਣਕ, ਤ੍ਰਾਣਕ ਆਦਿਕ ਬਣਦੇ ਰਹਿੰਦੇ ਹਨ ਤੇ ਇਸ ਤਰ੍ਹਾਂ ਵੱਡੇ ਹੁੰਦੇ ਜਾਂਦੇ ਹਨ ਅਤੇ ਅੰਤ ਪਦਾਰਥ ਵਿੱਚ ਤਬਦੀਲ ਹੋ ਜਾਂਦੇ ਹਨ । ਬੋਸਨ ਨੂੰ ਲੱਭਣ ਲਈ 9 ਬਿਲੀਅਨ ਪੌਂਡ ਖਰਚ ਕੇ ਸਰਨ (Cern)[80] ਵੱਲੋਂ ਟੈਵਾਟ੍ਰੋਨ (Tevatron) ਨਾਂ ਦੀ ਪ੍ਰਯੋਗਸ਼ਾਲਾ ਫ੍ਰਾਂਸ ਅਤੇ ਸਵਿਟਜ਼ਰਲੈਂਡ ਦੇਸ਼ਾਂ ਦੇ ਸੰਗਮ ਤੇ ਬਣਾਈ ਗਈ ਹੈ । ਇਸ ਪ੍ਰਯੋਗ ਵਿੱਚ 80 ਦੇਸ਼ਾਂ ਦੀਆਂ ਯੂਨੀਵਰਸਟੀਆਂ ਦੇ 7931 ਸਾਇੰਸਦਾਨ ਲੱਗੇ ਹੋਏ ਹਨ ਜੋ ਇਹ ਤਜਰਬਾ ਇਕ ਜ਼ਮੀਨ ਦੇ ਥੱਲੇ 100 ਮੀਟਰ ਹੇਠਾਂ ਬਣੀ 17 ਮੀਲ ਲੰਮੀ ਸੁਰੰਗ ਵਿੱਚ ਕਰ ਰਹੇ ਹਨ । ਇਹ ਸਿੱਕੇ (Lead- Plumbum) ਦੇ ਇਲਕਟ੍ਰੋਨਜ਼ ਨੂੰ ਪੋਜ਼ਿਟ੍ਰੋਨਜ਼ ਉੱਪਰ ਪ੍ਰਕਾਸ਼ ਦੀ ਗਤੀ (1,86,000 ਮੀਲ ਪ੍ਰਤੀ ਸਕਿੰਟ) ਨਾਲ ਟਕਰਾਉਣਗੇ । 10 ਸਤੰਬਰ 2008 ਨੂੰ ਇਹ ਪ੍ਰਯੋਗ ਆਰੰਭ ਕੀਤਾ ਗਿਆ ਜਿਸ ਦਿਨ ਇੱਕ ਪ੍ਰੋਟੋਨ ਨੂੰ ਸੁਰੰਗ ਵਿੱਚ ਪੂਰੀ ਗਤੀ ਨਾਲ ਘੁਮਾਣਾ ਸ਼ੁਰੂ ਕਰ ਦਿੱਤਾ ਗਿਆ।[81]

---

[80] CERN ਫ੍ਰਾਂਸੀਸੀ ਭਾਸ਼ਾ ਵਿੱਚ ਉਸ ਕੌਂਸਲ ਦਾ ਨਾਂ ਹੈ ਜੋ ਇਹ ਖੋਜ ਕਰ ਰਹੀ ਹੈ ।ਹੁਣੇ ਹੁਣੇ ਇਸ ਦਾ ਨਾਂ ਬਦਲ ਕੇ European Organisation for Particle Physics ਕਰ ਦਿੱਤਾ ਗਿਆ ਹੈ ।

[81] ਇਸ ਪ੍ਰਯੋਗ ਨੂੰ ਤਿਆਰ ਕਰਨ ਵਿੱਚ 10 ਸਾਲ ਲੱਗ ਗਏ ਹਨ । ਸਾਰੀ ਸੁਰੰਗ ਵਿੱਚ 2000 ਚੁੰਬਕ ਲਗਾਏ ਗਏ ਹਨ ਜਿੰਨ੍ਹਾਂ ਨੂੰ ¯270 ਡਿਗਰੀ ਤੇ ਠੰਢਾ ਰੱਖਿਆ ਗਿਆ ਹੈ ਤਾਂ ਜੋ ਪਰੋਟੋਨਜ਼ ਇਕ ਲਈਨ ਵਿੱਚ ਹੀ ਸਫਰ



## 5.5 ਸੂਗਰ ਸਿਧਾਂਤ

ਕੈਲੀਫੋਰਨੀਆਂ ਦੇ ਵਿਗਿਆਨੀ ਸ੍ਰੀ ਕੂਪਰ (George Cooper) ਨੇ 1933 ਵਿੱਚ ਮਰੇ ਨਾਂ ਦੀ ਝੀਲ ਵਿੱਚ ਡਿੱਗੇ ਅਤੇ 1969 ਵਿੱਚ ਆਸਟ੍ਰੇਲੀਆ ਦੀ ਵਿਕਟੋਰੀਆ ਝੀਲ ਵਿੱਚ ਡਿੱਗੇ ਟੁੱਟੇ ਤਾਰਿਆਂ ਦਾ ਅਧਿਐਨ ਕੀਤਾ । ਉਸ ਨੂੰ ਇਨ੍ਹਾਂ ਵਿੱਚੋਂ ਖੰਡ ਵਰਗਾ ਇੱਕ ਪਦਾਰਥ ਲੱਭਾ ਜਿਸ ਦਾ ਨਾਂ ਉਸ ਨੇ ਪੋਲੀਓਲ (Polyol) ਰੱਖਿਆ । ਪੋਲੀਓਲ ਜੀਵਨ ਦੇ ਬੁਨਿਅਦੀ ਤੱਤਾਂ ਪਰਜਨਨ ਪਦਾਰਥ (DNA)[82] ਦਾ ਇੱਕ ਜ਼ਰੂਰੀ ਭਾਗ ਹੁੰਦਾ ਹੈ । ਕੂਪਰ ਨੇ ਨਤੀਜਾ ਕੱਢਿਆ ਕਿ ਇੱਕ ਸਮੇਂ ਸੂਰਜ ਦੇ ਪ੍ਰਕਾਸ਼ ਨੇ ਪੋਲੀਓਲ ਵਿੱਚ ਰਸਾਇਣਕ ਕਿਰਿਆ ਦਾ ਮੁੱਢ ਬੰਨ੍ਹ ਦਿੱਤਾ ਜਿਸ ਤੋਂ ਗੈਸਾਂ ਪੈਦਾ ਹੋਈਆਂ ਅਤੇ ਹੌਲੀ ਹੌਲੀ ਜੀਵਨ ਹੋਂਦ ਵਿੱਚ ਆ ਗਿਆ । ਸਰ ਜੇਮਜ਼ ਜੀਨਜ਼ [83] ਵੀ ਇਹੋ ਮੰਨਦੇ ਹਨ ।

## 5.6 ਅਮੀਨੋ ਐਸਿਡ ਸਿਧਾਂਤ

ਇਸ ਸਿਧਾਂਤ ਅਨੁਸਾਰ ਜੀਵਨ ਗੈਸਾਂ ਤੋਂ ਬਣੇ ਅਮੀਨੋ ਐਸਿਡ ਤੋਂ ਪੈਦਾ ਹੋਇਆ । ਅਮੀਨੋ ਐਸਿਡ ਵਿੱਚ ਪਹਿਲਾਂ ਇੱਕ ਸੈਲ ਵਾਲੇ ਜੀਵ (ਪਰੋਟੋਜ਼ੋਆ) ਤੋਂ ਉੱਤਪਨ ਹੋਏ ਜੋ ਉੱਨਤ ਹੋਕੇ ਜੀਵਨ ਦਾ ਮੁੱਢ ਬਣੇ । 1953 ਵਿੱਚ ਏ ਡੀ ਸਟੈਨਲੇ (A.D.Stanley) ਅਤੇ ਹੈਰੋਲਡ ਯੂਰੇ (Harold Urey) ਨੇ ਪਾਣੀ, ਹਾਈਡ੍ਰੋਜਨ, ਮੀਥੇਨ ਅਤੇ ਅਮੋਨੀਆ ਤੋਂ ਇੱਕ ਮਾਲੀਕਿਊਲ ਬਣਾ ਕੇ ਉਸ ਨੂੰ 4 ਬਿਲੀਅਨ ਸਾਲ ਪਹਿਲਾਂ ਵਰਗੇ ਗਰਮ ਤਾਪ ਮਾਨ ਵਿੱਚ ਬਿਜਲੀ ਦਾ ਕ੍ਰੰਟ ਲਾਇਆ । ਇਸ ਤੋਂ ਸੱਚ ਮੁੱਚ ਹੀ ਅਮੀਨੋ ਐਸਿਡ ਅਤੇ ਕਈ ਹੋਰ ਰਸਾਇਣਕ ਪਦਾਰਥ ਪੈਦਾ ਹੋਏ ਜਿੰਨ੍ਹਾਂ ਵਿੱਚੋਂ ਕੁੱਝ ਇਨਸਾਨੀ ਸਰੀਰਾਂ ਵਿੱਚ ਹੀ ਮਿਲਦੇ ਹਨ। ਇਸ ਪ੍ਰਯੋਗ ਨੂੰ ਮਗਰੋਂ ਮੈਲਵਿਨ ਕਾਲਵਿਨ (Melvin Calvin) ਅਤੇ ਸਿਡਨੀ ਫੌਕਸ (Sydney Fox) ਨੇ ਦੁਹਰਾਇਆ ਤਾਂ ਉਹੀ ਨਤੀਜੇ ਨਿੱਕਲੇ । ਪਰ 1979 ਵਿੱਚ ਜੇ ਬਾਰਡ ( J. Bard) ਅਤੇ ਹੈਰਾਲਡ ਰਿਚੇ (Herald Reiche) ਨੇ ਉਹੋ ਜਿਹੇ ਹੀ ਤੱਤ ਪਲਾਟੀਨਮ ਅਤੇ

---

ਕਰਨ। ਸਾਰਾ ਪ੍ਰਯੋਗ ਸੁੰਨ (ਜਿੱਥੇ ਹਵਾ ਜਾ ਹੋਰ ਕੁੱਝ ਵੀ ਨਾ ਹੋਵੇ) ਵਿੱਚ ਕੀਤਾ ਜਾ ਰਿਹਾ ਹੈ । ਸਮੇਂ ਨੂੰ ਕ੍ਰੋੜਾਂ ਸਾਲ ਪਿੱਛੇ ਲਿਜਾਕੇ ਇਹ ਜਾਨਣ ਦਾ ਯਤਨ ਕੀਤਾ ਜਾ ਇਹਾ ਹੈ ਕਿ ਸੰਸਾਰ ਦੀ ਰਚਨਾ ਹੋਣ ਵੇਲੇ ਹਾਲਾਤ ਕਿਹੋ ਜਿਹੇ ਸਨ ਅਤੇ ਬੋਸਨ ਤ੍ਰਿਸ਼ਾਣੂ ਤੋਂ ਸੰਸਾਰ ਕਿਵੇਂ ਹੋਂਦ ਵਿੱਚ ਆਇਆ ।

[82] DNA was deciphered by James Watson and Francis Crick in 1953.This later led to molecular genetics around April 1976 and resulted in the discovery of gene-splitting technologies.

[83] "Our home in space came into being as a globe of hot gases on which no life of any kind could retain foothold." *Universe around us p.12)*

ਟਿਟੈਨੀਅਮ ਧਾਤਾਂ ਤੋਂ ਪੈਦਾ ਕਰਕੇ ਦਿਖਾ ਦਿੱਤੇ ਅਤੇ ਇਹ ਸਿਧਾਂਤ ਦਮ ਤੋੜ ਗਿਆ ।

## 5.7 ਕੋਲਰ ਸਿਧਾਂਤ

ਇਸ ਸਿਧਾਂਤ ਅਨੁਸਾਰ ਜੀਵਨ ਸਮੁੰਦਰ ਦੀ ਤਹਿ ਵਿੱਚੋਂ ਪੈਦਾ ਹੋਇਆ । ਇੱਕੋ ਸੈਲ ਰੱਖਣ ਵਾਲੇ ਕੋਲਰ ਨਾਂ ਦੇ ਜੀਵ ਸਮੁੰਦਰ ਦੀ ਤਹਿ ਵਿੱਚ ਉਗੱਮੇ । ਵਿਨਕੌਨਸਿਨ ਯੂਨੀਵਰਸਿਟੀ ਦੇ ਪ੍ਰੋਫੈਸਰ ਕੈਰੋਲ (Sean Carroll) ਅਤੇ ਉਸ ਦੇ ਸਾਥੀਆਂ ਨੇ ਕੋਲਰ ਬਾਰੇ ਖੋਜ ਕਰਕੇ ਦੱਸਿਆ ਕਿ ਪਹਿਲਾਂ ਇਹ ਪ੍ਰੋਟੋਜ਼ੋਆ ਬਣੇ ਜਿਨ੍ਹਾਂ ਤੋਂ 600 ਮਿਲੀਅਨ ਸਾਲ ਬਾਅਦ ਮੈਟਾਜ਼ੋਆ (Metazoa) ਬਣ ਗਏ ਤੇ ਇਸ ਤਰ੍ਹਾਂ ਜੀਵਨ ਦਾ ਚੱਕਰ ਚੱਲ ਪਿਆ ।

## 5.8 ਸਹਿਜ-ਵਿਕਾਸ ਸਿਧਾਂਤ (Theory of Evolution)

ਇਹ ਸਿਧਾਂਤ ਅਸਲ ਵਿੱਚ ਚਾਰਲਸ ਬੌਨਿਟ (1720-1793) ਨੇ ਆਪਣੀ ਪੁਸਤਕ A Scientifc Theory of Evolution ਵਿੱਚ ਪੇਸ਼ ਕੀਤਾ ਸੀ । ਬਾਅਦ ਵਿੱਚ ਇਸ ਨੂੰ ਚਾਰਲਸ ਲਾਇਲ (1797-1874) ਨੇ ਹੋਰ ਨਿਖਾਰਿਆ ਪਰ ਚਾਰਲਸ ਡਾਰਵਿਨ[84] ਨੂੰ ਇਸ ਸਿਧਾਂਤ ਦਾ ਕਰਤਾ ਧਰਤਾ ਮੰਨਿਆ ਜਾਂਦਾ ਹੈ । ਡਾਰਵਿਨ ਦਾ ਦਾਦਾ ਈਰੈਸਮਸ ਡਾਰਵਿਨ (Erasmus Darwin) ਅਤੇ ਉਸ ਦੇ ਫ੍ਰਾਂਸੀਸੀ ਮਿੱਤਰ ਸ੍ਰੀ ਬਫਨ (Comte de Buffon) ਨੇ 18ਵੀਂ ਸਦੀ ਵਿੱਚ ਸਿਧਾਂਤ ਪੇਸ਼ ਕੀਤਾ ਸੀ ਕਿ ਜੀਵਾਂ ਦੀਆਂ ਨਸਲਾਂ ਥੋੜ੍ਹੀਆਂ ਥੋੜ੍ਹੀਆਂ ਬਦਲਦੀਆਂ ਗਈਆਂ ਅਤੇ ਵੱਖੋ ਵੱਖਰੇ ਜੀਵ ਹੋਂਦ ਵਿੱਚ ਆ ਗਏ । ਪਿੱਛੋਂ ਲੇਮਾਰਕ (Jean Lamarck) ਨੇ ਵੀ ਇਸ ਸਿਧਾਂਤ ਦੀ ਪੁਸ਼ਟੀ ਕਰ ਦਿੱਤੀ । ਪਰ ਇਸ ਸਿਧਾਂਤ ਨੂੰ ਸਹੀ ਸਾਬਤ ਕਰਨ ਲਈ ਜੋ ਜ਼ੋਰ ਡਾਰਵਿਨ (Charles Darwin 1809-1882) ਨੇ ਲਾਇਆ ਉਹ ਹੋਰ ਕਿਸੇ ਨੇ ਨਹੀਂ ਲਾਇਆ । ਉਸ ਨੇ ਵਿਕਾਸਵਾਦ ਦੇ ਵਿਸ਼ੇ ਤੇ ਬੇ ਹੱਦ ਕੰਮ ਕੀਤਾ ਅਤੇ 1859 ਵਿੱਚ ਆਪਣਾ ਵਿਕਾਸਵਾਦ ਦਾ ਸਿਧਾਂਤ (Theory of Evolution) ਪੇਸ਼ ਕੀਤਾ ਜਿਸ ਨੇ ਸੰਸਾਰ ਨੂੰ ਚਕਿਤ ਕਰ ਦਿੱਤਾ ।

ਇਸ ਸਿਧਾਂਤ ਅਨੁਸਾਰ ਜੀਵ ਇੱਕ ਸੈਲ ਵਾਲੇ, ਛੋਟੇ ਛੋਟੇ ਜੀਵ ਜੰਤੂਆਂ ਅਤੇ ਬੂਟਿਆਂ ਤੋਂ ਉੱਨਤ ਹੋ ਕੇ ਬਣਿਆ ਤੇ ਕਈ ਟ੍ਰਿਲੀਅਨ ਸਾਲ ਤੱਕ ਬਦਲਦਾ

[84] ਡਾਰਵਿਨ ਸਕੂਲ ਵਿੱਚ ਪੜ੍ਹਣ ਵੇਲੇ ਬਹੁਤ ਧਾਰਮਿਕ ਖ਼ਿਆਲਾਂ ਦਾ ਸੀ ਅਤੇ ਉਸ ਨੇ ਧਾਰਮਿਕ ਵਿਦਿਆ ਬੜੇ ਚਾਅ ਨਾਲ ਪੜ੍ਹੀ ਸੀ । ਉਹ ਬਾਈਬਲ ਨੂੰ ਖ਼ੁਦਾਈ ਦੇਣ ਮੰਨਦਾ ਸੀ । ਆਪਣਾ ਸਿਧਾਂਤ ਪੇਸ਼ ਕਰਨ ਉਪਰੰਤ ਉਹ ਧਰਮ ਤੋਂ ਆਕੀ ਹੋ ਗਿਆ ਸੀ ।ਡਾਰਵਿਨ ਹਾਰਟ ਅਟੈਕ ਨਾਲ 1882 ਵਿੱਚ ਚਲਾਣਾ ਕਰ ਗਿਆ । ਇਹ Kent ਦੇ ਰਹਿਣ ਵਾਲਾ ਸੀ ।



ਬਦਲਦਾ ਮਨੁੱਖ ਦੀ ਸ਼ਕਲ ਵਿੱਚ ਆ ਗਿਆ । ਇਹ ਸਿਧਾਂਤ ਵਿਕਾਸ ਦੇ ਤਿੰਨ ਅਸੂਲ ਮੰਨਦਾ ਹੈ।

ਪਹਿਲਾ:- ਜੀਵ ਇੱਕ ਨਸਲ ਤੋਂ ਦੂਜੀ ਵਿੱਚ ਬਦਲਦਾ ਬਦਲਦਾ ਨਵੀਂ ਨਸਲ ਨੂੰ ਕੁਝ ਨਵੇਂ ਵਿਲਖਸ਼ਣ ਦੇ ਜਾਂਦਾ ਰਿਹਾ।

ਦੂਜਾ:- ਵਿਕਾਸ ਲੱਖਾਂ ਸਾਲਾਂ ਵਿੱਚ ਹੋਇਆ ਤੇ ਹਰ ਰੋਜ਼ ਹੁੰਦਾ ਹੀ ਰਹਿੰਦਾ ਹੈ । ਪੁਰਾਣੇ ਮਰ ਚੁਕੇ ਜੀਵਾਂ ਦਾ ਖੁਰਾ ਖੋਜ ਲੱਭਣਾ ਸੌਖਾ ਨਹੀਂ । ਮਹੱਤਵਪੂਰਣ ਪ੍ਰੀਵਰਤਨ ਦੇਰ ਬਾਅਦ ਨਜ਼ਰ ਪੈਂਦੇ ਹਨ।

ਤੀਜਾ:- ਸੰਸਾਰ ਦੇ ਸਭ ਜੀਵ ਜੰਤੂ ਇੱਕੋ ਮੁੱਢ ਤੋਂ ਪੈਦਾ ਹੋਏ ਹਨ ਅਤੇ ਰਿਸ਼ਤੇਦਾਰ ਹਨ ।

(The World Book Encyclopaedia Vol. 6 page 330)

ਵਿਕਾਸਵਾਦ (Theory of Evolution) ਦਾ ਸਿਧਾਂਤ ਜੀਵਨ ਦੀ ਉੱਤਪਤੀ ਬਾਰੇ ਕੁਝ ਨਹੀਂ ਦੱਸਦਾ। ਇਹ ਕੇਵਲ ਪ੍ਰਾਣੀ ਦੇ ਪੈਦਾ ਹੋਣ ਜਾਂ ਜੰਤੂਆਂ ਵਿੱਚ ਜੀਵਨ ਰੌ ਦੇ ਚੱਲਣ ਤੋਂ ਬਾਅਦ ਦੀਆਂ ਗੱਲਾਂ ਕਰਦਾ ਹੈ । ਇਹ ਨਾਂ ਤਾਂ ਜੀਵਨ ਦੇ ਆਰੰਭ ਹੋਣ ਦਾ ਸਰੋਤ ਦੱਸਦਾ ਹੈ ਅਤੇ ਨਾਂ ਹੀ ਇਸ ਦੇ ਪਾਣੀ ਵਿੱਚੋਂ ਉੱਗਮਣ ਬਾਰੇ ਕੁੱਝ ਕਹਿੰਦਾ ਹੈ। ਡਾਰਵਿਨ ਅਨੁਸਾਰ ਮਨੁੱਖ ਕਈ ਬਿਲੀਅਨ ਸਾਲਾਂ ਦੇ ਵਿਕਾਸ (Macro-Evolution) ਤੋਂ ਬਾਅਦ ਹੁਣ ਵਾਲੀ ਹਾਲਤ ਵਿੱਚ ਪਹੁੰਚਿਆ ਹੈ ਅਤੇ ਅਮੀਬਾ[85] ਤੋਂ ਆਰੰਭ ਹੋ ਕੇ ਕਈ ਜੀਵਾਂ ਜੰਤਾਂ ਦੀਆਂ ਸ਼ਕਲਾਂ ਧਾਰਦਾ ਹੋਇਆ ਅੱਜ ਦੀ ਸ਼ਕਲ ਵਿੱਚ ਆਇਆ ਹੈ । ਉਸ ਅਨੁਸਾਰ ਇਨਸਾਨ *ਰਾਮਾਫਿਥੇਕਸ*[86] ਦੀ ਅਗਲੀ ਸ਼ਕਲ ਹੈ ਜਾਣੀ ਕਿ ਬਾਂਦਰਾਂ ਦੀ ਨਸਲ ਵਿੱਚ ਬਾਂਦਰਾਂ ਦਾ ਭਰਾ ਹੈ।

ਇਸ ਸਿਧਾਂਤ ਦਾ ਸੰਸਾਰ ਉੱਪਰ ਇਨ੍ਹਾਂ ਪ੍ਰਭਾਵ ਪਿਆ ਕਿ 1996 ਵਿੱਚ ਪੋਪ ਜੌਨ ਪਾਲ ਨੇ ਵੀ ਇਹ ਸਿਧਾਂਤ ਸਹੀ ਹੋਣਾ ਪ੍ਰਵਾਨ ਕਰ ਲਿਆ । ਪਰ ਸਾਰੇ ਕੈਥੋਲਿਕ ਲੋਕਾਂ ਵਿੱਚ ਅਜੇ ਵੀ ਇਸ ਸਿਧਾਂਤ ਉੱਪਰ ਬਹਿਸ ਚੱਲ ਰਹੀ ਹੈ।

[85] Mr. Ledyard Stebbins calculated that it would take nearly 20,000 generations for a small animal like a mouse (Mus Musculus) to become an 8-ton heavy and 13 feet high elephant.

[86] ਬਾਂਦਰ ਦੀ ਸ਼ਕਲ ਦਾ ਇੱਕ ਮਨੁੱਖ (ਹਿੰਦੂਆਂ ਦੇ ਹਨੂਮਾਨ ਵਰਗਾ) ਜਿਸ ਦੀਆਂ ਹੱਡੀਆਂ ਭਾਰਤ ਵਿੱਚ ਸ਼ਿਵਾਲਕ ਦੀਆਂ ਪਹਾੜੀਆਂ ਤੇ ਲੱਭੀਆਂ ਸਨ । ਖਿਆਲ ਕੀਤਾ ਜਾਂਦਾ ਸੀ ਕਿ ਇਹ ਹੱਡੀਆਂ 8 ਤੋਂ 14 ਮਿਲੀਅਨ ਸਾਲ ਪਹਿਲਾਂ ਰਹਿੰਦੇ ਜੀਵ ਦੀਆਂ ਸਨ । 1980 ਵਿੱਚ ਮਾਲੀਕਿਊਲਰ ਬਿਆਲੋਜੀ ਰਾਹੀਂ ਖੋਜ ਕਰਕੇ ਪਤਾ ਲੱਗਿਆ ਕਿ ਇਹ ਹੱਡੀਆਂ ਪੁਰਾਤਨ ਮਨੁਖ (Homo Sapien) ਦੀਆਂ ਨਹੀਂ ਸਨ ।

## 5.9 ਡੀ ਵਰਾਈ ਦਾ ਮਿਊਟੇਸ਼ਨ ਸਿਧਾਂਤ

ਹਾਲੈਂਡ ਨਿਵਾਸੀ ਡੀ ਵਰਾਈ (De Vries) ਨੇ ਡਾਰਵਿਨ ਦੇ ਸਿਧਾਂਤ ਦੀ ਪੁਸ਼ਟੀ ਕਰਦਿਆ ਕਿਹਾ ਕਿ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜੀਵਾਂ ਦੇ ਸਰੀਰ ਵਿੱਚ ਆਲੇ ਦੁਆਲੇ ਜਾਂ ਵਾਤਾਵਰਣ ਦੇ ਪ੍ਰਭਾਵ ਨਾਲ ਥੋੜ੍ਹਾ ਥੋੜ੍ਹਾ ਫ਼ਰਕ ਪੈਂਦਾ ਜਾਂਦਾ ਹੈ । ਇਸ ਨੂੰ ਮਿਊਟੇਸ਼ਨ ਕਿਹਾ ਗਿਆ ।

ਡਾਰਵਿਨ ਅਤੇ ਡੀ ਵਰਾਈ ਦੇ ਸਿਧਾਂਤਾਂ ਨੇ ਸੰਸਾਰ ਦੀ ਸੋਚਣੀ ਤੇ ਬੇ ਹੱਦ ਪ੍ਰਭਾਵ ਪਾਇਆ ਹੈ ਇਸ ਲਈ ਇੰਨ੍ਹਾਂ ਬਾਰੇ ਇੱਥੇ ਕੁੱਝ ਵਿਚਾਰ ਕਰ ਲੈਣੀ ਜ਼ਰੂਰੀ ਹੈ ।

## ਇਨ੍ਹਾਂ ਸਿਧਾਂਤਾਂ ਬਾਰੇ ਵਿਚਾਰ:

### 1. ਨਿਰਜੀਵ ਦਾ ਜੀਵਾਣੂ ਵਿੱਚ ਬਦਲਨਾ

ਨਿਰਜੀਵ ਪਦਾਰਥ ਦਾ ਅਚਾਨਕ ਕਿਸੇ ਵਜ੍ਹਾ ਕਰਕੇ ਜਾਨਦਾਰ ਬਣ ਜਾਣਾ ਕੋਈ ਮੰਨਣ ਵਾਲੀ ਗੱਲ ਨਹੀਂ ਪਰ ਅੱਜ ਦਾ ਧਰਮ ਤੋਂ ਮੁੱਖ ਮੋੜਨ ਵਾਲਾ ਵਿਗਿਆਨੀ ਇਹੋ ਕਹਿੰਦਾ ਹੈ । ਵਿਗਿਆਨੀ ਕਰਨ ਤੇ ਕਾਰਨ (Cause and Effect) ਨੂੰ ਮੰਨਦੇ ਹਨ ਪਰ ਇਹ ਨਹੀਂ ਦੱਸ ਰਹੇ ਕਿ ਪਹਿਲਾਂ ਜੋ ਸੈੱਲ (Cell) ਹੋਂਦ ਵਿੱਚ ਆਇਆ ਉਸ ਦਾ ਕਾਰਨ (Cause) ਕੀ ਸੀ ।

ਇੱਕ ਜੀਵਤ ਕੋਸ਼ਕਾ (Cell) ਅੱਜ ਦੇ ਕੰਪਿਊਟਰ ਦੀ ਮਸ਼ੀਨਰੀ ਨਾਲੋਂ ਵੀ ਕਈ ਗੁਣਾ ਵਧੇਰੇ ਗੁੰਝਲਦਾਰ ਹੁੰਦਾ ਹੈ ਤੇ ਅਸੀਂ ਸੁੱਤੇ ਸਿੱਧ ਹੀ ਇਹ ਗੱਲ ਕਹਿ ਦਿੰਦੇ ਹਾਂ ਕਿ ਜੀਵਨ ਇੱਕ ਕੋਸ਼ਕਾ ਵਾਲੇ ਅਮੀਬਾ ਤੋਂ ਸ਼ੁਰੂ ਹੋਇਆ ਜੋ ਕਿ ਕਿਸੇ ਢੰਗ ਨਾਲ ਪਦਾਰਥ ਦੇ ਬਦਲਣ ਨਾਲ[87] ਹੋਂਦ ਵਿੱਚ ਆ ਗਿਆ ਸੀ । ਕੀ ਇਸੇ ਤਰ੍ਹਾਂ ਅਸੀਂ ਇਹ ਗੱਲ ਮੰਨ ਸਕਦੇ ਹਾਂ ਕਿ ਪਦਾਰਥ ਆਪਣੇ ਆਪ ਹੀ ਕੰਪਿਊਟਰ ਬਣ ਬੈਠਾ ਜਾਂ ਅਮਰੀਕਾ ਦੀ ਮਿੱਟੀ ਇੱਕ ਦਿਨ ਅਚਾਨਕ ਹੀ ਐਮਪਾਇਰ ਸਟੇਟ ਬਿਲਡਿੰਗ ਬਣ ਗਈ? ਉਪ੍ਰੋਕਤ ਸਿਧਾਂਤਾਂ ਨੂੰ ਵਾਚਣ ਤੋਂ ਬਾਅਦ ਜਾਨ ਕਲੋਵਰ (John Clover) ਲਿਖਦਾ ਹੈ, "ਬੰਦੇ ਵੱਲੋਂ ਸਿਰਜੀ ਸਾਦਾ ਤੋਂ ਸਾਦਾ ਮਸ਼ੀਨ ਵੀ ਕਿਸੇ ਨਾ ਕਿਸੇ ਨੇ ਬਣਾਈ ਹੁੰਦੀ ਹੈ । ਹਜ਼ਾਰਾਂ ਗੁਣਾ ਵੱਧ ਜਟਲ ਤੇ ਗੁੰਝਲਦਾਰ

[87] " What rationale makes some physicists accept the inconceivable electron as real while refusing to accept the reality of a Designer on the ground that they cannot conceive of Him? (*The collapse of Evolution – 1997 Scott House. Page 159-60)*



ਜੀਵਤ ਕੋਸ਼ਕਾ (ਸੈਲ)[88] ਬਾਰੇ ਕਿਵੇਂ ਮੰਨ ਲਿਆ ਜਾਵੇ ਕਿ ਉਹ ਆਪ ਹੀ ਹੋਂਦ ਵਿੱਚ ਆ ਗਿਆ?" (*The evidence of God in an expanding Universe-* John Clover p.176). ਕਿਧਰੇ ਕਿਧਰੇ ਡਾਰਵਿਨ ਆਪ ਵੀ ਮੰਨ ਜਾਂਦਾ ਰਿਹਾ ਕਿ ਅਜਿਹਾ ਹੋਣਾ ਅਸੰਭਵ ਹੈ।[89]

ਰਾਈਸ ਯੂਨੀਵਰਸਿਟੀ ਦੇ ਪ੍ਰੋਫੈਸਰ ਏਕਰਜ਼ (Dr. W.W. Akers) ਅਤੇ ਹੋਰ ਕਈ ਵਿਦਵਾਨਾਂ ਨੇ ਵੀ ਇਹੋ ਉਟੰਕਣ ਕੀਤਾ ਹੈ ਕਿ ਐਨਾ ਗੁੰਝਲਦਾਰ ਸੈੱਲ ਆਪਣੇ ਆਪ ਹੋਂਦ ਵਿੱਚ ਨਹੀਂ ਆ ਸਕਦਾ ।[90] ਇਹ ਸੰਭਵ ਹੀ ਨਹੀਂ ਕਿ ਨਿਰਜੀਵ ਪਦਾਰਥ ਆਪਣੇ ਆਪ ਹੀ ਜਿਉਂਦਾ ਜਾਗਦਾ ਕੋਸ਼ਕਾ (Cell) ਬਣ ਕੇ ਸਾਹ ਲੈਣ ਲੱਗ ਜਾਵੇ ਅਤੇ ਫੇਰ ਲੱਖਾਂ ਹੀ ਸ਼ਕਲਾਂ ਵਿੱਚ ਵਿਚਰਦਾ ਹੋਇਆ ਸਾਰੇ ਸੰਸਾਰ ਵਿੱਚ ਫੈਲ ਜਾਵੇ। ਭਲਾ ਕੋਈ ਦੱਸ ਸਕਦਾ ਹੈ ਕਿ ਨਿਰਜੀਵ ਪਦਾਰਥ ਨੇ ਉੱਡਣਾ ਕਦੋਂ ਸਿੱਖਿਆ ਅਤੇ ਮਿੱਟੀ ਤੋਂ ਅਚਾਨਕ ਬਣੇ ਪੰਛੀ ਹਜ਼ਾਰਾਂ ਮੀਲ ਉੱਡ ਕੇ ਬਿਨਾਂ ਰਾਹ ਗੁੰਮ ਹੋਇਆਂ ਆਪਣੇ ਟਿਕਾਣੇ ਤੇ ਕਿਸ ਦੀ ਦਿੱਤੀ ਮੱਤ ਨਾਲ ਪੁੱਜਣ ਲੱਗ ਪਏ ?[91] ਭ੍ਰਮਣਕਾਰੀ ਪੰਛੀ (Migratory Birds) ਹਰ ਸਾਲ ਲੱਖਾਂ ਮੀਲਾਂ ਦਾ ਸਫਰ ਕਰਕੇ ਇੱਕ ਖਾਸ ਦਿਨ ਹੀ ਕਿਉਂ ਆਸਟ੍ਰੇਲੀਆ ਪੁੱਜ ਜਾਂਦੇ ਹਨ । ਚਿੱਟੇ ਗਲੇ ਵਾਲੇ

[88] "To grasp the reality of life as it has been revealed by molecular biology we must magnify a cell a thousand million times until it is twenty kilometers in diameter and resembles a giant airship large enough to cover a great city like London or New York.What we would then see would be an object of unparalleled complexity and adaptative design"( *A theory in crisis* by Dr. Michael Denton).The human body contains roughly 10,000,000,000,000, cells. According to John Whitecomb The DNA information in just one cell is roughly equivalent to 100 million pages of Encyclopaedia Brittanica.(The Early earth 1972 page 79)

[89] Darwin himself was not not very sure. He wrote:"To suppose that the eye, with all its inimitable contrivances for adjusting the focus to different distances, for admitting different amounts of light, and for the correction of spherical and chromatic aberration, could have been formed by natural selection seems, I freely confess, absurd in the highest possible degree." (Darwin 1872)

[90] "The body is the ultimate in technological perfection. Almost any machine you can dream up, no matter how sophisticated- you can look into the body and find one better." (Sanfrancisco examiner and chronicle September 11,1966) " The nervous system of a single fish, with all its various nerve ganglia and fibres is more complex than London's telephone Exchange."(*Natural History November 1961)*

[91] "ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ" (ਪੰਨਾ 10) 30 ਜੂਨ 1996 ਨੂੰ ਇਕ ਪੰਛੀ ਨੂੰ ਨਿਸ਼ਾਨ ਲਾ ਕੇ ਫਿਨਲੈਂਡ ਵਿੱਚ ਛੱਡਿਆ ਗਿਆ । 1997 ਵਿੱਚ ਉਹ ਆਸਟ੍ਰੇਲੀਆ ਦੇ ਰੋਤਾਮਾਹ ਟਾਪੂ ਤੇ 16150 ਮੀਲ਼ ਦਾ ਸਫਰ ਕਰਕੇ ਸਮੁੰਦਰਾਂ ਦੇ ਉਤੋਂ ਦੀ ਉਡਦਾ ਪਹੁੰਚ ਗਿਆ ।ਅੱਜ ਦਾ ਵਿਗਿਆਨੀ ਮਨੁੱਖ ਵੀ ਆਪਣੇ ਜਹਾਜ਼ ਨੂੰ ਜੰਤਰਾਂ ਬਿਨਾਂ ਸਮੁੰਦਰ ਉੱਪਰੋਂ ਦੀ ਨਹੀਂ ਲਿਜਾ ਸਕਦਾ ।

ਵਾਰਬਲਰ (White Throated Warbler) ਹਰ ਸਾਲ ਜਰਮਨੀ ਤੋਂ ਅਫ਼ਰੀਕਾ ਜਾਂਦੇ ਹਨ ਅਤੇ ਬੱਚਿਆਂ ਨੂੰ ਪਿੱਛੇ ਛੱਡ ਜਾਂਦੇ ਹਨ।ਕੁੱਝ ਹਫਤਿਆਂ ਬਾਅਦ ਬੱਚੇ ਉਡਾਰੀ ਮਾਰ ਕੇ ਹਜ਼ਾਰਾਂ ਮੀਲ ਸਮੁੰਦਰਾਂ ਉਪਰੋਂ ਦੀ ਉੱਡ ਕੇ ਆਪਣੇ ਮਾਪਿਆਂ ਨੂੰ ਜਾ ਮਿਲਦੇ ਹਨ । ਕੋਈ ਨਹੀਂ ਜਾਣਦਾ ਕਿ ਇਹ ਕਿਵੇਂ ਰਾਹ ਲੱਭਦੇ ਹਨ ਅਤੇ ਕਿਵੇਂ ਐਨ ਟਿਕਾਣੇ ਪਹੁੰਚ ਜਾਂਦੇ ਹਨ । ਉੱਤਰੀ ਅਮਰੀਕਾ ਦੇ ਗੋਲਡਨ ਪਲੋਵਰ (Golden Plover) ਨਾਂ ਦੇ ਪੰਛੀ 2400 ਮੀਲ ਦਾ ਸਫਰ ਕਰ ਕੇ ਹਰ ਸਾਲ ਬ੍ਰਾਜ਼ੀਲ ਅਤੇ ਅਰਜਨਟਾਇਨਾ ਜਾਂਦੇ ਹਨ ਅਤੇ ਸਾਲ ਬਾਅਦ ਵਾਪਸ ਆਪਣੇ ਘਰ ਪੁੱਜ ਜਾਂਦੇ ਹਨ । ਇਹ ਹੈਰਾਨ ਕਰ ਦੇਣ ਵਾਲੀਆਂ ਸਿਫਤਾਂ ਕਿਸੇ ਅਗੰਮੀ ਸ਼ਕਤੀ ਤੋਂ ਬਿਨਾਂ ਪੰਛੀਆਂ ਵਿੱਚ ਕਦੋਂ ਅਤੇ ਕਿਵੇਂ ਪੈਦਾ ਹੋਈਆਂ? ਹੈਰਾਨੀ ਹੈ ਕਿ ਇਹ ਪੰਛੀ ਕਿਵੇਂ ਅੰਦਾਜ਼ਾ ਲਾ ਲੈਂਦੇ ਹਨ ਕਿ ਉੱਡਦੇ ਹੋਏ ਉਹ ਥੱਕ ਕੇ ਅੱਧ ਵਿੱਚਾਲੇ ਹੀ ਸਮੁੰਦਰ ਵਿੱਚ ਨਹੀਂ ਡਿਗ ਪੈਣਗੇ । ਇਹ ਬਗੈਰ ਕਿਸੇ ਯੰਤਰ ਤੋਂ ਸਮੁੰਦਰਾਂ ਉੱਪਰ ਰਾਹ ਕਿਵੇਂ ਲੱਭ ਲੈਂਦੇ ਹਨ ?

ਸਾਮਨ ਮੱਛੀਆਂ ਦਰਿਆਵਾਂ ਵਿੱਚ ਜੰਮਦੀਆਂ ਪਲਦੀਆਂ ਹਨ ਪਰ ਜਵਾਨ ਹੁੰਦੇ ਹੀ ਦਰਿਆਵਾਂ ਦੇ ਪਾਣੀ ਨਾਲ ਖ਼ਾਰੇ ਸਮੁੰਦਰ ਵਿੱਚ ਚਲੀਆਂ ਜਾਂਦੀਆਂ ਹਨ। ਕਈ ਸਾਲ ਸਮੁੰਦਰ ਵਿੱਚ ਗੁਜ਼ਾਰ ਕੇ ਮੁੜ ਦਰਿਆਵਾਂ ਦੇ ਵਹਾ ਦੇ ਉਲਟ ਹਜ਼ਾਰਾਂ ਮੀਲਾਂ ਦਾ ਸਫਰ ਕਰਕੇ ਆਪਣੇ ਟਿਕਾਣੇ ਤੇ ਘਰ ਆ ਕੇ ਆਂਡੇ ਦਿੰਦੀਆਂ ਹਨ ਅਤੇ ਮਰ ਜਾਂਦੀਆਂ ਹਨ । ਇਹੋ ਸਫ਼ਰ ਫ਼ੇਰ ਇੰਨ੍ਹਾਂ ਦੇ ਬੱਚੇ ਆਰੰਭ ਕਰ ਦਿੰਦੇ ਹਨ । ਇਹ ਮੱਛੀ ਅਜਿਹਾ ਕਿਉਂ ਕਰਦੀ ਹੈ ਅਤੇ ਦਰਿਆਵਾਂ ਦੇ ਪਾਣੀ ਵਿਰੁੱਧ ਤਰਨ ਦੀ ਬੇਹੱਦ ਸ਼ਕਤੀ ਇਸ ਵਿੱਚ ਕਿਥੋਂ ਆ ਜਾਂਦੀ ਹੈ ? ਕੀ ਇਹ ਮੰਨਿਆ ਜਾ ਸਕਦਾ ਹੈ ਕਿ ਮਿੱਟੀ ਆਪੇ ਹੀ ਮੱਛੀ ਬਣ ਗਈ ਅਤੇ ਉਸ ਵਿੱਚ ਆਪੇ ਹੀ ਸਾਲਾਂ ਮਗਰੋਂ ਆਪਣੇ ਟਿਕਾਣੇ ਲੱਭਣ ਦੀ ਅੰਤ੍ਰਯਾਮਤਾ ਵੀ ਪੈਦਾ ਹੋ ਗਈ ? ਇਸੇ ਤਰਾਂ ਐਂਗਲਰ ਫਿਸ਼ (Angler Fish) ਅਤੇ ਡੀਕੋਏ ਫਿਸ਼ ( Decoy Fish) ਜੋ ਧੋਖੇ ਨਾਲ ਸ਼ਿਕਾਰ ਮਾਰਦੀਆਂ ਹਨ ਨੇ ਅਜਿਹਾ ਧੋਖੇ ਵਾਲਾ ਵਿਵਹਾਰ ਕਿਥੋਂ ਸਿੱਖਿਆ? ਜਾਨਵਰਾਂ ਨੂੰ ਆਲ੍ਹਣੇ ਬਨਾਉਣ ਜਾਂ ਸ਼ਹਿਦ ਦੀਆਂ ਮੱਖੀਆਂ ਨੂੰ ਸਹੀ ਸਹੀ ਛੇ ਕੋਨੇ (Hexago-nal) ਸਟੋਰ ਛੱਤੇ ਵਿੱਚ ਬਣਾਉਣੇ ਕਿਸ ਨੇ ਸਿਖਾ ਦਿੱਤੇ? ਫੇਰ ਮਿੱਟੀ ਹੁਣ ਕਿਧਰੇ ਵੀ ਜਾਨਦਾਰ ਬਣਦੀ ਨਹੀਂ ਦੇਖੀ ਗਈ ਕਿਉਂ?

ਅਜੇ ਤੱਕ ਇਹ ਵੀ ਨਹੀਂ ਪਤਾ ਲੱਗਿਆ ਕਿ ਜੇ ਸਭ ਜੀਵ ਇੱਕੋ ਸੋਤੇ (Source) ਤਥਾ ਮੁੱਢ ਤੋਂ ਪੈਦਾ ਹੋਏ ਹਨ ਤਾਂ ਇੰਨ੍ਹਾਂ ਦੇ ਪਰਜਨਨ ਪਦਾਰਥ (DNA) ਵਿੱਚ ਫਰਕ ਕਿਉਂ ਹੈ ਅਤੇ ਇਹ ਫਰਕ ਕਦੋਂ ਅਤੇ ਕਿਉਂ ਪਿਆ? ਸੰਸਾਰ



ਦੇ ਜਾਨਵਰਾਂ ਕੋਲ ਕੁੱਝ ਨਾ ਕੁੱਝ ਸਮਝ ਵੀ ਹੈ ਜਿਸ ਨਾਲ ਉਹ ਆਪਣੀਆਂ ਛੋਟੀਆਂ ਛੋਟੀਆਂ ਬੀਮਾਰੀਆਂ ਦਾ ਆਪ ਹੀ ਇਲਾਜ ਕਰ ਲੈਂਦੇ ਹਨ ।[92] ਇਹ ਸਮਝ ਕਿੱਥੋਂ ਆਈ? ਸ੍ਰੀ ਬਰਗਸਨ (Mr. Bergson) ਨੇ ਇਸ ਸਿਧਾਂਤ ਨੂੰ ਨਿਰਮੂਲ ਦੱਸਿਆ ਕਿਉਂਕਿ ਦਿਮਾਗ ਅਤੇ ਮਨ ਦੀ ਸਿਰਜਣਾ ਤਾਂ ਅੱਜ ਦਾ ਕੋਈ ਚੋਟੀ ਦਾ ਸਾਇੰਸਦਾਨ ਵੀ ਨਹੀਂ ਕਰ ਸਕਿਆ ਇਹ ਆਪਣੇ ਆਪ ਹੀ ਨਿਰਜੀਵ ਪਦਾਰਥ ਵਿੱਚ ਪੈਦਾ ਹੁੰਦੇ ਕਿਵੇਂ ਮੰਨੇ ਜਾ ਸਕਦੇ ਹਨ?

## 2. ਜੀਵ-ਜਾਤੀਆਂ (Species) ਦਾ ਵਿਕਾਸ

ਡਾਰਵਿਨ ਦਾ ਸਿਧਾਂਤ ਅਸੀਂ ਪਿੱਛੇ ਪੜ੍ਹ ਆਏ ਹਾਂ । ਇਸ ਵਿੱਚ ਦੋ ਸਪੱਸ਼ਟ ਉਕਾਈਆਂ ਹਨ । ਪਹਿਲੀ ਇਹ ਕਿ ਹੁਣ ਪੁਰਾਤਨ ਬਦਲਦੀਆਂ ਜਾਤੀਆਂ ਵਿੱਚੋਂ ਕੋਈ ਵੀ ਨਹੀਂ ਮਿਲਦੀ ਅਤੇ ਦੂਸਰੀ ਇਹ ਕਿ ਚਿਮਪੈਂਜ਼ੀ, ਗੋਰੀਲਾ ਜਾਂ ਬਾਂਦਰਾਂ ਦੀ ਸ਼ਕਲ ਕਿਸੇ ਹੱਦ ਤੱਕ ਭਾਵੇਂ ਬੰਦੇ ਨਾਲ ਮਿਲਦੀ ਜੁਲਦੀ ਹੈ ਤਾਂ ਵੀ ਇੰਨ੍ਹਾਂ ਵਿੱਚ ਬਹੁਤ ਅੰਤਰ ਹੈ । ਵਿਚਾਰ ਕੇ ਦੇਖਿਆ ਜਾਵੇ ਤਾਂ ਬੰਦੇ ਦੀ ਸਰੀਰਕ ਬਣਤਰ ਇੰਨ੍ਹਾਂ ਨਾਲ ਮਿਲਣ ਦੀ ਥਾਂ ਡੱਡੂ ਨਾਲ ਬਹੁਤੀ ਮਿਲਦੀ ਹੈ । ਇਹ ਵੀ ਸਹੀ ਹੈ ਕਿ ਬਾਂਦਰ ਅਤੇ ਬੰਦੇ ਦੇ ਵਿੱਚਕਾਰਲੀ ਕੜੀ ਅਜੇ ਤੱਕ ਕਿਧਰੋਂ ਵੀ ਨਹੀਂ ਮਿਲੀ ।[93] ਡਾਰਵਿਨ ਪੱਖੀਆਂ ਨੇ ਈਓਪਸ (ਇਕ ਲੂੰਬੜੀ ਵਰਗਾ ਕੁੱਤੇ ਕੁ ਜਿੱਡਾ ਜਾਨਵਰ) ਨੂੰ ਐਕੁਈਨ (ਇੱਕ ਛੋਟਾ ਜਿਹਾ ਘੋੜਾ) ਨਾਲ ਮਿਲਾਣ ਦਾ ਯਤਨ ਕੀਤਾ ਪਰ ਕਿਸੇ ਦੇ ਮਨ ਗੱਲ ਨਹੀਂ ਲੱਗੀ ।[94] ਅਜੇ ਤੱਕ ਵੀ ਇਸ ਗੱਲ ਦਾ ਉੱਤਰ ਨਹੀਂ ਮਿਲਿਆ ਕਿ ਬੁਨਿਆਦੀ ਸੈਲ ਨੇ ਆਪਣਾ ਆਕਾਰ ਹੁਣ ਤੱਕ ਕਿਉਂ ਨਹੀਂ ਬਦਲਿਆ ਅਤੇ ਹਰ ਕਿਸਮ ਦੇ ਵੱਖੋ ਵੱਖਰੇ ਜੀਵਾਂ ਦੇ ਜਨਨ ਕਣ (Genes ਜੀਨਜ਼) ਵੱਖੋ ਵੱਖਰੇ

---

[92] ਰਿੱਛ ਤੇ ਹਾਥੀ ਕਦੀ ਕਦੀ ਮਿੱਟੀ ਕਿਉਂ ਖਾਂਦੇ ਹਨ? ਕੁੱਤੇ ਘਾਹ ਖਾ ਕੇ ਉਲਟੀਆਂ ਕਿਉਂ ਕਰਦੇ ਹਨ? ਪਸ਼ੂਆਂ ਨੂੰ ਇਹ ਅਕਲ ਕਿਸ ਨੇ ਦਿੱਤੀ ਕਿ ਜੰਗਲ਼ਾਂ ਵਿੱਚ ਉਗੀ ਬਨਾਸਪਤੀ ਵਿੱਚੋਂ ਕਿਹੜਾ ਬੂਟਾ ਖਾਣਾ ਹੈ ਅਤੇ ਕਿਹੜਾ ਜ਼ਹਿਰੀਲਾ ਹੈ ? ਕੋਈ ਵੀ ਪਸ਼ੂ ਅੱਕ ਦੇ ਬੂਟੇ ਨੂੰ ਕਿਉਂ ਨਹੀਂ ਖਾਂਦਾ ਪਰ " ਅਕ ਸਿਉ ਪ੍ਰੀਤਿ ਕਰੇ ਅਕ ਤਿਡਾ, ਅੱਕ ਡਾਲੀ ਬਹਿ ਖਾਇ"?( ਪੰਨਾ 1286) ਸਮੁੰਦਰ ਵਿੱਚਲੇ ਇੱਕ ਸੈਲ਼ ਵਾਲੇ ਜੀਵ ਕਿਉਂ ਇਕੱਠੇ ਹੀ ਹਰ 23 ਘੰਟੇ ਬਾਅਦ ਪਾਣੀ ਦੇ ਉੱਪਰਲੇ ਤਲ ਤੇ ਆਕੇ ਇਕੱਠੇ ਹੋ ਕੇ ਚਮਕਦੇ ਹਨ ?( ਪੜ੍ਹੋ; *How animals keep themselves well* by Weidenfield and Nicholson)

[93] "No one has discovered a fossil creature that is indisputably transitional between one species and another specieis. Not a single undisputed ~missing link' has been found in all the exposed rocks of the earth's crust despite the most careful and extensive searches."(Shattering the myths of Darwinism by Milton Pages 253-254)

[94] "The uniform continuous transformation of Hydracotherium (ancestor of horse) into Equus (modern horse) never happened in nature" (Life of the past 1953 page 119)

ਹੀ ਕਿਉਂ ਰਹੇ ? ਸਦੀਆਂ ਤੋਂ ਬਿੱਲੀ ਬਿੱਲੀ ਹੀ ਰਹੀ ਤੇ ਚੂਹਾ ਚੂਹਾ ਹੀ ਕਿਉਂ ਰਿਹਾ?

ਡਾਰਵਿਨ ਇੱਕ ਹੋਰ ਗੱਲ ਵੀ ਕਹਿੰਦਾ ਹੈ ਕਿ ਤਕੜਾ ਜਾਨਵਰ ਹੀ ਜਿਉਂਦਾ ਰਹਿੰਦਾ ਹੈ ਅਤੇ ਕਮਜ਼ੋਰ ਜਾਨਵਰ ਖ਼ਤਮ ਹੋ ਜਾਂਦਾ ਹੈ । ਇਸ ਨੂੰ ਨੈਚਰੁਲ ਸੀਲੈਕਸ਼ਨ (Natural Selection) ਜਾਂ ਥਿਉਰੀ ਆਫ ਦਾ ਸਰਵਾਈਵਲ ਆਫ ਦਾ ਫਿੱਟੈਸਟ (Theory of the survival of the fittest) ਕਿਹਾ ਜਾਂਦਾ ਹੈ । ਪਰ ਅਸੀਂ ਦੇਖਦੇ ਹਾਂ ਕਿ ਘੋੜਾ ਅਤੇ ਗਾਂ ਦੋਵੇਂ ਹੀ ਘਾ ਖਾਂਦੇ ਹਨ ਪਰ ਘੋੜੇ ਨੇ ਤਾਂ ਹਾਲਾਤ ਅਨੁਸਾਰ ਮੁਹਰਲੇ ਉਪਰਲੇ ਦੰਦ ਬਣਾ ਲਏ ਪਰ ਗਾਂ ਨੇ ਆਪਣੇ ਆਪ ਨੂੰ ਹਾਲਾਤ ਅਨੁਸਾਰ ਨਾ ਢਾਲਿਆ ਤਾਂ ਵੀ ਦੋਵੇਂ ਅੱਜ ਜੀਵਤ ਹਨ ਅਤੇ ਇੰਨ੍ਹਾਂ ਦੇ ਬੱਚੇ ਰਹਿਣ ਦੇ ਚਾਨਸ ਵੀ ਇੱਕੋ ਜਿਹੇ ਹਨ ।[95] ਅਸੀਂ ਇਹ ਵੀ ਦੇਖਿਆ ਹੈ ਕਿ ਕਈ ਪੰਛੀ ਫਲ ਖਾਂਦੇ ਹਨ ਪਰ ਸਭ ਨੇ ਬਚੇ ਰਹਿਣ ਲਈ ਇੱਕੋ ਜਿਹੀਆਂ ਚੁੰਝਾਂ ਨਹੀਂ ਬਣਾਈਆਂ ਸਗੋਂ ਇੱਕੋ ਜਾਤੀ ਵਿੱਚ ਕਈ ਛੋਟੀਆਂ ਵੱਡੀਆਂ ਪਰਜਾਤੀਆਂ ਅੱਖਾਂ, ਕੰਨ, ਕੱਦ, ਪੂਛਾਂ ਆਦਿਕ ਵੱਖੋ ਵੱਖ ਰਖ ਕੇ ਵੀ ਜੀਵਤ ਹਨ । ਕੁੱਤੇ ਨੂੰ ਹੀ ਲੈ ਲਵੋ ਇਸ ਦੀਆਂ ਘੱਟੋ ਘੱਟ ਸੌ ਦੇ ਕਰੀਬ ਨਸਲਾਂ ਹਨ ਪਰ ਛੋਟੇ ਵੱਡੇ ਸਭ ਕੁੱਤੇ ਜੀਵਤ ਵੀ ਹਨ ਅਤੇ ਆਪਣੀ ਆਪਣੀ ਨਸਲ ਵੀ ਵਧਾਈ ਤੁਰੇ ਜਾ ਰਹੇ ਹਨ ।

ਡਾਰਵਿਨ ਅਨੁਸਾਰ ਮਾਦਾ ਜੀਵਾਂ (Females) ਨੇ ਸੰਸਾਰ ਦੇ ਬਨਣ ਤੋਂ ਕਰੋੜਾਂ ਸਾਲਾਂ ਬਾਅਦ ਹਾਲਾਤ ਨੂੰ ਮੁੱਖ ਰੱਖ ਕੇ ਲੋੜ ਪੈਣ ਤੇ ਹੀ ਥਣ (ਮੁੱਮੇ) ਪੈਦਾ ਕੀਤੇ ਹੋਣਗੇ ਪਰ ਪੁੱਛਿਆ ਜਾ ਸਕਦਾ ਹੈ ਕਿ ਜੇ ਮਾਦਾ ਜੀਵ ਥਣਾਂ ਤੋਂ ਬਿਨਾਂ ਹੀ ਬੱਚੇ ਪਾਲ ਲੈਂਦੀ ਸੀ ਤਾਂ ਥਣਾਂ ਦੀ ਲੋੜ ਹੀ ਕਿਉਂ ਪਈ? ਜੇ ਕਰ ਥਣ ਬੱਚੇ ਪਾਲਣ ਲਈ ਜ਼ਰੂਰੀ ਹੁੰਦੇ ਹਨ ਤਾਂ ਅੱਜ ਵੀ ਅਨੇਕਾਂ ਜਾਨਵਰ ਥਣਾਂ ਤੋਂ ਬਿਨਾਂ ਹੀ ਕਿਵੇਂ ਬੱਚੇ ਪੈਦਾ ਕਰਦੇ ਅਤੇ ਪਾਲ ਲੈਂਦੇ ਹਨ? ਜੇ ਕਰ ਔਲਾਦ ਪੈਦਾ ਕਰਨ ਲਈ ਹੀ ਨਰ ਅਤੇ ਮਾਦਾ ਲਿੰਗਾਂ ਦੀ ਲੋੜ ਸੀ ਤਾਂ ਅਮੀਬਾ ਵਰਗੇ ਹੋਰ ਅਨੇਕਾਂ ਜੀਵ ਅਤੇ ਬਨਸਪਤੀ ਜਿਨ੍ਹਾਂ ਦੇ ਕਾਮੁਕ ਲਿੰਗ ਹੁੰਦੇ ਹੀ ਨਹੀਂ ਕਿਵੇਂ ਔਲਾਦ ਪੈਦਾ ਕਰ ਰਹੇ ਹਨ ਅਤੇ ਅਜੇ ਵੀ ਵਧੀ ਫੁੱਲੀ ਜਾ ਰਹੇ ਹਨ? Survival of the fittest ਸਿਧਾਂਤ ਅਨੁਸਾਰ ਇੱਕ ਅੰਨ੍ਹੇ ਬੰਦੇ ਦੀ ਪ੍ਰਗਤੀ ਵਿੱਚ ਅਗਲੀ ਔਲਾਦ ਪੈਦਾ ਕਰਨ ਸਬੰਧੀ ਰੁਕਾਵਟ ਪੈਣੀ ਚਾਹੀਦੀ ਹੈ ਅਤੇ ਅਗਲੀ ਔਲਾਦ ਵੀ ਅੰਨ੍ਹੀ ਹੀ ਪੈਦਾ ਹੋਣੀ ਚਾਹੀਦੀ

[95] ਇਨਸਾਨ ਅਤੇ ਬਿੱਲੀਆਂ ਸਦਾ ਤੋਂ ਧਰਤੀ ਉਪਰ ਰਹਿ ਰਹੇ ਹਨ । ਬਿੱਲੀਆਂ ਰਾਤ ਨੂੰ ਦੇਖ ਸਕਦੀਆਂ ਹਨ ਪਰ ਇਨਸਾਨ ਨੇ ਅਜੇ ਤੱਕ ਰਾਤ ਨੂੰ ਦੇਖਣਾ ਨਹੀਂ ਸਿੱਖਿਆ ਭਾਵੇਂ ਇਸ ਕੋਲ ਦਿਮਾਗ਼ ਵੱਡਾ ਹੈ । ਕੀ ਇਨਸਾਨ Evolution ਵਿੱਚ ਬਿੱਲੀਆਂ ਤੋਂ ਪਿੱਛੇ ਹੈ ?



ਹੈ ਪਰ ਐਸਾ ਹੁੰਦਾ ਨਹੀਂ ।

"ਵਿਕਾਸਵਾਦ ਵਡੇਰੀ ਉਮਰ ਦੇ ਲੋਕਾਂ ਲਈ ਇੱਕ ਕਲਪਤ ਪਰੀ-ਕਹਾਣੀ ਹੈ। ਵਿਗਿਆਨ ਦੀ ਪ੍ਰਗਤੀ ਵਿੱਚ ਇਸ ਦਾ ਕੋਈ ਯੋਗ ਸਥਾਨ ਨਹੀਂ । ਇਹ ਬਿਲਕੁਲ ਨਿਰਮੂਲ ਤੇ ਫ਼ਜ਼ੂਲ ਸਿਧਾਂਤ ਹੈ" (Louis Bounoure Director Strasbourg Zoological Musum) । ਵਿਗਿਆਨੀ ਸੋਰੇਨ ਲਵਟਰੱਪ (Soren Lovtrup) ਲਿਖਦੇ ਹਨ, "I believe that one day the Darwinian myth will be ranked the greatest deceit in the history of science" (Darwinism: The refutation of a myth, 1987 page 422)

## 3 ਪ੍ਰੀਵਰਤਿਤ ਉਤਪੱਤੀ (Mutation) ਦਾ ਸਿਧਾਂਤ

ਇਹ ਸਿਧਾਂਤ ਡਾਰਵਿਨ ਦੇ ਸਿਧਾਂਤ ਨਾਲੋਂ ਵੀ ਚੰਗਾ ਮੰਨਿਆ ਜਾਂਦਾ ਸੀ । ਇਸ ਸਿਧਾਂਤ ਅਨੁਸਾਰ ਇਹ ਮੰਨਿਆ ਗਿਆ ਸੀ ਕਿ ਛੋਟੀਆਂ ਛੋਟੀਆਂ ਬੇਮਲੂਮ ਬਦਲੀਆਂ ਸਰੀਰਾਂ ਵਿੱਚ ਹੁੰਦੀਆਂ ਰਹਿੰਦੀਆਂ ਹਨ (ਜਿਵੇਂ ਕਿਸੇ ਦੀਆਂ ਪੰਜ ਦੀ ਥਾਂ 6 ਉਂਗਲਾਂ ਉੱਗ ਖੜੋਣ-ਛਾਂਗੇ)[96] ਤੇ ਇਹ ਬਦਲੀਆਂ ਇੱਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਵਿੱਚ ਤੁਰਦੀਆਂ ਜਾਂਦੀਆਂ ਹਨ । ਇਸ ਤਰ੍ਹਾਂ ਨਵੀਆਂ ਨਸਲਾਂ ਪੈਦਾ ਹੋ ਜਾਂਦੀਆਂ ਹਨ । ਇਸ ਅਨੁਸਾਰ ਤਾਂ ਇਹ ਵੀ ਮੰਨਣਾ ਪਵੇਗਾ ਕਿ ਪਹਿਲਾਂ ਮੱਛੀਆਂ ਦੇ ਟੰਗਾਂ ਨਹੀਂ ਸਨ ਤੇ ਹੌਲੀ ਹੌਲੀ ਕਿਸੇ ਕਾਰਨ ਮੱਛੀ ਦੇ ਟੰਗਾਂ ਨਿੱਕਲ ਆਈਆਂ ਅਤੇ ਉਹ ਮੱਛੀ ਹੌਲੀ ਹੌਲੀ ਹਾਥੀ ਬਣ ਗਈ । ਫੇਰ ਹਾਥੀ ਨੇ ਹੋਰ ਕਮਾਲ ਕਰ ਵਿਖਾਈ ਉਸ ਨੇ ਆਪਣੀ ਪੂਛ, ਬਾਹਰਲੇ ਵੱਡੇ ਦੰਦ, ਸੁੰਡ ਅਤੇ ਲੱਤਾਂ ਤਿਆਗ ਦਿੱਤੀਆਂ ਅਤੇ ਉਹ ਬੰਦਾ ਬਣ ਗਿਆ (ਬੰਦਾ ਇਸ ਕੜੀ ਵਿੱਚ ਸਭ ਤੋਂ ਅਖੀਰ ਬਣਿਆ ਮੰਨਿਆ ਜਾਂਦਾ ਹੈ) । ਅਜਿਹੇ ਨਿਖਸ਼ੇਪਣ (Devolution) ਨੂੰ ਵਿਕਾਸ (Evolution) ਕਿਵੇਂ ਕਿਹਾ ਜਾ ਸਕਦਾ ਹੈ ? ਫੇਰ ਜੇਕਰ ਸਭ ਜੀਵ ਜੰਤੂ ਇੱਕੋ ਹੀ ਸਰੋਤ ਤੋਂ ਵਿਕਾਸ ਕਰਕੇ ਡਾਰਵਿਨ ਦੇ ਸਿਧਾਂਤ ਅਨੁਸਾਰ ਬਣੇ ਹਨ ਤਾਂ ਪਸ਼ੂਆਂ ਅਤੇ ਬੂਟਿਆਂ ਦੇ ਵਿਕਾਰਲਾ ਜੀਵ (ਜੋ ਅੱਧਾ ਪਸ਼ੂ ਅਤੇ ਅੱਧਾ ਬੂਟਾ ਹੋਵੇ) ਕਿਧਰੋਂ ਵੀ ਅੱਜ ਤੱਕ ਕਿਉਂ ਉਪਲਬਧ ਨਹੀਂ? ਇੱਕ ਸਮੇਂ ਫਿੱਟ ਹੋ ਚੁੱਕੇ ਮਹਾਂ ਸ਼ਕਤੀਵਾਨ

[96] ਉਂਗਲਾਂ ਦੇ ਬਹੁਤੇ ਹੋਣ ਨੂੰ Polydactyl ਕਿਹਾ ਜਾਂਦਾ ਹੈ । ਕਈ ਵਾਰ ਦੋ ਸਿਰਾਂ ਵਾਲੇ ਬੱਚੇ ਜੰਮ ਪੈਂਦੇ ਹਨ। ਗ੍ਰੀਸ ਵਿੱਚ ਮੈਂ ਇੱਕ ਬੱਕਰਾ ਦੇਖਿਆ ਜਿਸ ਦੀਆਂ ਪੰਜ ਟੰਗਾਂ ਸਨ । ਦੋ ਮੂੰਹੇ ਸੱਪ ਵੀ ਭਾਰਤ ਵਿੱਚ ਦੇਖੇ ਗਏ ਹਨ। "The results of such copying errors are tragically familiar.In body cells,faulty replication,shows itself as cancer.In sexual cells ,faulty reproduction of whole chromosomes number 21 results in a child with Down's syndrome" ( Shattering the myths of Darwinism by Richard Milton 1997 page 156)

ਡਾਇਨੋਸੋਰਜ਼ ਵਰਗੇ ਜੀਵ ਕਿਉਂ ਖ਼ਤਮ ਹੋ ਗਏ ਜਦ ਕਿ ਕੀੜੀ ਵਰਗੇ ਛੋਟੇ ਛੋਟੇ ਜੀਵ ਅਜੇ ਵੀ ਬੇ ਹੱਦ ਗਿਣਤੀ ਵਿੱਚ ਕੁਰਬਲ ਕੁਰਬਲ ਕਰਦੇ ਫਿਰਦੇ ਹਨ ?

ਇਹ ਗੱਲ ਵੀ ਮੰਨਣਯੋਗ ਨਹੀਂ ਕਿ ਮਿਊਟੇਸ਼ਨ ਹਮੇਸ਼ਾ ਵਿਕਾਸ਼ ਵੱਲ ਹੀ ਲੈ ਜਾਂਦੀ ਹੈ। ਨੋਬਲ ਪਰਾਈਜ਼ ਵਿਨਰ (1946) ਮਿਸਟਰ ਮੱਲਰ (Mr. H.J.Muller)[97] ਕਹਿੰਦੇ ਹਨ, "ਚੰਗੀਆਂ ਮਿਊਟੇਸ਼ਨਾਂ ਤਾਂ ਉਂਗਲਾਂ ਤੇ ਹੀ ਗਿਣੀਆਂ ਜਾ ਸਕਦੀਆਂ ਹਨ ਪਰ ਨੁਕਸਾਨ ਦੇਣ ਵਾਲੀਆਂ ਮਿਊਟੇਸ਼ਨਾਂ ਦਾ ਤਾਂ ਕੋਈ ਅੰਤ ਹੀ ਨਹੀਂ"। ਥਿਲਿਡੋਮਾਈਡ ਦਵਾਈ ਦੇ ਪ੍ਰਯੋਗ ਨਾਲ ਮਿਊਟੇਸ਼ਨ ਰਾਹੀਂ ਅੰਗਹੀਣ ਬੱਚੇ ਪੈਦਾ ਹੋਣ ਲੱਗ ਪਏ । 1956 ਵਿੱਚ ਸ਼ਹਿਦ ਦੀਆਂ ਮੱਖੀਆਂ ਵਿੱਚ ਮਿਊਟੇਸ਼ਨ ਹੋਈ ਤਾਂ ਉਨ੍ਹਾਂ ਨੇ ਤਬਾਹੀ ਹੀ ਮਚਾ ਦਿੱਤੀ । ਇਹ ਗੱਲ ਤਾਂ ਸਭ ਜਾਣਦੇ ਹਨ ਕਿ ਕੀੜੀਆਂ ਜਦ ਖੰਭ ਕੱਢ ਲੈਂਦੀਆਂ ਹਨ ਤਾਂ ਉਨ੍ਹਾਂ ਦਾ ਜੀਵਨ ਲੰਮੇਰਾ ਨਹੀਂ ਹੁੰਦਾ ਸਗੋਂ ਉਹ ਛੇਤੀ ਹੀ ਕੁਦਰਤੀ ਮੌਤ ਆਉਣ ਤੋਂ ਪਹਿਲਾਂ ਮਰ ਜਾਂਦੀਆਂ ਹਨ ਤੇ Survival of the Fittest ਦੇ ਸਿਧਾਂਤ ਨੂੰ ਗਲਤ ਸਾਬਤ ਕਰਦੀਆਂ ਹਨ ।

ਅਖੀਰ ਵਿਗਿਆਨੀ ਇਹ ਮੰਨਣ ਲੱਗ ਪਏ ਹਨ ਕਿ ਵਿਦਵਾਨਾਂ ਵੱਲੋਂ ਪੇਸ਼ ਕੀਤੇ ਗਏ ਸਿਧਾਂਤ ਪੂਰੀ ਤਸੱਲੀ ਨਹੀਂ ਕਰਵਾ ਸਕਦੇ । ਉਨ੍ਹਾਂ ਵੱਲੋਂ ਵੀ ਇਹੋ ਕਿਹਾ ਜਾਣ ਲੱਗ ਪਿਆ ਹੈ ਕਿ ਬ੍ਰਹਮੰਡ ਵਿੱਚ ਜੀਵਨ ਦਾਤਾ ਵੀ ਕੋਈ ਅਦਿੱਖ ਸ਼ਕਤੀਵਾਨ ਹੈ ਜਿਸ ਨੂੰ ਆਮ ਭਾਸ਼ਾ ਵਿੱਚ ਰੱਬ ਕਿਹਾ ਜਾਂਦਾ ਹੈ ।[98]

ਜੀਵ ਉਤਪਤੀ ਕੇਵਲ ਸੰਸਾਰ ਬਨਾਉਣ ਵਾਲੇ ਦੀ ਹੋਂਦ ਨੂੰ ਮੰਨਕੇ ਹੀ ਸਮਝੀ ਜਾ ਸਕਦੀ ਹੈ । (ਪਾਸਕਲ)[99]

"ਸਾਨੂੰ ਸਿਧਾਂਤਵਾਦ ਤੋਂ ਅੱਗੇ ਲੰਘ ਕੇ ਮੰਨ ਲੈਣਾ ਚਾਹੀਦਾ ਹੈ ਕਿ ਇਸ ਸਭ ਕਾਸੇ ਦਾ ਕਾਰਨ ਸਿਰਜਣਹਾਰ ਹੈ । ਮੈਨੂੰ ਪਤਾ ਹੈ ਕਿ ਭੌਤਕਵਾਦੀਆਂ ਅਤੇ ਮੇਰੇ ਲਈ ਵੀ ਇਹ ਮੰਨਣਾ ਇੱਕ ਹਊਆ ਹੈ ਪਰ ਤਾਂ ਵੀ ਸਾਨੂੰ ਉਹ ਸਿਧਾਂਤ ਜੋ ਸਾਨੂੰ

[97] "Most mutations are bad, in fact good ones are so rare that we may consider them all as bad" (*Time* November 11,1946 p.96)

[98] ਆਕਸਫੋਰਡ ਤੋਂ ਪੜ੍ਹਿਆ ਐਂਟੋਨੀ ਫਲਿਊ (Anotony Flew) ਸਾਰੀ ਉਮਰ ਨਾਸਤਕ ਰਿਹਾ ਅਤੇ ਉਸ ਨੇ 10 ਤੁਰਤ ਵਿਕਣ ਵਾਲੀਆਂ ਕਿਤਾਬਾਂ ਵੀ ਲਿਖੀਆਂ ਕਿ ਰੱਬ ਨਹੀਂ ਹੈ ਪਰ ਅੰਤ ਧਾਰਮਿਕ ਹੋ ਗਿਆ ਅਤੇ ਲਿਖ ਗਿਆ, "What I think the DNA material has done is to show that intelligence must have been involved in getting these extraordinarily diverse elements together. The enormous complexity by which the results were achieved look to me like the work of intelligence."

[99] "Divine creation is the only possible initiator of life" Luis Pasteur *Scientific American 1965 p.52)*



ਮਨਜ਼ੂਰ ਨਹੀਂ ਪਰ ਪ੍ਰਯੋਗ ਰਾਹੀਂ ਠੀਕ ਸਿੱਧ ਹੁੰਦਾ ਹੈ ਤਿਆਗ ਨਹੀਂ ਦੇਣਾ ਚਾਹੀਦਾ ਹੈ"। (ਮ.ਲਿਪਸਨ)[100]

ਨੋਟ:-ਕੈਨਸਾਸ ਬੋਰਡ ਨੇ ਅਗਸਤ 1999 ਅਤੇ ਇਲੀਨੋਆਸ ਨੇ ਉਸੇ ਸਾਲ ਅਕਤੂਬਰ ਵਿੱਚ ਡਾਰਵਿਨ ਦੇ ਸਿਧਾਂਤ ਨੂੰ ਸਕੂਲਾਂ ਵਿੱਚ ਪੜ੍ਹਾਉਣਾ ਬੰਦ ਕਰ ਦਿੱਤਾ। 5 ਨਵੰਬਰ 1999 ਨੂੰ ਓਕਲਾਹੋਮਾ ਨੇ ਇਸ ਨੂੰ ਪਾਠ ਪੁਸਤਕਾਂ ਵਿੱਚੋਂ ਕੱਢ ਦਿੱਤਾ । 23.8.2002 ਨੂੰ ਓਹਾਇਓ ਵਿੱਚ ਇਸ ਵਿਸ਼ੇ ਤੇ ਕਾਨਫਰੰਸ ਹੋਈ ਅਤੇ ਡਾਰਵਿਨ ਦੇ ਸਿਧਾਂਤ ਨੂੰ "ਗ਼ਲਤ ਤੇ ਖ਼ਤਰਨਾਕ" ਸਿੱਧ ਕੀਤਾ ਗਿਆ ਅਤੇ ਪੁਸਤਕਾਂ ਵਿੱਚੋਂ ਕੱਢਣ ਦੀ ਸਿਫਾਰਸ਼ ਕੀਤੀ ਗਈ।

"Creationism should be taught in science lessons, say teachers. A third of science teachers believe that God had a role in the creation of the universe and pupils should be encouraged to debate it alongside the theory of evotution………….. One science teacher (of Southampton University) told the university researchers, ~Human beings were created by a divine being pretty much in their present form' (Daily Telegraph dated 20.9.2008)

## 4 ਜਨਣ ਅੰਗਾਂ ਦੀ ਅਦਲਾ ਬਦਲੀ ਨਾਲ ਨਵੀਆਂ ਨਸਲਾਂ ਦੀ ਉੱਤਪਤੀ

ਪੰਜਾਬ ਵਿੱਚ ਕਹਾਵਤ ਹੈ 'ਮਾਂ ਪੁਰ ਧੀ ਪਿਤਾ ਪੁਰ ਘੋੜਾ'। ਭਾਵ ਕਿ ਮਾਤਾ ਪਿਤਾ ਦੀ ਅੰਸ਼ ਸੁਭਾਵਕ ਹੀ ਪੁੱਤਰਾਂ ਧੀਆਂ ਵਿੱਚ ਕਾਇਮ ਰਹਿੰਦੀ ਹੈ । ਇਸ ਦੇ ਰਹਿਣ ਦਾ ਕਾਰਨ ਹੈ ਮਾਤਾ ਅਤੇ ਪਿਤਾ ਦੇ ਜੀਨਜ਼ (Genes ਜਨਨ ਕਣ) ਜੋ ਬੱਚਾ ਆਪਣੇ ਮਾਤਾ ਪਿਤਾ ਤੋਂ ਪ੍ਰਾਪਤ ਕਰਦਾ ਹੈ । ਇਹ ਜਨਨ ਕਣ (ਜੀਨਜ਼) ਤਾਂ ਭਾਵੇਂ ਉਵੇਂ ਕਿਵੇਂ ਹੀ ਰਹਿੰਦੇ ਹਨ ਪਰ ਇਨ੍ਹਾਂ ਦੀ ਤਰਤੀਬ ਵਿੱਚ ਫਰਕ ਆ ਜਾਂਦਾ ਹੈ ਜਿਸ ਕਾਰਨ ਬੱਚਾ ਇੱਕ ਨਵਾਂ ਅਤੇ ਅਦੁੱਤੀ ਵਿਅਕਤੀ ਹੋ ਨਿਬੜਦਾ ਹੈ । ਅੱਜ ਕੱਲ ਇੱਕ ਨਸਲ ਦਾ ਕਿਸੇ ਦੂਸਰੀ ਨਸਲ ਨਾਲ ਲਿੰਗ ਸੰਯੋਗ ਕਰਕੇ ਨਵੀਆਂ ਨਸਲਾਂ ਪੈਦਾ ਕਰਨ ਦੀ ਵਿਧੀ ਆਮ ਹੋ ਗਈ ਹੈ । ਕਿਹਾ ਜਾਂਦਾ ਹੈ ਕਿ ਖੋਤੇ ਅਤੇ ਘੋੜੀ

[100] "I think however that we should go further than this and admit that the only accepted explanation is creation. I know that it is an anathema to physicists, as it is to me, but we must not reject a theory that we do not like if the experimental evidence proves it." (H.J.Lipson *Physics Bulletin 1980 Vol.31 p.138)*

ਦੇ ਮੇਲ ਤੋਂ ਖੱਚਰ ਪੈਦਾ ਕਰ ਲਈ ਜਾਂਦੀ ਹੈ । ਦਰਅਸਲ ਖੱਚਰ ਕੋਈ ਨਵੀਂ ਨਸਲ/ਪ੍ਰਜਾਤੀ (Species) ਨਹੀਂ ਹੈ ਕਿਉਂਕਿ ਖੋਤੇ ਅਤੇ ਘੋੜੇ ਦਾ ਜਾਤੀ (*Genus)*[101] ਫੇਰ ਵੀ ਇੱਕੋ ਹੈ । ਨਵੀਂ ਨਸਲ ਤਾਂ ਉਸ ਹਾਲਤ ਵਿੱਚ ਹੀ ਮੰਨੀ ਜਾ ਸਕਦੀ ਹੈ ਜਦ *ਜਾਤੀ (Genus)* ਬਦਲ ਜਾਵੇਂ ਜਿਵੇਂ ਕੁੱਤੇ ਅਤੇ ਬੱਕਰੀ ਦੇ ਸੰਯੋਗ ਤੋਂ ਬਿੱਲੀ ਬਣ ਜਾਵੇ। ਕੁਦਰਤ ਵੀ ਇਸ ਤਰਾਂ ਦੀ ਕਰਾਸਬ੍ਰੀਡਿੰਗ ਨੂੰ ਕਿਸੇ ਹੱਦ ਤੱਕ ਹੀ ਪਰਵਾਨ ਕਰਦੀ ਹੈ । ਮਸਲਨ ਖੱਚਰ ਤਾਂ ਬਣ ਗਈ ਪਰ ਅੱਗੇ ਖੱਚਰ ਕੋਈ ਬੱਚਾ ਪੈਦਾ ਨਹੀਂ ਕਰ ਸਕਦੀ । ਇਸੇ ਤਰਾਂ ਸੈਲ ਫਿਊਜ਼ਨ (Cell Fusion) ਦੇ ਤਰੀਕੇ ਨਾਲ ਕੇਮਬ੍ਰਿਜ ਦੇ ਵਿਗਿਆਨੀਆਂ ਨੇ 1982 ਵਿੱਚ ਭੇਡ ਅਤੇ ਬੱਕਰੀ ਤੋਂ ਜੀਪ (Geep= Goat + Sheep) ਪੈਦਾ ਕੀਤੀ ਜੋ ਖੱਚਰ ਵਾਂਗ ਹੀ ਨਾ ਬੱਕਰੀ ਸੀ ਅਤੇ ਨਾਂ ਹੀ ਭੇਡ ਪਰ ਅੱਗੋਂ ਉਹ ਕੋਈ ਹੋਰ ਔਲਾਦ ਪੈਦਾ ਨਾ ਕਰ ਸਕੀ ਅਤੇ ਜੀਪ ਬੱਕਰੀਆਂ ਭੇਡਾਂ ਦੇ ਜੀਨਸ (*Genus)* ਵਿੱਚ ਹੀ ਰਹੀ । ਅਜੇ ਤੱਕ ਕੋਈ ਵੀ ਵਿਗਿਆਨੀ ਕਣਕ ਤੇ ਛੋਲਿਆਂ ਤੋਂ ਮੱਕੀ ਦੀ ਪੈਦਾਵਾਰ ਕਰਨ ਵਿੱਚ ਸਫਲ ਨਹੀਂ ਹੋਇਆ।[102]

ਇਹ ਗੱਲ ਸਿੱਧ ਕਰਦੀ ਹੈ ਕਿ ਡਾਰਵਿਨ ਦਾ ਸਿਧਾਂਤ ਠੀਕ ਨਹੀਂ ਉਂਝ ਵੀ ਡਾਰਵਿਨ ਦਾ ਇਹ ਸਿਧਾਂਤ ਕਿ ਤਕੜੇ ਦਾ ਸਤੀਂ ਵੀਹੀਂ ਸੌ (Survival of the fittest) ਇਨਸਾਨੀ ਨਸਲ ਲਈ ਹਾਨੀਕਾਰਕ ਹੈ । ਇਸ ਦਾ ਤਾਂ ਇਹੋ ਭਾਵ ਨਿਲਕਦਾ ਹੈ ਕਿ ਧੱਕਾ ਕਰੋ ਅਤੇ ਮੌਜਾਂ ਮਾਣੋ ਕਿਉਂਕਿ ਤਕੜਾ ਹੀ ਬਚੇਗਾ । ਜੇ ਸੱਚ ਮੁੱਚ ਅਜਿਹਾ ਹੀ ਹੋਵੇ ਤਾਂ ਇੱਕ ਸਮਾਂ ਐਸਾ ਵੀ ਆਵੇਗਾ ਕਿ ਸੰਸਾਰ ਵਿੱਚ ਸਭ ਤੋਂ ਤਕੜਾ ਇੱਕੋ ਵਿਅਕਤੀ ਰਹਿ ਜਾਵੇਗਾ ਜੋ ਬਾਕੀਆਂ ਨੂੰ ਪ੍ਰਾਜਤ ਕਰਕੇ ਉਨ੍ਹਾਂ ਦਾ ਖ਼ਾਤਮਾ ਕਰ ਦੇਵੇਗਾ । ਕਈ ਧਰਮਾਂ ਵਾਲੇ ਅੱਜ ਵੀ ਇਸੇ ਸਿਧਾਂਤ ਦੇ ਧਾਰਨੀ ਹਨ ਤੇ ਕਹਿੰਦੇ ਹਨ ਕਿ ਉਨ੍ਹਾਂ ਦਾ ਧਰਮ ਹੀ ਅਸਲੀ ਹੈ ਇਸ ਲਈ ਹੋਰ ਧਰਮਾਂ ਦੇ ਲੋਕਾਂ ਨੂੰ ਜਾਂ ਤਾਂ ਧਰਮ-ਪ੍ਰੀਵਰਤਨ ਕਰਵਾਇਆ ਜਾਵੇ ਅਤੇ ਜਾਂ ਖਤਮ ਕਰ

[101] Living organisms related to each other are called *Species.* One or more *species* related to each other are called *Genus.* Lynx and bobcat do not belong to one family but together they are all members of Feldae *Genus.* Nature permits interbreeding only among the members of a particular *Genus.*

ਸਾਦਾ ਸ਼ਬਦਾਂ ਵਿੱਚ ਇੰਜ ਸਮਝ ਲਵੋ ਕਿ ਜੋ ਜੀਵ ਇਕ ਦੂਜੇ ਰਾਹੀਂ ਉਤਪੱਤੀ ਕਰ ਸਕਦੇ ਹਨ ਉਨ੍ਹਾਂ ਦੀ ਪ੍ਰਜਾਤੀ (Species) ਇੱਕੋ ਹੁੰਦੀ ਹੈ ਪਰ ਜਿਹੜੇ ਦਿਸਦੇ ਇੱਕੋ ਜਿਹੇ ਹਨ ਪਰ ਉਤਪੱਤੀ ਨਹੀਂ ਕਰਦੇ ਉਹ ਇੱਕੋ ਜੀਨਸ (Genus) ਦੇ ਹੁੰਦੇ ਹਨ ।

[102] "The parent organism and its offspring are always the same kind. Man has long since ceased to evolve. Present day man, the human being, does not differ from the human being who lived 100,000 years ago."(Science World 1961 Page 5)



ਦਿੱਤਾ ਜਾਵੇ ।

ਬਹੁਤ ਸਾਰੇ ਵਿਗਿਆਨੀ ਹੁਣ ਇਸ ਸਿਧਾਂਤ ਤੋਂ ਆਕੀ ਹਨ । ਗੇਲਾਰਡ ਸਿਮਪਸਨ (Gaylord Simpson) ਕਹਿੰਦੇ ਹਨ , "ਵਿਕਾਸਵਾਦ ਬਾਰੇ ਖੋਜ ਖਤਮ ਹੋ ਚੁੱਕੀ ਹੈ । ਹੁਣ ਇਹ ਗੱਲ ਨਿਰਣਾਇਕ ਹੈ ਕਿ ਵਿਕਾਸ ਕਿਸੇ ਇਕ ਸਿਧਾਂਤ ਕਾਰਨ ਨਹੀਂ ਹੋਇਆ"। ਇਹੋ ਗੱਲ ਸ੍ਰੀ ਵਾਈਟਹੈਡ ਕਹਿੰਦੇ ਹਨ ।[103]

## 5 ਜੀਵਨ ਆਕਾਸ਼ ਤੋਂ ਧਰਤੀ ਉੱਪਰ ਆਇਆ

ਇੱਕ ਸਮੇਂ ਇਹ ਸਿਧਾਂਤ ਬਹੁਤ ਪਰਚਲਿਤ ਹੋਇਆ ਕਿ ਜੀਵਨ ਆਕਾਸ਼ ਤੋਂ ਧਰਤੀ ਉੱਪਰ ਆਇਆ ਸੀ । ਇਟਲੀ ਦੇ ਵਿਗਿਆਨੀ ਵੌਨ ਡੈਨੀਕਨ (Von Daniken) ਨੇ ਦੋ ਪੁਸਤਕਾਂ "ਦੇਵਤਿਆਂ ਦਾ ਰਥ"( Chariot of the Gods) ਅਤੇ "ਦੇਵਤਿਆਂ ਦਾ ਸੋਨਾ (Gold of the Gods) ਲਿਖ ਕੇ ਸੰਸਾਰ ਵਿੱਚ ਤਰਥੱਲੀ ਮਚਾ ਦਿੱਤੀ । ਥੋੜੇ ਹੀ ਚਿਰ ਪਿੱਛੋਂ ਗਰੇਹਮ ਹੈਨਕੌਕ (Graham Hancock) ਨੇ ਇੱਕ ਹੋਰ ਪੁਸਤਕ "ਦੇਵਤਿਆਂ ਦੀਆਂ ਉਂਗਲਾਂ ਦੇ ਨਿਸ਼ਾਨ" ( Fingerprints of the Gods) ਲਿਖ ਕੇ ਇਸ ਦੀ ਹੋਰ ਵੀ ਪੁਸ਼ਟੀ ਕਰ ਦਿੱਤੀ ਤੇ ਸਿੱਧ ਕਰਨ ਦਾ ਯਤਨ ਕੀਤਾ ਕਿ ਪੁਰਾਤਨ ਸਮੇਂ ਵਿੱਚ ਹੀ ਨਹੀਂ ਹੁਣ ਵੀ ਜੀਵਨ ਆਕਾਸ਼ ਵਿੱਚੋਂ ਧਰਤੀ ਉੱਪਰ ਨਿਰੰਤਰ ਉੱਤਰ ਰਿਹਾ ਹੈ ।

ਕੁੱਝ ਵਿਗਿਆਨੀਆਂ ਨੇ ਇਸ ਸਿਧਾਂਤ ਦੀ ਵਿਰੋਧਤਾ ਕਰਦਿਆਂ ਕਿਹਾ ਹੈ ਕਿ ਸਪੋਰ (ਜੀਵਾਣੂ ਜੋ ਆਪਣੇ ਆਪ ਵਧ ਕੇ ਵੱਖੋ ਵੱਖਰੀਆਂ ਸ਼ਕਲਾਂ ਧਾਰ ਲੈਂਦਾ ਹੈ) ਪੁਲਾੜ ਵਿੱਚਲੀਆਂ ਹਾਨੀਕਾਰਕ ਹਾਲਤਾਂ ਵਿੱਚੋਂ ਦੀ ਐਨਾ ਲੰਮਾ ਸਫਰ ਕਰ ਕੇ ਕਿਸੇ ਸੂਰਤ ਵਿੱਚ ਵੀ ਧਰਤੀ ਉੱਪਰ ਜਿਉਂਦਾ ਨਹੀਂ ਪਹੁੰਚ ਸਕਦਾ। ਯੂਨੀਵਰਸਿਟੀ ਆਫ ਵਾਰਕ ਦੇ ਜੈਕ ਕੋਹਨ (Jack Cohen) ਅਤੇ ਯੂਨੀਵਰਸਿਟੀ ਆਫ ਲੈਸਟਰ ਦੇ ਵਿਲੀਅਮ ਗ੍ਰਾਂਟ (Willam Grant) ਨੇ ਇਸ ਸਿਧਾਂਤ ਨੂੰ ਖ਼ਿਆਲੀ ਪੁਲਾਓ ਕਹਿ ਕੇ ਭੰਡਿਆ ਹੈ।

ਉੱਪਰ ਅਸੀਂ ਸੰਸਾਰ ਦੇ ਵਿਗਿਆਨੀਆਂ ਵੱਲੋਂ ਜੀਵਨ ਦੀ ਉਤਪਤੀ ਅਤੇ ਵਿਕਾਸ ਬਾਰੇ ਕੁੱਝ ਮੋਟੇ ਮੋਟੇ ਸਿਧਾਂਤ ਲਿਖ ਚੁੱਕੇ ਹਾਂ । ਅੱਜ ਤੱਕ ਕਿਸੇ ਵੀ ਸਿਧਾਂਤ ਬਾਰੇ ਵਿਗਿਆਨੀਆਂ ਦੀ ਸਹਿਮਤੀ ਨਹੀਂ ਹੋ ਸਕੀ ਅਤੇ ਬਹੁਤ ਸਾਰੇ ਵਿਗਿਆਨੀ

[103] " Neither physical nature nor life can be understood unless we fuse them together as essential factors in the composition of really real things whose interconnections and individual characters constitute the universe (*Adventure of Ideas* by A.N.Whitehead)

ਹੁਣ ਇਹ ਮੰਨਣ ਲੱਗ ਗਏ ਹਨ ਕਿ ਜੀਵਨ ਕੁੱਝ ਵਿਆਪਕ ਨਿਯਮਾਂ ਅਧੀਨ ਹੀ ਉੱਤਪਨ ਹੋਇਆ ਹੈ ਜੋ ਕਿਸੇ ਅਗੰਮੀ ਸ਼ਕਤੀ (ਪਰਮਾਤਮਾ?) ਵੱਲੋਂ ਬਣਾਏ ਗਏ ਹਨ। ਇਸ ਸਿਲਸਿਲੇ ਵਿੱਚ ਪ੍ਰਸਿੱਧ ਵਿਗਿਆਨੀ ਸ੍ਰੀ ਜੇਮਜ਼ ਜੀਨਜ਼ ( Mr. James Jeans ) ਲਿਖਦੇ ਹਨ, "**ਜੇ ਸਾਰੀ ਕਾਇਨਾਤ ਉਤਪੱਤੀ ਦੇ ਨਿਯਮਾਂ ਅਧੀਨ ਹੈ ਤਾਂ ਜੀਵਨ ਨੂੰ ਇਸ ਤੋਂ ਬਾਹਰ ਕਿਵੇਂ ਰੱਖਿਆ ਜਾ ਸਕਦਾ ਹੈ ?**" **(*The mysterious Universe p.29*)**[104]

## 5.10 ਸਿੱਖ ਸਿਧਾਂਤ

ਸਿੱਖ ਸਿਧਾਂਤ ਇਸ ਗੱਲ ਨੂੰ ਮੰਨਦਾ ਹੈ ਕਿ ਸਰਿਸ਼ਟੀ ਦੀ ਰਚਨਾ ਅਤੇ ਜੀਵ ਉਤਪੱਤੀ ਪਰਮਾਤਮਾ ਦੇ ਹੁਕਮ (ਨਿਯਮ) ਅਧੀਨ ਹੋਈ ਹੈ ਅਤੇ ਉਹ ਹੁਕਮ (ਨਿਯਮ) ਬੰਦੇ ਦੀ ਸਮਝ ਤੋਂ ਬਾਹਰ ਹੈ ।"**ਹੁਕਮੀ ਹੋਵਨਿ ਆਕਾਰ ਹੁਕਮ ਨ ਕਹਿਆ ਜਾਈ**"॥ (ਪੰਨਾ 1)[105] ਸਰਿਸ਼ਟੀ ਰਚਣ ਤੋਂ ਪਹਿਲਾਂ ਪਰਮਾਤਮਾ ਆਪ ਹੀ ਸੀ ਹੋਰ ਕੁੱਝ ਵੀ ਨਹੀਂ ਸੀ (ਸੈਭੰ), **"ਆਪੇ ਆਪੁ ਉਪਾਇ ਨਿਰਾਲਾ**"॥ (ਪੰਨਾ 1036) ਅਤੇ ਪਿਛੋਂ ਕੁਦਰਤ ਸਾਜ ਦਿੱਤੀ । "**ਆਪੀਨੈ ਆਪੁ ਸਾਜਿਓ ਆਪੀ ਨੇ ਰਚਿਓ ਨਾਓ। ਦੁਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਓ"॥** (ਪੰਨਾ 463) ਜੀਵਾਂ ਵਿਚਲਾ ਅੰਤਰ ਕਿਸੇ ਅਖੌਤੀ ਭੌਤਿਕ ਸਿਧਾਂਤ ਕਾਰਨ ਹੋਂਦ ਵਿੱਚ ਨਹੀਂ ਆਇਆ । ਇਹ ਉਸ ਪ੍ਰਮਾਤਮਾ ਦੀ ਕਲਪਣਾ ਦਾ ਹੀ ਹਿੱਸਾ ਹੈ। "**ਆਪੇ ਫਰਕ ਕਰੇ ਵੇਖਿ ਵਿਗਸੈ ਸਭਿ ਰਸ ਦੇਹੀ ਮਾਹਿ ਹੇ**"॥ (ਪੰਨਾ 1056) ਇਹ ਫਰਕ ਜੀਵਾਂ ਦੇ ਵੱਖੋ ਵੱਖਰੇ ਕੰਮ ਕਰਨ ਲਈ ਜ਼ਰੂਰੀ ਸਨ। ਜੋ ਕੰਮ ਬਾਂਦਰ ਕਰ ਸਕਦਾ ਹੈ ਉਹੀ ਕੰਮ ਕੀੜੀ ਨਹੀਂ ਕਰ ਸਕਦੀ । "**ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ ॥ ਕੋਇ ਨ ਕਿਸਹੀ ਜੇਹਾ ਉਪਾਇਆ**"॥ (ਪੰਨਾ 1056)[106]

ਸੰਸਾਰ ਵਿੱਚ ਪਰਮਾਤਮਾ ਨੇ ਕੁਦਰਤ ਸਿਰਜੀ ਜਿਸ ਦਾ ਸਭ ਤੋਂ ਜ਼ਰੂਰੀ ਭਾਗ

[104] Creationists assert that if evolution was true, the number of fossil remains would be unimaginably large and there would not be enough soil on this earth to bury it all. They also protest that carbon-14 radioactive dating method that evolutionists' use as evidence to justify evolution is in fact highly inaccurate and serves up gross margins of error, making it highly unreliable.

[105] "There is indeed no way in which we can represent to ourselves the process by which the supreme Will brings things into being." (*The philosophy of religion* By Galloway)

[106] "God tastes an infinite joy in infinite ways" (Browning)



ਹਵਾ ਹੈ ।ਅੱਜ ਦਾ ਸਾਇੰਸਦਾਨ ਵੀ ਹੁਣ ਇਹੋ ਮੰਨਣ ਲੱਗ ਪਿਆ ਹੈ। ਮਸਲਨ ਰਾਬਰਟ ਬੌਇਲ (Robert Boyle) ਨੇ ਗੁਰੂ ਗ੍ਰੰਥ ਸਾਹਿਬ ਦੀ ਸਿਰਜਨਾਂ ਤੋਂ 250 ਸਾਲ ਬਾਅਦ ਉਹੀ ਗੱਲ ਆਖੀ ਜੋ ਗੁਰੂ ਸਾਹਿਬ ਕਹਿ ਗਏ ਸਨ ।ਉਹ ਲਿਖਦਾ ਹੈ ਕਿ "ਜੀਵਨ ਲਈ ਹਵਾ ਅਵੱਸ਼ਕ ਹੈ" ਤੇ ਗੁਰੂ ਜੀ ਕਹਿ ਗਏ ਸਨ "**ਪਵਣੈ ਖੇਲ ਕੀਆ ਸਭ ਥਾਈ ਕਲਾ ਖਿੰਚਿ ਢਾਹਾਇਦਾ**"॥ (ਪੰਨਾ 1033)

ਜੀਵਨ ਦਾ ਆਧਾਰ ਪਾਣੀ ਹੋਣ ਬਾਰੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ ਬਾਦ ਸੋਲ੍ਹਵੀਂ ਸਦੀ ਵਿੱਚ ਬਰਨਾਰਡ ਪੈਲਿਸੀ (Bernard Palissy) ਨੇ ਪਹਿਲੀ ਵਾਰ ਸਿਧਾਂਤ ਪੇਸ਼ ਕੀਤਾ ਅਤੇ ਦੱਸਿਆ ਕਿ ਜੀਵਾਂ ਦੇ ਪ੍ਰੋਟੋਪਲਾਸਮ (Protoplasm) ਵਿੱਚ 70% ਪਾਣੀ ਹੁੰਦਾ ਹੈ ।[107] ਇਹ ਗੁਰੂ ਜੀ ਦੇ ਇਨ੍ਹਾਂ ਸ਼ਬਦਾਂ ਦਾ ਹੀ ਰੂਪਾਂਤਰ ਹੈ ਜਿੱਥੇ ਗੁਰੂ ਜੀ ਆਖਦੇ ਹਨ "**ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ**"॥ (ਪੰਨਾ 472)[108] **"ਵਣੁ ਤ੍ਰਿਣੁ ਤ੍ਰਿਭਵਣ ਪਾਣੀ"॥ (ਪੰਨਾ 1003)** ਇਕ ਹੋਰ ਥਾਂ ਗੁਰੂ ਜੀ ਪ੍ਰਸ਼ਨ ਰੂਪ ਵਿੱਚ ਲ਼ਿਖਦੇ ਹਨ, "**ਕਤ ਕੀ ਮਾਈ ਬਾਪ ਕਤ ਕੇਰਾ, ਕਿਦੂ ਥਾਵਹੁ ਹਮ ਆਏ ॥ ਅਗਨਿ ਬਿੰਬ ਜਲ ਭਤਿਰਿ ਨਿਪਜੇ ਕਾਹੇ ਕੰਮਿ ਉਪਾਏ"** ॥ (ਪੰਨਾ 156) ਇਹ ਓਹੀ ਪ੍ਰਸ਼ਨ ਹੈ ਜੋ ਇਸ ਅਧਿਆਇ ਦੇ ਮੁੱਢ ਵਿੱਚ ਪੁੱਛਿਆ ਗਿਆ ਸੀ ।

ਹੁਣੇ ਹੁਣੇ ਇਹ ਗੱਲ ਲੱਭੀ ਗਈ ਹੈ ਕਿ ਝੀਂਗੇ (Weevils) ਕਦੇ ਵੀ ਪਾਣੀ ਨਹੀਂ ਪੀਂਦੇ ਪਰ ਤਾਂ ਵੀ ਉਨ੍ਹਾਂ ਦੇ ਸਰੀਰ ਵਿੱਚ ਪਾਣੀ ਦੀ ਮਾਤਰਾ 70% ਹੀ ਪਾਈ ਗਈ ਹੈ। ਇਹੋ ਜਿਹੇ ਜੀਵਨ ਬਾਰੇ ਭਾਵੇਂ ਸਾਇੰਸਦਾਨ ਅੱਜ ਹੈਰਾਨ ਹੋਣ ਪ੍ਰੰਤੂ ਅਜਿਹੇ ਜੀਵਨ ਦਾ ਜ਼ਿਕਰ ਵੀ ਗੁਰਬਾਣੀ ਵਿੱਚ ਆ ਚੁੱਕਾ ਹੈ । ਸਤਿਗੁਰੂ ਜੀ ਲਿਖਦੇ ਹਨ, **"ਪੁਰਾਬ ਖਾਮ ਕੂਜੈ ਹਿਕਮਤਿ ਖੁਦਾਇਆ**"॥ (ਪੰਨਾ 1291) {ਕਿੱਡਾ ਚਮਤਕਾਰ ਹੈ ਕਿ ਖੁਸ਼ਕ ਕੁੱਜਿਆਂ ਨੂੰ ਵੀ ਉਸ ਵਾਹਿਗੁਰੂ ਨੇ ਪਾਣੀ ਨਾਲ ਭਰ ਰੱਖਿਆ ਹੈ"}। **"ਪਉਣ ਪਾਣੀ ਕੀ ਇਹ ਦੇਹ ਸਰੀਰਾ**"॥ (ਪੰਨਾ 1172)

[107] The main constituent of life cells is cytoplasm, which is made of 80% water. "ਮਿਲਿ ਪਾਣੀ ਜਿਉ ਹਰੇ ਬੂਟ"॥ (ਪੰਨਾ 1181)

[108] According to Haeckel, when water first liquified on the earth, its reaction on various substances then present produced proteid, which was the original life from which all life has descended. How this proteid was formed remains a mystery. According to Preyer's theory the earth in the heated state, was itself an immense living organism, from which all living organisms existing at present are descended. ਇਨ੍ਹਾਂ ਵਿਦਵਾਨਾਂ ਅਨੁਸਾਰ ਪਾਣੀ ਤੇ ਮਿੱਟੀ (ਪਦਾਰਥ) ਨੇ ਮਿਲ ਕੇ ਪ੍ਰੋਟੀਡ ਜਾਂ ਬੰਦੇ ਨੂੰ ਜਨਮ ਦਿੱਤਾ । Compare it with "ਮਾਇਆ ਜਲ ਖਾਈ ਪਾਣੀ ਘਰੁ ਬਾਧਿਆ ਸਤ ਕੈ ਆਸਣਿ ਪੁਰਖੁ ਰਹੈ (ਪੰਨਾ 877), "ਇਸੁ ਪਾਨੀ ਤੇ ਜਿਨਿ ਤੂ ਘਰਿਆ,ਮਾਟੀ ਕਾ ਲੇ ਦੇਹੁਰਾ ਕਰਿਆ"॥(ਪੰਨਾ 913)

ਹੁਣ ਵਿਗਿਆਨੀ ਇਹ ਗੱਲ ਮੰਨਦੇ ਹਨ ਕਿ ਜੀਵ ਦਾ ਜਨਮ ਪਾਣੀ ਵਿੱਚੋਂ ਹੋਇਆ। ਇਹੀ ਕਾਰਨ ਹੈ ਕਿ ਖਗੋਲ ਵਿਗਿਆਨੀ ਚੰਦਰਮਾ ਅਤੇ ਹੋਰ ਆਕਾਸ਼ੀ ਪਿੰਡਾਂ ਉੱਪਰ ਪਾਣੀ ਦੀ ਖੋਜ ਵਿੱਚ ਲੱਗੇ ਹੋਏ ਹਨ । ਜਿੱਥੇ ਪਾਣੀ ਹੈ ਉਥੇ ਜੀਵਨ ਹੋਣ ਦੀ ਆਸ ਕੀਤੀ ਜਾ ਸਕਦੀ ਹੈ । ਇਸ ਸਿਲਸਿਲੇ ਵਿੱਚ ਸ੍ਰੀ ਹਾਰਡੀ (Mr. Alister Hardy) ਨੇ 1960 ਵਿੱਚ ਸਿਧਾਂਤ ਪੇਸ਼ ਕੀਤਾ ਸੀ ਕਿ ਜੀਵ ਜੰਤੂ ਉਦੋਂ ਪਾਣੀ ਵਿੱਚੋਂ ਨਿਕਲ ਕੇ ਬਾਹਰ ਵਿੱਚਰਨ ਲੱਗੇ ਜਦ ਪੁਲਾੜ ਵਿੱਚ ਓਜ਼ੋਨ ($O_{3\ \text{ਗੈਸ}}$) ਦੀ ਤਹਿ ਬਹੁਤੀ ਮੋਟੀ ਹੋ ਗਈ ਸੀ । ਪਰ ਸ੍ਰੀ ਹਾਰਡੀ ਇਸ ਦਾ ਕੋਈ ਨਿਸ਼ਚਿਤ ਸਮਾਂ ਨਹੀਂ ਦੱਸਦੇ ਤੇ ਨਾਂ ਹੀ ਇਹ ਦੱਸਦੇ ਹਨ ਕਿ ਪਾਣੀ ਤੋਂ ਜਾਨਦਾਰ ਜੀਵ ਜੰਤੂ ਕਿਸ ਪ੍ਰਕਿਰਿਆ ਨਾਲ ਉਤਪਨ ਹੋਏ । ਇਹੋ ਪ੍ਰਸ਼ਨ ਜਦੋਂ ਸਤਿਗੁਰਾਂ ਤੋਂ ਪੁੱਛਿਆ ਗਿਆ ਤਾਂ ਉੱਤਰ ਸੀ , "**ਜਿਨਿ ਉਪਾਏ ਸੋ ਬਿਧਿ ਜਾਣੈ**"॥ (ਪੰਨਾ 1060) ਅੱਜ ਦਾ ਸਾਇੰਸਦਾਨ ਵੀ ਬਿਲਕੁੱਲ ਇਹੋ ਉੱਤਰ ਦੇ ਰਿਹਾ ਹੈ । ਮਸਲਨ ਸਾਇੰਸਦਾਨ ਸ੍ਰੀ ਓਪਾਰੇਨ (A.I Oparin) ਨੇ ਇਸ ਪ੍ਰਸ਼ਨ ਦਾ ਉਤਰ ਦਿੰਦਿਆ ਕਿਹਾ, "ਸਾਗਰਾਂ ਵਿੱਚੋਂ ਜੀਵ ਜੰਤੂ ਕਿਸੇ ਐਸੀ ਪਰਕਿਰਿਆ ਰਾਹੀਂ ਪੈਦਾ ਹੋਏ ਜਿਸ ਦਾ ਕੁੱਝ ਪਤਾ ਨਹੀਂ ਲੱਗ ਰਿਹਾ"।

ਕੋਈ ਵੀ ਵਿਗਿਆਨੀ ਇਹ ਨਹੀਂ ਕਹਿ ਸਕਦਾ ਕਿ ਇੱਕ ਜਿਉਂਦਾ ਸੈੱਲ (ਕੋਸ਼ਕਾ) ਕੁੱਝ ਕੁ ਪ੍ਰਮਾਣੂਆਂ (Atoms) ਦਾ ਸਮੂਹ ਹੈ ਜਿਸ ਨੂੰ ਕਿ ਕਿਸੇ ਵਚਿੱਤਰ ਵਿਧੀ ਨਾਲ ਤਰਤੀਬ ਦਿੱਤੀ ਗਈ ਹੈ ਅਤੇ ਨਾ ਹੀ ਕੋਈ ਇਹ ਕਹਿ ਸਕਦਾ ਹੈ ਕਿ ਜੀਵ ਪ੍ਰਮਾਣੂਆਂ ਤੋਂ ਇਲਾਵਾ ਕੁੱਝ ਹੋਰ ਹੈ । ਸਿਆਣੇ ਤੋਂ ਸਿਆਣਾ ਸਾਇੰਸਦਾਨ ਵੀ ਅਜੇ ਤੱਕ ਪ੍ਰਮਾਣੂਆਂ ਨੂੰ ਵਰਤ ਕੇ ਇਨਸਾਨ ਜਾਂ ਕੋਈ ਹੋਰ ਜੀਵ ਨਹੀਂ ਸਿਰਜ ਸਕਿਆ । ਪ੍ਰੰਤੂ ਇਸ ਗੱਲ ਤੇ ਵੀ ਕਿੰਤੂ ਨਹੀਂ ਕੀਤਾ ਜਾ ਸਕਦਾ ਕਿ ਸਾਰੇ ਜੀਵ ਇੱਕੋ ਪ੍ਰਕਾਰ ਦੇ ਪੌਂਡ ਕੁ ਰਸਾਇਣਾਂ (ਕਾਰਬਨ,ਹਾਈਡ੍ਰੋਜਨ, ਆਕਸੀਜਨ, ਨਾਈਟ੍ਰੋਜਨ ਕੈਲਸੀਅਮ ਅਤੇ ਫਾਸਫੋਰਸ ਆਦਿਕ) ਅਤੇ ਪਾਣੀ ਤੋਂ ਬਣੇ ਹਨ ।ਇਹ ਗੱਲ ਵੀ ਠੀਕ ਹੈ ਕਿ ਸਾਰੇ ਹੀ ਧਰਤੀ ਤੋਂ ਆਪਣਾ ਭੋਜਨ ਪਰਾਪਤ ਕਰਦੇ ਹਨ ਅਤੇ ਸਾਰੇ ਇੱਕੋ ਸੈੱਲ (ਕੋਸ਼ਕਾ) ਤੋਂ ਉੱਨਤ ਹੋ ਕੇ ਬਣੇ ਹਨ ।[109] ਪ੍ਰੰਤੂ ਅਦਭੁੱਤ ਗੱਲ ਇਹ ਹੈ ਕਿ ਫੇਰ ਵੀ ਇਹ ਸਾਰੇ ਇਕ ਦੂਜੇ ਨਾਲੋਂ ਵਖਰੇ ਹਨ। "**ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥ ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ**"॥ (ਪੰਨਾ 596)[110]

[109] Leibniz wrote; ~Reality cannot be found except in one single source, because of the interconnection of all things with one another'.

[110] ਸਾਇੰਸਦਾਨ ਮੰਨਦੇ ਹਨ ਕਿ ਸਭ ਜੀਵਾਂ ਦਾ DNA ਵੱਖਰਾ-ਵੱਖਰਾ ਹੈ ।



ਜਿਸ ਤਰ੍ਹਾਂ ਇੱਕ ਇਨਸਾਨ ਆਪਣੇ ਆਲੇ ਦੁਆਲੇ ਨੂੰ ਬਦਲ ਸਕਦਾ ਹੈ ਅਤੇ ਭੂਤ ਭਵਿੱਖ ਅਤੇ ਵਰਤਮਾਨ ਬਾਰੇ ਗਿਆਨ ਰੱਖਦਾ ਹੈ ਹੋਰ ਜੀਵ ਇਹ ਨਹੀਂ ਕਰ ਸਕਦੇ । ਸਰ ਇਸਕ ਐਸੀਮੋਵ (Sir Issac Asimov) ਤਾਂ ਇੱਥੋਂ ਤੱਕ ਲਿੱਖਦੇ ਹਨ ਕਿ ਮਨੁੱਖੀ ਦਿਮਾਗ ਇੱਕੋ ਸਮੇਂ ਇੱਕ ਮਿਲੀਅਨ ਪ੍ਰਕਾਰ ਦੀ ਵੱਖੋ ਵੱਖ ਪ੍ਰਕਾਰ ਦੀ ਜਾਣਕਾਰੀ ਪ੍ਰਾਪਤ ਕਰ ਸਕਦਾ ਹੈ । ਉਹ ਇਨਸਾਨ ਨੂੰ ਜੀਵਾਂ ਦੀ ਸਿਰਮੋਰ ਕਿਸਮ ਲਿਖਦਾ ਹੈ । ਇਹੋ ਗੱਲ ਉਸ ਤੋਂ ਪਹਿਲਾਂ ਗੁਰੂ ਸਾਹਿਬ ਵੀ ਲਿਖ ਗਏ ਸਨ ਕਿ ਮਨੁੱਖ ਸਭ ਜੀਵਾਂ ਦਾ ਸਰਦਾਰ ਹੈ, "**ਅਵਰ ਜੋਨਿ ਤੇਰੀ ਪਨਿਹਾਰੀ ॥ ਇਸੁ ਧਰਤੀ ਮਹਿ ਤੇਰੀ ਸਿਕਦਾਰੀ"॥** (ਪੰਨਾ 374) ਅਤੇ "**ਸਗਲ ਜੋਨਿ ਮਹਿ ਤੂ ਸਿਰਿ ਧਰਿਆ**" (ਪੰਨਾ 913) ਗੁਰੂ ਜੀ ਤਾਂ ਇੱਕ ਕਦਮ ਅੱਗੇ ਜਾ ਕੇ ਇਹ ਵੀ ਲਿਖਦੇ ਹਨ ਕਿ ਵਿਧਾਤਾ ਨੇ ਇਨਸਾਨ ਨੂੰ ਸਭ ਜੀਵਾਂ ਨਾਲੋਂ ਵੱਧ ਵਡਿਆਈ ਬਖਸ਼ੀ ਹੈ। "**ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ**"॥ (ਪੰਨਾ 1075) ਅੱਜ ਹਰ ਵਿਗਿਆਨੀ ਕਹਿ ਰਿਹਾ ਹੈ ਕਿ ਸੰਸਾਰ ਵਿੱਚ ਉਪਜੇ ਹਰ ਪ੍ਰਕਾਰ ਦੇ ਜੀਵਨ ਦਾ ਮੁੱਖ ਮਨੋਰਥ ਅਤੇ ਵਿਹਾਰ ਵੱਖੋ ਵੱਖਰਾ ਹੈ ਅਤੇ ਕਿਸੇ ਅਦਿੱਖ ਸ਼ਕਤੀ ਨੇ ਇਨ੍ਹਾਂ ਨੂੰ ਵੱਖੋ ਵੱਖਰੇ ਕੰਮ ਸੌਂਪੇ ਹੋਏ ਹਨ (All things are well and wisely put)। ਇਹੋ ਗੱਲ ਗੁਰੂ ਜੀ ਕਿਤੇ ਪਹਿਲਾਂ ਕਹਿ ਗਏ ਹਨ ਕਿ "**ਜੀਅ ਜੰਤ ਸਭਿ ਤੁਧੁ ਉਪਾਏ ਜਿਤ ਜਿਤ ਭਾਣਾ ਤਿਤਿ ਲਾਏ**"॥ (ਪੰਨਾ 103)। ਇਕ ਬੰਦਾ ਭਾਂਵੇਂ ਉਹ ਕਿੰਨਾ ਹੀ ਅਕਲਮੰਦ ਹੋਵੇ ਉਹ ਕੰਮ ਨਹੀਂ ਕਰ ਸਕਦਾ ਜਿਸ ਨੂੰ ਕਿ ਇੱਕ ਛੋਟਾ ਜਿਹਾ ਕੀੜੀ ਵਰਗਾ ਜੀਵ ਕਰ ਸਕਦਾ ਹੈ । ਫਰਕ ਹੈ ਤਾਂ ਕੇਵਲ ਇਤਨਾ ਹੈ ਕਿ ਵਿਗਿਆਨੀ ਕਿਸੇ ਅਦਿੱਖ ਕਰਤਾਰੀ ਸ਼ਕਤੀ (Vital Force) ਨੂੰ ਤਾਂ ਮੰਨਦੇ ਹਨ ਪਰ ਉਸ ਨੂੰ "ਰੱਬ" ਨਹੀਂ ਕਹਿੰਦੇ ਦੂਜੇ ਪਾਸੇ ਸਤਿਗੁਰੂ ਜੀ ਸਪੱਸ਼ਟ ਕਹਿੰਦੇ ਹਨ, "**ਨਾਮ ਕੇ ਧਾਰੇ ਸਗਲੇ ਜੰਤ**"॥ (ਪੰਨਾ 284)

ਇੱਕ ਖਾਸ ਚੀਜ਼ ਜੋ ਮਨੁੱਖਾਂ ਨੂੰ ਹੋਰ ਜੀਵਾਂ ਜੰਤਾਂ ਨਾਲੋਂ ਵੱਖਰਿਆਉਂਦੀ ਹੈ ਉਹ ਹੈ ਬਿਬੇਕ ਬੁੱਧੀ (Discerning Intellect) । ਇਸ ਦਾ ਸੰਬੰਧ ਆਤਮਾ ਨਾਲ ਹੈ । ਸਿੱਖ ਗੁਰੂ ਸਾਹਿਬਾਨ ਕਹਿੰਦੇ ਹਨ ਕਿ ਭਾਵੇਂ ਮਨੁੱਖੀ ਸਰੀਰ ਦੂਜੇ ਜਾਨਵਰਾਂ ਦੇ ਸਰੀਰ ਵਾਂਗ ਹੀ ਪੰਜ ਪਦਾਰਥਕ ਤੱਤਾਂ ਦਾ ਬਣਿਆ ਹੋਇਆ ਹੈ ਪਰ ਇਸ ਵਿੱਚ ਵਾਧੂ ਚੀਜ਼ ਇਹ ਹੈ ਕਿ ਇਹ ਬੁੱਧੀ ਰੱਖਦਾ ਹੈ। "**ਪਉਣ ਪਾਣੀ ਅਗਨੀ ਕਾ ਮੇਲੁ॥ ਚੰਚਲ ਚਪਲ ਬੁਧਿ ਕਾ ਖੇਲੁ"॥** (ਪੰਨਾ 152) ਬੁੱਧੀ ਜਾਂ ਅਕਲ

(ਸਮਝ) ਆਤਮਾ (ਸੁਰਤ) ਦਾ ਹੀ ਇੱਕ ਭਾਗ ਹੈ ॥ **"ਮਾਟੀ ਕਾ ਲੇ ਦੇਹੁਰਾ ਕਰਿਆ॥ ਉਕਤਿ ਜੋਤਿ ਲੈ ਸੁਰਤਿ ਪਰੀਖਿਆ"**॥ (ਪੰਨਾ 913) ਇਹ ਬਿਬੇਕ ਬੁੱਧੀ ਹੀ ਇਨਸਾਨ ਨੂੰ ਸੋਚਣ ਵਿਚਾਰਨ ਅਤੇ ਆਤਮਕ ਤੌਰ ਤੇ ਉੱਨਤ ਹੋਣ ਵਿੱਚ ਸਹਾਇਕ ਹੁੰਦੀ ਹੈ । **"ਬਿਬੇਕ ਬੁਧਿ ਸਭ ਜਗ ਮਹਿ ਨਿਰਮਲ ਬਿਚਰਿ ਬਿਚਰਿ ਰਸੁ ਪੀਜੈ" ॥** (ਪੰਨਾ 1325) ਸਾਇੰਸਦਾਨ ਇਸ ਨੂੰ ਚਮਤਕਾਰੀ ਅੰਸ਼ ਕਹਿੰਦੇ ਰਹੇ ਹਨ । ਹੁਣ ਦੇ ਸਾਇੰਸਦਾਨ ਇਸ ਨੂੰ ਪ੍ਰਾਣ ਵਾਯੂ (Vital Force) ਜਾਂ ਪਹਿਲਾਂ ਤੋਂ ਹੀ ਬਣੀ ਯੋਜਨਾ (Pre-determined plan) ਕਹਿੰਦੇ ਹਨ । ਵਿਕਾਸਵਾਦੀ ਸਿਧਾਂਤ ਦਾ ਮਹਾਂ ਗਿਆਨੀ ਸਰ ਜੇਮਜ਼ ਗਰੇ (Sir James Gray) ਲਿਖਦਾ ਹੈ ਕਿ ਇਹ ਇੱਕ "ਕਰਤਾਰੀ ਨਿਯਮ" ਹੈ ਜੋ ਹਰ ਤਰ੍ਹਾਂ ਦੀ ਕਿਰਤ ਦਾ ਸਿਰਜਕ ਅੰਗ ਹੈ ।[111]

ਸਿੱਖ ਧਰਮ ਅਨੁਸਾਰ ਸੰਸਾਰ ਦੇ ਸਭ ਜੀਵ ਜੰਤੂਆਂ ਵਿੱਚ ਪੈਦਾ ਹੋਣ, ਵਧਣ ਫੁੱਲਣ, ਅਤੇ ਮੁੜ ਤੱਤਾਂ ਵਿੱਚ ਹੀ ਸਮਾਂ ਜਾਣ ਦੇ ਤਿੰਨ ਨਿਯਮ ਵਾਹਿਗੁਰੂ ਨੇ ਰੱਖੇ ਹੋਏ ਹਨ ਤਾਂ ਜੋ ਸੰਸਾਰ ਚਲਦਾ ਰਹੇ । **"ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ"**॥ (ਪੰਨਾ 7) ਮਨੁੱਖ ਦੇ ਮੁਕਾਬਲੇ ਤੇ ਹੋਰ ਜੀਵ ਜੰਤੂ ਵਿਕਾਸ ਵਿੱਚ ਪਿੱਛੇ ਹਨ । ਪੰਛੀ ਜਿਸ ਤਰ੍ਹਾਂ ਸਦੀਆਂ ਪਹਿਲਾਂ ਆਲ੍ਹਣੇ ਬਣਾਂਦੇ ਸਨ ਅੱਜ ਵੀ ਉੱਸੇ ਤਰ੍ਹਾਂ ਬਣਾ ਰਹੇ ਹਨ ਪਰ ਇਨਸਾਨ ਨੇ ਜੰਗਲੀ ਜੀਵਨ ਤਿਆਗ ਕੇ ਨਾਂ ਕੇਵਲ ਵਧੀਆ ਘਰ ਬਣਾ ਲਏ ਹਨ ਬਲਕਿ ਵਾਤਾਅਨੁਕੂਲ ਵਾਤਾਵਰਣ (Air Conditioning) ਤੱਕ ਦੀ ਸਿਰਜਣਾ ਵੀ ਕਰ ਲਈ ਹੈ । ਅਜਿਹਾ ਇਸ ਲਈ ਸੰਭਵ ਹੋ ਸਕਿਆ ਹੈ ਕਿਉਂਕਿ ਵਾਹਿਗੁਰੂ ਨੇ ਮਨੁੱਖ ਨੂੰ ਬਿਬੇਕ ਬੁੱਧੀ, ਵਿਕਾਸ ਅਤੇ ਗਿਆਨ ਪ੍ਰਾਪਤੀ ਵਿੱਚ ਸਿਰਮੋਰ ਬਣਾਇਆ ਹੈ **"ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰਖੀ ਤਾਂ ਤੂੰ ਜਗ ਮਹਿ ਆਇਆ"॥** (ਪੰਨਾ 921)

ਸਿੱਖ ਸਿਧਾਂਤ ਉੱਪਰ ਵੀ ਬਹੁਤ ਸਾਰੇ ਲੋਕਾਂ ਨੇ ਉਟੰਕਣ ਕੀਤੇ ਹਨ । ਕੁੱਝ ਪ੍ਰਸ਼ਨ ਜੋ ਗੁਰੂ ਨਾਨਕ ਦੇਵ ਜੀ ਨੂੰ ਇਸ ਸਿਧਾਂਤ ਬਾਰੇ ਸਿੱਧਾਂ ਨੇ ਕੀਤੇ ਸਨ ਉਹ ਗੁਰੂ ਜੀ ਨੇ ਸਾਡੇ ਲਈ ਸਾਂਭ ਕੇ ਸਿੱਧ ਗੋਸਟ ਨਾਂ ਦੀ ਬਾਣੀ ਵਿੱਚ ਲਿਖ ਦਿੱਤੇ ਹਨ। ਕੁੱਝ ਬੁਨਿਆਦੀ ਪ੍ਰਸ਼ਨ ਅਸੀਂ ਹੇਠਾਂ ਲਿਖ ਰਹੇ ਹਾਂ ਪੂਰੀ ਜਾਣਕਾਰੀ ਲਈ ਪਾਠਕ ਸਿੱਧ ਗੋਸਟ ਪੜ੍ਹਣ।

[111] "There seems to be some *Directive Principle* at work" (Science today page 26)



**ਜੀਵਣ**

ਪ੍ਰਸ਼ਨ:- ਕਿਥਹੁ ਉਪਜੈ ਕਹ ਰਹੈ ਕਹ ਮਾਹਿ ਸਮਾਵੈ ?

ਉੱਤਰ:- ਜੀਅ ਜੰਤ ਸਭਿ ਖਸਮ ਕੇ ਕਉਣ ਕੀਮਤਿ ਪਾਵੈ (ਪੰਨਾ 1193)

**ਮਨ**

ਪ੍ਰਸ਼ਨ:- ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈਠੈ ਰਹਤਾ?

ਉੱਤਰ:-ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ (ਪੰਨਾ 945)

**ਸੰਸਾਰ ਉੱਤਪਤੀ ਅਤੇ ਵਿਨਾਸ਼**

ਪ੍ਰਸ਼ਨ:-ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖ ਬਿਨਸਿ ਜਾਈ ?

ਉੱਤਰ:- ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ (ਪੰਨਾ 946)

## 5.11 ਜੀਵਾਂ ਦੀ ਸ਼੍ਰੇਣੀਵੰਡ (ਖਾਣੀਆਂ)

ਜੀਵਾਂ ਦੀਆਂ ਬੇਅੰਤ ਜਾਤੀਆਂ (Genus) ਅਤੇ ਪਰਜਾਤੀਆਂ (Species) ਹਨ । ਇਨ੍ਹਾਂ ਦੇ ਜੀਵਨ ਢੰਗ ਵੀ ਵੱਖੋ ਵੱਖਰੇ ਹਨ ਅਤੇ ਇਨ੍ਹਾਂ ਦੀਆਂ ਸਰੀਰਕ ਬਣਤਰਾਂ ਵੀ ਇੱਕ ਦੂਜੇ ਨਾਲ ਨਹੀਂ ਮਿਲਦੀਆਂ । ਯੂਨਾਨੀ ਦਾਰਸ਼ਨਿਕ ਅਰਸਤੂ (Plato) ਨੇ ਸਭ ਤੋਂ ਪਹਿਲਾਂ ਇਨ੍ਹਾਂ ਦਾ ਵਰਗੀਕਰਣ ਕੀਤਾ ਸੀ । ਇਹ ਸਿੱਧਾ ਜਿਹਾ ਵਰਗੀਕਰਣ ਸੀ। ਪਾਣੀ ਵਾਲੇ ਜੀਵ ਇਕ ਸ਼੍ਰੇਣੀ ਵਿੱਚ ਰੱਖੇ ਗਏ ਅਤੇ ਧਰਤੀ ਤੇ ਵਿੱਚਰਨ ਵਾਲੇ ਜੀਵ ਦੂਜੀ ਸ਼੍ਰੇਣੀ ਵਿੱਚ ਰੱਖ ਦਿੱਤੇ ਗਏ । ਜੀਵਾਂ ਦਾ ਅਸਲੀ ਵਰਗੀਕਰਣ (Classification) ਬਹੁਤ ਦੇਰ ਪਿਛੋਂ 19ਵੀਂ ਸਦੀ ਵਿੱਚ ਹੋਇਆ ਜੋ ਹੁਣ ਤੱਕ ਬਦਲਦਾ ਆ ਰਿਹਾ ਹੈ ਕਿਉਂਕਿ ਨਵੇਂ ਨਵੇਂ ਜੀਵ ਲੱਭ ਰਹੇ ਹਨ । ਇਹ ਸ਼ਾਇਦ ਬਦਲਦਾ ਹੀ ਰਹੇਗਾ।

ਗੁਰੂ ਨਾਨਕ ਸਾਹਿਬ ਦੇ ਸਮੇਂ ਇਹ ਵਿਚਾਰ ਆਮ ਸੀ ਕਿ ਖਾਣੀਆਂ (ਜੀਵ ਜੰਤੂਆਂ ਦੀ ਸ਼੍ਰੇਣੀ ਵੰਡ ) ਚਾਰ ਹਨ । ਜੀਵ ਆਂਡੇ, ਜੇਰ, ਮੁੜ੍ਹਕੇ ਅਤੇ ਧਰਤੀ ਤੋਂ ਪੈਦਾ ਹੁੰਦੇ ਹਨ ਤੇ ਇਸੇ ਲਈ ਇਨ੍ਹਾਂ ਨੂੰ ਇਨ੍ਹਾਂ ਚਾਰ ਕਿਸਮਾਂ (ਅੰਡਜ, ਜੇਰਜ,

ਸੇਤਜ, ਉਤਭੁਜ) ਵਿੱਚ ਵੰਡਿਆ ਜਾ ਸਕਦਾ ਹੈ ।[112] ਗੁਰੂ ਜੀ ਨੇ ਪ੍ਰਚਲਤ ਵਿਚਾਰ ਨੂੰ ਵਰਤ ਕੇ ਕਈ ਥਾਈਂ ਭਾਵੇਂ ਇਨ੍ਹਾ ਚੌਹਾਂ ਦਾ ਹੀ ਜ਼ਿਕਰ ਕੀਤਾ ਹੈ ਪ੍ਰੰਤੂ ਉਹ ਆਪਣਾ ਸਿਧਾਂਤ ਦੇਣ ਵੇਲੇ ਇਸ ਵੰਡ ਨੂੰ ਸਵੀਕਾਰ ਨਹੀਂ ਕਰਦੇ । ਮਸਲਨ ਉਹ ਇਨ੍ਹਾਂ ਚੌਹਾਂ ਦਾ ਜ਼ਿਕਰ ਕਰ ਕੇ ਵੀ ਨਾਲ ਲਿਖਦੇ ਹਨ ਕਿ ਜੀਵਾਂ ਦੀਆਂ ਕਿਸਮਾਂ ਬਹੁਤੀਆਂ ਹਨ। "**ਅੰਡਜ ਜੇਰਜ ਸੇਤਜ ਉਤਭੁਜ ਬਹੁ ਪ੍ਰਕਾਰੀ ਪਾਲਕਾ**" ॥ ਭਾਵੇਂ ਅੱਜ ਦਾ ਇਨਸਾਨ ਕਿਸੇ ਵੇਲੇ ਚਾਰ ਦੀ ਥਾਂ ਜੀਵਨ ਦੀਆਂ ਹੋਰ ਕਿਸਮਾਂ ਵੀ ਦੂਸਰੇ ਆਕਾਸ਼ੀ ਪਿੰਡਾਂ ਉੱਪਰ ਲੱਭ ਲਵੇ ਪਰ ਸਤਿਗੁਰੂ ਜੀ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਵੰਡ ਕਦੀ ਵੀ ਸਥਾਈ ਨਹੀਂ ਹੋ ਸਕਦੀ ਕਿਉਂਕਿ ਉਸ ਦੀ ਰਚਨਾ ਦਾ ਹੀ ਅੰਤ ਨਹੀਂ ਤਾਂ ਕਿਸਮਾਂ ਦਾ ਅੰਤ ਕਿਵੇਂ ਪਾਇਆ ਜਾ ਸਕਦਾ ਹੈ । "**ਕਈ ਕੋਟਿ ਖਾਣੀ ਅਰੁ ਖੰਡ॥ ਕਈ ਕੋਟਿ ਅਕਾਸ ਬ੍ਰਹਮੰਡ**"॥ (ਪੰਨਾ 276) ਹੋਰ ਸਪੱਸ਼ਟ ਕਰਕੇ ਲਿਖਦੇ ਹਨ "**ਕੇਤੀਆ ਖਾਣੀ ਕੇਤੀਆ ਬਾਣੀ**"॥ (ਪੰਨਾ 7) ਜੀਵ ਜੰਤਾਂ ਦੀਆਂ ਅਨੇਕਾਂ ਕਿਸਮਾਂ ਹਨ ਅਤੇ ਅਨੇਕਾਂ ਹੀ ਬੋਲੀਆਂ ਹਨ । ਅੱਜ ਦੇ ਵਿਗਿਆਨੀ ਗੁਰੂ ਜੀ ਦੇ ਇਸ ਵਿਚਾਰ ਨਾਲ ਸੌ ਫੀਸਦੀ ਸਹਿਮਤ ਹਨ।"**ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ"॥ (ਪੰਨਾ 15)** ਜੀਵ ਜੰਤਾਂ ਦੀ ਗਿਣਤੀ ਜਾਂ ਉਨ੍ਹਾਂ ਦੀਆਂ ਨਸਲਾਂ/ਜਾਤੀਆਂ ਦੀ ਸੰਖਿਆ ਕਦੀ ਵੀ ਪੂਰਣ ਨਹੀਂ ਹੋ ਸਕਦੀ ਕਿਉਂਕਿ "**ਅਨਿਕ ਜੀਅ ਜਾ ਕੇ ਗ੍ਰਿਹ ਮਾਹਿ**"॥ (ਪੰਨਾ 1236) "**ਨਾਨਕ ਕਰਤੇ ਕੇ ਕੇਤੇ ਵੇਸ"॥ (ਪੰਨਾ 12)**

## 5.12 ਜੀਵਨ ਦਾ ਰਹਸਯ

ਸੰਸਾਰ ਵਿੱਚ ਕੁੱਛ ਐਸੇ ਜੀਵ ਵੀ ਹਨ ਜਿਨ੍ਹਾਂ ਦੇ ਇਸਤ੍ਰੀ ਅਤੇ ਪੁਰਖ ਲਿੰਗ ਇੱਕੋ ਸਰੀਰ ਵਿੱਚ ਹੁੰਦੇ ਹਨ। ਇਨ੍ਹਾਂ ਨੂੰ ਏਸੈਕਸੂਅਲ ਔਰਗੈਨਿਜ਼ਮ (Asexual Organism) ਕਿਹਾ ਜਾਂਦਾ ਹੈ (ਜਿਵੇਂ ਕਿ ਅਮੀਬਾ ਜਾਂ ਸਟਾਰ ਫਿਸ਼)। ਇਹ ਆਪਣੇ ਸਰੀਰ ਨੂੰ ਹੀ ਦੋ ਹਿੱਸਿਆ ਵਿੱਚ ਵੰਡ ਕੇ ਨਵੇਂ ਜੀਵ ਪੈਦਾ ਕਰਦੇ ਹਨ। ਕੋਲੈਂਟਰਾਟੇ (Colenterate) ਵੀ ਅਜਿਹਾ ਹੀ ਜੀਵ ਹੈ ਜਿਸ ਨੂੰ ਜੇ ਕੱਟ ਦਿੱਤਾ ਜਾਵੇ ਤਾਂ ਦੋਵੇ ਹਿੱਸੇ ਨਵੇਂ ਜੀਵ ਬਣ ਜਾਂਦੇ ਹਨ ਤੇ ਸਮਾਂ ਪਾ ਕੇ ਪੂਰਨ ਹੋ ਜਾਂਦੇ ਹਨ।

[112] ਆਂਡੇ ਤੋਂ ਜਿਵੇਂ ਮੁਰਗੀ, ਜੇਰ ਤੋਂ ਜੀਵ ਜੰਤੂ, ਮਨੁਖ ਆਦਿਕ, ਸੇਤਜ (ਮੁੜ੍ਹਕੇ ਤੋਂ ?) ਜਿਵੇਂ ਜੂੰਆਂ ਆਦਿਕ, ਉਤਭੁਜ (ਧਰਤੀ ਪਾੜ ਕੇ) ਜਿਵੇਂ ਬੂਟੇ ਦਰਖਤ ਆਦਿਕ । ਪੱਛਮ ਵਿੱਚ ਵੀ ਕਿਸੇ ਮੌਕੇ ਇਸੇ ਤਰ੍ਹਾਂ ਚਾਰ ਖਾਣੀਆਂ (ਮੋਨਰਾ, ਪਰੋਟਿਸਟਾ, ਐਨੀਮਾ ਅਤੇ ਪਲਾਂਟਾ) ਮੰਨੀਆਂ ਜਾਂਦੀਆਂ ਸਨ । ਬਾਅਦ ਵਿੱਚ ਸਾਇੰਸ ਦੇ ਉੱਨਤੀ ਕਰਨ ਕਾਰਨ ਇਹ ਗਿਣਤੀ ਵਧਦੀ ਗਈ । ਹੁਣ ਸਾਇੰਸਦਾਨ 13 ਕਿਸਮਾਂ ਮੰਨਦੇ ਹਨ । ਵਾਇਰਸ ਨੂੰ ਅਜੇ ਕਿਸੇ ਵੀ ਜਮਾਤ ਵਿੱਚ ਨਹੀਂ ਰੱਖਿਆ ਜਾ ਸਕਿਆ ਕਿਉਂਕਿ ਇਸ ਬਾਰੇ ਅਜੇ ਇਹ ਵੀ ਨਿਰਣਾ ਨਹੀਂ ਹੋ ਸਕਿਆ ਕਿ ਇਹ ਜੀਵ ਹੈ ਕਿ ਪਦਾਰਥ ।



ਐਮੇਜ਼ੋਨ ਦੀਆਂ ਕੀੜੀਆਂ ਕਲੋਨਿੰਗ (Cloning) ਰਾਹੀਂ ਬੱਚੇ ਪੈਦਾ ਕਰਦੀਆਂ ਹਨ। ਰਾਣੀ ਕੀੜੀ ਆਪਣੇ ਵਰਗੀਆਂ ਹੀ ਧੀਆਂ ਪੈਦਾ ਕਰ ਲੈਂਦੀ ਹੈ । ਇਨ੍ਹਾਂ ਵਿੱਚ ਕਾਮੁਕ ਕਿਰਿਆ ਹੁੰਦੀ ਹੀ ਨਹੀਂ ।[113]

ਬੰਬਾਰਡੀਅਰ ਬੀਟਲ (Bombardier Beetle) ਅਪਣੇ ਦੁਸ਼ਮਣ ਤੋਂ ਬਚਾ ਲਈ ਆਪਣੀ ਪੂਛ ਵਿੱਚੋਂ ਇੱਕ ਗਾੜ੍ਹਾ ਅਤੇ ਬਦਬੂਦਾਰ ਤਰਲ ਟਿਕਾ ਕੇ ਦੁਸ਼ਮਣ ਦੇ ਮੂੰਹ ਤੇ ਮਾਰਦਾ ਹੈ ।[114] ਇਸ ਦਾ ਨਿਸ਼ਾਨਾ ਕਦੀ ਉੱਕਦਾ ਨਹੀਂ। ਇਸ ਤਰਲ ਦੀ ਵੀ ਇਹ ਖ਼ਾਸੀਅਤ ਹੈ ਕਿ ਇਹ ਉੱਬਲਦੇ ਪਾਣੀ ਜਿੰਨਾ ਗਰਮ ਹੁੰਦਾ ਹੈ । ਨਾਂ ਤਾ ਸਾਇੰਸਦਾਨ ਹੁਣ ਤੱਕ ਇਸ ਦੀ ਨਿਸ਼ਾਨਾਂ ਸਾਧਣ ਦੀ ਯੁਗਤੀ ਬਾਰੇ ਜਾਣ ਸਕੇ ਹਨ ਅਤੇ ਨਾ ਹੀ ਇਹ ਪਤਾ ਕਰ ਸਕੇ ਹਨ ਕਿ ਇਹ ਛੋਟਾ ਜਿਹਾ ਜੀਵ ਇਨ੍ਹੀ ਗਰਮੀ ਕਿਵੇਂ ਪੈਦਾ ਕਰਦਾ ਹੈ । ਇਸ ਦੇ ਤਰਲ ਪਦਾਰਥ ਦੀ ਖੋਜ ਕੀਤਿਆਂ ਪਤਾ ਲੱਗਾ ਹੈ ਇਸ ਵਿੱਚ ਹਾਈਡ੍ਰੋਜਨ ਪਰਔਕਸਾਈਡ (Hydrogen Peroxide) ਅਤੇ ਹਾਈਡ੍ਰੋਕੁਈਨੋਨ (Hydroquinone) ਮਿਲੇ ਹਨ ਜੋ ਕਿਸੇ ਵੀ ਵਿਧੀ ਇੰਨੀ ਗਰਮੀ ਪੈਦਾ ਨਹੀਂ ਕਰ ਸਕਦੇ ।

ਸਮੁੰਦਰੀ ਜੀਵ ਐਕੀਨੋਡਰਮਾਟਾ (Echinodermata) ਦਾ ਸਿਰ ਨਹੀਂ ਹੁੰਦਾ ਪਰ ਇਸਦਾ ਕੋਈ ਭਾਗ ਕੱਟ ਦਿੱਤਾ ਜਾਵੇ ਤਾਂ ਇਹ ਓਹੀ ਭਾਗ ਨਵਾਂ ਪੈਦਾ ਕਰ ਲੈਂਦਾ ਹੈ। ਕੁਝ ਵਾਇਰਸ[115] ਹਨ ਜੋ ਸਦੀਆਂ ਤੱਕ ਜਿਉਂਦੇ ਰਹਿੰਦੇ ਹਨ ਅਤੇ ਦੇਖਣ ਵਿੱਚ ਆਟੇ ਵਰਗਾ ਪਾਊਡਰ ਜਿਹਾ ਲਗਦੇ ਹਨ ਅਜਿਹਾ ਹੀ ਇੱਕ ਟੋਬੈਕੋ ਮੋਸਾਇਕ (Tobacco Mosaic) ਵਾਇਰਸ ਹੈ ਜੋ ਮਹੀਨ ਪਾਊਡਰ ਜਿਹਾ ਹੀ ਹੁੰਦਾ ਹੈ ਪਰ ਜੇ ਤਮਾਕੂ ਦੇ ਪੱਤੇ ਉੱਪਰ ਗਿੱਲਾ ਕਰਕੇ ਰੱਖ ਦੇਈਏ ਤਾਂ ਜੀਵ ਬਣ ਜਾਂਦਾ ਹੈ ਅਤੇ ਵਧਣਾ ਫੁੱਲਣਾ ਸ਼ੁਰੂ ਕਰ ਦਿੰਦਾ ਹੈ ।

ਗਰੀਨ ਲੈਂਡ ਵਿੱਚ ਇੱਕ ਮੱਛਰ ਲੱਭਿਆ ਹੈ ਜਿਸ ਦਾ ਲਾਰਵਾ ਬਰਫ ਵਿੱਚ ਦੱਬਿਆ ਰਹਿੰਦਾ ਹੈ ਪ੍ਰੰਤੂ ਜਦੋਂ ਬਰਫ ਪਿਘਲਦੀ ਹੈ ਤਾਂ ਪੂਰਨ ਮੱਛਰ ਬਣ

[113] "The Amazonian ants reproduce by cloning- The queen ants copy themselves to produce genetically identical daughters. It is a ~World without sex" (B.B.C 15.4.2009)

[114] "A scalding boiling hot toxic liquid is spewed out of the beetle's rear toward the threatening predator's face".

[115] ਵਾਇਰਸ 1898 ਵਿੱਚ ਮਾਰਟੀਨਸ ਬੀਜਰਨ ਨੇ ਲੱਭਿਆ ਸੀ । ਇਹ ਕਿਸੇ ਜਿਉਂਦੇ ਸਰੀਰ ਵਿੱਚ ਵੜਕੇ ਵਧਣ ਲੱਗ ਜਾਂਦੇ ਹਨ ਅਤੇ ਸਿਹਤਮੰਦ ਸੈਲਾਂ ਨੂੰ ਮਾਰ ਦਿੰਦੇ ਹਨ । ਏਡਜ਼, ਮਾਤਾ, ਹਲਕ (Rabies), ਪੋਲੀਓ, ਆਦਿਕ ਦੇ ਵਾਇਰਸ ਲੱਭ ਲਏ ਗਏ ਹਨ ਤੇ ਇੰਨ੍ਹਾਂ ਦਾ ਇਲਾਜ ਵੀ ਪਰ ਏਡਜ਼ ਦਾ ਅਜੇ ਕੋਈ ਤਸੱਲੀਬਖਸ਼ ਇਲਾਜ ਨਹੀਂ ਲੱਭਾ ।

ਕੇ ਉੱਡ ਜਾਂਦਾ ਹੈ । ਅੱਜ ਕਲ੍ਹ ਮਨੁੱਖੀ ਸ਼ੁਕਰਾਣੂਆਂ ਨੂੰ ਵੀ ਇਸੇ ਤਰ੍ਹਾਂ ਬਰਫ ਵਿੱਚ ਜਮਾਂਕੇ ਜੀਵਤ ਰੱਖਿਆ ਜਾਂਦਾ ਹੈ ਅਤੇ ਬੇਔਲਾਦ ਜੋੜਿਆਂ ਨੂੰ ਔਲਾਦ ਪਰਦਾਨ ਕਰਨ ਲਈ ਵਰਤਿਆ ਜਾਂਦਾ ਹੈ । ਸੀਤਕਾਲ ਨੀਂਦ (Hybernation) ਵੀ ਇਸ ਦੀ ਇੱਕ ਹੋਰ ਮਿਸਾਲ ਹੈ । ਸੀਤਕਾਲ ਨੀਂਦ ਵਾਲੇ ਜੀਵ ਭਾਵੇਂ ਮਰਦੇ ਤਾਂ ਨਹੀ ਪਰ ਇਨ੍ਹਾਂ ਦੇ ਦਿਲ ਦੀ ਗਤੀ ਸੌਵੇਂ ਹਿਸੇ ਤਕ ਰਹਿ ਜਾਂਦੀ ਹੈ ਤੇ ਇਸ ਗਤੀ ਨਾਲ ਆਮ ਜੀਵਨ ਅਸੰਭਵ ਹੁੰਦਾ ਹੈ ।[116] ਧਰੁਵੀ ਰਿੱਛ (Polar Bear) ਦੇ ਸਰੀਰ ਦਾ ਤਾਪਮਾਨ ਸਰਦੀਆਂ ਵਿੱਚ 37 ਡਿਗਰੀ ਸੈਂਟੀਗ੍ਰੇਡ ਤੋਂ ਘਟ ਕੇ 15 ਡਿਗਰੀ ਸੈਂਟੀਗ੍ਰੇਡ ਰਹਿ ਜਾਂਦਾ ਹੈ ਪਰ ਫੇਰ ਵੀ ਉਹ ਜਿਉਂਦਾ ਰਹਿੰਦਾ ਹੈ । ਡੱਡੂ (ਮੇਂਡਕ) ਵਰਗੇ ਜੀਵ ਸਾਲ ਦਾ ਬਹੁਤਾ ਹਿੱਸਾ ਸਾਹ ਦੀ ਗਤੀ ਬੇਹੱਦ ਧੀਮੀ ਕਰ ਦਿੰਦੇ ਹਨ ਤੇ ਸਾਲ ਭਰ ਸੁੱਤੇ ਰਹਿੰਦੇ ਹਨ। ਮਿੱਜ (Midge) ਨਾਂ ਦਾ ਇੱਕ ਛੋਟਾ ਜਿਹਾ ਜੀਵ ਵੀ ਹੈ ਜੋ ਨਾਂ ਉਬਾਲਿਆਂ ਮਰਦਾ ਹੈ ਅਤੇ ਨਾਂ ਹੀ ਬਰਫ ਵਿੱਚ ਦੱਬਿਆਂ ਮਰਦਾ ਹੈ। ਇਹੋ ਜਿਹੇ ਵਚਿੱਤਰ ਜੀਵਨ ਨੂੰ ਭਾਵੇਂ ਸਾਇੰਸਦਾਨਾਂ ਨੇ ਹੁਣੇ-ਹੁਣੇ ਲੱਭਿਆ ਹੈ ਪ੍ਰੰਤੂ ਇੰਨ੍ਹਾਂ ਦਾ ਜਿਕਰ ਗੁਰੂ ਜੀ ਨੇ ਇਹ ਕਹਿ ਕੇ ਕਰ ਦਿੱਤਾ ਸੀ ਕਿ, "**ਪ੍ਰਭ ਭਾਵੈ ਬਿਨੁ ਸਾਸ ਤੇ ਰਾਖੈ**"॥ (ਪੰਨਾ 277) ਗੁਰੂ ਜੀ ਨੇ ਜ਼ਰੂਰ ਗੰਡ ਗਡੋਏ, ਅਸਫੰਜ ਅਤੇ ਪਰੋਟੋਜ਼ੋਆ ਵਰਗੇ ਜੀਵਾਂ ਨੂੰ ਦੇਖ ਕੇ ਹੀ ਇਹ ਸਬਦ ਕਹੇ ਹੋਣਗੇ।

ਕਿਧਰੇ ਕਿਧਰੇ ਇਹ ਵੀ ਸੁਨਣ ਵਿੱਚ ਆ ਜਾਂਦਾ ਹੈ ਕਿ ਇੱਕ ਪੁਰਸ਼ ਇਸਤ੍ਰੀ ਬਣ ਗਿਆ ਜਾਂ ਇੱਕ ਇਸਤ੍ਰੀ ਪੁਰਸ਼ ਬਣ ਗਈ । ਇਸ ਬਾਰੇ ਸਇੰਸਦਾਨਾਂ ਨੂੰ ਕੁਝ ਸੋਝੀ 18ਵੀਂ ਸਦੀ ਵਿੱਚ ਹੀ ਜਾ ਕੇ ਆਈ । ਪਤਾ ਲੱਗਿਆ ਕਿ ਮਾਂ ਦੇ ਗਰਭ ਵਿੱਚ ਲਿੰਗ ਸਿਰਜਣ ਵਾਲੀ ਕੋਸ਼ਿਕਾ (Sex Generating Cell) ਵਿਭਾਜਨ ਵਿਧੀ (Meiosis) ਦੁਆਰਾ ਦੋ ਹਿੱਸਿਆ ਕਾਰਟੈਕਸ (Cortex) ਅਤੇ ਮੈਡੂਲਾ (Medula) ਵਿੱਚ ਵਟ ਜਾਂਦੀ ਹੈ । ਕਾਰਟੈਕਸ ਤੋਂ ਇਸਤ੍ਰੀ ਲਿੰਗ ਬਣਦਾ ਹੈ ਅਤੇ ਮੈਡੂਲਾ ਤੋਂ ਪੁਰਸ਼ ਲਿੰਗ ਬਣਦਾ ਹੈ । ਇਨ੍ਹਾਂ ਵਿੱਚੋਂ ਜਿਹੜਾ ਪਹਿਲਾਂ ਗ੍ਰੰਥੀ ਰਸ (Gland Secretion) ਪੈਦਾ ਕਰਨ ਲੱਗੇ ਅਤੇ ਬਹੁਤਾ ਰਸ ਪੈਦਾ ਕਰੇ ਉਹੀ ਲਿੰਗ ਬਣਦਾ ਹੈ । ਕੋਸ਼ਕਾ ਇਹ ਰਸ ਕਈ ਹਾਲਤਾਂ ਵਿੱਚ ਇਨਸਾਨ ਦੀ ਪੈਦਾਇਸ਼ ਤੋਂ ਬਾਅਦ ਵੀ ਪੈਦਾ ਕਰਦੀਆਂ ਰਹਿੰਦੀਆਂ ਹਨ । ਇਸ ਤਰ੍ਹਾਂ ਇਸਤਰੀ ਲਿੰਗ ਦੇ ਪੁਲਿੰਗ ਵਿੱਚ ਅਤੇ ਪੁਲਿੰਗ ਦੇ ਇਸਤ੍ਰੀ ਲਿੰਗ

[116] ਧਰੁਵੀ ਰਿੱਛ (Polar Bear) ਦੇ ਸਰੀਰ ਦਾ ਤਾਪਮਾਨ ਸਰਦੀਆਂ ਵਿੱਚ 37°ਦੀ ਥਾਂ ਕੇਵਲ 15° ਰਹਿ ਜਾਦਾਂ ਹੈ ਪਰ ਉਹ ਫੇਰ ਵੀ ਜੀਂਦਾ ਰਹਿੰਦਾ ਹੈ।



ਵਿੱਚ ਬਦਲਣ ਦਾ ਬਾਨ੍ਹਣੂ ਬੱਝ ਜਾਂਦਾ ਹੈ । ਆਮ ਮਨੁੱਖ ਲਈ ਇਹ ਗਲ ਚਮਤਕਾਰ ਜਾਪਦੀ ਹੈ ਪਰ ਗੁਰੂ ਜੀ ਨੇ ਸਾਇੰਸਦਾਨਾਂ ਦੇ ਖੋਜ ਕਰਨ ਤੋਂ ਕਿਧਰੇ ਪਹਿਲਾਂ ਇਹ ਗੱਲ ਸਪੱਸ਼ਟ ਲਿਖ ਦਿੱਤੀ ਸੀ "**ਪੁਰਖੁ ਮਹਿ ਨਾਰਿ ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮ ਗਿਆਨੀ**" ॥ (ਪੰਨਾ 879) "**ਨਾਰੀ ਤੇ ਜੋ ਪੁਰਖੁ ਕਰਾਵੈ ਪੁਰਖਨ ਤੇ ਜੋ ਨਾਰੀ"॥** (ਪੰਨਾ 1252)

1977 ਵਿੱਚ ਆਲਵਿਨ (Alvin) ਨਾਂ ਦੀ ਇੱਕ ਡੁਬਕਣੀ ਕਿਸ਼ਤੀ ਲੈ ਕੇ ਕੁਝ ਵਿਗਿਆਨੀ ਸ਼ਾਂਤ ਮਹਾਂ ਸਾਗਰ ਵਿੱਚ ਸਮੁੰਦਰ ਦੇ ਥੱਲੇ ਗਏ ਤਾਂ ਉਨ੍ਹਾਂ ਨੇ ਜੁਆਲਾਮੁਖੀ ਪੱਥਰਾਂ ਵਿੱਚ ਵੀ ਜਿਉਂਦੇ ਜੀਵ ਅਤੇ ਬੂਟੇ ਦੇਖੇ ਜਿੱਥੇ ਕਿ ਤਾਪਮਾਨ 399 ਡਿਗਰੀ ਸੈਂਟੀਗਰੇਡ ਸੀ । ਐਨੇ ਗਰਮ ਪਾਣੀ (ਪਾਣੀ 100 ਡਿਗਰੀ ਤੇ ਹੀ ਉੱਬਲਣ ਲੱਗ ਜਾਂਦਾ ਹੈ) ਵਿੱਚ ਕਿਸੇ ਜਿਉਂਦੀ ਜਾਨ ਦਾ ਹੋਣਾ ਮਨੁੱਖੀ ਕਲਪਨਾ ਵਿੱਚ ਆ ਹੀ ਨਹੀਂ ਸੀ ਸਕਦਾ । ਹੁਣ ਐਹੋ ਜਿਹੀਆਂ 295 ਹੋਰ ਜੀਵਤ ਕਿਸਮਾਂ ਲੱਭ ਲਈਆਂ ਗਈਆ ਹਨ । ਇਨ੍ਹਾ ਨੂੰ ਪਾਈਰੋਕੋਕਸ ਫਿਊਰੀਓਸਸ (Pyrococcus Furiosus) ਕਿਹਾ ਜਾਂਦਾ ਹੈ । ਅਜਿਹੇ ਜੀਵਨ ਬਾਰੇ ਸਾਰੀ ਖੋਜ ਹੁਣੇ ਹੁਣੇ ਹੋਈ ਹੈ ਪਰ ਅੱਜ ਤੋਂ ਪੰਜ ਸੌ ਸਾਲ ਪਹਿਲਾਂ ਗੁਰੂ ਜੀ ਨੇ ਐਸੇ ਜੀਵਾਂ ਦਾ ਜ਼ਿਕਰ ਸੁਤੇ ਸਿੱਧ ਹੀ ਕੀਤਾ ਹੈ। ਆਪ ਲਿਖਦੇ ਹਨ, "**ਦੇਇ ਅਹਾਰੁ ਅਗਨਿ ਮਹਿ ਰਾਖੈ ਐਸਾ ਖਸਮੁ ਹਮਾਰਾ**"॥ (ਪੰਨਾ 488), "**ਮਨਹੁ ਕਿਉ ਵਿਸਾਰੀਐ ਏਵਡੁ ਦਾਤਾ ਜਿ ਅਗਨਿ ਮਹਿ ਆਹਾਰੁ ਪਹੁਚਾਵਏ**"॥ (ਪੰਨਾ 920)

ਕੁੱਝ ਸਮੁੰਦਰੀ ਜੀਵ ਆਪਣੇ ਤੋਂ ਛੋਟੇ ਸਮੁੰਦਰੀ ਜੀਵਾਂ ਨੂੰ ਖਾ ਕੇ ਗੁਜ਼ਾਰਾ ਕਰਦੇ ਹਨ ਪਰ ਕੁੱਝ ਧਰਤੀ ਦੇ ਨਮਕ ਆਦਿਕ ਖਾ ਕੇ ਹੀ ਪਾਣੀ ਵਿੱਚ ਜੀਂਦੇ ਹਨ। ਖੁਰਾਕ ਪਰਮਾਤਮਾ ਨੇ ਸਭ ਲਈ ਹਰ ਥਾਂ ਪੈਦਾ ਕਰ ਦਿੱਤੀ ਹੈ । ਸਤਿਗੁਰੂ ਜੀ ਕਹਿੰਦੇ ਹਨ, "**ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ । ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ**"॥ (ਪੰਨਾ 955) । ਫਾਈਲਮ (Phylum) ਨਾਂ ਦਾ ਇੱਕ ਜੀਵ ਸਮੁੰਦਰ ਵਿੱਚ 25 ਫੁੱਟ ਲੰਮੀ ਟਿਊਬ ਵਿੱਚ ਰਹਿੰਦਾ ਹੈ । ਨਾਂ ਇਸ ਦਾ ਮੂੰਹ ਅਤੇ ਨਾਂ ਹੀ ਆਂਦਰਾਂ ਹਨ । ਇਹ ਆਪਣੀ ਖ਼ੁਰਾਕ ਸਰੀਰ ਦੇ ਸੈਲਾਂ ਰਾਹੀਂ ਹੀ ਚੂਸਦਾ ਹੈ । 2003 ਵਿੱਚ ਸਾਊਥੈਂਪਟਨ ਯੂਨੀਵਰਸਿਟੀ ਦੇ ਡਾਕਟਰ ਬ੍ਰੈਮਲੇ ਮਰਟਨ (Dr. Bramley Murton) ਚਾਰਲਸ ਡਾਰਵਿਨ ਨਾਂ ਦੇ ਇੱਕ ਜਹਾਜ਼ ਤੇ ਹਿੰਦ ਮਹਾਂ ਸਾਗਰ ਵਿੱਚ ਖੋਜ ਲਈ ਗਏ । ਉਨ੍ਹਾਂ ਨੇ ਸਮੁੰਦਰ ਦੇ ਥੱਲੇ ਇੱਕ ਕਾਲਾ ਧੂਆਂ ਜਿਹਾ ਦੇਖਿਆਂ ਜੋ ਬੇਹੱਦ ਗਰਮ ਸੀ । ਖੋਜ ਕਰਨ ਤੇ

ਇਸ ਵਿੱਚ 8 ਫੁੱਟ ਲੰਮੇ ਸ਼ਰਿੰਪ ਅਤੇ ਸੁੰਡ ਜਿਹੇ ਮਿਲੇ ਜੋ ਅੱਖਾਂ ਤੋਂ ਅੰਨ੍ਹੇ ਸਨ ਅਤੇ ਰਸਾਇਣ ਪਦਾਰਥ (Chemical Matter) ਖਾ ਕੇ ਹੀ ਜਿਉਂਦੇ ਸਨ । ਨਾਲ ਗਏ ਡਾਕਟਰ ਜਰਮਨ ਨੇ ਕਿਹਾ ਹੈ ਕਿ "*ਸਾਨੂੰ ਇਨ੍ਹਾਂ ਦੀਆਂ ਦੋ ਦੋ ਕਿਸਮਾਂ ਦੇਖਣ ਨੂੰ ਮਿਲੀਆਂ । ਅਜਿਹੇ ਵਚਿੱਤਰ ਜੀਵਨ ਦਾ ਬ੍ਰਹਮੰਡ ਵਿੱਚ ਕੋਈ ਅੰਤ ਨਹੀਂ । ਅਸੀਂ ਤਾਂ ਧਰਤੀ ਉਪਰ ਹੀ ਖੋਜ ਕੀਤੀ ਹੈ ਪਤਾ ਨਹੀਂ ਹੋਰਨਾਂ ਆਕਾਸ਼ੀ ਪਿੰਡਾਂ ਉੱਪਰ ਕਿਹੋ ਜਿਹਾ ਅਤੇ ਕਿੰਨਾ ਵਚਿੱਤਰ ਜੀਵਨ ਪਨਪ ਰਿਹਾ ਹੈ*" । ਸਤਿਗੁਰੂ ਜੀ ਤਾਂ ਕਰਤੇ ਦੀ ਇਸ ਰਚਨਾ ਉੱਤੇ ਵਾਰੇ ਵਾਰੇ ਜਾਂਦੇ ਹਨ ਤੇ ਲਿਖਦੇ ਹਨ, "**ਵਿਸਮਾਦੁ ਧਰਤੀ ਵਿਸਮਾਦੁ ਖਾਣੀ"॥ (ਪੰਨਾ 464), "ਵਿਸਮਾਦੁ ਜੀਅ ਵਿਸਮਾਦੁ ਭੇਦ"॥** (ਪੰਨਾ 463)

ਉਪ੍ਰੋਕਤ ਜੀਵਾਂ ਵਿੱਚੋਂ ਬਹੁਤੇ ਜੀਵ ਅਜੇ ਤੱਕ ਕਿਸੇ ਵੀ ਸ਼੍ਰੇਣੀ (ਖਾਣੀ) ਵਿੱਚ ਵੀ ਨਹੀਂ ਰਖੇ ਜਾ ਸਕੇ । ਅਜੋਕੇ ਸਾਇੰਸਦਾਨਾਂ ਨੇ ਜੀਵ ਜੰਤੂਆਂ ਨੂੰ ਇੱਕ ਦੂਜੇ ਤੋਂ ਵਖਰਿਆਉਣ ਲਈ ਡੀ ਐਨ ਏ ਪਰਜਨਨ ਪਦਾਰਥ (DNA) ਅਤੇ ਆਰ ਐਨ ਏ ਅਤਿਪਰਜਨਨ ਪਦਾਰਥ (R.N.A) ਦਾ ਪ੍ਰਯੋਗ ਕਰਨਾ ਸ਼ੁਰੂ ਕਰ ਦਿੱਤਾ ਹੈ। ਉਹ ਹੈਰਾਨ ਹੋ ਰਹੇ ਹਨ ਕਿ ਸੰਸਾਰ ਭਰ ਵਿੱਚ ਇੱਕ ਵੀ ਜੀਵ ਦਾ DNA ਜਾਂ RNA ਕਿਸੇ ਦੂਜੇ ਜੀਵ ਨਾਲ ਨਹੀਂ ਰਲਦਾ । ਇਹ ਕਾਢ ਕੋਈ ਨਵੀਂ ਨਹੀਂ । ਸਾਇੰਸਦਾਨ ਭਾਵੇਂ ਹੈਰਾਨ ਹੋਣ ਪਰ ਇਸ ਬਾਰੇ ਗੁਰੂ ਜੀ ਨੇ ਸਦੀਆਂ ਪਹਿਲਾਂ ਦੱਸ ਦਿੱਤਾ ਸੀ ਕਿ ਸੰਸਾਰ ਦਾ ਹਰ ਜੀਵ ਅਨੋਖਾ ਤੇ ਅਨੂਠਾ ਹੈ ਅਤੇ ਸੰਸਾਰ ਵਿੱਚ ਉਸ ਵਰਗਾ ਹੋਰ ਕੋਈ ਜੀਵ ਨਹੀਂ । ਆਪ ਲਿਖਦੇ ਹਨ, " **ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸਹੀ ਜੇਹਾ"॥ (ਪੰਨਾ 596) "ਮੇਰੈ ਪ੍ਰਭਿ ਸਾਚੈ ਇਕੁ ਖੇਲੁ ਰਚਾਇਆ॥ ਕੋਇ ਨ ਕਿਸਹੀ ਜੇਹਾ ਉਪਾਇਆ"॥** (ਪੰਨਾ 1056),

ਬੂਟਿਆਂ ਬਾਰੇ ਵੀ ਬੜੀ ਖੋਜ ਹੋ ਚੁੱਕੀ ਹੈ । ਸਾਇੰਸਦਾਨ ਸਾਨੂੰ ਦੱਸਦੇ ਹਨ ਕਿ ਹਰ ਬੂਟੇ ਵਿੱਚ 70% ਪਾਣੀ ਹੁੰਦਾ ਹੈ । ਯਾਨੀ ਹਰ ਬੂਟਾ ਪਾਣੀ ਦੀ ਪੰਡ ਹੈ ਪਰ ਇਹ ਲਭਤ ਵੀ ਕੋਈ ਨਵੀਂ ਨਹੀਂ । ਸਤਿਗੁਰੂ ਜੀ ਲਿਖ ਗਏ ਹਨ , "**ਮਿਲਿ ਪਾਣੀ ਜਿਉ ਹਰੇ ਬੂਟ"॥** (ਪੰਨਾ 1181) "**ਭੀਤਰਿ ਅਗਨਿ ਬਨਾਸਪਤਿ ਮਉਲੀ ਸਾਗਰੁ ਪੰਡੈ ਪਾਇਆ"॥ (ਪੰਨਾ 1171)** {ਬਨਾਸਪਤੀ ਭਾਵੇਂ ਸੂਰਜ ਦੀ ਅਗਨੀ ਨਾਲ ਪਲਦੀ ਹੈ ਪ੍ਰੰਤੂ ਇਸ ਵਿੱਚ ਵੀ ਵਾਹਿਗੁਰੂ ਨੇ ਪਾਣੀ ਦੀ ਪੰਡ (ਸਾਗਰ-ਸਮੁੰਦਰ) ਪਾ ਦਿੱਤੀ ਹੈ । } "**ਘਟ ਮਹਿ ਸਿੰਧੁ ਕੀਓ ਪਰਗਾਸੁ**"॥ (ਪੰਨਾ 900) ਬੂਟਿਆਂ ਵਿੱਚ ਲੁਪਤ ਰੂਪ ਵਿੱਚ ਅਗਨੀ ਦਾ ਵਾਸਾ ਵੀ ਹੁੰਦਾ ਹੈ ਜਿਸ



ਨੂੰ ਅੱਜ ਦਾ ਵਿਗਿਆਨੀ ਮੰਨਦਾ ਹੈ । ਇਸ ਬਾਰੇ ਸਤਿਗੁਰਾਂ ਦਾ ਫੁਰਮਾਨ ਹੈ, "**ਕਾਸਟ ਮਹਿ ਜਿਉ ਹੈ ਬੈਸੰਤਰੁ ਮਥਿ ਸੰਜਮਿ ਕਾਢਿ ਕਢੀਜੈ"॥** (ਪੰਨਾ 1323) ਸੰਸਾਰ ਦੇ ਬਹੁਤ ਸਾਰੇ ਹਿੱਸਿਆਂ ਵਿੱਚ ਅੱਜ ਵੀ ਲਕੜੀ ਨੂੰ ਲਕੜੀ ਉੱਪਰ ਘਸਾ ਕੇ (ਮਥਿ ਸੰਜਮਿ = Methodically) ਹੀ ਅੱਗ ਪੈਦਾ ਕੀਤੀ ਜਾਂਦੀ ਹੈ ।

## 5.13 ਪੱਥਰਾਂ ਵਿੱਚ ਜੀਵਨ

ਥੋੜਾ ਹੀ ਚਿਰ ਹੋਇਆ ਹੈ ਕਿ ਕੁੱਝ ਸਾਇੰਸਦਾਨਾਂ ਨੇ ਇੱਕ ਪੁਰਾਤਨ ਚਟਾਨ (ਮਿੱਟੀ ਪੱਥਰ) ਦਾ ਇੱਕ ਟੁਕੜਾ ਪਾਣੀ ਵਿੱਚ ਪਾਇਆ ਤਾਂ ਉਸ ਵਿੱਚੋਂ ਜੀਵਨ ਉਤਪੰਨ ਹੋ ਗਿਆ ਜਿਸ ਨੇ ਸਭ ਨੂੰ ਹੈਰਾਨ ਕਰ ਦਿੱਤਾ । ਇਸ ਤੋਂ ਛੇਤੀ ਹੀ ਬਾਅਦ ਐਲਾਸਕਾ ਦੀ ਫੌਕਸ ਨਾਂ ਦੀ ਸੁਰੰਗ (Fox Tunnel) ਜੋ ਕਿ ਬਹੁਤ ਪੁਰਾਤਨ ਮੰਨੀ ਗਈ ਹੈ ਦੀ ਜੰਮੀ ਹੋਈ ਮਿਟੀ (Permafrost) ਵਿੱਚ ਕੁੱਝ ਸੂਖਮ ਜੀਵਾਣੂ (Microbes) ਮਿਲੇ । ਕੁੱਝ ਵਿਗਿਆਨੀਆਂ ਨੇ ਇਹ ਵੀ ਲੱਭਿਆ ਕਿ ਧਰਤੀ ਵਿੱਚ 30 ਫੁਟ ਥੱਲੇ ਤੱਕ ਵੀ ਜੀਵ ਜੰਤੂ ਜਿਉਂਦੇ ਰਹਿੰਦੇ ਹਨ । ਇਸ ਤੋਂ ਪਿਛੋਂ ਜਰਮਨੀ ਦੇ ਵਿਗਿਆਨੀ ਕਾਰਲ ਸਟਰੈਟ (Karl Stret) ਨੇ ਸਾਈਬੇਰੀਆ ਵਿੱਚ ਕੁੱਝ ਚਟਾਨਾਂ ਦਾ ਅਧਿਅਨ ਕੀਤਾ ਤਾਂ ਧਰਤੀ ਦੇ ਪੰਜ ਕਿਲੋਮੀਟਰ ਹੇਠ ਤੱਕ ਵੀ ਉਸ ਨੂੰ ਕੁਝ ਐਸੇ ਬਿਖਸ਼ਾਣੂ (Bacteria) ਅਤੇ ਕੀਟਾਣੂ (ਕੀੜੇ) ਮਿਲੇ ਜੋ ਆਪਣੀ ਖ਼ੁਰਾਕ ਚਟਾਨਾਂ ਦੇ ਨਮਕ ਆਦਿਕ ਤੋਂ ਸਿਰਜਨਾ ਵਿਧੀ (Chemosynthesis) ਰਾਹੀਂ ਲੈਂਦੇ ਹਨ । ਹੈਰਾਨੀ ਇਸ ਗੱਲ ਦੀ ਹੋਈ ਕਿ ਸੂਰਜ ਦੀ ਗਰਮੀ ਅਤੇ ਆਕਸੀਜਨ ਤੋਂ ਬਿਨਾ ਇਹ ਜੀਵ ਕਿਵੇਂ ਜਿਉਂਦੇ ਰਹਿੰਦੇ ਹਨ । ਅਜਿਹੇ ਵਚਿੱਤਰ ਜੀਵਨ ਨੂੰ ਦੇਖ ਕੇ ਵਿਗਿਆਨੀ ਚਕਿਰਤ ਰਹਿ ਜਾਂਦੇ ਹਨ ਪਰ ਗੁਰੂ ਜੀ ਨੇ ਅਜਿਹੇ ਜੀਵਾਂ ਦਾ ਸਪੱਸ਼ਟ ਜ਼ਿਕਰ 500 ਸਾਲ ਪਹਿਲਾਂ ਕੀਤਾ ਹੋਇਆ ਹੈ । ਆਪ ਪੱਥਰ ਵਿੱਚ ਜੀਵਨ ਬਾਰੇ ਲਿਖਦੇ ਹਨ, "**ਸੈਲ ਪਥਰ**[117] **ਮਹਿ ਜੰਤ ਉਪਾਏ ਤਾ ਕਾ ਰਿਜਕੁ ਆਗੈ ਕਰਿ ਧਰਿਆ**"॥ (ਪੰਨਾ 10) "**ਪਾਖਣਿ ਕੀਟੁ ਗੁਪਤੁ ਹੋਇ ਰਹਤਾ ਤਾ ਚੋ ਮਾਰਗੁ ਨਾਹੀ**"॥ (ਪੰਨਾ 488) ਸਾਇੰਸਦਾਨ ਭਾਵੇਂ ਲੱਖ ਹੈਰਾਨ ਹੋਣ ਪਰ ਗੁਰੂ ਜੀ ਦੀ ਪਾਰਖੂ ਅੱਖ ਤੋਂ ਮਿੱਟੀ ਜਾਂ ਚਟਾਨਾਂ ਦਾ ਲੂਣ ਖਾਣ ਵਾਲੇ ਜਾਂ ਹਵਾ ਖਾਣ ਵਾਲੇ ਜੀਵ ਵੀ ਨਹੀਂ ਲੁਕੇ । ਆਪ ਲਿਖਦੇ ਹਨ , "**ਨਾਨਕ ਜਿਉ ਜਿਉ ਸਚੇ ਭਾਵੈ ਤਿਉ ਤਿਉ ਦੇਇ ਗਿਰਾਹ ॥ ਇਕਿ ਮਾਸਹਾਰੀ ਇਕਿ**

[117] ਸੈਲ ਪੱਥਰ ਉਹ ਪੱਥਰ ਹੁੰਦੇ ਹਨ ਜੋ ਹੜ੍ਹਾਂ ਆਦਿਕ ਨਾਲ ਆਈ ਮਿੱਟੀ ਦੇ ਜੰਮ ਕੇ ਪੱਥਰ ਬਨਣ ਨਾਲ ਉੱਤਪੰਨ ਹੁੰਦੇ ਹਨ । ਇਨ੍ਹਾਂ ਨੂੰ Sedimentary Rock ਕਿਹਾ ਜਾਂਦਾ ਹੈ ।

**ਤ੍ਰਿਣੁ ਖਾਹਿ ॥ ਇਕਨਾ ਛਤੀਹ ਅੰਮ੍ਰਿਤ ਪਾਹਿ ॥ ਇਕਿ ਮਿਟੀਆ ਮਹਿ ਮਿਟੀਆ ਖਾਹਿ ॥[118] ਇਕਿ ਪਉਣ ਸੁਮਾਰੀ ਪਉਣ ਸੁਮਾਰਿ"॥ (ਪੰਨਾ 144)** ਸੋ ਅਸੀਂ ਦੇਖਦੇ ਹਾਂ ਕਿ ਅੱਜ ਦੀ ਸਾਇੰਸ ਜਿਸ ਪੜਾ ਤੇ ਪੁੱਜੀ ਹੈ ਉਸ ਦਾ ਗਿਆਨ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਪੰਜ ਸੌ ਸਾਲ ਪਹਿਲਾਂ ਹੀ ਬਖਸ਼ਿਸ਼ ਕਰ ਕੇ ਸਮਝਾ ਦਿੱਤਾ ਸੀ ।

ਸੰਸਾਰ ਦੇ ਬਹੁਤੇ ਜੀਵ ਜੰਤੂ ਸਵਾਸ ਪਰਕ੍ਰਿਆ (Respiration) ਨਾਲ ਹੀ ਜਿਉਂਦੇ ਹਨ । ਸਾਹ ਨਾ ਆਵੇ ਤਾਂ ਉਹ ਮਰ ਜਾਂਦੇ ਹਨ ਕਿਉਂਕਿ ਧਰਤੀ ਉੱਪਰਲੇ ਜੀਵਨ ਲਈ ਆਕਸੀਜਨ (Oxygen) ਦਾ ਹੋਣਾ ਜ਼ਰੂਰੀ ਹੈ । ਪੌਣ (ਹਵਾ) ਨਾਲ ਹੀ ਜੀਵਨ ਆਰੰਭ ਹੁੰਦਾ ਹੈ ਅਤੇ ਹਵਾ ਦੀ ਅਣਹੌਂਦ ਕਾਰਨ ਇਹ ਬੇਕਾਰ ਹੋ ਜਾਂਦਾ ਹੈ । **"ਪਵਨ ਅਰੰਭੁ ਸਤਿਗੁਰ ਮਤਿ ਵੇਲਾ" ॥ (ਪੰਨਾ 943)** ਪ੍ਰੰਤੂ ਗੁਰੂ ਜੀ ਦੱਸਦੇ ਹਨ ਕਿ ਰਚਣਹਾਰ ਵਚਿੱਤਰ ਹੈ ਜੇ ਚਾਹੇ ਤਾਂ ਸਾਹ ਤੋਂ ਬਿਨਾਂ ਵੀ ਜੀਵਨ ਬਖਸ਼ ਦਿੰਦਾ ਹੈ, **"ਜੇਤੇ ਜੀਅ ਜੀਵਹਿ ਲੈ ਸਾਹਾ ਜੀਵਾਲੇ ਤਾ ਕਿ ਅਸਾਹ"॥ (ਪੰਨਾ 144)**

## 5.14 ਜੀਵਾਂ ਦੀਆਂ ਵੰਨਗੀਆਂ

ਅਰਸਤੂ ਨੇ ਵਿਚਾਰ ਦਿੱਤਾ ਸੀ ਕਿ ਸੰਸਾਰ ਦੇ ਕੁੱਲ ਜੀਵਾਂ ਦੀਆਂ 500 ਨਸਲਾਂ (Genus) ਜਾਤੀਆਂ ਹਨ । ਇਨ੍ਹਾਂ ਨੂੰ ਉਸ ਨੇ 5 ਸ਼੍ਰੇਣੀਆਂ ਜਾਂ ਵਰਗਾਂ ਵਿੱਚ ਵੰਡਿਆ ਸੀ ਤੇ ਇੰਨ੍ਹਾਂ ਦਾ ਨਾਂ ਰਾਜ (Kingdoms) ਰੱਖਿਆ ਸੀ । ਭਾਰਤੀ ਧਰਮ ਮੰਨਦੇ ਆਏ ਹਨ ਕਿ ਜੀਵਾਂ ਦੀਆਂ ਚੌਰਾਸੀ ਲੱਖ ਕਿਸਮਾਂ ਹਨ । ਜਦ ਗੁਰੂ ਜੀ ਹਿੰਦੂ ਧਰਮ ਨਾਲ ਸਬੰਧਤ ਫਿਲਾਸਫੀ ਜਾਂ ਲੋਕਾਂ ਵਿੱਚ ਪ੍ਰਚਲਤ ਵਿਸ਼ਵਾਸ਼ ਬਾਰੇ ਕੁੱਝ ਕਹਿੰਦੇ ਹਨ ਤਾਂ ਸਮਝਾਉਣ ਲਈ "**ਚਵਰਾਸੀਹ ਲਖ ਜੋਨਿ ਉਪਾਈ ਰਿਜਕ ਦੀਆ ਸਭ ਹੂ ਕਉ ਤਦ ਕਾ**"॥ (ਪੰਨਾ 1403) ਲਿਖਦੇ ਹਨ[119] ਪਰ ਜਦ ਆਪਣਾ ਵਿਚਾਰ ਇਨ੍ਹਾਂ ਕਿਸਮਾਂ ਬਾਰੇ ਦੇਣਾ ਹੋਵੇ ਤਾਂ ਲਿਖਦੇ ਹਨ, "**ਜੀਅ ਜਾਤਿ ਰੰਗਾ ਕੇ ਨਾਵ ਸਭਨਾ ਲਿਖਿਆ ਵੁੜੀ ਕਲਾਮ । ਏਹੁ ਲੇਖਾ ਲਿਖਿ ਜਾਣੈ ਕੋਇ ਲੇਖਾ ਲਿਖਿਆ ਕੇਤਾ ਹੋਇ**"॥ (ਪੰਨਾ 3) ਉਹ ਪ੍ਰਮਾਤਮਾ ਅਨੇਕਾਂ ਕਿਸਮਾਂ ਅਤੇ ਰੰਗਾਂ ਦੇ ਜੀਵ ਸਿਰਜਦਾ ਹੈ ਜਿਨ੍ਹਾਂ ਦਾ ਵਰਗੀਕਰਣ ਨਹੀਂ ਹੋ ਸਕਦਾ।

[118] ਕਈ ਸੱਪ ਅਤੇ ਗਡੋਏ ਆਦਿਕ ਮਿੱਟੀ ਹੀ ਖਾਂਦੇ ਹਨ ਜਿਸ ਵਿੱਚ ਗਲੇ ਸੜੇ ਪਤੇ ਆਦਿਕ ਹੁੰਦੇ ਹਨ ।

[119] ਕੁਝ ਮੁਸਲਮਾਨ ਵਿਦਵਾਨ ਵੀ ਚੁਰਾਸੀ ਲਖ ਜੂਨੀ ਮੰਨਦੇ ਹਨ । ਮੌਲਾਨਾ ਰੂਮ ਲਿਖਦੇ ਹਨ, "ਬਾਰਹਾ ਮਿਸਲੇ ਗਯਾਹ ਰੋਈਅਦਹਾ ਅਮ, ਹਫਤ ਦੋ ਹਫਤਾਦ ਕਾਲਬ ਦੀਦਹ ਅਮ"{ਮੈਂ ਅਨੇਕਾਂ ਵਾਰ ਇਸ ਸੰਸਾਰ ਵਿੱਚ ਘਾਹ ਆਦਿਕ ਦੇ ਰੂਪ ਵਿੱਚ ਪੈਦਾ ਹੁੰਦਾ ਤੇ ਮਰਦਾ ਰਿਹਾ ਹਾਂ ਅਤੇ ਮੈਂ ਚੁਰਾਸੀ ਜੂਨਾਂ ਭੋਗ ਚੁੱਕਿਆ ਹਾਂ} ਹਫਤ=7, ਦੋ=2, 7x2=14 ਹਫਤਾਦ=70 ਜੋੜ 70+14 =84



"**ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ**"॥ (ਪੰਨਾ 537) ਚੌਰਾਸੀ ਲੱਖ ਜੂਨੀਆਂ ਵਾਲੀ ਗੱਲ ਠੀਕ ਨਹੀਂ ਹੋ ਸਕਦੀ ਕਿਉਂਕਿ ਇਸ ਨੂੰ ਮੰਨਣ ਨਾਲ ਇਹ ਵੀ ਮੰਨਣਾ ਪਵੇਗਾ ਕਿ ਜੀਵਾਂ ਦੀਆਂ ਜਾਤੀਆਂ ਦੀ ਗਿਣਤੀ ਹਮੇਸ਼ਾ ਇੱਕੋ ਜਿਹੀ ਹੀ ਰਹਿੰਦੀ ਹੈ ਜਦ ਕਿ ਸਾਨੂੰ ਪਤਾ ਹੈ ਕਿ ਹੁਣ ਤਕ ਦੋ ਬਿਲੀਅਨ ਜੀਵ ਜੋ ਪਹਿਲਾਂ ਇਸ ਧਰਤੀ ਤੇ ਵਸਿਆ ਕਰਦੇ ਸਨ ਅਲੋਪ ਹੋ ਗਏ ਹਨ । ਡਾਇਨੋਸੋਰ ਵਰਗੇ ਜੀਵ ਹੁਣ ਨਹੀਂ ਰਹੇ । ਹੁਣ ਸਾਨੂੰ ਉਨ੍ਹਾਂ ਦੇ ਸਿਰਫ ਪਿੰਜਰ ਹੀ ਮਿਲਦੇ ਹਨ। ਇਸ ਤੋਂ ਇਲਾਵਾ ਜੀਵ ਜੰਤੂਆਂ ਦੀਆਂ ਹੋਰ ਨਵੀਆਂ ਨਵੀਆਂ ਕਿਸਮਾਂ ਵੀ ਲੱਭ ਰਹੀਆਂ ਹਨ ਜਿਨ੍ਹਾਂ ਬਾਰੇ ਪਹਿਲਾਂ ਕੋਈ ਗਿਆਨ ਨਹੀਂ ਸੀ ।[120] ਅੱਜ ਦਾ ਵਿਗਿਆਨੀ ਕਹਿੰਦਾ ਹੈ ਕਿ ਸੰਸਾਰ ਦੇ ਜੀਵਾਂ ਦੀਆਂ ਘੱਟੋ ਘੱਟ 30 ਮਿਲੀਅਨ (30,000,000) ਕਿਸਮਾਂ ਹਨ।

ਜੀਵਨ ਸੰਸਾਰ ਵਿੱਚ ਪਸਰ ਰਹੀਂ ਚੇਤਨਾ ਹੈ ।[121] ਪੱਥਰ ਵਿੱਚ ਇਹ ਚੇਤਨਾ ਸੁੱਤੀ ਪਈ ਹੈ (ਅੰਦਰ ਐਟਮਾਂ ਦੀ ਹਿੱਲ ਜੁੱਲ ਜਾਰੀ ਹੈ), ਪਸ਼ੂ ਪੰਛੀਆਂ ਵਿੱਚ ਇਹ ਚੇਤਨਾ ਅੱਧੀ ਸੁੱਤੀ ਅਤੇ ਅੱਧੀ ਜਾਗੀ ਹੋਈ ਹੈ ਪ੍ਰੰਤੂ ਇਨਸਾਨ ਵਿੱਚ ਇਹ ਚੇਤਨਾ ਪੂਰਨ ਰੂਪ ਵਿੱਚ ਜਾਗ੍ਰਤ ਹੈ ।"**ਤੂ ਭਰਪੂਰਿ ਜਾਨਿਆ ਮੈ ਦੂਰਿ**"॥ (ਪੰਨਾ 25) "**ਤੂੰ ਆਪੇ ਆਪਿ ਵਰਤਦਾ ਸਭਨੀ ਹੀ ਥਾਈ"**॥ (ਪੰਨਾ 83) ਚੇਤਨਾ ਉਪ੍ਰੋਕਤ ਵਰਗ ਵੰਡ ਵਿੱਚ ਬੰਨ੍ਹੀ ਨਹੀਂ ਜਾ ਸਕਦੀ । ਯੁਗਲੀਨਾ (Euglena) ਨੂੰ ਹੀ ਲੈ ਲਵੋ । ਇਹ ਬੂਟਿਆਂ ਵਾਂਗ ਵਿਚਰਦਾ ਹੈ ਅਤੇ ਇਸ ਵਿੱਚ ਦੂਜੇ ਬੂਟਿਆਂ ਵਾਂਗ ਕਲੋਰੋਫਿਲ (Chlorophyll) ਵੀ ਹੈ ਪਰ ਇਨਸਾਨਾਂ ਵਾਂਗ ਖਾਂਦਾ ਅਤੇ ਹਗਦਾ ਹੈ। ਇਸ ਨੂੰ ਕਿਸ ਜੀਨਸ (Genus) ਜਾਂ ਨਸਲ ਵਿੱਚ ਰੱਖਿਆ ਜਾਵੇਗਾ? ਗੁਰੂ ਨਾਨਕ ਪਾਤਸ਼ਾਹ ਕਹਿੰਦੇ ਹਨ, "**ਰੰਗੀ ਰੰਗੀ ਭਾਤੀ ਕਰਿ ਕਰਿ ਜਿਨਸੀ ਮਾਇਆ ਜਿਨਿ ਉਪਾਈ"**॥ (ਪੰਨਾ 6) ਇਹ ਕਰਤਾਰੀ ਉਤਪੱਤੀ ਅਣਗਿਣਤ ਰੰਗਾਂ ਰੂਪਾਂ ਵਿੱਚ ਵਿਚਰ ਰਹੀ ਹੈ। ਜਿਸ ਤਰ੍ਹਾਂ ਨਾਟਕ ਕਾਰ ਨਾਟਕ ਦਿਖਾਕੇ ਅਨੇਕਾਂ ਰੂਪ ਦਿਖਾਲਦਾ ਹੈ ਇਸੇ ਤਰਾਂ ਪਰਮਾਤਮਾ ਆਪ ਹੀ ਬੇਸ਼ੁਮਾਰ ਰੰਗਾਂ ਰੂਪਾਂ ਵਿੱਚ

[120] ਸਾਇੰਟਿਫਿਕ ਜਰਨਲ ਕੋਪੀਆ (Copeia) ਨੇ 27.2.2009 ਨੂੰ ਪੂਰਬੀ ਇੰਡੋਨੇਸ਼ੀਆ ਦੇ ਆਮਬੋਨ (Ambon) ਨਾਮ ਦੇ ਟਾਪੂ ਤੇ ਇੱਕ ਰੰਗ ਬਰੰਗੀ ਮੱਛੀ ਦੇ ਲੱਭਣ ਦੀ ਖਬਰ ਛਾਪੀ ਹੈ ਜਿਸ ਬਾਰੇ ਪਹਿਲਾਂ ਕਿਸੇ ਨੂੰ ਕੁੱਝ ਵੀ ਪਤਾ ਨਹੀਂ ਸੀ । ਇਹ ਮੱਛੀ ਡੱਡੂ ਵਾਂਗ ਟੱਪਕੇ ਚਲਦੀ ਹੈ ਅਤੇ ਅਪਣੀ ਤਰ੍ਹਾਂ ਦੀ ਪਹਿਲੀ ਨਸਲ ਲੱਭੀ ਗਈ ਹੈ। ਇਸ ਦਾ ਨਾਂ Psychedelica ਰੱਖਿਆ ਗਿਆ ਹੈ।

[121] It is one of the most important revelations of modern science. It becomes apparent at the atomic level, and manifests itself more and more as one penetrates deeper into matter, down into the realm of sub-atomic particles (Dr. Fritjof Capra *Tao of Physics p.130)*

ਵਿਚਰਦਾ ਅਤੇ ਕਦੇ ਕੁੱਝ ਕਦੇ ਕੁਝ ਬਣ ਜਾਂਦਾ ਹੈ ਪਰ ਅਸਲ ਵਿੱਚ ਇੱਕੋ (ਚੇਤਨਾ) ਹੀ ਹੈ ਜੋ ਹਰ ਥਾਂ ਪੱਸਰ ਰਹੀ ਹੈ । "**ਬਾਜੀਗਰਿ ਜੈਸੇ ਬਾਜੀ ਪਾਈ ॥ ਨਾਨਾ ਰੂਪ ਭੇਖ ਦਿਖਲਾਈ"॥** (ਪੰਨਾ 736)

## 5.15 ਕੀ ਆਕਾਸ਼ ਵਿੱਚਲੇ ਗ੍ਰਹਿਆਂ ਵਿੱਚ ਵੀ ਜੀਵਨ ਹੈ?

### (ੳ) ਇਹ ਵਿਚਾਰ ਕਿਉਂ ਫੁਰਿਆ?

1472 ਵਿੱਚ (ਗੁਰੂ ਨਾਨਕ ਸਾਹਿਬ ਦੇ ਜੀਵਨ ਕਾਲ ਵਿੱਚ) ਇਟਲੀ ਦੇ ਚਿੰਤਕ ਬਰੂਨੋ (Giordano Bruno) ਨੇ ਇਹ ਗੱਲ ਕਹੀ ਕਿ ਆਕਾਸ਼ੀ ਪਿੰਡਾਂ ਵਿੱਚ ਵੀ ਧਰਤੀ ਉੱਪਰਲੇ ਜੀਵਨ ਵਾਂਗ ਹੀ ਜੀਵਨ ਪਣਪ ਰਿਹਾ ਹੈ । ਯੂਨਾਨੀ ਫਿਲਾਸਫਰ ਪਲੂਟਾਰਕ (Plutarch) ਵੀ ਕਿਹਾ ਕਰਦੇ ਸਨ ਕਿ ਚੰਦਰਮਾਂ ਉੱਪਰ ਦੈਂਤਾਂ ਦਾ ਵਾਸਾ ਹੈ । ਇਥੋਂ ਹੀ ਇਹ ਵਿਸ਼ਵਾਸ ਕਾਇਮ ਹੋ ਗਿਆ ਸੀ ਕਿ ਬੰਦੇ ਵਿੱਚ ਕਦੀ ਕਦੀ ਦੈਂਤ ਆ ਵੜਦੇ ਹਨ । ਅਜਿਹੇ ਬੰਦੇ ਨੂੰ ਇੰਗਲੈਂਡ ਵਿੱਚ ਅੱਜਕਲ੍ਹ ਵੀ ਗ੍ਰਹਿ ਗ੍ਰਸਤ (Planet Stricken) ਕਿਹਾ ਜਾਂਦਾ ਹੈ । ਉੱਸ ਵੇਲੇ ਬੁੱਧੀਮਾਨ ਲੋਕ ਇਸ ਗੱਲ ਨੂੰ ਘੱਟ ਹੀ ਸਵੀਕਾਰ ਕਰਦੇ ਸਨ ਭਾਵੇਂ ਕਿ ਦਲੀਲ ਪੱਖੋਂ ਇਹ ਗੱਲ ਗ਼ਲਤ ਵੀ ਨਹੀਂ ਕਿ ਜੇ ਕਰ ਕਿਸੇ ਗ੍ਰਹਿ ਉੱਪਰ ਧਰਤੀ ਵਰਗਾ ਪੌਣ ਪਾਣੀ ਹੋਵੇ ਤਾਂ ਉਥੇ ਜੀਵਨ ਹੋਣ ਦੀ ਸੰਭਾਵਨਾ ਹੋ ਸਕਦੀ ਹੈ । ਵਰਤਮਾਨ ਕਾਲ ਵਿੱਚ ਅਜਿਹਾ ਵਿਚਾਰ ਹੱਸ ਕੇ ਨਹੀਂ ਗਵਾਇਆ ਜਾਂਦਾ ਸਗੋਂ ਗੰਭੀਰਤਾ ਨਾਲ ਵਿਚਾਰਿਆ ਜਾਂਦਾ ਹੈ । ਕ੍ਰਿਸ ਚਿੱਬਾ (Chris Chyba) ਨਾਂ ਦੇ ਅਮਰੀਕਨ ਵਿਗਿਆਨੀ ਨੇ ਕਿਹਾ ਹੈ ਕਿ ਯੂਰੋਪਾ (Europa), ਮੰਗਲ (Mars) ਆਦਿਕ ਗ੍ਰਹਿਆਂ ਉਪਰ ਜੀਵਨ ਹੋਣ ਦੀ ਬੇ ਹੱਦ ਸੰਭਾਵਨਾ ਹੈ ।

1967 ਵਿੱਚ ਪੁਲਾੜ ਵਿੱਚੋਂ ਕੁਝ ਰੇਡੀਓ ਸਿਗਨਲ ਆਏ ਤਾਂ ਸਾਇੰਸਦਾਨਾਂ ਨੇ ਇੱਕ ਦਮ ਕਹਿਣਾ ਸ਼ੁਰੂ ਕਰ ਦਿੱਤਾ ਕਿ ਪੁਲਾੜੀ ਗ੍ਰਹਿਆਂ ਉੱਪਰ ਸਾਡੇ ਵਰਗਾ ਚੇਤੰਨ ਜੀਵਨ ਹੈ । ਉਨ੍ਹਾਂ ਨੇ ਇਸ ਦਾ ਨਾਮ LGM (Little Green Men) ਰੱਖ ਦਿੱਤਾ ਕਿਉਂਕਿ ਵਿਸ਼ਵਾਸ਼ ਕੀਤਾ ਜਾਂਦਾ ਸੀ ਕਿ ਉੱਪਰਲੇ ਲੋਕ ਹਰੇ ਰੰਗ ਦੇ ਹਨ।[122] ਪਿੱਛੋਂ ਕੁੱਝ ਸਾਇੰਸਦਾਨਾਂ ਨੇ ਖੋਜ ਕਰ ਕੇ ਦੱਸਿਆ ਕਿ ਇਹ ਆਵਾਜ਼ ਇੱਕ ਟੁੱਟਦੇ ਤਾਰੇ ਦੀ ਸੀ ।

28 ਸਤੰਬਰ 1969 ਨੂੰ ਆਸਟਰੇਲੀਆ ਵਿੱਚ ਮੀਂਹ ਵਾਂਗ ਕਈ ਆਕਾਸ਼ੀ

[122] "Our first thought was that this was another intelligent race trying to communicate with us".



ਪੱਥਰ (Meteorite= ਉਲਕਾ) ਡਿੱਗੇ ਜਿਨ੍ਹਾਂ ਦੀ ਖੋਜ ਅਮਰੀਕਾ ਵਿੱਚ ਲੈ ਜਾਕੇ NASA ਤੋਂ ਕਰਵਾਈ ਗਈ । ਇਨ੍ਹਾਂ ਵਿੱਚੋਂ 90 ਪ੍ਰਕਾਰ ਦੇ ਅਮੀਨੋ ਐਸਿਡ ਮਿਲੇ। 19 ਅਮੀਨੋ ਐਸਿਡ ਉਹ ਸਨ ਜੋ ਧਰਤੀ ਦੇ ਪਦਾਰਥਾਂ ਵਿੱਚ ਆਮ ਮਿਲਦੇ ਹਨ ਪਰ ਬਾਕੀ ਦੇ 71 ਅਮੀਨੋ ਐਸਿਡ ਐਸੇ ਸਨ ਜੋ ਧਰਤੀ ਦੇ ਪਦਾਰਥਾਂ ਵਿੱਚ ਤਾਂ ਨਹੀਂ ਮਿਲਦੇ ਪ੍ਰੰਤੂ ਧਰਤੀ ਦੇ ਜੀਵਾਂ ਵਿੱਚ ਮਿਲ ਜਾਂਦੇ ਹਨ ।[123] ਇਸ ਤੋਂ ਨਤੀਜਾ ਕੱਢਿਆ ਗਿਆ ਕਿ ਉੱਪਰਲੇ ਗ੍ਰਹਿਆਂ ਵਿੱਚ ਵੀ ਜੀਵਨ ਹੈ ।

ਦਸੰਬਰ 1984 ਵਿੱਚ ਅਨਟਾਰਕਟਿਕ ਦੀ ਬਰਫ ਵਿੱਚ ਦੱਬਿਆ ਹੋਇਆ ਇੱਕ ਹੋਰ ਉਲਕਾ ਪੱਥਰ (Meteor) ਲੱਭਿਆ ਜਿਸ ਦਾ ਨਾਂ ALH 84001 ਰੱਖਿਆ ਗਿਆ । ਇਸ ਬਾਰੇ ਖੋਜ ਕਰਕੇ ਡਾਕਟਰ ਡੇਵਿਡ ਮਕੇ (Dr. David McKay) ਨੇ 1996 ਵਿੱਚ ਨਤੀਜਾ ਕੱਢਿਆ ਕਿ ਇਸ ਵਿੱਚ ਛੋਟੇ ਛੋਟੇ ਜੀਵ ਜੰਤੂ ਸਨ ਜੋ ਉੱਪਰੋਂ ਪੁਲਾੜ ਵਿੱਚੋਂ ਆਏ ਸਨ । ਇਹ ਗੱਲ ਵੀ ਵਿਗਿਆਨੀ ਮੰਨਦੇ ਹਨ ਕਿ 1989 ਵਿੱਚ ਮੰਗਲ ਗ੍ਰਹਿ (Mars) ਤੋਂ ਆਏ ਇਕ 4.5 ਬਿਲੀਅਨ ਸਾਲ ਪੁਰਾਣੇ ਪੱਥਰ ਵਿੱਚ ਛੋਟੇ ਛੋਟੇ ਜੀਵਾਂ ਦੇ ਨਿਸ਼ਾਨ ਮਿਲੇ ਸਨ ।

ਡਾਕਟਰ ਕਰਿਕ ਅਤੇ ਉਸ ਦੇ ਸਾਥੀ ਲੈਸਲੀ ਓਰਗਲ (Dr. Crick & Leslie Orgel) ਦਾ ਵਿਚਾਰ ਹੈ ਕਿ ਹਰ ਜੀਵ ਨੂੰ ਜਿਉਂਦੇ ਰਹਿਣ ਲਈ ਮੋਲਿਬਡੀਨਮ (Molybdenum) ਨਾਂ ਦੇ ਇੱਕ ਰਸਾਇਣ ਦੀ ਲੋੜ ਹੈ । ਇਹ ਰਸਾਇਣ ਧਰਤੀ ਉੱਪਰ ਤਾਂ ਬਿਲਕੁੱਲ ਹੀ ਨਹੀਂ ਮਿਲਦਾ ਸੋ ਉਨ੍ਹਾਂ ਨੇ ਨਤੀਜਾ ਕੱਢਿਆ ਕਿ ਪਹਿਲਾਂ ਪਹਿਲਾਂ ਜੀਵਨ ਉੱਪਰੋਂ ਹੀ ਆਇਆ ਹੋਵੇਗਾ ਕਿਉਂਕਿ ਇਹ ਰਸਾਇਣ ਉੱਪਰਲੇ ਗ੍ਰਹਿਆਂ ਵਿੱਚ ਹੀ ਮਿਲਦਾ ਹੈ । ਇਸ ਸਿਧਾਂਤ ਨੂੰ Directed Panspermia ਦਾ ਨਾਂ ਦਿੱਤਾ ਗਿਆ ।

ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਉੜਨ ਤਸ਼ਤ੍ਰੀਆਂ ਦੇਖੀਆਂ ਗਈਆਂ ਹਨ ਅਤੇ ਕੁੱਝ ਲੋਕ ਤਾਂ ਇਹ ਵੀ ਕਹਿੰਦੇ ਹਨ ਉਨ੍ਹਾਂ ਦਾ ਆਕਾਸ਼ੀ ਜੀਵਾਂ ਨਾਲ ਸੰਪਰਕ ਵੀ ਹੋਇਆ ਹੈ । ਕਈ ਥਾਵਾਂ ਤੇ ਫਸਲਾਂ ਵਿੱਚ ਵਚਿੱਤਰ ਚੱਕਰ ਜਿਹੇ ਵੀ ਦੇਖਣ ਨੂੰ ਮਿਲੇ ਹਨ ਜਿਨ੍ਹਾਂ ਬਾਰੇ ਕਿਹਾ ਜਾਂਦਾ ਹੈ ਕਿ ਉੱਪਰੋਂ ਆਉਣ ਵਾਲੀਆਂ ਮਸ਼ੀਨਾਂ ਦੇ ਉੱਤਰਨ ਕਰਕੇ ਇਹ ਚੱਕਰ ਆਦਿਕ ਬਣੇ ਹਨ । 4 ਜੁਲਾਈ 1947 ਨੂੰ ਕੋਈ ਆਕਾਸ਼ੀ ਉੜਨ ਤਸ਼ਤ੍ਰੀ ਰੌਸਵੈਲ (Roswell- New Mexico) ਵਿੱਚ ਉੱਤਰੀ ਵੀ ਦੱਸੀ ਜਾਂਦੀ ਹੈ ਤੇ ਕਿਹਾ ਜਾਂਦਾ ਹੈ ਕਿ ਇਸ ਵਿੱਚ ਆਏ ਬੰਦਿਆਂ ਦੀ ਚੀਰ ਫਾੜ

[123] ਮਨੁੱਖੀ ਸਰੀਰ ਵਿੱਚ ਅਜਿਹੇ 20 ਅਮੀਨੋ ਐਸਿਡ ਹਨ।

( Post Mortem) ਵੀ ਕੀਤੀ ਗਈ ਸੀ । ਪਰ ਕਿਸੇ ਵੀ ਸਰਕਾਰ ਨੇ ਅੱਜ ਤੱਕ ਇਸ ਵਿਸ਼ੇ ਤੇ ਕੋਈ ਬਿਆਨ ਨਹੀਂ ਦਿੱਤਾ ।

### (ਅ) ਪੁਲਾੜ ਵਿੱਚ ਜੀਵਨ ਦੀ ਖੋਜ

ਅੱਜ ਕੱਲ੍ਹ ਆਕਾਸ਼ੀ ਜੀਵਨ ਬਾਰੇ ਗੰਭੀਰਤਾ ਨਾਲ ਖੋਜ ਕੀਤੀ ਜਾ ਰਹੀ ਹੈ। ਹਾਰਵਰਡ ਯੂਨੀਵਰਸਿਟੀ ਨੇ ਮੈਟਾ (Mega Extraterrestrial Tracking Assay) ਸ਼ੁਰੂ ਕੀਤਾ ਹੋਇਆ ਹੈ । ਉਮੀਦ ਕੀਤੀ ਜਾ ਰਹੀ ਹੈ ਕਿ ਛੇਤੀ ਹੀ ਸਾਡੇ ਪੁਲਾੜੀ ਜਹਾਜ਼ ਯੂਰੋਪਾ ਤੱਕ ਪੁੱਜ ਜਾਣਗੇ । ਇਸ ਸੰਧਰਭ ਵਿੱਚ ਪਰੋਫੈਸਰ ਪਿਲਿੰਜਰ (Professor Pillinger) ਅਤੇ ਉਨ੍ਹਾਂ ਦੇ ਸਾਥੀਆਂ ਨੇ ਮਿੱਟੀ ਵਿੱਚ ਜੀਵਨ ਦੀ ਪਛਾਣ ਕਰ ਲੈਣ ਵਾਲੀ ਬੀਗਲ (Beagle) ਨਾਂ ਦੀ ਮਸ਼ੀਨ ਵੀ ਬਣਾ ਲਈ ਹੈ ਜਿਸ ਨੂੰ 3.6.2003 ਨੂੰ ਮੰਗਲ ਗ੍ਰਹਿ ਉੱਪਰ ਭੇਜਿਆ ਗਿਆ । ਇਹ ਤਾਂ ਉੱਥੇ ਨਾ ਪਹੁੰਚ ਸਕੀ ਪਰ ਮਾਰਚ 2006 ਵਿੱਚ ਇੱਕ ਹੋਰ ਰਾਕਟ ਕੁੱਝ ਯੰਤਰ ਲੈ ਕੇ ਉੱਥੇ ਪੁੱਜ ਗਿਆ । ਅਜੇ ਤੱਕ ਕੋਈ ਬਹੁਤੀ ਤਸੱਲੀਬਖਸ਼ ਜਾਣਕਾਰੀ ਵਿਗਿਆਨੀਆਂ ਨੂੰ ਨਹੀਂ ਮਿਲ ਸਕੀ ।

ਕੁੱਝ ਵਿਗਿਆਨੀਆਂ ਦਾ ਖਿਆਲ ਹੈ ਕਿ ਸਾਡੀ ਗੈਲੈਕਸੀ ਵਿੱਚ (Goldiock Zone ਵਿੱਚ) ਹਜ਼ਾਰ ਕੁ ਗ੍ਰਹਿ ਐਸੇ ਹਨ ਜੋ ਇੱਕੋ ਇਲਾਕੇ ਵਿੱਚ ਸਥਿੱਤ ਹਨ ਅਤੇ ਉਨ੍ਹਾਂ ਵਿੱਚੋਂ 345 ਗ੍ਰਹਿਆਂ ਉੱਪਰ ਧਰਤੀ ਵਰਗਾ ਜੀਵਨ ਹੋ ਸਕਦਾ ਹੈ । 7 ਮਾਰਚ 2009 ਨੂੰ ਨਾਸਾ ਵੱਲੋਂ ਕੇਪ ਕਨੈਵਰਲ (ਫਲੋਰੇਡਾ) ਤੋਂ Delta ਨਾਂ ਦਾ ਇੱਕ ਅੰਤ੍ਰਿਖਸ਼ ਯਾਨ (Rocket) ਅਕਾਸ਼ ਵਿੱਚ ਛੱਡਿਆ ਗਿਆ ਹੈ ਜਿੱਸ ਵਿੱਚ ਕੈਪਲਰ ਨਾਂ ਦੀ ਬੇਹੱਦ ਸ਼ਕਤੀਸ਼ਾਲੀ ਦੂਰਬੀਨ ਅਤੇ ਕੈਮਰੇ ਲਾਏ ਗਏ ਹਨ । ਇਸ ਉੱਪਰ 600 ਮਿਲੀਅਨ ਡਾਲਰ ਖਰਚ ਆਏ ਹਨ। ਇਹ ਰੌਕਟ ਅਗਲੇ ਤਿੰਨ ਸਾਲਾਂ ਤੱਕ ਧਰਤੀ ਵਰਗੇ ਗ੍ਰਹਿਆਂ ਬਾਰੇ ਜਾਣਕਾਰੀ ਭੇਜਦਾ ਰਹੇਗਾ ਜਿੰਨ੍ਹਾਂ ਤੇ ਜੀਵਨ ਹੋ ਸਕਦਾ ਹੈ ।

### (ੲ) ਉੱਪਰ ਵੱਸਦੇ ਲੋਕਾਂ ਨਾਲ ਗੱਲਬਾਤ

1960 ਵਿੱਚ ਫਰੈਂਕ ਡਰੇਕ (Frank Drake) ਨੇ ਆਕਾਸ਼ ਵਿੱਚ ਰੇਡੀਓ ਸਿਗਨਲ ਭੇਜੇ । ਫੇਰ ਅਮਰੀਕਨ ਵਿਗਿਆਨੀਆਂ ਨੇ 1972-1973 ਵਿੱਚ ਇੱਕ ਸੋਨੇ ਦੀ ਤਖਤੀ ਅਤੇ ਧਰਤੀ ਦੇ ਕੁੱਝ ਨਕਸ਼ੇ ਉੱਪਰ ਨੂੰ ਭੇਜੇ । 16 ਨਵੰਬਰ 1974 ਨੂੰ ਪੁਏਰਟੋ ਰਿੱਕੋ ਤੋਂ ਅਤੇ 1978 ਵਿੱਚ ਅਮਰੀਕਨਾਂ ਵੱਲੋਂ ਧਰਤੀ ਦੀ ਆਵਾਜ਼ (Sounds of Earth) ਵੋਇਜਰ 1 ਅਤੇ 2 ਰਾਹੀਂ ਸੁਨੇਹੇ ਭੇਜੇ ਗਏ । 5 ਜਨਵਰੀ



1999 ਨੂੰ ਨਾਸਾ (NASA) ਨੇ ਬਾਇਨਰੀ ਕੋਡ ਵਿੱਚ ਅਮਰੀਕਾ ਤੋਂ ਸਾਡੇ ਸੰਭਾਵੀ ਪੁਲਾੜੀ ਗਵਾਂਢੀਆਂ ਨੂੰ ਕੁੱਝ ਸੁਨੇਹੇ ਭੇਜੇ । ਅੱਜ ਤੱਕ ਕੋਈ ਡਾਕੀਆ ਉੱਪਰੋਂ ਉੱਤਰ ਲੇ ਕੇ ਨਹੀਂ ਮੁੜਿਆ । ਇਤਨੇ ਲੰਮੇ ਸਫਰ ਲਈ ਸ਼ਾਇਦ ਹਜ਼ਾਰਾਂ ਸਾਲ ਲੱਗ ਜਾਂਦੇ ਹੋਣਗੇ ਅਤੇ ਜੇ ਉੱਤਰ ਮੁੜਿਆ ਵੀ ਤਾਂ ਉਸ ਨੂੰ ਵੀ ਸਾਡੇ ਤੱਕ ਪੁੱਜਣ ਲਈ ਹਜ਼ਾਰਾਂ ਹੀ ਸਾਲ ਚਾਹੀਦੇ ਹਨ । ਫੇਰ ਇਹ ਵੀ ਸੰਭਵ ਨਹੀਂ ਕਿ ਪੁਲਾੜੀ ਜੀਵ ਸਾਡੀ ਬੋਲੀ ਸਮਝ ਸਕਣ ਜਾਂ ਅਸੀਂ ਉਨ੍ਹਾਂ ਦੀ ਬੋਲੀ ਸਮਝ ਸਕੀਏ ।

ਕੁੱਝ ਲੋਕ ਕਹਿੰਦੇ ਹਨ ਕਿ 23 ਜੁਲਾਈ 1947 ਨੂੰ ਅਮਰੀਕਾ ਨੂੰ ਇੱਕ ਸੁਨੇਹਾ ਆਕਾਸ਼ੋਂ ਆਇਆ ਸੀ ਪਰ ਅਮਰੀਕਨ ਸਰਕਾਰ ਨੇ ਇਸ ਨੂੰ ਗੁਪਤ ਰਖਿਆ। 18 ਅਪ੍ਰੈਲ 1999 ਨੂੰ ਕੋਈ ਸੁਨੇਹਾ ਪਰੋਜੈਕਟ ਮੁਗਲ (Project Moghul) ਕੋਲ ਆਇਆ ਵੀ ਦੱਸਿਆ ਜਾਂਦਾ ਹੈ ਪਰ ਉੱਥੋਂ ਇਸ ਦੀ ਪੁਸ਼ਟੀ ਨਹੀਂ ਹੋਈ । ਸੈਟੀ (Search for Extra Terrestrial Intelligence) ਵੱਲੋਂ 6000 ਡਾਲਰ ਹਰ ਰੋਜ਼ ਉੱਪਰਲੀ ਆਵਾਜ਼ ਸੁਨਣ ਤੇ ਹੀ ਖ਼ਰਚੇ ਜਾ ਰਹੇ ਹਨ

ਹੁਣ ਤੱਕ ਵਿਗਿਆਨੀਆਂ ਨੂੰ ਕੋਈ ਤਸੱਲੀ ਬਖ਼ਸ਼ ਉੱਤਰ ਨਹੀਂ ਮਿਲਿਆ। ਕੁੱਝ ਵਿਗਿਆਨੀ ਉੱਪਰਲੇ ਪਿੰਡਾਂ ਤੇ ਜੀਵਨ ਹੋਣ ਨੂੰ ਮੰਨਦੇ ਹਨ ਅਤੇ ਕੁੱਝ ਇਸ ਤੋਂ ਇਨਕਾਰੀ ਹਨ । ਰਾਕਟ, ਰੇਡੀਓ ਅਤੇ ਰਾਡਾਰ ਰਾਹੀਂ ਖੋਜ ਜਾਰੀ ਹੈ ।

## 5.16 ਸਿੱਖ ਸਿਧਾਂਤ

ਸਿੱਖ ਗੁਰੂ ਸਾਹਿਬਾਨ ਨੇ ਸਿੱਧੇ ਤੌਰ ਤੇ ਗ੍ਰਹਿਆਂ ਜਾਂ ਉਪਗ੍ਰਹਿਆਂ ਉੱਪਰ ਜੀਵਨ ਹੋਣ ਬਾਰੇ ਕੋਈ ਵਿਚਾਰ ਨਹੀਂ ਦਿੱਤੇ ਪ੍ਰੰਤੂ ਬਾਣੀ ਵਿੱਚੋਂ ਇਹ ਗੱਲ ਜ਼ਰੂਰ ਨਜ਼ਰ ਆ ਜਾਂਦੀ ਹੈ ਕਿ ਧਰਤੀ ਦੇ ਜੀਵਨ ਤੋਂ ਬਿਨਾਂ ਕਿਧਰੇ ਹੋਰ ਜੀਵਨ ਵੀ ਹੋ ਸਕਦਾ ਹੈ । ਮਸਲਨ ਧਾਰਮਿਕ ਵਿਅਕਤੀ ਅਤੇ ਵਿਗਿਆਨੀ ਧਰਤੀ ਉੱਪਰ ਚੁਰਾਸੀ ਲੱਖ ਜੂਨੀ ਜਾਂ 30 ਮਿਲੀਅਨ ਆਦਿਕ ਗਿਣਤੀਆਂ ਦੱਸਦੇ ਹਨ । ਅੱਜ ਨਹੀਂ ਤਾਂ ਕੱਲ੍ਹ ਸੰਭਵ ਹੈ ਬੰਦਾ ਧਰਤੀ ਦੇ ਜੀਵਾਂ ਦੀ ਸਹੀ ਸਹੀ ਗਿਣਤੀ ਕਰ ਹੀ ਲਵੇ ਪਰ ਗੁਰੂ ਜੀ ਤਾਂ ਅਣਗਿਣਤ ਜਾਤੀਆਂ/ ਜਿਨਸਾਂ ਦੀ ਗੱਲ ਕਰਦੇ ਹਨ ਜੋ ਤਾਂ ਹੀ ਸੰਭਵ ਹੈ ਜੇ ਕਰ ਜੀਵਨ ਕਿਧਰੇ ਹੋਰ ਵੀ ਹੋਵੇ । **"ਨਵ ਖੰਡਿ ਪ੍ਰਿਥਮੀ ਸਾਜਿ ਹਰਿ ਰੰਗ ਸਵਾਰਿਆ ॥ ਵੇਕੀ ਜੰਤ ਉਪਾਇ ਅੰਤਰਿ ਕਲ ਧਾਰਿਆ॥ ਤੇਰਾ ਅੰਤ ਨ ਜਾਣੈ ਕੋਇ ਸਚੁ ਸਿਰਜਣਹਾਰਿਆ"॥** ਫੇਰ ਗੁਰੂ ਜੀ ਇਹ ਵੀ ਲਿਖਦੇ ਹਨ **"ਧਰਤਿ ਅਕਾਸ ਕੀਏ ਬੈਸਣ ਕਉ ਥਾਉ"** (ਪੰਨਾ 839) ਯਾਣੀ ਧਰਤੀ ਅਤੇ ਆਕਾਸ਼ ਵਿੱਚ ਵੀ ਬੈਠਣ ਵਾਲੇ ਸਥਾਨ ਹਨ। ਸਪੱਸ਼ਟ ਹੈ ਕਿ ਜਿਥੇ

ਬੈਠਣ ਲਈ ਥਾਂ ਬਣਿਆਂ ਹੈ ਉਥੇ ਬੈਠਣ ਵਾਲੇ ਵੀ ਹੋਣਗੇ । ਇਸੇ ਤਰ੍ਹਾਂ ਗੁਰੂ ਜੀ ਖ਼ੁਰਾਕ ਬਾਰੇ ਲ਼ਿਖਦੇ ਹਨ, **"ਆਸਣੁ ਲੋਇ ਲੋਇ ਭੰਡਾਰ॥ ਜੋ ਕਿਛੁ ਪਾਇਆ ਸੁ ਏਕਾ ਵਾਰ**"॥ (ਪੰਨਾ 7) ਜੇ ਕਰ ਲੋਇ ਲੋਇ ਭੰਡਾਰ ਹਨ ਤਾਂ ਉਥੇ ਇਨ੍ਹਾਂ ਭੰਡਾਰਾਂ ਨੂ ਵਰਤਣ ਵਾਲੇ ਵੀ ਹੋਣਗੇ । ਇੱਕ ਥਾਂ ਤਾਂ ਗੁਰੂ ਜੀ ਸਪਸ਼ਟ ਹੀ ਖੰਡਾਂ ਬ੍ਰਹਮੰਡਾਂ ਦੇ ਜੀਵਨ ਬਾਰੇ ਲਿਖ ਜਾਂਦੇ ਹਨ। ਆਪ ਲਿਖਦੇ ਹਨ, "**ਤੁਧੁ ਜੇਵਡੁ ਦਾਤਾਰੁ ਮੈਂ ਕੋਈ ਨਦਰਿ ਨ ਆਵਈ ਤੁਧੁ ਸਭਸੈ ਨੋ ਦਾਨੁ ਦਿਤਾ ਖੰਡੀ ਵਰਭੰਡੀ ਪਾਤਾਲੀ ਪੁਰਈ ਸਭ ਲੋਈ"॥ (ਪੰਨਾ 549) "ਤਿਥੈ ਲੋਅ ਲੋਅ ਆਕਾਰ"॥** (ਜਪੁਜੀ) ਇਸੇ ਤਰ੍ਹਾਂ ਇਕ ਹੋਰ ਥਾਂ ਵੀ ਇਹੋ ਇਸ਼ਾਰਾ ਮਿਲਦਾ ਹੈ ਕਿ ਧਰਤੀ ਤੋਂ ਇਲਾਵਾ ਹੋਰ ਜੀਵਨ ਵੀ ਹੈ । "**ਜਲਿ ਥਲਿ ਜੀਅ ਪੁਰੀਆ ਲੋਆ ਆਕਾਰਾ ਆਕਾਰ ॥ ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ"॥** (ਪੰਨਾ 466), "**ਧਰਤੀ ਪਾਤਾਲੀ ਆਕਾਸੀ ਇਕਿ ਦਰਿ ਰਹਨਿ ਵਜੀਰ"॥** (ਪੰਨਾ 1289) ਭਾਈ ਗੁਰਦਾਸ ਜੀ ਹੋਰ ਵੀ ਸਪੱਸ਼ਟਤਾ ਨਾਲ ਲਿਖਦੇ ਹਨ, "**ਸਾਸਿ ਗਿਰਾਸਿ ਸਮਾਲਦਾ ਕਰਿ ਬ੍ਰਹਮੰਡ ਕਰੋੜਿ ਸੁਮਾਰਾ**"॥

ਸੰਸਾਰ ਦਾ ਪ੍ਰਸਿੱਧ ਵਿਗਿਆਨੀ ਜੇਮਜ਼ ਜੀਨਜ਼ (James Jeans) ਆਪਣੀ ਪੁਸਤਕ "ਸਾਡਾ ਵਚਿੱਤਰ ਬ੍ਰਹਮੰਡ" (Our Mysterious Universe) ਦੇ ਪੰਨਾ 8 ਉੱਪਰ ਗੁਰੂ ਜੀ ਦੇ ਸ਼ਬਦਾਂ ਦੀ ਹੀ ਪ੍ਰੋੜ੍ਹਤਾ ਕਰਦਾ ਹੈ ।[124]

## 5.17 ਜੀਵਨ ਦੇ ਅੰਸ਼ (ਤੱਤ)

ਕੈਮਿਸਟ ਮੰਨਦੇ ਹਨ ਕਿ ਸਾਰਾ ਪਦਾਰਥ (ਜੀਵ ਅਤੇ ਨਿਰਜੀਵ) ਚਾਰ ਤੱਤਾਂ (ਅਗਨੀ, ਹਵਾ, ਪਾਣੀ ਅਤੇ ਮਿੱਟੀ) ਦੇ ਬਣੇ ਹੋਏ ਹਨ । ਸਾਇੰਸਦਾਨ ਬਰੈਨਲੇ ਕੇਵਲ ਤਿੰਨ ਤੱਤ ਹੀ ਮੰਨਦੇ ਹਨ ( ਪਾਣੀ, ਮਿੱਟੀ ਅਤੇ ਹਵਾ)।[125] ਸਿੱਖ ਸਿਧਾਂਤ ਨਿਰਜੀਵ ਪਦਾਰਥਾਂ ਤੱਕ ਤਾਂ ਇਸ ਸਿਧਾਂਤ ਨਾਲ ਸਹਿਮਤ ਹੈ ਜੇ ਕਰ ਇਹ ਮੰਨ ਲਿਆ ਜਾਵੇ ਕਿ ਇਹ ਚਾਰੇ ਤੱਤ ਆਪਣੀ ਹੋਂਦ ਤਾਂ ਹੀ ਰੱਖ ਸਕਦੇ ਹਨ ਜੇ ਕਰ ਇਨ੍ਹਾਂ ਦੇ ਹੋਣ ਲਈ ਕੋਈ ਜਗ੍ਹਾ (ਪੁਲਾੜ -Space ) ਵੀ ਮੰਨ ਲਿਆ ਜਾਵੇ। ਪ੍ਰੰਤੂ ਸਿੱਖ ਸਿਧਾਂਤ ਜੀਵਤ ਵਸਤਾਂ ਵਿੱਚ ਰੂਹ (Consciousness) ਜਾਂ ਆਤਮਾ/

[124] There are millions of stars in the sky each similar to our sun, and each doubtlessly surrounded, like our sun, by a family of planets on which life may be kept in being by the light and heat received from its sun (Sir James Jeans *Our Mysterious Universe P.8)*

[125] "The earth is made of three primary divisions water, earth and air"(*Exploring our universe* p.39)



ਚੇਤੰਨਤਾ (ਜੋ ਪਰਮਾਤਮਾ ਦਾ ਅੰਸ ਹੈ) ਨੂੰ ਵੀ ਮੰਨਦਾ ਹੈ ਜੋ ਪੁਲਾੜ ਵਿੱਚ ਹਰ ਥਾਂ ਵਿਆਪਕ ਹੈ ।**"ਪੰਚ ਤਤੁ ਮਿਲਿ ਇਹੁ ਤਨੁ ਕੀਆ"॥ (ਪੰਨਾ 1039)**[126] ਕੇਵਲ ਇਹੋ ਪੰਜ ਤੱਤ ਮਿਲਣ ਤਾਂ "ਮਨ" ਦਾ ਜਨਮ ਹੋ ਸਕਦਾ ਹੈ ।"**ਇਹੁ ਮਨ ਪੰਚ ਤਤੁ ਤੇ ਜਨਮਾ"** (ਪੰਨਾ 415), "**ਇਹੁ ਮਨੁ ਪੰਚ ਤਤ ਕੋ ਜੀਉ"** ॥ (ਪੰਨਾ 342) ਪੰਜਵੇਂ ਤੱਤ (ਰੂਹ ਜਾਂ ਆਤਮਾ) ਤੋਂ ਬਿਨਾਂ "ਮਨ" ਦਾ ਜਨਮ ਨਹੀਂ ਹੁੰਦਾ ।

ਪੰਜ ਤੱਤਾਂ ਦੇ ਵਿਕਾਸ ਲਈ ਜਲ ਅਤੇ ਹਵਾ ਅਤੀ ਜ਼ਰੂਰੀ ਹਨ । "ਇਹ ਗੱਲ ਸਾਇੰਸਦਾਨ ਹੁੱਕ (Hook) ਨੇ 1660 ਵਿੱਚ ਲੱਭੀ ।[127] ਇਹ ਗੱਲ ਸਾਇੰਸਦਾਨਾਂ ਲਈ ਤਾਂ ਭਾਵੇਂ ਨਵੀਂ ਸੀ ਪਰ ਸਿੱਖਾਂ ਲਈ ਨਹੀਂ ਕਿਉਂਕਿ ਹੁੱਕ ਤੋਂ 200 ਸਾਲ ਪਹਿਲਾਂ ਹੀ ਇਹੋ ਗੱਲ ਗੁਰੂ ਜੀ ਸਪੱਸ਼ਟ ਸ਼ਬਦਾਂ ਵਿੱਚ ਲਿਖ ਗਏ ਸਨ। ਆਪ ਲਿਖਦੇ ਹਨ, "**ਪਵਨੁ ਵਿਚੋਲਾ ਕਰਤ ਅਕੇਲਾ ਜਲ ਤੇ ਓਪਤਿ ਹੋਆ"॥ (ਪੰਨਾ 884), "ਪਵਣੈ ਕੇ ਵਸਿ ਦੇਹੁਰੀ ਮਸਤਕਿ ਸਚੁ ਨੀਸਾਣੁ**"॥ (ਪੰਨਾ 63) ਇਨ੍ਹਾ ਦੋਹਾਂ ਤੱਤਾਂ ਹਵਾ ਅਤੇ ਪਾਣੀ ਨੂੰ ਗੁਰੂ ਜੀ ਨੇ ਗੁਰੂ ਅਤੇ ਪਿਤਾ ਦੇ ਸਮਾਨ ਉੱਚਾ ਦਰਜਾ ਦਿੱਤਾ ਹੈ "**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ**"॥ (ਪੰਨਾ 8)

## 5.18 ਬਨਸਪਤੀ ਵਿੱਚ ਜੀਵਨ

ਬਨਸਪਤੀ ਵਿੱਚ ਜਾਨ ਹੋਣ ਬਾਰੇ ਸਭ ਤੋਂ ਪਹਿਲਾਂ ਭਾਰਤੀ ਸਾਇੰਸਦਾਨ ਸਰ ਜਗਦੀਸ਼ ਚੰਦਰ ਬੋਸ (1858-1937) ਨੇ ਖੋਜ ਕਰਕੇ ਨਿਰਣੇ ਕੱਢੇ ਸਨ । ਹੈਰਾਨੀ ਹੈ ਕਿ ਜਗਦੀਸ਼ ਚੰਦਰ ਨੇ ਭਾਰਤ ਵਿੱਚ ਰਹਿੰਦੇ ਹੋਏ ਵੀ ਗੁਰੂ ਗ੍ਰੰਥ ਸਾਹਿਬ ਦਾ ਅਧਿਯਨ ਨਾ ਕੀਤਾ, ਨਹੀਂ ਤਾਂ ਉਸ ਨੂੰ ਲੰਮੇ ਚੌੜੇ ਤਜਰਬੇ ਕਰਨ ਤੋਂ ਬਿਨਾਂ ਹੀ ਗਿਆਨ ਹੋ ਜਾਂਦਾ ਕਿ ਦਾਣੇ ਦਾਣੇ ਵਿੱਚ ਵਿੱਚ ਜਾਨ ਹੈ । ਗੁਰੂ ਨਾਨਕ ਦੇਵ ਜੀ ਹੀ ਲਿਖ ਗਏ ਸਨ ਕਿ "**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ"॥**(ਪੰਨਾ 472) ਇਹੋ ਨਹੀਂ ਗੁਰੂ ਗ੍ਰੰਥ ਸਾਹਿਬ ਤਾਂ ਪੁਕਾਰ ਪੁਕਾਰ ਕੇ ਕਹਿ ਰਿਹਾ ਹੈ ਕਿ ਪੱਤੇ ਪੱਤੇ ਵਿੱਚ ਜਾਨ ਹੈ। **"ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਉ॥ ਜਿਸੁ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ"॥ (ਪੰਨਾ 479), ਸਰਜੀਉ**

[126] ਹੋਰ ਦੇਖੋ ਪੰਨਾ 1128, 1030 ਅਤੇ 736 ਆਦਿਕ । ਸਾਡੇ ਗਿਆਨ ਇੰਦਰੇ (ਸ਼ਬਦ, ਸਪਰਸ਼, ਰੂਪ, ਰਸ, ਗੰਧ) ਵੀ ਪੰਜ ਹੀ ਮੰਨੇ ਗਏ ਹਨ ।

[127] " Air is essential for respiration and that there is no substitute for it" (Taylor's *History of Science p.95)*

**ਕਾਟਹਿ ਨਿਰਜੀਉ ਪੂਜਹਿ ਅੰਤ ਕਾਲ ਕਉ ਭਾਰੀ"॥** (ਪੰਨਾ 332)

ਜੋ ਗੱਲ ਗੁਰੂ ਜੀ ਪੰਜ ਸੌ ਸਾਲ ਪਹਿਲਾਂ ਕਹਿ ਗਏ ਸਨ ਉਹੋ ਹੀ ਗੱਲ ਅੱਜ ਦਾ ਵਿਗਿਆਨੀ ਖੋਜ ਰਾਹੀਂ ਲੱਭ ਕੇ ਆਪਣੀ ਖੋਜ ਬਣਾ ਕੇ ਦੱਸ ਰਿਹਾ ਹੈ । ਪੀਟਰ ਟੌਮਕਿਨ ਲਿਖਦਾ ਹੈ ਕਿ ਬੂਟਿਆਂ ਵਿੱਚ ਨਾ ਕੇਵਲ ਜਾਨ ਹੈ ਬਲਕਿ ਹਰ ਬੂਟੇ ਦੀ ਆਪਣੀ "ਸ਼ਖਸੀਅਤ ਅਤੇ ਆਤਮਾ ਵੀ ਹੈ" (*Secret Life of Plants)*[128]

## 5.19 ਪਰਾਗਣ (Pollination- ਉੱਤਪਤੀ ਵਿਧੀ)

1580 ਵਿੱਚ ਪਰੌਸਪਰੋ ਐਲਪੀਨੀ (Prospero Alpini) ਨੇ ਇਹ ਗੱਲ ਲੱਭੀ ਕਿ ਬਨਸਪਤੀ ਵਿੱਚ ਵੀ ਮਰਦ ਔਰਤ ਵਾਂਗ ਇਸਤ੍ਰੀ ਲਿੰਗ ਅਤੇ ਪੁਲਿੰਗ ਹੁੰਦੇ ਹਨ । 1694 ਵਿੱਚ ਕੈਮਰੇਰੀਅਸ (Rudolph Jakob Camerarius) ਨੇ ਬੂਟਿਆਂ ਵਿੱਚ ਨਰ ਅਤੇ ਮਾਦਾ (ਮਦੀਣ) ਭਾਗ ਲੱਭ ਲਏ । 1763 ਵਿੱਚ ਕੋਲਰਿਊਟਰ (Jeseph Gottlieb Kolreuter) ਨੇ ਇਹ ਗੱਲ ਲੱਭੀ ਕਿ ਬਨਸਪਤੀ ਵੀ ਇਨਸਾਨਾਂ ਵਾਂਗ ਹੀ ਮਰਦ ਅਤੇ ਇਸਤ੍ਰੀ ਦੇ ਸੰਯੋਗ ਨਾਲ ਅਗਲੀ ਪੀੜ੍ਹੀ ਪੈਦਾ ਕਰਦੀ ਹੈ ਜਿਨ੍ਹਾਂ ਤੋਂ ਨਵੇਂ ਬੂਟੇ ਅਤੇ ਫ਼ਲ ਆਦਿਕ ਬਣਦੇ ਹਨ । ਇਸ ਦਾ ਨਾਂ ਪਰਾਗਣ ਰੱਖਿਆ ਗਿਆ। ਮੱਖੀਆਂ, ਪੰਛੀਆਂ,ਭੌਰਿਆਂ ਅਤੇ ਕੀੜੇ ਮਕੌੜਿਆਂ ਆਦਿਕ ਦੇ ਪੈਰਾਂ, ਚੁੰਝਾਂ ਜਾਂ ਖੰਭਾਂ ਰਾਹੀਂ ਜਾਂ ਹਵਾ ਰਾਹੀਂ ਪਰਾਗਣ (ਬਨਸਪਤੀ ਦਾ ਵੀਰਜ) ਇੱਕ ਬੂਟੇ ਤੋਂ ਦੂਜੇ ਤੱਕ ਚਲਾ ਜਾਂਦਾ ਹੈ ਤੇ ਇਸ ਤਰ੍ਹਾਂ ਫੁੱਲ ਅਤੇ ਫ਼ਲ ਆਦਿਕ ਦਾ ਜਨਮ ਹੁੰਦਾ ਹੈ । ਭਾਵੇਂ ਇਸ ਗੱਲ ਨੂੰ ਲੱਭਣ ਲਈ ਸਾਇੰਸਦਾਨਾਂ ਨੂੰ ਤਿੰਨ ਸੌ ਸਾਲ ਲੱਗੇ ਪਰ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਪਹਿਲਾਂ ਹੀ ਇਹ ਗਿਆਨ ਦੇ ਦਿੱਤਾ ਸੀ । ਆਪ ਲ਼ਿਖਦੇ ਹਨ, "**ਐਸੀ ਭਵਰਾ ਬਾਸੁ ਲੈ ਤਰਵਰ ਫੂਲੇ ਬਨ ਹਰੇ"**॥ (ਪੰਨਾ 1190) **"ਭਵਰੁ ਭਵੰਤਾ ਫੂਲੀ ਡਾਲੀ"॥ (ਪੰਨਾ 1108)**

[128] "Evidence now supports the vision of the poet and the philosopher that plants are living, breathing, communicationg creatures, endowed with personality and attributes of the soul. It is only we, in our blindness, who have insisted on considering them automata"

"Plants seem to know which ants will steal their nectar, closing when these ants are about, opening only when there is enough dew on their stems to keep the ants from climbing. The more sophisticated acacia plant actually enlists the protective services of certain ants, which it rewards with nectar in return for the ants' protection against other insects and herbivorous mammals. ."(*The Secret life of the plants* by Peter Tompkins and Christopher Bird.)



## 5.20 ਜੀਵ ਉੱਤਪਤੀ

ਇਟਲੀ ਦੇ ਵਿਸ਼ੇਸ਼ਗਯ ਵਿਗਿਆਨੀ ਗੈਬਰੀਅਲ ਫੇਲੋਪੀਅਸ (1523-1562) ਨੇ ਪਹਿਲੀ ਵਾਰ ਇਸਤ੍ਰੀ ਲਿੰਗ ਵਿੱਚ ਫੇਲੋਪੀਅਨ ਟਿਊਬ ਅਤੇ ਬੱਚੇ ਦਾਨੀ ਹੋਣ ਦਾ ਜ਼ਿਕਰ ਕੀਤਾ । ਉਸ ਦਾ ਖੋਜ ਪੱਤਰ ਉਸ ਦੀ ਮੌਤ ਤੋਂ ਬਾਅਦ ਹੀ 1584 ਵਿੱਚ ਲੋਕਾਂ ਤੱਕ ਪੁੱਜਾ । ਉਸ ਤੋਂ 242 ਸਾਲ ਪਿਛੋਂ 1826 ਵਿੱਚ ਸ੍ਰੀ ਬੇਅਰ (Karl Ernst Von Baer 1792-1876) ਨੇ ਵਧੇਰੇ ਖੋਜ ਕੀਤੀ ਅਤੇ ਇਹ ਗੱਲ ਲੱਭੀ ਕਿ ਮਾਦਾ ਦੇ ਅੰਡਕੋਸ਼ ਵਿੱਚ ਜੀਵਨ ਨੂੰ ਨਿਰੰਤਰ ਚਾਲੂ ਰੱਖਣ ਲਈ ਆਂਡੇ ਉਪਲਭਧ ਹੁੰਦੇ ਹਨ । ਬੇਅਰ ਨੇ ਹੋਰ ਨਿਰੀਖਸ਼ਣ ਤੋਂ ਬਾਅਦ ਆਪਣੀ ਖੋਜ 1827 ਵਿੱਚ ਛਪਵਾਈ ਅਤੇ ਨਤੀਜਾ ਕੱਢਿਆ ਕਿ ਹਰ ਜੀਵ ਮਾਤਾ ਅਤੇ ਪਿਤਾ ਦੇ ਬਿੰਦ[129] ਦੇ ਸੰਜੋਗ ਨਾਲ ਇੱਕ ਆਂਡੇ ਦੇ ਰੂਪ ਵਿੱਚ ਨਿਪਜ ਕੇ ਸਰੀਰ ਧਾਰਦਾ ਤੇ ਪੈਦਾ ਹੁੰਦਾ ਹੈ ।[130] ਇਸ ਖੋਜ ਨੇ ਵਿਗਿਆਨੀਆਂ ਨੂੰ ਹੈਰਾਨ ਕਰ ਦਿੱਤਾ । 1826 ਵਿੱਚ ਇਸ ਖੋਜ ਨੂੰ ਹਰ ਪਾਸਿਉਂ ਪ੍ਰਵਾਣ ਕਰ ਲਿਆ ਗਿਆ ।

ਦਿਲਚਸਪ ਗੱਲ ਹੈ ਕਿ ਸਿੱਖਾਂ ਦੇ ਪੰਚਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ (1563-1606) ਨੇ 246 ਸਾਲ ਪਹਿਲਾਂ ਇਹੋ ਗੱਲ ਲਿਖ ਛੱਡੀ ਸੀ । ਆਪ ਲਿਖਦੇ ਹਨ, **"ਮਾਤ ਪਿਤਾ ਸੰਜੋਗਿ ਉਪਾਏ ਰਕਤੁ ਬਿੰਦੁ ਮਿਲਿ ਪਿੰਡੁ ਕਰੇ**"॥ (ਪੰਨਾ 1013) ਹੋਰ ਵੀ ਸਪੱਸ਼ਟ ਕਰਕੇ ਗੁਰੂ ਜੀ ਲਿਖਦੇ ਹਨ, **"ਮਾਂ ਕੀ ਰਕਤੁ ਪਿਤਾ ਬਿਦੁ ਧਾਰਾ, ਮੂਰਤਿ ਸੂਰਤਿ ਕਰਿ ਆਪਾਰਾ"**॥ (ਪੰਨਾ 1022)

## 5.21 ਜੀਵ ਦੇ ਅੰਦਰ ਜੀਵ

ਹਜ਼ਾਰਾਂ ਸਾਲ ਲੋਕ ਇਹੀ ਸਮਝਦੇ ਰਹੇ ਕਿ ਬਿਮਾਰੀਆਂ ਰੱਬ ਦੇ ਕ੍ਰੋਪ, ਟੂਣੇ ਟਾਮਣ, ਜਾਦੂ, ਭੂਤਾਂ ਪ੍ਰੇਤਾਂ ਜਾਂ ਦੁਸ਼ਟ ਆਤਮਾਵਾਂ ਆਦਿਕ ਕਾਰਨ ਹੁੰਦੀਆਂ ਹਨ । ਆਧੁਨਿਕ ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਬੀਮਾਰੀਆਂ ਛੋਟੇ ਛੋਟੇ ਕੀਟਾਣੂਆਂ/ਵਿਸ਼ਾਣੂਆਂ (ਬੀਮਾਰੀ ਦੇ ਮਹੀਨ ਕਿਰਮਾਂ) ਰਾਹੀਂ ਹੁੰਦੀਆਂ ਤੇ ਫੈਲਦੀਆਂ ਹਨ । ਬੀਮਾਰੀ ਦੇ ਇਹ ਜਰਾਸੀਮ (ਰੋਗਾਣੂ ਜਾਂ ਵਿਸ਼ਾਣੂ) ਸਾਹ ਰਾਹੀਂ, ਖੁਰਾਕ ਰਾਹੀਂ ਜਾਂ ਚਮੜੀ ਵਿੱਚਲੇ ਜ਼ਖਮਾਂ (ਡੰਗ ਆਦਿਕ) ਰਾਹੀਂ ਸਾਡੇ ਅੰਦਰ ਚਲੇ ਜਾਂਦੇ ਹਨ। ਕੁੱਝ ਜਰਾਸੀਮ ਤਾਂ ਬੱਚੇ ਦੇ ਪੈਦਾ ਹੋਣ ਵੇਲੇ ਵੀ ਉਸ ਦੇ ਸਰੀਰ ਦੀਆਂ

[129] ਗੁਰੂ ਸਾਹਿਬ ਤਾਂ ਪਹਿਲਾਂ ਹੀ ਲਿਖ ਚੁਕੇ ਸਨ "ਬਿੰਦ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ"॥ (ਪੰਨਾ 481)

[130] "Every animal which springs from the coition of male amd female is developed from an ovum, and none from a simple formative liquid."(Baer)

ਅੰਤੜੀਆਂ ਵਿੱਚ ਹੁੰਦੇ ਹਨ ਪਰ ਉਹ ਬਹੁਤੇ ਖਤਰਨਾਕ ਨਹੀਂ ਹੁੰਦੇ । ਪਸ਼ੂਆਂ ਅਤੇ ਬੰਦਿਆ ਵਿੱਚ ਮਲੱਪ ਆਦਿਕ ਤਾਂ ਆਮ ਹੀ ਹੋ ਜਾਂਦੇ ਹਨ । ਅਫਰੀਕਾ ਵਿੱਚ ਲੋਕਾਂ ਦੇ ਸਰੀਰਾਂ ਵਿੱਚ ਗਿਨੀਵਰਮ (Guinea Worm) ਹੋ ਜਾਣਾ ਆਮ ਹੀ ਹੈ । ਕਈ ਲੋਕਾਂ ਦੇ ਸਰੀਰ ਵਿੱਚ ਪੱਤਰੇ ਵਰਗੇ ਜੀਵਾਣੂ ( Tape Worms) ਵੀ ਹੋ ਜਾਂਦੇ ਹਨ ਜੋ ਕਿ ਆਮ ਕਰਕੇ ਮੱਛੀਆਂ ਵਿੱਚ ਮਿਲਦੇ ਹਨ । ਸੰਸਾਰ ਦੇ 1.3 ਮਿਲੀਅਨ ਲੋਕਾਂ ਦੇ ਪਾਖਾਨੇ ਵਿੱਚ ਹੁੱਕ ਵਰਮ (Hook Worm) ਦੇਖੇ ਗਏ ਹਨ । ਭੇਡਾਂ, ਬੱਕਰੀਆਂ, ਸੂਰਾਂ, ਘੋੜਿਆਂ, ਕੁੱਤਿਆਂ, ਗਾਲ੍ਹੜਾਂ ਅਤੇ ਇਨਸਾਨਾਂ ਦੇ ਸਰੀਰ ਵਿੱਚ ਲਿਵਰ ਫਲੂਕ (Liver Flukes) ਵੀ ਆਮ ਹੋ ਜਾਂਦੇ ਹਨ । ਇੰਞ ਅਸੀਂ ਦੇਖਦੇ ਹਾਂ ਕਿ ਜੀਵਾਂ ਦੇ ਅੰਦਰ ਵੀ ਜੀਵ ਹੁੰਦੇ ਹਨ । ਹੋਰ ਤਾਂ ਹੋਰ ਇਨਸਾਨੀ ਬੱਚਾ ਵੀ ਤਾਂ ਮਾਂ ਦੇ ਪੇਟ ਵਿੱਚ ਹੀ ਪਲਦਾ ਹੈ । ਕਈ ਕੀਟਾਣੂ ਤਾਂ ਸੁਤੰਤਰ ਰੂਪ ਵਿੱਚ ਜੀਵਤ ਹੀ ਨਹੀਂ ਰਹਿ ਸਕਦੇ ਉਨ੍ਹਾਂ ਨੂੰ ਵਧਣ ਫੁੱਲਣ ਲਈ ਕਿਸੇ ਦੂਜੇ ਜੀਵ ਦੇ ਸਰੀਰ ਦੀ ਲੋੜ ਹੁੰਦੀ ਹੈ । ਅਜਿਹੇ ਕੀਟਾਣੂਆਂ ਨੂੰ ਪਰਜੀਵੀ (Parasites) ਕਿਹਾ ਜਾਂਦਾ ਹੈ। ਇਹ ਵੀ ਦੇਖਣ ਵਿੱਚ ਆਇਆ ਹੈ ਕਿ ਕੁੱਝ ਪਰਜੀਵੀਆਂ ਦੇ ਆਪਣੇ ਸਰੀਰਾਂ ਵਿੱਚ ਵੀ ਹੋਰ ਪਰਜੀਵੀ ਘਰ ਬਣਾ ਲੈਂਦੇ ਹਨ । ਇਸ ਨੂੰ ਅਤਿਪਰਜੀਵੀ ਜੀਵਣ (Hyper-parasitism) ਕਿਹਾ ਜਾਂਦਾ ਹੈ, ਜਾਣੀ ਕੀਟਾਣੂੰ ਦੇ ਅੰਦਰ ਕੀਟਾਣੂ ਆ ਵਸਦਾ ਹੈ । "**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ**"॥ (ਪੰਨਾ 2) ਟੋਡ ਨਾ ਦੀ ਮੱਛੀ ਦੇ ਸਰੀਰ ਵਿੱਚ ਸ਼ਫੀਰੋ-ਸਪੋਰਾ ਨਾਂ ਦਾ ਕੀਟਾਣੂ ਆਮ ਦੇਖਿਆ ਗਿਆ ਹੈ ਅਤੇ ਅਗੇ ਸਫੀਰੋ-ਸਪੋਰਾ ਦੇ ਸਰੀਰ ਵਿੱਚ ਨੋਸੀਮਾ ਨੋਟੈਬਿਲੀਸ (Nosema Notabilis) ਦੇਖਿਆ ਗਿਆ ਹੈ । ਇਸੇ ਤਰ੍ਹਾਂ ਇਨਸਾਨੀ ਬੀਮਾਰੀ ਪੈਦਾ ਕਰਨ ਵਾਲੇ ਬੈਕਟੇਰੀਆ ਵਿੱਚ ਬੈਕਟੇਰੀਓਫੇਜ਼ ਆ ਰਹਿੰਦਾ ਹੈ ਅਤੇ ਬੈਕਟੇਰੀਆਂ ਨੂੰ ਮਾਰ ਦਿੰਦਾ ਹੈ । ਗੰਬੂਸੀਆ (Gumbusia) ਨਾਂ ਦੀ ਇੱਕ ਮੱਛੀ ਮੱਛਰ ਖਾਂਦੀ ਹੈ, ਮੱਛਰ ਇਨਸਾਨੀ ਖ਼ੂੰਨ ਪੀਂਦਾ ਹੈ ਅਤੇ ਇਨਸਾਨ ਮੱਛੀ ਨੂੰ ਖਾ ਜਾਂਦਾ ਹੈ । ਅਜਿਹੀਆਂ ਅਤਿਪਰਜੀਵੀ ਘਟਨਾਵਾਂ ਕੁਦਰਤ ਵਿੱਚ ਆਮ ਹਨ ।

ਰਾਬਰਟ ਹੁੱਕ ( Robert Hook) ਨੇ ਪਹਿਲੀ ਵਾਰ (1665 ਵਿੱਚ) ਇਹ ਗੱਲ ਲੱਭੀ ਕਿ ਬੀਮਾਰੀਆਂ ਦੇ ਜਰਾਸੀਮ (ਰੋਗਾਣੂ) ਸਰੀਰ ਦੇ ਅੰਦਰ ਪਲਦੇ ਹਨ। 1677 ਵਿੱਚ ਲਿਊਵਨਹੋਕ (Anton Van Leuwenhoek) ਨੇ ਵੀ ਆਪਣੇ ਤਜਰਬਿਆਂ ਰਾਹੀਂ ਇਸ ਦੀ ਪ੍ਰੋੜ੍ਹਤਾ ਕਰ ਦਿੱਤੀ ਤੇ ਦੱਸਿਆ ਕਿ ਨਰਾਂ ਦੇ ਵੀਰਜ ਵਿੱਚ ਬਹੁਤ ਬਹੁਤ ਮਹੀਨ ਕਿਰਮ ਹੁੰਦੇ ਹਨ ਜੋ ਬੱਚੇ ਦੀ ਉਤਪਤੀ ਦਾ ਮੁੱਢ ਬੰਨ੍ਹਦੇ ਹਨ । ਮਰਦਾਨਾ ਵੀਰਜ ਵਿੱਚ ਕਿਰਮਾਂ ਦਾ ਹੋਣਾ ਵੀ ਕੋਈ ਨਵੀਂ ਕਾਢ ਨਹੀਂ ਸੀ।



ਗੁਰਬਾਣੀ ਨੇ ਪਹਿਲਾਂ ਹੀ ਇਹ ਘੋਸ਼ਨਾ ਕਰ ਦਿੱਤੀ ਹੋਈ ਸੀ । "**ਗਰਭ ਅਗਨਿ ਮਹਿ ਜਿਨਹਿ ਉਬਾਰਿਆ॥ ਰਕਤ ਕਿਰਮ ਮਹਿ ਨਹੀਂ ਸੰਘਾਰਿਆ**"॥ (ਪੰਨਾ 1084) [131] ਕਈ ਵਿਸ਼ਾਣੂ (ਜ਼ਹਿਰੀਲੇ ਬੈਕਟੇਰੀਆ) ਤਾਂ ਜਿਉਂਦੇ ਹੀ ਸਰੀਰਾਂ ਵਿੱਚ ਹਨ ਪਰ ਜੇ ਉਹ ਆਪਣੇ ਫ਼ਰਜ਼ ਤੋਂ ਕੋਤਾਹੀ ਕਰਨ ਜਾਂ ਆਪਣੇ ਥਾਂ ਤੋਂ ਪ੍ਰਸਥਾਨ ਕਰਕੇ ਹੋਰ ਥਾਂ (ਜਿਵੇਂ ਮੂੰਹ ਦੇ ਜਰਾਸੀਮ ਪੇਟ ਵਿੱਚ) ਜਾਣ ਤਾਂ (ਦੋਸ਼ੀ ਹੋ ਕੇ) ਸਜ਼ਾ ਪਾਉਂਦੇ ਹਨ । ਜੀਵਾਂ ਅੰਦਰ ਜੀਵ ਵਾਲੀ ਗੱਲ ਗੁਰੂ ਨਾਨਕ ਸਾਹਿਬ ਪਹਿਲਾਂ ਹੀ ਕਹਿ ਗਏ ਸਨ। **"ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ"॥ (ਪੰਨਾ 2)** ਵਾਲਾ ਵਰਤਾਰਾ ਸੰਸਾਰ ਵਿੱਚ ਵਰਤਦਾ ਹੀ ਰਹਿੰਦਾ ਹੈ ।

## 5.22 ਬ੍ਰਹਮੰਡ ਵਿੱਚ ਜੀਵਨ ਦੀ ਪ੍ਰਗਤੀ

ਵਿਗਿਆਨੀਆਂ ਅਨੁਸਾਰ ਧਰਤੀ ਉਪਰਲੇ ਜੀਵਨ ਦੇ ਕਈ ਪੜਾ (ਪੱਥਰ, ਕੀੜੇ ਮਕੌੜੇ, ਮੱਛੀਆਂ ਆਦਿਕ) ਹਨ । ਉਹ ਇਨ੍ਹਾਂ ਪੜਾਵਾਂ ਨੂੰ ਪੱਥਰ ਯੁਗ, ਕਾਂਸੀ ਯੁਗ ਅਤੇ ਲੋਹਾ ਯੁਗ ਆਦਿਕ ਨਾਂ ਦਿੰਦੇ ਹਨ । ਉਹ ਦੱਸਦੇ ਹਨ ਕਿ ਸਮੇਂ ਸਮੇਂ ਕਈ ਤਰਾਂ ਦੇ ਜੀਵ ਇਸ ਧਰਤੀ ਉੱਪਰ ਰਹਿੰਦੇ ਰਹੇ ਹਨ । ਇੱਕ ਸਮੇਂ ਬਹੁਤ ਬਹੁਤ ਵੱਡੇ ਵੱਡੇ ਡਾਇਨੋਸੋਰ ਅਤੇ ਮੈਮਥ ਹਾਥੀ ਆਦਿਕ ਵੀ ਇੱਥੇ ਰਹਿੰਦੇ ਸਨ ਜਿਨ੍ਹਾਂ ਦੇ ਪਿੰਜਰ ਸੰਸਾਰ ਦੇ ਅਨੇਕਾਂ ਥਾਵਾਂ ਤੋਂ ਮਿਲੇ ਹਨ । ਇਨਸਾਨ ਤਾਂ ਬਹੁਤ ਪਿੱਛੋਂ ਜਾ ਕੇ ਉਨਤ ਹੋਇਆ ਤੇ ਬੁੱਧੀ ਕਾਰਨ ਬਾਕੀ ਜੀਵਾਂ ਨਾਲੋਂ ਵਧੇਰੇ ਫੈਲ ਗਿਆ । ਇਸ ਬਾਰੇ ਵੀ ਸਿੱਖ ਗੁਰੂ ਸਾਹਿਬਾਨ ਨੇ ਸਾਇੰਸਦਾਨਾਂ ਦੇ ਵਿਚਾਰ ਪਰਗਟ ਕਰਨ ਤੋਂ ਅਨੇਕਾਂ ਸਾਲ ਪਹਿਲਾਂ ਇਹੋ ਵਿਚਾਰ ਦਰਜ ਕਰ ਦਿੱਤੇ ਸਨ। ਆਪ ਲਿਖਦੇ ਹਨ,

**"ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥**
**ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ"॥**
(ਪੰਨਾ 176)

## 5.23 ਬ੍ਰਹਮੰਡ ਅਤੇ ਜੀਵਨ ਦਾ ਅੰਤ

ਕੀੜੀ ਤੋਂ ਹਾਥੀ ਤੱਕ ਬ੍ਰਹਮੰਡ ਦੇ ਸਭ ਜੀ ਕਾਲ (ਸਮੇਂ ਵਿੱਚ) ਵਿੱਚ ਪੈਦਾ ਹੋਏ ਹਨ ਅਤੇ ਅੰਤ ਸਮਾਂ ਹੀ ਇਨ੍ਹਾਂ ਨੂੰ ਨਿਗਲ ਜਾਂਦਾ ਹੈ । ਗੁਰੂ ਜੀ ਲਿਖਦੇ ਹਨ,

[131] ਸਾਡੇ ਸਰੀਰਾਂ ਵਿੱਚ 70% ਜੀਵਾਣੂ ਸਿਹਤ ਲਈ ਜ਼ਰੂਰੀ ਹਨ ਪਰ 30% ਨੁਕਸਾਨ ਕਰਨ ਵਾਲੇ ਹੁੰਦੇ ਹਨ। ਸਾਡੇ ਮਿੱਤਰ ਜੀਵਾਣੂ ਸਾਡੇ ਸਰੀਰ ਵਿੱਚਲੇ ਦੁਸ਼ਮਣ ਜੀਵਾਣੂਆਂ ਨੂੰ ਨਿਯੰਤਰਣ ਵਿੱਚ ਰਖਦੇ ਹਨ ਤੇ ਉਨ੍ਹਾਂ ਨੂੰ ਹਦੋਂ ਵੱਧ ਨਹੀਂ ਵਧਣ ਨਹੀਂ ਦਿੰਦੇ ।

"**ਜੋ ਉਪਜੈ ਸੋ ਕਾਲਿ ਸੰਘਾਰਿਆ**"॥ (ਪੰਨਾ 227) ਵਿਗਿਆਨੀਆਂ ਨੇ ਇਹ ਜਾਨਣ ਦੀ ਕੋਸ਼ਿਸ਼ ਕੀਤੀ ਹੈ ਕਿ ਜੀਵ ਮਰਦਾ ਕਿਉਂ ਹੈ ।

ਥਰਮੋਡਿਨੇਮਿਕਸ ਦਾ ਦੂਜਾ ਸਿਧਾਂਤ ਦੱਸਦਾ ਹੈ ਕਿ ਹੌਲੀ ਹੌਲੀ ਪਦਾਰਥ ਦੇ ਕਣ ਢਿੱਲੇ ਹੋ ਕੇ ਬਿਖਰਨੇ ਸ਼ੁਰੂ ਹੋ ਜਾਂਦੇ ਹਨ (ਇਸ ਨੂੰ ਐਨੋਟਰੌਪੀ ਕਿਹਾ ਜਾਂਦਾ ਹੈ)। ਐਨੋਟਰੌਪੀ (Anotropy) ਵਧਦੀ ਜਾਂਦੀ ਹੈ ਜਿਸ ਨਾਲ ਅਣੂਆਂ ਦਾ ਨਿਰੰਤਰ ਵਿਭਾਜਨ ਹੋਈ ਤੁਰਿਆ ਜਾਂਦਾ ਹੈ । ਇਸ ਕਿਰਿਆ ਦੇ ਫਲਸਰੂਪ ਅੰਤ ਸਜੀਵ ਅਤੇ ਨਿਰਜੀਵ ਸਭ ਖ਼ਤਮ ਹੋ ਜਾਣਗੇ ।[132] ਐਨੋਟਰੌਪੀ ਦੇ ਘਟਣ ਨਾਲ ਤਾਪਮਾਨ (Temperature) ਘਟਦਾ ਜਾਂਦਾ ਹੈ । ਇੱਕ ਸਮਾਂ ਆਵੇਗਾ ਜਦ ਬ੍ਰਹਮੰਡ ਦਾ ਤਾਪਮਾਨ ਬੇਹੱਦ ਠੰਢਾ ਹੋ ਜਾਵੇਗਾ ਅਤੇ ਬ੍ਰਹਮੰਡ ਆਪਣੀ ਹਸਤੀ ਖੋ ਬੈਠੇਗਾ (ਪਰਲੋ ਆ ਜਾਵੇਗੀ) । 1903 ਵਿੱਚ ਰਦਰਫੋਰਡ ਅਤੇ ਸੌਡੀ ਨਾਂ ਦੇ ਵਿਗਿਆਨੀਆਂ ਨੇ ਖਿਆਲ ਪੇਸ਼ ਕੀਤਾ ਕਿ ਪਦਾਰਥ ਹਰ ਸਮੇਂ ਬਿਖਰ ਰਿਹਾ ਹੈ। ਹੌਲੀ ਹੌਲੀ ਇਹ ਪੂਰੀ ਤਰਾਂ ਬਿਖਰ ਜਾਵੇਗਾ ਅਤੇ ਸੰਸਾਰ ਸਮਾਪਤ ਹੋ ਜਾਵੇਗਾ ।

ਫਰੀ ਰੈਡੀਕਲ ਸਿਧਾਂਤ (Free Radical Theory) ਦੱਸਦਾ ਹੈ ਕਿ ਹਰ ਜੀਵ ਕੁੱਝ ਮੁਕਤ ਮੂਲ਼ਭੂਤ ਵਿਸ਼ਾਂਣੂ (Free Radicals) ਪੈਦਾ ਕਰਦਾ ਰਹਿੰਦਾ ਹੈ ਜੋ ਜੀਵ ਦੇ ਸਿਹਤਮੰਦ ਸੈਲਾਂ ਲਈ ਨੁਕਸਾਨਦੇਹ ਹਨ । ਹੌਲੀ ਹੌਲੀ ਇਹ ਜ਼ਹਿਰੀਲੇ ਕੀਟਾਣੂ ਤੰਦਰੁਸਤ ਸੈਲਾਂ ਨੂੰ ਨਾਕਾਰਾ ਕਰਦੇ ਰਹਿੰਦੇ ਹਨ ਅਤੇ ਅੰਤ ਨੂੰ ਮਾਰ ਮੁਕਾਉਂਦੇ ਹਨ ।

ਕੁੱਝ ਵਿਗਿਆਨੀ ਕਹਿੰਦੇ ਹਨ ਕਿ ਜੀਵਨ ਲਈ ਸਮੁੰਦਰਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸਾਡਾ ਬ੍ਰਹਮੰਡ ਹਰ ਸਾਲ ਗਰਮ ਤੇ ਪ੍ਰਦੂਸ਼ਤ ਹੁੰਦਾ ਜਾ ਰਿਹਾ ਹੈ (Greehouse effect)। 7 ਕੁ ਬਿਲੀਅਨ ਸਾਲ ਬਾਦ ਸਮੁੰਦਰਾਂ ਦਾ ਪਾਣੀ ਵਾਸ਼ਪੀਕਰਨ (Evaporation) ਰਾਹੀਂ ਉੱਡ ਜਾਵੇਗਾ ਅਤੇ ਇਹ ਦਿਸਦੀ ਪਿਸਦੀ ਸ੍ਰਿਸ਼ਟੀ ਖਤਮ ਹੋ ਜਾਵੇਗੀ । ਇਸਲਾਮ ਇਸ ਸਿਧਾਂਤ ਨਾਲ ਸਹਿਮਤ ਹੈ । ਇਸਲਾਮ ਅਨੁਸਾਰ ਇੱਕ ਸਮੇਂ ਸੂਰਜ ਦੀ ਗਰਮੀ ਇਤਨੀ ਵਧ ਜਾਵੇਗੀ ਕਿ ਬੰਦੇ ਦਾ ਖੂਨ ਉੱਬਲਣ ਲੱਗ ਪਵੇਗਾ।

ਇਕ ਹੋਰ ਸਿਧਾਂਤ ਅਨੁਸਾਰ ਸਾਡੀ ਧਰਤੀ ਸੂਰਜ ਤੋਂ ਦੂਰ ਹੁੰਦੀ ਜਾ ਰਹੀ ਹੈ । ਅੰਤ ਇਹ ਇਤਨੀ ਦੂਰ ਹੋ ਜਾਵੇਗੀ ਕਿ ਜੀਵਨ ਲਈ ਲੋੜੀਂਦੀ ਗਰਮੀ ਇਸ ਨੂੰ ਨਹੀਂ ਮਿਲ ਸਕੇਗੀ ਅਤੇ ਸੰਸਾਰ ਖਤਮ ਹੋ ਜਾਵੇਗਾ ।(Sir James Jeans *The mysterious Universe p.24).*

[132] Boltzman ਨੇ ਐਨੋਟਰੌਪੀ ਨੂੰ ਮਿਨਣ ਦਾ ਫਾਰਮੂਲਾ ਦਿੱਤਾ ਹੈ ਜੋ ਇਸ ਪ੍ਰਕਾਰ ਹੈ S=Klogw.



ਆਈਨਸਟਨ (Albert Einsteine) ਕਹਿੰਦਾ ਹੈ ਕਿ ਜਦ ਕਿਸੇ ਅਣੂ (ਐਟਮ) ਵਿੱਚੋਂ ਉਰਜਾ (Energy) ਨਿਕਲਦੀ ਹੈ ਤਾਂ ਉਸ ਦਾ ਭਾਰ ਘਟ ਜਾਂਦਾ ਹੈ । ਸਾਡਾ ਸੂਰਜ ਇੱਕ ਮਿੰਟ ਵਿੱਚ 250 ਮਿਲੀਅਨ ਟਨ ਉਰਜਾ ਲੁਟਾਈ ਜਾ ਰਿਹਾ ਹੈ । ਇਸ ਤਰ੍ਹਾਂ ਸਾਡਾ ਸੂਰਜ 51988000 ਟਨ ਪ੍ਰਤੀ ਮਿੰਟ ਦੇ ਦਰ ਨਾਲ ਪੰਘਰ ਰਿਹਾ ਹੈ । ਸਾਡਾ ਸੂਰਜ ਖਤਮ ਹੋ ਜਾਵੇਗਾ ਤਾਂ ਇਹ ਸੰਸਾਰ ਵੀ ਨਹੀਂ ਰਹੇਗਾ ।

ਪ੍ਰੋਫੈਸਰ ਮਿਲੀਕਾਨ (Millikan) ਅਤੇ ਉਸ ਦੇ ਸਾਥੀ ਸ੍ਰੀ ਕੈਮਰਨ ਦਾ ਖ਼ਿਆਲ ਹੈ ਕਿ ਆਕਾਸ਼ ਵਿੱਚੋਂ ਧਰਤੀ ਉੱਪਰ ਹਰ ਸਮੇਂ ਘਾਤਕ ਕਿਰਣਾਂ (Cosmic Radiations) ਡਿਗਦੀਆਂ ਰਹਿੰਦੀਆਂ ਹਨ ਜੋ ਕਿ ਖ਼ਤਰਨਾਕ ਹਨ ਅਤੇ ਪਦਾਰਥ ਦੇ ਐਟਮਾਂ ਨੂੰ ਨਸ਼ਟ ਕਰਦੀਆਂ ਰਹਿੰਦੀਆਂ ਹਨ । ਇਹ ਧਰਤੀ ਦੀ ਚੁੰਬਕ ਸ਼ਕਤੀ ਨੂੰ ਵੀ ਨਸ਼ਟ ਕਰ ਰਹੀਆਂ ਹਨ । ਸਮਾਂ ਆਵੇਗਾ ਜਦ ਇਨ੍ਹਾਂ ਦੇ ਅਸਰ ਨਾਲ ਸੰਸਾਰ ਖ਼ਤਮ ਹੋ ਜਾਵੇਗਾ ।

ਕੁੱਝ ਸਾਇੰਸਦਾਨ ਕਾਲ਼ੇ ਛੇਕਾਂ (Black Holes) ਦੀ ਗੱਲ ਕਰਦੇ ਹਨ ਜੋ ਸਭ ਕੁੱਝ ਨਿਗਲ ਰਹੇ ਹਨ । ਇਨ੍ਹਾਂ ਵਿੱਚ ਧਰਤੀਆਂ, ਚੰਦ ਤਾਰੇ ਅਤੇ ਆਸਮਾਨੀ ਪਿੰਡ ਸਭ ਖਪਤ ਹੋ ਜਾਂਦੇ ਹਨ । ਉਨ੍ਹਾਂ ਤੋਂ ਤਾਂ ਪ੍ਰਕਾਸ਼ ਵੀ ਨਹੀਂ ਬਚ ਸਕਦਾ । ਖਿਆਲ ਕੀਤਾ ਜਾਂਦਾ ਹੈ ਕਿ ਕਿਸੇ ਵੇਲੇ ਇਹ ਕਾਲ਼ੇ ਛੇਕ ਸਾਰੇ ਸੰਸਾਰ ਨੂੰ ਹੜੱਪ ਕਰ ਜਾਣਗੇ ਤੇ ਇੱਥੇ ਕੁੱਝ ਵੀ ਨਹੀਂ ਬਚੇਗਾ ।

ਰੋਸਟੰਡ ਕਹਿੰਦਾ ਹੈ, "ਮਨੁਖਤਾ ਨੂੰ ਆਪਣੇ ਪਤਨ ਦਾ ਫਿਕਰ ਹੋਣਾ ਚਾਹੀਦਾ ਹੈ, ਇਹ ਕੋਈ ਵਿਕਾਸ ਨਹੀਂ ਕਰ ਰਹੀ"[133]। ਇਹੋ ਗੱਲ Sense Scene Theory ਵਾਲੇ ਕਹਿੰਦੇ ਹਨ ਕਿ ਸਾਡੀ ਬਰਬਾਦੀ ਦੇ ਬੀਜ ਵੀ ਸਾਡੇ ਸਰੀਰ ਦੀ ਬਣਤਰ ਦੇ ਵਿੱਚ ਹੀ ਰਖੇ ਗਏ ਹਨ । ਅਸੀਂ ਪਲ ਪਲ ਮਰ ਰਹੇ ਹਾਂ । ਗੁਰੂ ਜੀ ਨੇ ਇਹੋ ਵਿਚਾਰ ਇਸ ਤਰ੍ਹਾਂ ਦਿਤਾ ਸੀ, "**ਹੁਕਮੁ ਨ ਜਾਈ ਮੇਟਿਆ ਜੋ ਲਿਖਿਆ ਸੋ ਨਾਲਿ"॥ (ਪੰਨਾ 1091)**

ਉਪ੍ਰੋਕਤ ਅਤੇ ਇਸੇ ਤਰ੍ਹਾਂ ਦੀਆਂ ਅਨੇਕਾਂ ਥਿਉਰੀਆਂ ਕਹਿ ਰਹੀਆਂ ਹਨ ਕਿ ਬ੍ਰਹਮੰਡ ਸਥਿਰ ਨਹੀਂ ਹੈ । ਇਸ ਨੇ ਇੱਕ ਮੌਕੇ ਖ਼ਤਮ ਹੋ ਜਾਣਾ ਹੈ । ਸਾਇੰਸਦਾਨਾਂ

[133] It seems that mankind must fear decadence rather than anticipate progress" (The orion book of evolution p.9)

ਨੇ ਭਾਵੇਂ ਆਪਣੇ ਅਨੇਕਾਂ ਜੰਤਰਾਂ ਰਾਹੀਂ ਇਹ ਨਤੀਜੇ ਕੱਢੇ ਹਨ ਪਰ ਸਿੱਖ ਗੁਰੂ ਸਾਹਿਬਾਨ ਨੇ ਇਹੋ ਗੱਲ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕ ਵਾਰ ਕਹੀ ਹੈ । "**ਜੋ ਉਪਜੈ ਸੋ ਸਗਲ ਬਿਨਾਸੈ ਰਹਨੁ ਨ ਕੋਊ ਪਾਵੈ"॥ (ਪੰਨਾ 1231), "ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ"॥** (ਪੰਨਾ 1429), "**ਮਰਣੁ ਲਿਖਾਇ ਆਏ ਨਹੀ ਰਹਣਾ"॥** (ਪੰਨਾ 153)

**"ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖ੍ਹਤ੍ਰ ਗਗਨੰ ॥ ਘਟੰਤ ਬਸੁਧਾ ਗਿਰਿ ਤਰ ਸਿਖੰਡੰ ॥ ਘਟੰਤ ਲਲਨਾ ਸੁਤ ਭ੍ਰਾਤ ਹੀਤੰ ॥ ਘਟੰਤ ਕਨਿਕ ਮਾਨਿਕ ਮਾਇਆ ਸ੍ਵਰੂਪੰ ॥ ਨਹ ਘਟੰਤ ਕੇਵਲ ਗੋਪਾਲ ਅਚੁਤ ॥ ਅਸਥਿਰੰ ਨਾਨਕ ਸਾਧ ਜਨ"** ॥ (ਪੰਨਾ 1354)



# ਅਧਿਆਇ 6

## ਗਤੀ (Motion)

ਭੌਤਕ ਵਿਗਿਆਨ ਅਤੇ ਸਰੀਰ ਵਿਗਿਆਨ ਦੋਵੇਂ ਹੀ ਇਸ ਗੱਲ ਉੱਪਰ ਸਹਿਮਤ ਹਨ ਕਿ ਸਮਾਂ (Time), ਪੁਲਾੜ (Space) ਅਤੇ ਊਰਜਾ (Energy) ਕਾਰਨ ਹੀ ਸਭ ਸਜੀਵ ਅਤੇ ਨਿਰਜੀਵ ਚੀਜ਼ਾਂ ਕਾਇਮ ਹਨ । ਇਸ ਗੱਲ ਨਾਲ ਵੀ ਦੋਵੇਂ ਸਹਿਮਤ ਹਨ ਕਿ ਕੀੜੀ ਤੋਂ ਲੈ ਕੇ ਹਾਥੀ ਤੱਕ ਸਭ ਵਸਤੂਆਂ ਛੋਟੇ ਛੋਟੇ ਅਣੂਆਂ (Atoms) ਤੋਂ ਬਣੀਆਂ ਹਨ ਅਤੇ ਹਰ ਵਸਤੂ ਵਿੱਚ ਕੋਈ ਗੁੱਝੀ ਉਤਪਾਦਕ ਸ਼ਕਤੀ (Invisible Creative Power) ਕੰਮ ਕਰ ਰਹੀ ਹੈ ।

### 6.1 ਪਦਾਰਥ ਦੀ ਅੰਦਰਲੀ ਹਿਲਜੁੱਲ

ਵਿਗਿਆਨੀਆਂ ਨੇ ਇਹ ਗੱਲ ਲੱਭੀ ਹੈ ਕਿ ਹਰ ਸਜੀਵ ਅਤੇ ਨਿਰਜੀਵ ਪਦਾਰਥ ਦੇ ਵਿੱਚ ਅੰਦਰੋ ਅੰਦਰ (ਅਣੂਆਂ ਪ੍ਰਮਾਣੂਆਂ ਦੀ) ਹਿੱਲਜੁੱਲ ਹੋ ਰਹੀ ਹੈ ਜੋ ਸਾਡੀ ਅੱਖ ਨੂੰ ਨਹੀਂ ਦਿਸ ਸਕਦੀ । ਇਸ ਹਿੱਲਜੁੱਲ ਕਾਰਨ ਹਰ ਵਸਤੂ ਵਿੱਚ ਇੱਕ ਊਰਜਾ (Energy) ਪੈਦਾ ਹੁੰਦੀ ਹੈ । ਜੜ੍ਹ ਜਾਂ ਨਿਰਜੀਵ ਪਦਾਰਥ ਇਸ ਊਰਜਾ ਨੂੰ ਨਹੀਂ ਵਰਤ ਸਕਦੇ ਪ੍ਰੰਤੂ ਸਜੀਵ ਪਦਾਰਥ (ਮਨੁੱਖ ਅਤੇ ਪਸ਼ੂ ਆਦਿਕ) ਇਸ ਨੂੰ ਵਰਤ ਸਕਦੇ ਹਨ । ਇਨਸਾਨ ਹਰ ਤਰ੍ਹਾਂ ਦੇ ਦੂਸਰੇ ਜੀਵਾਂ ਨਾਲੋਂ ਇਸ ਨੂੰ ਵੱਧ ਚੰਗੀ ਤਰਾਂ ਵਰਤ ਸਕਦਾ ਹੈ ਅਤੇ ਇਸੇ ਲਈ ਕਾਇਨਾਤ ਦਾ ਸਰਦਾਰ (ਅਸ਼ਰਫੁਲਮਲੁਕਾਤ) ਮੰਨਿਆ ਗਿਆ ਹੈ । "**ਇਸੁ ਧਰਤੀ ਮਹਿ ਤੇਰੀ ਸਿਕਦਾਰੀ**" (ਪੰਨਾ 374)

ਅਣੂ (Atom) ਜਿਸ ਕਾਰਨ ਇਹ ਊਰਜਾ ਪੈਦਾ ਹੁੰਦੀ ਹੈ ਦਾ ਗਿਆਨ ਪਹਿਲੀ ਵਾਰ ਡਾਕਟਰ ਡਾਲਟਨ (Dr. Dalton 1766-1844) ਨੂੰ ਹੋਇਆ ਜਿਸ ਨੇ 1803 ਵਿੱਚ ਅਣੂ ਸਿਧਾਂਤ (Atomic Theory) ਪੇਸ਼ ਕੀਤਾ। ਪਿੱਛੋਂ ਮੈਕਸਵੈਲ (Maxwell) ਨੇ ਹੋਰ ਖੋਜ ਕੀਤੀ ਅਤੇ ਇਸ ਦੀ ਪੁਸ਼ਟੀ ਕਰਦਿਆ ਕਿਹਾ, "ਇਹ ਅਣੂ ਹੀ ਸੰਸਾਰ ਦੀ ਬਣਤਰ ਵਿੱਚ ਪਹਿਲੀ ਇੱਟ ਹੈ ।" 1895 ਵਿੱਚ ਸ੍ਰੀ ਟੌਮਸਨ (Mr. J.J.Thomson) ਨੇ ਖੋਜ ਅੱਗੇ ਵਧਾਈ ਤੇ ਬਿਜਲਾਣੂ (ਅਲੈਕਟ੍ਰੋਨ) ਦੇ ਹੋਣ ਦੀ ਕਲਪਣਾ ਕੀਤੀ । ਜਾਨ ਕੌਕਕ੍ਰੌਫਟ ਅਤੇ ਉਸ ਦੇ ਸਾਥੀ ਵਾਲਟਨ (Cockcroft

and Earnest Walton) ਨੇ ਅਣੂ ਨੂੰ ਤੋੜ ਕੇ ਬਿਜਲਾਣੂ (ਅਲੈਕਟ੍ਰੋਨ) ਦੀ ਹੋਂਦ ਨੂੰ ਸਹੀ ਸਾਬਤ ਕਰ ਦਿੱਤਾ ।[134] ਆਈਨਸਟਨ (1879-1955) ਨੇ ਸਿੱਧ ਕੀਤਾ ਕਿ ਬਿਜਲਾਣੂ (ਅਲੈਕਟਰੋਨ) ਇੱਕ ਧੁਰੇ (ਜਿਸ ਨੂੰ ਨਿਊਕਲੀਅਸ ਕਿਹਾ ਜਾਂਦਾ ਹੈ) ਦੇ ਉਦਾਲੇ ਬੜੀ ਤੇਜ਼ੀ ਨਾਲ ਘੁੰਮਦੇ ਹਨ । ਉਸ ਨੇ ਇਹ ਵੀ ਸਿੱਧ ਕੀਤਾ ਕਿ ਜੇ ਕਰ ਨਿਊਕਲੀਅਸ ਨੂੰ ਤੋੜਿਆ ਜਾਵੇ ਜਾਂ ਬਿਲਾਣੂਆਂ (ਅਲੈਟ੍ਰੋਨਜ਼) ਨੂੰ ਅਲੱਗ ਕੀਤਾ ਜਾਵੇ ਤਾਂ ਕਈ ਮਿਲੀਅਨ ਵੋਲਟ ਊਰਜਾ (ਸ਼ਕਤੀ) ਪੈਦਾ ਹੁੰਦੀ ਹੈ ।[135] ਇਸ ਸਿਧਾਂਤ ਨਾਲ ਹੀ ਯੂਰੇਨੀਅਮ 235 ਦੇ ਅਣੂ ਤੋਂ ਐਟਮ ਬੰਬ ਬਣਾਇਆ ਗਿਆ ਜਿਸ ਨੂੰ ਜਪਾਨ ਦੇ ਹੀਰੋਸ਼ੀਮਾ ਅਤੇ ਨਾਗਾਸਾਕੀ ਸ਼ਹਿਰਾਂ ਨੂੰ ਬਰਬਾਦ ਕਰਨ ਲਈ ਅਮਰੀਕਨਾਂ ਨੇ ਵਰਤਿਆ ।

ਨਿਊਕਲੀਅਸ ਦੇ ਉਦਾਲੇ ਘੁੰਮਦੇ ਅਣੂਆਂ ਦੀ ਖੋਜ ਕੋਈ ਨਵੀਂ ਖੋਜ ਨਹੀਂ ਸੀ । ਇਸ ਦਾ ਜ਼ਿਕਰ ਗੁਰੂ ਜੀ ਨੇ ਗੁਰਬਾਣੀ ਵਿੱਚ ਪੰਜ ਸੌ ਸਾਲ ਪਹਿਲਾਂ ਕਰ ਦਿੱਤਾ ਸੀ। ਆਪ ਲਿਖਦੇ ਹਨ, "**ਪਰਮਾਣੋ**[136] **ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧ੍ਯਤੇ**"॥ (ਪੰਨਾ 1360) {ਜੇ ਕਰ ਕੋਈ ਪ੍ਰਮਾਣੂ ਜਿਨਾਂ ਛੋਟਾ ਹੋ ਜਾਵੇ ਅਤੇ ਬਿਜਲਾਣੂ ਜਿਹੀ ਤੇਜ਼ ਰਫਤਾਰੀ ਨਾਲ ਸਾਰੀ ਸ੍ਰਿਸ਼ਟੀ ਦਾ ਗਮਨ ਵੀ ਕਰ ਲਵੇ ਤਦ ਵੀ ਹੇ ਨਾਨਕ ਸਾਧੂ ਦੀ ਸਿਖਸ਼ਾ ਤੋਂ ਬਿਨਾ ਉਸ ਦਾ ਛੁਟਕਾਰਾ ਨਹੀਂ}

## 6.2 ਪਦਾਰਥ ਦੀ ਬਾਹਰਲੀ ਗਤੀ

ਅਰਸਤੂ ਦੇ ਸਮੇਂ (384-322 ਬੀ ਸੀ) ਸਮਝਿਆ ਜਾਂਦਾ ਸੀ ਕਿ ਧਰਤੀ

[134] ਇਨ੍ਹਾਂ ਨੂੰ ਇਸ ਖੋਜ ਕਾਰਨ 1951 ਵਿੱਚ ਨੋਬਲ ਪ੍ਰਾਈਜ਼ ਨਾਲ ਨਿਵਾਜਿਆ ਗਿਆ ।

[135] ਇਹ ਊਰਜਾ ਉਸ ਸ਼ਕਤੀ ਵਿੱਚੋਂ ਉਪਜਦੀ ਹੈ ਜਿਸ ਨੇ ਬਿਜਲਾਣੂਆਂ ਅਤੇ ਨਿਊਕਲੀਅਸ ਨੂੰ ਬੰਨ੍ਹ ਕੇ ਰੱਖਿਆ ਹੋਇਆ ਹੈ । ਇਹ ਚੁੰਬਕ ਸ਼ਕਤੀ ਵਰਗੀ ਹੈ ਪਰ ਚੁੰਬਕ ਨਹੀਂ । ਇਸ ਨੂੰ ਨਾਪਣ ਲਈ ਹੀ ਆਈਨਸਟਾਈਨ ਨੇ ਇੱਕ ਫਾਰਮੂਲਾ ਬਣਾਇਆ ਸੀ । ਉਹ ਫਾਰਮੂਲਾ ਹੈ $E=Mc^2$ । E=energy.M=mass and C= velocity of light.

[136] ਅਣੂ=Molecule, ਪ੍ਰਮਾਣੂ = Atom ਬਿਜਲਾਣੂ (Electron). ਦੋ ਜਾਂ ਦੋ ਤੋਂ ਵੱਧ ਐਟਮ ਮਿਲ ਕੇ ਇਕ ਅਣੂ (Molecule) ਬਣਦਾ ਹੈ । ਪਾਣੀ ਦੇ ਅਣੂ ਵਿੱਚ ਦੋ ਐਟਮ ਹਾਈਡ੍ਰੋਜਨ ਗੈਸ ਅਤੇ ਇੱਕ ਐਟਮ ਔਕਸੀਜਨ ਗੈਸ ਹੁੰਦੀ ਹੈ । ਕਿਸੇ ਮੌਕੇ ਸਮਝਿਆ ਜਾਂਦਾ ਸੀ ਕਿ ਐਟਮ ਨੂੰ ਤੋੜਿਆ ਨਹੀਂ ਜਾ ਸਕਦਾ । ਜੇ ਐਟਮ ਨੂੰ ਇੱਕ ਫੁਟਬਾਲ ਮੰਨ ਲਿਆ ਜਾਵੇ ਤਾਂ ਵੀ ਇਸ ਦਾ ਨਿਊਕਲੀਅਸ ਨਜ਼ਰ ਨਹੀਂ ਆਵੇਗਾ ਅਤੇ ਸਾਇੰਸਦਾਨ ਦੱਸਦੇ ਹਨ ਕਿ ਇਸ ਹਾਲਤ ਵਿੱਚ ਬਿਜਲਾਣੂ ਨਿਊਕਲੀਅਸ ਦੇ ਆਲੇ ਦੁਆਲੇ ਕਰੀਬਨ ਅੱਧ ਮੀਲ ਦੀ ਵਿੱਥ ਉੱਪਰ ਘੁੰਮਣਗੇ । ਹੁਣ ਸਾਇੰਸਦਾਨ ਇਹ ਵੀ ਆਖਣ ਲੱਗ ਗਏ ਹਨ ਕਿ ਐਟਮ ਦੇ ਵਿੱਚ ਕੁੱਝ ਵੀ ਨਹੀਂ ਐਵੇਂ ਧੁੰਦ ਜਿਹੀ (De Broglie Waves) ਹੀ ਹੈ ਜਿਸ ਵਿੱਚ ਬੇਸ਼ੁਮਾਰ ਊਰਜਾ (Energy) ਹੈ । ਇਸੇ ਧੁੰਦ ਤੋਂ ਸੰਸਾਰ ਬਣਿਆਂ ਜਿਸ ਬਾਰੇ ਗੁਰੂ ਜੀ ਲਿਖਦੇ ਹਨ "ਅਰਬਦ ਨਰਬਦ ਧੁੰਧੂਕਾਰਾ"। ਜਰਮਨ ਵਿਦਵਾਨ ਹੈਸਨਬਰਗ (Werner Heisenberg) ਇਸ ਨੂੰ ਅਨਿਸ਼ਚਿਤ ਤੱਤ (Uncertainty Principle) ਕਹਿੰਦੇ ਹਨ।



ਖੜ੍ਹੀ ਹੈ ਅਤੇ ਚੰਦ, ਸੂਰਜ, ਤਾਰੇ ਆਦਿਕ ਇਸ ਦੇ ਉਦਾਲੇ ਘੁੰਮ ਰਹੇ ਹਨ । ਪੋਲੈਂਡ ਨਿਵਾਸੀ ਕੌਪਰਨੀਕਸ (1473-1543 AD) ਨੇ ਜੋ ਕਿ ਗੁਰੂ ਨਾਨਕ ਦੇਵ ਜੀ ਦਾ ਸਮਕਾਲੀ ਸੀ 1543 ਵਿੱਚ ਇਸ ਵਿਚਾਰ ਨੂੰ ਗ਼ਲਤ ਦੱਸਿਆ । ਉਨ੍ਹਾਂ ਦਿਨਾਂ ਵਿੱਚ ਪੱਛਮੀ ਚਰਚ ਅਜਿਹੇ ਬੰਦਿਆਂ ਨੂੰ ਜਾਨੋਂ ਹੀ ਮਾਰ ਦਿੰਦਾ ਸੀ ਜਿਨ੍ਹਾਂ ਦੇ ਵਿਚਾਰ ਈਸਾਈ ਬਾਈਬਲ ਅਨੁਸਾਰ ਨਹੀਂ ਸਨ ਹੁੰਦੇ । ਇਸੇ ਅਪਰਾਧ ਵਿੱਚ ਬਰੂਨੋ (Giordano Bruno) ਨੂੰ ਸਾੜ ਕੇ ਮਾਰਿਆ ਗਿਆ ਕਿਉਂਕਿ ਉਸ ਨੇ ਕਹਿ ਦਿੱਤਾ ਸੀ, "ਸਾਡੀ ਧਰਤੀ ਵਰਗੀਆਂ ਅਨੇਕਾਂ ਹੋਰ ਧਰਤੀਆਂ ਹਨ । ਇਹ ਧਰਤੀ ਤਾਂ ਐਵੇਂ ਇੱਕ ਛੋਟਾ ਜਿਹਾ ਤਾਰਾ ਹੀ ਹੈ ਇਸ ਵਰਗੇ ਅਤੇ ਇਸ ਤੋਂ ਕਿਤੇ ਵੱਡੇ ਹੋਰ ਅਨੇਕਾਂ ਤਾਰੇ, ਗ੍ਰਹਿ ਅਤੇ ਧਰਤੀਆਂ ਆਦਿਕ ਹਨ"। ਗੈਲੀਲੀਓ (1564-1642) ਨੇ ਵੀ ਇਨ੍ਹਾਂ ਹੀ ਵਿਚਾਰਾਂ ਦੀ ਪੁਸ਼ਟੀ ਕੀਤੀ ਅਤੇ ਕੱਟੜ ਈਸਾਈਆਂ ਤੋਂ ਅਨੇਕਾਂ ਤਸੀਹੇ ਸਹਾਰੇ ।[137] ਇਹ ਵਿਚਾਰ ਇੰਨ ਬਿੰਨ ਓਹੀ ਸਨ ਜੋ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਵਿੱਚ ਪਰਗਟ ਕਰ ਦਿੱਤੇ ਸਨ । "**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ**"॥ (ਪੰਨਾ 7) ਜੇ ਗੁਰੂ ਨਾਨਕ ਸਾਹਿਬ ਵੀ ਪੱਛਮ ਵਿੱਚ ਹੁੰਦੇ ਤਾਂ ਉਨ੍ਹਾਂ ਨਾਲ ਵੀ ਓਹੀ ਸਲੂਕ ਹੋਣਾ ਸੀ ਜੋ ਇਨ੍ਹਾਂ ਵਿਦਵਾਨਾਂ ਨਾਲ ਹੋਇਆ । ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਵਿਦਵਾਨਾਂ ਤੋਂ ਅੱਗੇ ਜਾ ਕੇ ਇਹ ਵੀ ਕਿਹਾ ਕਿ ਨਿਰਾ ਧਰਤੀਆਂ ਹੀ ਬੇਅੰਤ ਨਹੀਂ ਸਗੋਂ ਉਹ ਸਭ ਘੁੰਮ ਵੀ ਰਹੀਆਂ ਹਨ । "**ਭੈ ਵਿਚਿ ਸੂਰਜੁ ਭੈ ਵਿਚਿ ਚੰਦ ਕੋਹ ਕਰੋੜੀ ਚਲਤ ਨ ਅੰਤੁ**"॥(ਪੰਨਾ 464)[138] ਗੁਰੂ ਨਾਨਕ ਸਾਹਿਬ ਤੋਂ ਅਨੇਕਾਂ ਸਾਲ ਬਾਅਦ ਪੀਟਰ ਜੇਕਸ (Peter Jakes) ਅਤੇ ਉਸ ਦੇ ਸਾਥੀ ਕਲੈਜ਼ਕ (Josip Kleczeck) ਨੇ ਸਿੱਧ ਕੀਤਾ ਹੈ ਕਿ "ਬ੍ਰਹਮੰਡ ਵਿੱਚ ਕੋਈ ਚੀਜ਼ ਵੀ ਅਚੱਲ ਜਾਂ ਸਥਿਰ ਨਹੀਂ"।[139] ਸਭ ਵਸਤਾਂ ਘੁੰਮ ਰਹੀਆਂ ਹਨ । ਇਹੋ

[137] "Man's home in space is only one of a number of small bodies revolving round a huge central sun"Wrote Galileo. ਗੈਲੀਲੀਓ ਨੂੰ ਪੰਜ ਸਾਲ ਕੈਦ ਰੱਖਿਆ ਗਿਆ ਅਤੇ ਉਹ ਡਰਦਾ ਮਾਰਾ ਆਪਣੀ ਕਿਤਾਬ (Dialogues) ਵੀ ਨਾ ਛਪਵਾ ਸਕਿਆ । ਅੰਤ ਅੰਨ੍ਹਾ ਹੋ ਕੇ ਤਸੀਹੇ ਸਹਿੰਦਾ ਹੀ ਮਰਿਆ । 1921 ਵਿੱਚ ਈਸਾਈ ਚਰਚ ਨੇ ਆਪਣੀ ਗ਼ਲਤੀ ਦੀ ਮੁਆਫੀ ਮੰਗੀ ਅਤੇ ਹੁਣ ਗੈਲੀਲੀਓ ਨੂੰ ਸਾਇੰਸ ਦਾ ਪਿਤਾਮਾ ਮੰਨਿਆ ਜਾਂਦਾ ਹੈ । ਇਹ ਸੰਭਵ ਨਹੀਂ ਹੈ ਕਿ ਇਹ ਵਿਦਵਾਨ ਗੁਰੂ ਨਾਨਕ ਸਾਹਿਬ ਨੂੰ ਮਿਲਿਆ ਹੋਵੇ । ਬ੍ਰਹਮੰਡ ਵਿੱਚ ਅਨੇਕਾਂ ਧਰਤੀਆਂ ਆਦਿਕ ਬਾਰੇ ਵਿੱਚਾਰ ਭਾਵੇਂ ਸਇੰਸਦਾਨਾਂ ਨੇ ਮੰਨ ਲਏ ਹਨ ਪਰ ਬਰੂਨੋ ਦੀਆਂ ਕਿਤਾਬਾਂ ਪੜ੍ਹਣ ਤੇ ਅਜੇ ਵੀ ਪਾਬੰਦੀ ਹੈ ।

[138] ਸ਼ਾਇਦ ਕੋਈ ਕਹੇ ਕਿ ਸੂਰਜ ਤਾਂ ਘੁੰਮਦਾ ਨਹੀਂ ਸੋ ਬਾਬਾ ਜੀ ਨੇ ਇਹ ਗਲ ਗ਼ਲਤ ਲਿਖੀ ਹੈ । ਧਿਆਨ ਰਹੇ ਕਿ ਸੂਰਜ ਸਾਡੀ ਗਲੈਕਸੀ ਵਿੱਚ ਸਥਿਰ ਹੈ ਪਰ ਹੋਰਨਾਂ ਗਲੈਕਸੀਆਂ ਦੇ ਮੁਕਾਬਲੇ 17,280,000 ਕਿਲੋ ਮੀਟਰ ਪ੍ਰਤੀ ਦਿਨ ਦੀ ਰਫਤਾਰ ਨਾਲ ਉੱਡਿਆ ਜਾ ਰਿਹਾ ਹੈ ।

[139] Nothing is static in the universe, stars, planets, meteors, satellites, all move at speeds varying from a few kilometres per second to a hundred kilometres per second." (The Universe and planet earth p.70)

ਗੱਲ ਗੁਰੂ ਜੀ ਨੇ ਗੁਰਬਾਣੀ ਵਿੱਚ ਕਈ ਥਾਈਂ ਕਹੀ ਹੋਈ ਹੈ ਜਿਵੇਂ "**ਦਿਨ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ"॥** (ਪੰਨਾ 64)[140]

ਬ੍ਰਹਮੰਡ ਵਿੱਚ ਘੁੰਮ ਰਹੇ ਪਿੰਡਾਂ ਬਾਰੇ ਸਾਇੰਸਦਾਨ "Whirlpool" (ਘੁੰਮਣਘੇਰ) ਸ਼ਬਦ ਵਰਤਦੇ ਹਨ ।[141] ਹੈਰਾਨੀ ਹੁੰਦੀ ਹੈ ਇਕ ਇੰਨ ਬਿੰਨ ਇਹੋ ਸ਼ਬਦ ਇਨ੍ਹਾਂ ਵਿਦਵਾਨਾਂ ਤੋਂ ਸੈਂਕੜੇ ਸਾਲ ਪਹਿਲਾਂ ਗੁਰੂ ਜੀ ਨੇ ਵੀ ਵਰਤਿਆ ਸੀ । ਆਪ ਲਿਖਦੇ ਹਨ, "**ਘੂਮਨਘੇਰ ਅਗਾਹ ਗਾਖਰੀ**"॥ ਤਥਾ "**ਘੁਮਨ ਘੇਰਿ ਮਹਾਂ ਅਤਿ ਬਿਖੜੀ"॥** (ਪੰਨਾ 916)

ਇੱਕ ਗੱਲ ਜੋ ਸਾਇੰਸਦਾਨਾਂ ਨੂੰ ਪਤਾ ਨਹੀਂ ਸੀ ਉਹ ਇਹ ਸੀ ਕਿ ਜਿਸ ਤਰ੍ਹਾਂ ਆਸਮਾਨਾਂ ਵਿੱਚ ਆਕਾਸ਼ੀ ਪਿੰਡ ਘੁੰਮ ਰਹੇ ਹਨ ਐਨ ਇਸੇ ਤਰ੍ਹਾਂ ਹਰ ਵਸਤੂ ਵਿੱਚ ਵੀ ਅੰਦਰਲੀ ਘੁੰਮਣਘੇਰੀ ਹਮੇਸ਼ਾ ਚਲਦੀ ਰਹਿੰਦੀ ਹੈ । ਅਜੋਕੇ ਸਾਇੰਸਦਾਨਾਂ ਨੇ ਐਟਮ ਦੇ ਅੰਦਰ ਇਹ ਗਤੀ ਅਤੇ ਹਿਲਜੁਲ ਲੱਭ ਲਈ ਹੈ । ਉਹ ਦੱਸਦੇ ਹਨ ਕਿ ਐਟਮ ਦੇ ਵਿੱਚਾਲੇ ਨਿਊਕਲੀਅਸ ਹੈ ਜਿਸ ਦੇ ਦੁਆਲੇ ਤੇਜ਼ੀ ਨਾਲ ਬਿਜਲਾਣੂ ਘੁੰਮ (ਨੱਚ) ਰਹੇ ਹਨ । ਇਹੋ ਵਿਚਾਰ ਗੁਰੂ ਜੀ ਨੇ ਆਪਣੇ ਸ਼ਬਦਾਂ ਵਿੱਚ ਇਸ ਪ੍ਰਕਾਰ ਪਰਗਟ ਕੀਤਾ ਸੀ, "**ਖੰਡ ਬ੍ਰਹਮੰਡ ਤ੍ਰੈ ਗੁਣ ਨਾਚੇ ਜਿਨ ਲਾਗੀ ਹਰਿ ਲਿਵ ਤੁਮਾਰੀ ॥ ਜੀਅ ਜੰਤ ਸਭੇ ਹੀ ਨਾਚੇ ਨਾਚਹਿ ਖਾਣੀ ਚਾਰੀ**"॥ (ਪੰਨਾ 506) ਇਹੋ ਗੱਲ ਅੱਜ ਦਾ ਸਾਇੰਸਦਾਨ ਆਈਨਸਟਾਈਨ ਕਹਿੰਦਾ ਹੈ ਅਤੇ ਗੁਰੂ ਜੀ ਵਾਂਗ ਉਹ ਵੀ ਸ਼ਬਦ "ਨਾਚ" ਹੀ ਵਰਤਦਾ ਹੈ । We all **dance** to a mysterious tune intoned in the distance by an invisible piper"[142]

ਵਿਲ ਡੂਰਾਂਟ ਨੇ (The Story of philosophy p.17 ਵਿੱਚ) ਪੁੱਛਿਆ ਹੈ ਕਿ ਇਹ ਅੰਦਰਲੀ ਬਾਹਰਲੀ ਗਤੀ ਕਿਵੇਂ ਆਰੰਭ ਹੋਈ ਅਤੇ ਕਿਸ ਨੇ ਆਰੰਭ

[140] "By going farther into space we not only find no standard of absolute rest, but encounter greater and greater speeds of motion"(Sir James Jeans *The Mysterious Universe p.113)* "ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥ ਲਾਟੂ ਮਾਧਾਣੀਆ ਅਨਗਾਹ॥ ਪੰਖੀ ਭਉਦੀਆ ਲੈਨਿ ਨ ਸਾਹ॥ ਸੂਐ ਚਾੜਿ ਭਵਾਈਅਹਿ ਜੰਤ॥ ਨਾਨਕ ਭਉਦਿਆ ਗਣਤ ਨ ਅੰਤ"॥ (ਪੰਨਾ 465) ਇੱਥੇ ਗੁਰੂ ਜੀ ਨੇ ਵੱਖੋ ਵੱਖਰੀ ਕਿਸਮ ਦੀਆਂ ਘੁਮੇਟਣੀਆਂ ਦਾ ਜ਼ਿਕਰ ਕੀਤਾ ਹੈ ਜੋ ਬ੍ਰਹਮੰਡ ਵਿੱਚ ਚੱਲ ਰਹੀਆਂ ਹਨ ਅਤੇ ਇੱਕ ਦੂਜੇ ਤੋਂ ਭਿੰਨ ਹਨ।

[141] "Whirpool is awesome and unfathomable" (John Jeans)

[142] "Everything is determined by forces over which we have no control. It is determined for the insect as well as for the stars and human beings, vegetables or cosmic dust-We all **dance** to a mysterious tune intoned in the distance by an invisible piper"(Albert Einstein in *Saturday Evening Post dated October 26,1929)*



ਕੀਤੀ । ਸਾਇੰਸਦਾਨ ਇਸ ਪ੍ਰਸ਼ਨ ਦਾ ਉੱਤਰ ਦੇਣ ਤੋਂ ਅਸਮਰਥ ਹਨ ਪਰ ਆਈਨਸਟਾਈਨ ਕਹਿੰਦਾ ਹੈ ਇਹ ਗਤੀ "ਅਦ੍ਰਿਸ਼ਟ ਬੰਸੀਵਾਲੇ" (Invisible Piper) ਨੇ ਆਰੰਭ ਕੀਤੀ । ਗੁਰੂ ਜੀ ਨੇ ਵੀ ਕੁੱਝ ਅਜਿਹੇ ਹੀ ਸ਼ਬਦਾਂ ਵਿੱਚ ਆਈਨਸਟਾਈਨ ਤੋਂ ਕਿਤੇ ਪਹਿਲਾਂ ਇਸ ਦਾ ਇਹੋ ਉੱਤਰ ਦਿੱਤਾ ਸੀ । "**ਤੂ ਆਪੇ ਕਰਤਾ ਕਾਰਣ ਕਰਣਾ॥ ਸ੍ਰਿਸਟਿ ਉਪਾਇ ਧਰੀ ਸਭ ਧਰਣਾ"॥ (ਪੰਨਾ 1076) ਸਿਵ ਸਕਤਿ ਆਪਿ ਉਪਾਇ ਕੈ ਕਰਤਾ ਆਪੇ ਹੁਕਮੁ ਵਰਤਾਏ**"॥ (ਪੰਨਾ 920)

ਅਧੁਨਿਕ ਵਿਗਿਆਨੀ ਸੰਸਾਰ ਨੂੰ ਚੇਤਨ ਊਰਜਾ (ਤੇਜ) ਦਾ ਇੱਕ ਸਮੁੰਦਰ (Ocean of conscious energy) ਜਾਂ ਸਾਗਰ ਆਖਦੇ ਹਨ ।[143] ਸਿੱਖ ਗੁਰੂ ਸਾਹਿਬਾਨ ਵੀ ਇਹੋ ਵਿੱਚਾਰ ਪਰਗਟ ਕਰਦੇ ਰਹੇ ਹਨ ।"**ਹਰਿ ਸਰੁ ਸਾਗਰੁ ਹਰਿ ਹੈ ਆਪੇ ਇਹੁ ਜਗੁ ਹੈ ਸਭ ਖੇਲ ਖੇਲਈਆ"॥** (ਪੰਨਾ 835) ਸਿੱਖ ਧਰਮ ਅਨੁਸਾਰ ਊਰਜਾ ਸ਼ਕਲ ਬਦਲਦੀ ਹੈ ਅਤੇ ਇੱਕ ਤੋਂ ਦੂਸਰੀ ਚੀਜ਼ ਬਣ ਜਾਂਦੀ ਹੈ । ਇਸ ਦਾ ਪਰਗਟ ਰੂਪ ਪ੍ਰਕਾਸ਼ (ਜੋਤ-ਤੇਜ) ਹੈ । ਬ੍ਰਹਮੰਡ ਇਸ ਜੋਤੀ (Conscious Energy) ਦਾ ਹੀ ਘੁੰਮ ਰਿਹਾ ਸਮੁੰਦਰ ਹੈ । ਗੁਰੂ ਜੀ ਕਹਿੰਦੇ ਹਨ, "**ਜੋਤੀ ਅੰਤਰਿ ਧਰਿਆ ਪਸਾਰੁ"॥ (ਪੰਨਾ 972) ਤਥਾ "ਜੋਤੀ ਅੰਤਰਿ ਬ੍ਰਹਮੁ ਅਨੂਪੁ"॥** (ਪੰਨਾ 972) ਸਾਇੰਸਦਾਨਾਂ ਅਨੁਸਾਰ ਇਹ ਊਰਜਾ (ਜੋਤੀ) ਲਹਿਰਾਂ (ਤ੍ਰੰਗਾਂ) ਵਿੱਚ ਵਿੱਚਰਦੀ ਹੈ।[144] ਸਤਿਗੁਰੂ ਜੀ ਨੇ ਵੀ ਇਨ੍ਹਾਂ ਸਾਇੰਸਦਾਨਾਂ ਦੀਆਂ ਖੋਜਾਂ ਤੋਂ ਸੈਂਕੜੇ ਸਾਲ ਪਹਿਲਾਂ ਇਹੋ ਕਿਹਾ ਸੀ ਅਤੇ ਸ਼ਬਦ ਵੀ ਤ੍ਰੰਗਾਂ ਹੀ ਵਰਤਿਆ ਸੀ ।"**ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ" ॥** (ਪੰਨਾ 275) ਗੁਰੂ ਜੀ ਨੇ ਇੱਕ ਵਾਰ ਨਹੀਂ ਇਹੋ ਗੱਲ ਅਨੇਕਾਂ ਵਾਰੀ ਹੀ ਕਹੀ ਹੈ।"**ਜਿਉ ਜਲ ਤ੍ਰੰਗ ਜਲੁ ਜਲਹਿ ਸਮਾਵਹਿ ਨਾਨਕ ਆਪੇ ਆਪਿ ਰਮਈਆ" ॥ (ਪੰਨਾ 835) ਤਥਾ "ਘਟਿ ਘਟਿ ਪੂਰਨੁ ਕਰਿ ਬਿਸਥੀਰਨੁ ਜਲ ਤਰੰਗ ਜਿਉ ਰਚਨੁ ਕੀਆ" ॥** (ਪੰਨਾ 1236)

[143] "The Universe is nothing but an ocean of conscious energy in motion"(Sir Arthur Eddington.*The nature of physical world)*

[144] "The tendency of modern physics is to resolve the whole universe into waves and nothing but waves. These waves are of two kinds; the bottled up waves, which we call matter, and the unbottled waves, which we call radiation or light……….It no longer seems surprising that the fundamental particles of which matter is built should exhibit many of the properties of waves."(Sir James Jeans*The Mysterious Universe P.99)*

## 6.3 ਸੂਖਸ਼ਮ ਸੰਸਾਰ ਵਿੱਚ ਤ੍ਰਿਭਵਨ

ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਥਾਈਂ ਜ਼ਿਕਰ ਕੀਤਾ ਹੈ ਕਿ ਜਿਸ ਤਰ੍ਹਾਂ ਆਕਾਸ਼ ਵਿੱਚ ਆਕਾਸ਼ੀ ਪਿੰਡ ਇੱਕ ਦੂਜੇ ਦੇ ਉਦਾਲੇ ਘੁੰਮ ਰਹੇ ਹਨ ਇਸੇ ਤਰ੍ਹਾਂ ਹੀ ਹਰ ਪਦਾਰਥ ਅਤੇ ਜੀਵ ਵਿੱਚ ਅੰਦਰ ਹੀ ਅੰਦਰ ਇਹੋ ਵਰਤਾਰਾ ਵਰਤ ਰਿਹਾ ਹੈ । "**ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ**" ॥ (ਪੰਨਾ 695) "**ਜੋ ਬ੍ਰਹਮੰਡਿ ਖੰਡਿ ਸੋ ਜਾਣਹੁ ਗੁਰਮੁਖਿ ਬੂਝਹੁ ਸਬਦਿ ਪਛਾਣਹੁ" ॥** (ਪੰਨਾ 1041) ਸਰੀਰ ਅੰਦਰ ਵੀ ਖੰਡਾਂ ਮੰਡਲਾਂ ਪਾਤਾਲਾਂ ਵਾਂਗ ਹੀ ਸਭ ਕੁੱਝ ਹੈ ਕੇਵਲ ਖੋਜੀ ਨੂੰ ਹੀ ਇਨ੍ਹਾਂ ਦਾ ਗਿਆਨ ਹੁੰਦਾ ਹੈ । **"ਕਾਇਆ ਅੰਦਰਿ ਸਭੁ ਕਿਛੁ ਵਸੈ ਖੰਡ ਮੰਡਲ ਪਾਤਾਲਾ"** ॥ (ਪੰਨਾ 754) ਹੁਣ ਸਾਇੰਸਦਾਨ ਵੀ ਇਹੋ ਗੱਲ ਕਹਿਣ ਲੱਗ ਪਏ ਹਨ ਕਿ "ਪਦਾਰਥ ਦੇ ਅੰਦਰ ਵੀ ਸੂਰਜ ਮੰਡਲ ਵਾਂਗ ਹੀ ਹੌਲੇ ਪਦਾਰਥ ਉਸੇ ਤਰ੍ਹਾਂ ਘੁੰਮ ਰਹੇ ਹਨ ਜਿਵੇਂ ਸੂਰਜ ਦੇ ਉਦਾਲੇ ਹੋਰ ਧਰਤੀਆਂ ਅਤੇ ਆਕਾਸ਼ੀ ਪਿੰਡ ਘੁੰਮ ਰਹੇ ਹਨ"। [145] ਇਹ ਗੱਲ ਸਾਇੰਸਦਾਨਾਂ ਨੂੰ ਐਟਮ ਤੋੜਣ ਤੋਂ ਪਿਛੋਂ ਲੱਭੀ ਪਰ ਗੁਰੂ ਜੀ ਪਹਿਲਾਂ ਹੀ ਇਹੋ ਜਿਹੇ ਇਸ਼ਾਰੇ ਕਰ ਗਏ ਸਨ। "**ਸੋ ਬ੍ਰਹਮੰਡਿ ਪਿੰਡਿ ਸੋ ਜਾਨੁ**" ॥ (ਪੰਨਾ 1162), **ਜੋ ਬਾਹਰਿ ਸੋ ਭੀਤਰਿ ਜਾਨਿਆ" ॥** (ਪੰਨਾ 342) ਗੁਰੂ ਜੀ ਕਹਿੰਦੇ ਹਨ ਇਹ ਇਸ ਤਰ੍ਹਾਂ ਹੈ ਜਿਵੇਂ ਸਮੁੰਦਰ ਵਿੱਚ ਬੂੰਦ । ਬੂੰਦ ਤੋਂ ਬਿਨਾਂ ਸਮੁੰਦਰ ਨਹੀਂ ਅਤੇ ਸਮੁੰਦਰ ਤੋਂ ਬਿਨਾਂ ਬੂੰਦ (ਪਾਣੀ ) ਨਹੀਂ । **ਪਿੰਡ ਬ੍ਰਹਮੰਡ ਬ੍ਰਹਮੰਡ ਪਿੰਡ ਓਤਪੋਤਿ**"(ਭਾਈ ਗੁਰਦਾਸ) "**ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰ, ਕਵਣੁ ਬੁਝੈ ਬਿਧਿ ਜਾਣੈ"॥** (ਪੰਨਾ 878) ਹੈਰਾਨੀ ਹੈ ਕਿ ਇਹੋ ਮਿਸਾਲ ਹੀ ਸਾਇੰਸਦਾਨ ਦੇ ਰਹੇ ਹਨ । ਸਵੀਡਨਬਰਗ (1688-1772) ਲਿਖਦਾ ਹੈ, "ਪਾਣੀ ਦਾ ਇਕ ਕਤਰਾ ਆਪਣੇ ਵਿੱਚ ਪੂਰੇ ਸਮੁੰਦਰ ਨੂੰ ਸਮੋਈ ਬੈਠਾ ਹੈ"।[146] ਸਵੀਡਨਬਰਗ ਅੱਗੇ ਲਿਖਦਾ ਹੈ, "ਕੁਦਰਤ ਛੋਟੀ ਤੋਂ ਛੋਟੀ ਚੀਜ਼ ਵਿੱਚ ਵੀ ਨਿਰੰਤਰ ਵਰਤ ਰਹੀ ਹੈ । ਅਸੀਂ ਚਲਦੇ ਫਿਰਦੇ ਬ੍ਰਹਮੰਡ ਹਾਂ"[147] । ਭਾਈ ਸਾਹਬ ਭਾਈ ਗੁਰਦਾਸ ਜੀ ਗੁਰੂ ਜੀ ਦੇ ਵਿਚਾਰਾਂ ਨੂੰ ਹੋਰ ਸਪਸ਼ਟ ਕਰਦੇ ਹੋਏ ਬਿਲਕੁਲ ਇਹੋ ਸਾਇੰਸਦਾਨਾਂ ਵਾਲੇ ਸ਼ਬਦ ਲਿਖ ਗਏ ਹਨ । ਆਪ

[145] "The arrangement within the atom is similar to that of the solar system, where lighter planets orbit the heavy sun".(*The Universe and the planent earth p.13 by* Josip Kleczek & Peter jakes)

[146] "A drop of water contains the form and substance of the whole ocean"(Swedenberg)

[147] "Nature exists in leasts. We live here and walk here as little universes and carry heaven and the world, consequently the kingdom of God is ourselves"(Swedenberg)



ਲਿਖਦੇ ਹਨ, "**ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕ੍ਰੋੜਿ ਪਸਾਰਾ" ॥** (ਵਾਰ 1.4-5) ਸਤਿਗੁਰੂ ਜੀ ਦੀ ਦ੍ਰਿਸ਼ਟੀ ਦੇ ਵਾਰੇ ਵਾਰੇ ਜਾਈਏ ਜੋ ਵਾਹਿਗੁਰੂ ਨਾਲ ਵੀ ਜੋੜਦੇ ਰਹੇ ਅਤੇ ਭੌਤਕ ਸੰਸਾਰ ਦਾ ਗਿਆਨ ਵੀ ਨਾਲੋ ਨਾਲ ਦਿੰਦੇ ਰਹੇ। **"ਐਸੇ ਗੁਰ ਕਉ ਬਲਿ ਬਲਿ ਜਾਈਐ ਆਪਿ ਮੁਕਤੁ ਮੋਹਿ ਤਾਰੈ"**॥ (ਪੰਨਾ 1301)

## 6.4 ਬ੍ਰਹਮੰਡ ਦਾ ਵਿਸਤਾਰ ਅਤੇ ਸੁਕੜਨ

ਰੂਸੀ ਵਿਗਿਆਨੀ ਫਰੀਡਮੈਨ (Friedman) ਨੇ ਸਿਧਾਂਤ ਪੇਸ਼ ਕੀਤਾ ਕਿ ਸਾਡਾ ਬ੍ਰਹਮੰਡ ਫੈਲ ਰਿਹਾ ਹੈ ਅਤੇ ਇਸ ਦਾ ਘਣਫਲ (Density) ਦਿਨੋ ਦਿਨ ਸੁੰਗੜ ਰਿਹਾ ਹੈ । ਆਕਾਸ਼ੀ ਪਿੰਡ ਇੱਕ ਦੂਜੇ ਤੋਂ ਦੂਰ ਹੁੰਦੇ ਜਾ ਰਹੇ ਹਨ । ਉਸ ਤੋਂ ਬਾਅਦ ਲੇ ਸਿੱਟਰ (Le Sitter) ਨੇ ਵੀ ਇਸ ਸਿਧਾਂਤ ਦੀ ਪੁਸ਼ਟੀ ਕਰ ਦਿੱਤੀ। ਮਹਾਂ ਵਿਗਿਆਨੀ ਹੱਬਲ (Edwin Hubble) ਨੇ ਡੌਪਲਰ ਈਫੈਕਟ ਦਾ ਸਿਧਾਂਤ[148] ਪੇਸ਼ ਕੀਤਾ ਜਿਸ ਨੇ ਉਪ੍ਰੋਕਤ ਵਿਚਾਰ ਨੂੰ ਪੂਰੀ ਤਰ੍ਹਾਂ ਸਿੱਧ ਕਰ ਦਿੱਤਾ । ਜਿਸ ਚਮਤਕਾਰੀ ਗੁਰੁਤਾ (Gravity) ਵਿਰੋਧੀ ਸ਼ਕਤੀ ਨਾਲ ਬ੍ਰਹਮੰਡ ਦੇ ਆਕਾਸ਼ੀ ਪਿੰਡ ਇੱਕ ਦੂਜੇ ਤੋਂ ਪਰੇ ਦੌੜੇ ਜਾ ਰਹੇ ਹਨ ਉਸ ਨੂੰ ਕੈਲੇਫੋਰਨੀਆਂ ਦੀ ਯੂਨੀਵਰਸਿਟੀ ਦੇ ਪ੍ਰੋਫੈਸਰ ਬਰਾਇਨ ਸ਼ਮਿਟ ( Brian Shmidt) ਅਤੇ ਏਡ੍ਰੀਅਨ ਲੀ (Adrian Lee) ਨੇ "ਗੁਪਤ ਸ਼ਕਤੀ" (Dark Energy) ਕਿਹਾ ਹੈ । ਉਨ੍ਹਾਂ ਦੇ ਖਿਆਲ ਅਨੁਸਾਰ ਇਹ 'ਗੁਪਤ ਸ਼ਕਤੀ' ਬ੍ਰਹਮੰਡ ਦੀ ਸਾਰੀ ਸ਼ਕਤੀ ਦਾ 2/3 ਹਿੱਸਾ ਹੈ ਅਤੇ ਇਹ ਹਰ ਥਾਂ ਮੌਜੂਦ ਹੈ । ਅਜਿਹੀ ਸ਼ਕਤੀ ਦਾ ਜ਼ਿਕਰ ਸਤਿਗੁਰਾਂ ਨੇ ਵੀ ਕੀਤਾ ਸੀ ਜੋ ਫੈਲਾਉ ਵੀ ਪੈਦਾ ਕਰਦੀ ਹੈ ਅਤੇ ਸੁਕੜਨ ਦਾ ਵੀ ਕਾਰਨ ਬਣ ਜਾਂਦੀ ਹੈ ।"**ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ**" ॥ (ਪੰਨਾ 294) ਇਹੋ ਗੱਲ ਦਸਮ ਗ੍ਰੰਥ ਵਿੱਚ ਇਸ ਤਰ੍ਹਾਂ ਲਿਖੀ ਮਿਲਦੀ ਹੈ "**ਜਬ ਉਦਕਰਖ** (ਵਿਸਤਾਰ) **ਕਰਾ ਕਰਤਾਰਾ, ਪਰਜਾ ਧਰਤ ਤਬ ਦੇਹ ਉਪਾਰਾ, ਜਬ ਆਕਰਖ** (ਸੁਕੜਨ) **ਕਰਤ ਹੋ ਕਬਹੂੰ ਤੁਮ ਮਹਿ ਮਿਲਤ ਧੇਹ ਧਰ ਸਭਹੂੰ**।[149] ਗੁਰੂ ਜੀ ਇਸ ਖੇਲ੍ਹ ਨੂੰ ਹੋਰ ਸਪਸ਼ਟ ਕਰਨ ਲਈ ਉਧਾਰਣ ਦਿੰਦੇ ਹਨ "**ਬਾਜੀਗਰਿ ਜੈਸੇ ਬਾਜੀ ਪਾਈ, ਨਾਨਾ ਰੂਪ ਭੇਖ ਦਿਖਲਾਈ ॥ ਸਾਂਗੁ ਉਤਾਰਿ ਥੰਮ੍ਹਿਓ**

[148] ਡੌਪਲਰ ਈਫੈਕਟ ਨਾਲ ਅੱਜ ਕੱਲ ਕਾਰਾਂ, ਜਹਾਜਾਂ ਅਤੇ ਬੱਦਲਾਂ ਆਦਿਕ ਦੀ ਰਫਤਾਰ ਅਤੇ ਦਿਸ਼ਾ ਦਾ ਪਤਾ ਲਗਾਇਆ ਜਾਂਦਾ ਹੈ ।

[149] "The actual space of an aged universe ought to be either expanding or contracting and the various objects in it all rushing away from one another, or all rushing towards one another, at a great rate."(Sir James Jeans *The mysterious Universe p.80)*

**ਪਾਸਾਰਾ ॥ ਤਬ ਏਕੋ ਏਕੰਕਾਰਾ**" ॥ (ਪੰਨਾ 736)

ਗੁਰੂ ਸਾਹਿਬ ਕਹਿੰਦੇ ਹਨ ਕਿ ਪਹਿਲਾਂ ਸੁੰਨ (ਅਣਹੋਂਦ) ਸੀ ਅਤੇ ਕੇਵਲ ਇੱਕ ਵਾਹਿਗੁਰੂ ਹੀ ਆਪਣੇ ਨਿਰਗੁਣ (ਅਦ੍ਰਿਸ਼ਟ) ਸਰੂਪ ਵਿੱਚ ਸਥਿਤ ਸੀ ਫੇਰ ਉਹ ਫੈਲਣ ਲੱਗਾ ਅਤੇ ਸੰਸਾਰ ਉਤਪਤ ਹੋ ਗਿਆ ।[150] ਹੁਣ ਵਾਹਿਗੁਰੂ ਦੇ ਸਰਗੁਣ ਰੂਪ ਧਾਰਨ ਕਰਕੇ ਸੰਸਾਰ ਦੀ ਹੋਂਦ ਪ੍ਰਗਟ ਹੋਣ ਲੱਗ ਪਈ ਪਰ ਇਹ ਸੰਸਾਰ ਕੇਵਲ ਉਸ ਇੱਕ ਦਾ ਹੀ ਪਸਾਰਾ ਹੈ । ਆਪਣੇ ਆਪ ਵਿੱਚ ਇਸਦਾ ਕੋਈ ਵਜੂਦ ਨਹੀਂ ਹੈ । ਭਾਈ ਗੁਰਦਾਸ ਜੀ ਸਮਝਾਉਂਦੇ ਹਨ, **"ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ ॥ ਨੀਲ ਅਨੀਲ਼ ਵੀਚਾਰ ਪਿਰਮ ਪਿਆਲਿਆ" ॥** (ਵਾਰ 3.15) ਏਕੇ ਨਾਲ ਬਿੰਦੀਆਂ ਲਾਈ ਜਾਈਏ ਤਾਂ ਮੁੱਲ ਵਧੀ ਜਾਂਦਾ ਹੈ ਭਾਵ ਵਿਸਥਾਰ ਹੋਈ ਜਾਂਦਾ ਹੈ ਪਰ ਜੇ ਮੁੱਢ ਵਿੱਚ ਏਕਾ ਨਾ ਹੋਵੇ ਤਾਂ ਅਨੇਕਾਂ ਬਿੰਦੀਆਂ ਦਾ ਕੋਈ ਮੁੱਲ ਨਹੀਂ ਰਹਿੰਦਾ । ਇਹੋ ਵਿਚਾਰ ਜਰਮਨ ਵਿਦਵਾਨ ਏਕਹਰਟ (Eckhart) ਨੇ ਦਿੱਤਾ ਸੀ। ਉਸ ਅਨੁਸਾਰ ਬ੍ਰਹਮੰਡ Nicht (ਅਣਹੋਂਦ- ਨਿਰਗੁਣ) ਤੋਂ Icht (ਸਰਗੁਣ) ਹੋਇਆ। ਇਹ ਵਿਚਾਰ ਗੁਰੂ ਜੀ ਦੇ ਵਿਚਾਰਾਂ ਨਾਲ ਇੰਨ ਬਿੰਨ ਮਿਲਦਾ ਹੈ ਕਿ "**ਆਪੇ ਹੀ ਸੂਤਧਾਰੁ ਹੈ ਪਿਆਰਾ ਸੂਤ ਖਿੰਚੇ ਢਹਿ ਢੇਰੀ ਹੋਇ**" ॥ (ਪੰਨਾ 605) ਗੁਰੂ ਜੀ ਸਾਇੰਸਦਾਨਾਂ ਵਾਂਗ ਸ਼ਬਦ explosion (ਫੈਲਾਓ) ਜਾਂ Implosion ( ਸੁੰਗੜਨ) ਨਹੀਂ ਵਰਤਦੇ ਉਹ ਦੋਹਾਂ ਨੂੰ ਇੱਕੋ ਵਾਹਿਗੁਰੂ ਦੀ ਸ਼ਕਤੀ ਸਮਝਦੇ ਹੋਏ ਫੈਲਾਓ ਅਤੇ ਸੁੰਗੜਨ ਲਈ ਸ਼ਬਦ "ਕਵਾਉ" ਹੀ ਵਰਤਦੇ ਹਨ ।

ਫੈਲਾਓ:- "ਕੀਤਾ ਪਸਾਉ ਏਕੋ ਕਵਾਉ" (ਪੰਨਾ 3)

ਸੁੰਗੜਨ:- "ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ"

"ਕਵਾਉ" ਹੀ ਵਾਹਿਗੁਰੂ ਦਾ ਨਿਯਮ (ਹੁਕਮ) ਹੈ ਜਿਸ ਨਾਲ ਬ੍ਰਹਮੰਡ ਬਣਦਾ, ਫੈਲਦਾ ਅਤੇ ਸੁੰਗੜਦਾ (ਜਾਂ ਖ਼ਤਮ ਹੁੰਦਾ) ਹੈ ।

## 6.5 ਬ੍ਰਹਮੰਡ ਦਾ ਅੰਤ

ਨਿਪੁੰਨ ਖਗੋਲ ਵਿਗਿਆਨੀ ਸ੍ਰੀ ਰੌਬਰਟ ਕਿਰਸ਼ਨਰ (Robert Kirshner) ਦਾ ਖ਼ਿਆਲ ਹੈ ਕਿ ਸੰਸਾਰ ਦਾ ਫੈਲਾਉ ਧੀਮਾ ਪੈ ਰਿਹਾ ਹੈ ਅਤੇ ਇੱਕ ਸਮਾਂ ਐਸਾ ਆਵੇਗਾ ਜਦ ਬ੍ਰਹਮੰਡ ਦੇ ਸਭ ਤਾਰੇ ਅਤੇ ਗਲੈਕਸੀਆਂ ਆਦਿਕ ਇੱਕ ਦੂਜੇ ਤੋਂ ਬੇ ਹੱਦ ਦੂਰ ਚਲੇ ਜਾਣਗੇ । ਇਸ ਹਾਲਤ ਵਿੱਚ ਠੰਢ ਇੰਨੀ ਵਧ ਜਾਵੇਗੀ ਕਿ ਬ੍ਰਹਮੰਡ

[150] ਪਉਣੁ ਪਾਣੀ ਸੁੰਨੈ ਤੇ ਸਾਜੇ"(ਪੰਨ 1037), "ਪੰਚ ਤਤ ਵਿਸਥਾਰੁ ਚਲਤੁ ਦਿਖਾਇਆ" (ਭਾਈ ਗੁਰਦਾਸ)



ਕਾਇਮ ਨਹੀਂ ਰਹਿ ਸਕੇਗਾ ਅਤੇ ਖ਼ਤਮ ਹੋ ਜਾਵੇਗਾ । ਡਾਕਟਰ ਹਬਲ ਅਤੇ ਡਾਕਟਰ ਹੁਮਾਸਨ ਨੇ ਮਾਊਂਟ ਵਿਲਸਨ ਉਪਰ ਸ਼ਕਤੀਸ਼ਾਲੀ ਟੈਲੀਸਕੋਪ ਦੀ ਮਦਦ ਨਾਲ ਪਤਾ ਲਾਇਆ ਹੈ ਕਿ ਇੱਕ ਗੈਲੈਕਸੀ (ਤਾਰਾ ਮੰਡਲ) 15000 ਮੀਲ ਪ੍ਰਤੀ ਸਕਿੰਟ ਦੀ ਰਫਤਾਰ ਨਾਲ ਉਡੀ ਜਾ ਰਹੀ ਹੈ । ਲੇ ਮਾਤਰੇ ਅਤੇ ਡਾਕਟਰ ਸਿੱਟਰ ਨੇ ਵੀ ਆਪਣੇ ਤਜਰਬਿਆਂ ਰਾਹੀਂ ਬ੍ਰਹਮੰਡ ਦੇ ਬੇਅੰਤ ਤੇਜ਼ੀ ਨਾਲ ਫੈਲਣ ਅਤੇ ਸੁੰਗੜਨ ਦੀ ਸ਼ਾਹਦੀ ਭਰੀ ਹੈ ।

ਕੁਝ ਹੋਰ ਵਿਗਿਆਨੀ ਕਹਿੰਦੇ ਹਨ ਕਿ ਜਿਸ ਤਰਾਂ ਪਲੂਟੋ ਬੇ ਨਿਯਮਤ ਗ੍ਰਹਿਪੱਥ (Irregular Orbit) ਤੇ ਘੁੰਮ ਰਿਹਾ ਹੈ ਇਸੇ ਤਰਾਂ ਕਈ ਹੋਰ ਆਕਾਸ਼ੀ ਪਿੰਡ ਵੀ ਪੰਛੀ ਉਡਾਰੀਆਂ ਵਾਂਗ ਅਨਿਯਮਤ ਗਵਨ ਕਰ ਰਹੇ ਹੋਣਗੇ । ਕਦੇ ਨਾ ਕਦੇ ਇਹ ਇੱਕ ਦੂਜੇ ਨਾਲ ਟਕਰਾ ਜਾਣਗੇ ਅਤੇ ਬ੍ਰਹਮੰਡ ਤਬਾਹ ਹੋ ਜਾਵੇਗਾ । ਇਸ ਵਿਸ਼ੇ ਤੇ ਈਮੈਨੂਅਲ ਵੈਕੋਵਸਕੀ (Emanuel Velikovsky) ਨੇ 1950 ਵਿੱਚ "ਟਕਰਾਉਂਦੇ ਸੰਸਾਰ" (Worlds in Collision) ਨਾਂ ਦੀ ਇੱਕ ਪੁਸਤਕ ਲਿਖੀ ਸੀ ਪਰ ਸਾਇੰਸਦਾਨਾਂ ਨੇ ਉਸ ਦਾ ਮਜ਼ਾਕ ਉਡਾਇਆ । ਕੁੱਝ ਸਾਇੰਸਦਾਨ ਹੁਣ ਇਸ ਸਿਧਾਂਤ ਨਾਲ ਸਹਿਮਤ ਹੋ ਗਏ ਹਨ ਅਤੇ ਕਹਿੰਦੇ ਹਨ ਕਿ ਅਜਿਹੇ ਆਕਾਸ਼ੀ ਟਕਰਾ ਕਾਰਨ ਹੀ ਸੰਸਾਰ ਵਿੱਚੋਂ ਡਾਇਨੋਸੌਰ ਵਰਗੇ ਵੱਡੇ ਵੱਡੇ ਜੀਵ ਖ਼ਤਮ ਹੋਏ ਹੋਣਗੇ। ਜਿੱਥੋਂ ਤੱਕ ਬ੍ਰਹਮੰਡ ਦੇ ਆਕਾਸ਼ੀ ਪਿੰਡਾਂ ਦਾ ਅਨਿਯਮਤ ਗ੍ਰਹਿਪੱਥ ਉਪਰ ਚਲਣ ਦਾ ਪ੍ਰਸ਼ਨ ਹੈ ਇਸ ਵਿੱਚ ਕਿਸੇ ਨੂੰ ਕੋਈ ਸ਼ੱਕ ਨਹੀਂ । ਗੁਰੂ ਨਾਨਕ ਸਾਹਿਬ ਵੀ ਸੰਸਾਰ ਦੀਆਂ ਅਨੇਕਾਂ ਪ੍ਰਕਾਰ ਦੀਆਂ ਘੁੰਮਣੀਆਂ ਦਾ ਜ਼ਿਕਰ ਕਰਦੇ ਹਨ । "**ਕੋਲੂ ਚਰਖਾ ਚਕੀ ਚਕੁ॥ਥਲ ਵਾਰੋਲੇ ਬਹੁਤੁ ਅਨੰਤ ॥ ਲਾਟੂ ਮਾਧਾਣੀਆਂ ਅਨਗਾਹ ॥ ਪੰਖੀ ਭਉਦੀਆ ਲੈਨਿ ਨ ਸਾਹ" ॥ (ਪੰਨਾ 465)** ਇੰਨ੍ਹਾਂ (ਕੋਹਲੂ, ਚਰਖਾ ਆਦਿਕ) ਸਭਨਾਂ ਦੀਆਂ ਘੁਮਣਘੇਰੀਆਂ ਅਤੇ ਚਾਲਾਂ ਅੱਡੋ ਅੱਡ ਹਨ। ਆਕਾਸ਼ ਵਿੱਚੋਂ ਇੱਕ ਗ੍ਰਹਿ 1908 ਨੂੰ ਰੂਸ ਵਿੱਚ ਟੁੰਗੁਸਕਾ ਵਿਖੇ ਧਰਤੀ ਨਾਲ ਆ ਟਕਰਾਇਆ ਸੀ ਜਿਸ ਨੇ ਵੀਹ ਵੀਹ ਮੀਲ ਤੱਕ ਤਬਾਹੀ ਮਚਾ ਦਿੱਤੀ ਸੀ । ਹੁਣ ਵੀ ਸਾਇੰਸਦਾਨਾਂ ਅਨੁਸਾਰ ਕਈ ਪੂਛਲਤਾਰੇ (Comets) ਐਸੇ ਗ੍ਰਹਿਪੱਥਾਂ ਤੇ ਘੁੰਮ ਰਹੇ ਹਨ ਕਿ ਉਹ ਕਿਸੇ ਮੌਕੇ ਵੀ ਧਰਤੀ ਨਾਲ ਟਕਰਾ ਸਕਦੇ ਹਨ ।

ਕੁੱਝ ਵਿਗਿਆਨੀਆਂ ਅਨੁਸਾਰ ਬ੍ਰਹਮੰਡ ਵਿੱਚ ਟੈਚੀਓਨ (Tachyons) ਨਾਂ ਦੇ ਮਹੀਨ ਅਦ੍ਰਿਸ਼ਟ ਕਣ ( Invisible Particles) ਪ੍ਰਕਾਸ਼ ਦੀ ਰਫਤਾਰ ਗਤੀ ਤੋਂ ਵੀ ਵੱਧ ਗਤੀ ਨਾਲ ਉੱਡੇ ਫਿਰ ਰਹੇ ਹਨ । ਇਸ ਦੇ ਉਲਟ (Antimatter) ਨਿਊਟ੍ਰੀਨੋਜ਼ (Neutrinos) ਇਸ ਤੋਂ ਵੀ ਵੱਧ ਗਤੀ ਨਾਲ ਘੁੰਮ ਰਹੇ ਹਨ ।

ਦੋਵੇਂ ਇੱਕ ਦੂਜੇ ਦੇ ਵਿਰੋਧੀ ਹਨ । ਜਦ ਵੀ ਇਹ ਟਕਰਾਏ ਬ੍ਰਹਮੰਡ ਨਸ਼ਟ ਹੋ ਜਾਵੇਗਾ।

ਪ੍ਰਸਿੱਧ ਭੌਤਕ ਵਿਗਿਆਨੀ ਸਟੀਫਨ ਕਿੰਗ ਕਹਿੰਦੇ ਹਨ ਕਿ ਦੋ ਬਲੈਕ ਹੋਲਜ਼ ਇੱਕ ਦੂਜੀ ਨਾਲ ਟਕਰਾਉਣਗੀਆਂ ਅਤੇ ਬ੍ਰਹਮੰਡ ਨਸ਼ਟ ਹੋ ਜਾਵੇਗਾ (Theory of Space Time Sigularity) । ਪ੍ਰਸਿੱਧ ਸਾਇੰਸਦਾਨ ਆਈਨਸਟਨ ਵੀ ਇਸ ਸਿਧਾਂਤ ਨਾਲ ਸਹਿਮਤ ਹਨ ਉਹ ਕਹਿੰਦੇ ਹਨ ਕਿ ਬ੍ਰਹਮੰਡ ਦਾ ਸਾਰਾ ਪਦਾਰਥ ਬਲੈਕ ਹੋਲਜ਼ ਵਿੱਚ ਜਾ ਕੇ ਨਸ਼ਟ ਹੋ ਜਾਵੇਗਾ ਅਤੇ ਪਿੱਛੇ ਕੁੱਛ ਵੀ ਨਹੀਂ ਬਚੇਗਾ ।

ਖਗੋਲ ਵਿਗਿਆਨੀਆਂ ਅਨੁਸਾਰ ਸਾਡਾ ਸੂਰਜ ਹਾਈਡ੍ਰੋਜਨ ਗੈਸ ਨੂੰ ਲੱਗੀ ਅੱਗ ਕਾਰਨ ਜਲ ਰਿਹਾ ਹੈ ਤੇ ਇਸ ਨੂੰ ਹੀਲੀਅਮ ਗੈਸ ਵਿੱਚ ਬਦਲੀ ਜਾ ਰਿਹਾ ਹੈ । ਇਸ ਵਿੱਚ ਹੋ ਰਹੀ ਰੇਡੀਆਈ ਕਿਰਿਆ ਕੇਵਲ 13 ਬਿਲੀਅਨ ਸਾਲ ਤੱਕ ਹੀ ਹੋ ਸਕੇਗੀ । ਸੂਰਜ 6 ਬਿਲੀਅਨ ਸਾਲ ਉਮਰ ਪਹਿਲਾਂ ਹੀ ਭੋਗ ਚੁੱਕਾ ਹੈ । ਅਗਲੇ 7 ਬਿਲੀਅਨ ਸਾਲਾਂ ਬਾਅਦ ਸੂਰਜ ਰਾਖ ਹੋ ਜਾਵੇਗਾ ਅਤੇ ਸੂਰਜ ਮੰਡਲ ਨਸ਼ਟ ਹੋ ਜਾਵੇਗਾ । ਇਹੋ ਜਿਹੀ ਘਟਨਾ ਹੋਰਨਾਂ ਸੂਰਜ ਮੰਡਲਾਂ ਵਿੱਚ ਵੀ ਵਾਪਰ ਰਹੀ ਹੈ । ਸਿੱਖਾਂ ਲਈ ਇਹ ਕੋਈ ਵਚਿੱਤਰ ਗੱਲ ਨਹੀਂ। **"ਧਰਤਿ ਆਕਾਸ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ"॥** (ਪੰਨਾ 1100)

ਵਿਗਿਆਨੀਆਂ ਅਨੁਸਾਰ 1982-83 ਵਿੱਚ ਸੂਰਜ ਦੁਆਲੇ ਧਰਤੀ ਦੀ ਚਾਲ 1/5000 ਸਕਿੰਟ ਧੀਮੀ ਹੋ ਗਈ ਅਤੇ 1990 ਵਿੱਚ ਧਰਤੀ ਦਾ ਦਿਨ 1/2000 ਸਕਿੰਟ ਲਮੇਰਾ ਹੋ ਗਿਆ । ਧਰਤੀ ਦੇ ਸੂਰਜ ਉਦਾਲੇ ਚੱਕਰ ਲਾਉਣ ਦਾ ਸਮਾਂ ਹਰ ਸੌ ਸਾਲ ਬਾਅਦ 0.53 ਸਕਿੰਟ ਘਟ ਜਾਂਦਾ ਹੈ । ਇਹੋ ਜਿਹੇ ਪ੍ਰੀਵਰਤਣ ਬ੍ਰਹਮੰਡ ਦੇ ਦੂਸਰੇ ਭਾਗਾਂ ਵਿੱਚ ਵੀ ਹੋ ਰਹੇ ਹੋਣਗੇ ਅਤੇ ਕੋਈ ਵਕਤ ਆਵੇਗਾ ਕਿ ਇਨ੍ਹਾਂ ਦੇ ਅਸਰ ਨਾਲ ਬ੍ਰਹਮੰਡ ਸਮਾਪਤ ਹੋ ਜਾਵੇਗਾ।

ਆਈਨਸਟਨ ਅਨੁਸਾਰ "ਸੂਰਜ ਨਿਰਸੰਦਿਹ ਹੌਲੀ ਹੌਲੀ ਜਲ ਰਿਹਾ ਹੈ, ਤਾਰੇ ਮਰ ਕੇ ਰਾਖ ਰੋ ਰਹੇ ਹਨ, ਬ੍ਰਹਮੰਡ ਦਾ ਲੌਕਿਕ ਤੇਜ (Cosmic Heat) ਦਿਨੋਂ ਦਿਨ ਘਟ ਰਿਹਾ ਹੈ (ਬ੍ਰਹਮੰਡ ਠੰਢਾ ਹੋ ਰਿਹਾ ਹੈ), ਪਦਾਰਥ ਰੇਡਿਆਈ ਕਿਰਨਾਂ ਵਿੱਚ ਬਦਲ ਰਿਹਾ ਹੈ, ਬ੍ਰਹਮੰਡੀ ਊਰਜਾ ਪੁਲਾੜ ਵਿੱਚ ਫੈਲ ਕੇ ਖਪਤ ਹੋ ਰਹੀ ਹੈ। ਬ੍ਰਹਮੰਡ ਠੰਡਾ ਹੋ ਕੇ ਮੌਤ ਵੱਲ ਵਧ ਰਿਹਾ ਹੈ ਅਤੇ ਇਸ ਦੀ ਮੌਤ ਨਿਸਚਿਤ ਹੈ"। (The Universe and Dr. Einstein p.102)

"ਭਵਿੱਖ ਵਿੱਚ ਮਿਲੀਅਨ ਮਿਲੀਅਨ ਸਾਲਾਂ (1,000,000,000,000)



ਬਾਅਦ ਬ੍ਰਹਮੰਡ ਨਸ਼ਟ ਹੋ ਜਾਵੇਗਾ" (Reader's Digest *Exploring the Universe page 183)*

## 6.6 ਬ੍ਰਹਮੰਡ ਦੇ ਅੰਤ ਬਾਰੇ ਸਿੱਖ ਸਿਧਾਂਤ

ਸਿਖ ਗੁਰੂ ਸਾਹਿਬਾਨ ਨੇ ਗ੍ਰਹਿਆਂ ਦੇ ਟਕਰਾਉਣ ਆਦਿਕ ਦਾ ਜ਼ਿਕਰ ਤਾਂ ਕਿਧਰੇ ਨਹੀਂ ਕੀਤਾ ਪਰ ਇਹ ਗੱਲ ਸਪਸ਼ਟ ਲਿਖੀ ਹੈ ਕਿ ਸਭ ਕੁੱਝ ਘਟ ਰਿਹਾ (ਮਰ ਰਿਹਾ) ਹੈ ਅਤੇ ਕਾਲ ਸਭ ਕੁਝ ਨੂੰ ਖਾ ਜਾਵੇਗਾ (ਭਾਵ ਸਭ ਦਾ ਅੰਤ ਹੋ ਜਾਵੇਗਾ) । "**ਘਟੰਤ ਰੂਪੰ ਘਟੰਤ ਦੀਪੰ ਘਟੰਤ ਰਵਿ ਸਸੀਅਰ ਨਖਤ੍ਰ ਗਗਨੰ॥ ਘਟੰਤ ਬਸੁਧਾ ਗਿਰਿ ਤਰ ਸਿਖੰਡੰ॥ਘਟੰਤ ਲਲਨਾ ਸੁਤ ਭ੍ਰਾਤ ਹੀਤੰ॥"**(ਪੰਨਾ 1354) ਗੁਰੂ ਜੀ ਦੱਸਦੇ ਹਨ ਕਿ ਚੰਦ, ਸੂਰਜ, ਆਕਾਸ਼ ਪਾਤਾਲ ਆਦਿਕ ਸਭ ਨਸ਼ਟ ਹੋ ਕੇ ਹੀ ਰਹਿਣਗੇ, "**ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ ਬਿਨਾਸੀ ॥ "ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ"॥**(ਪੰਨਾ 1100) ਸਤਿਗੁਰੂ ਜੀ ਆਮ ਬੰਦੇ ਦੇ ਸਮਝਣ ਹਿਤ ਇਸੇ ਵਿਚਾਰ ਨੂੰ ਹੋਰ ਵੀ ਸੌਖਾ ਕਰਕੇ ਲਿਖਦੇ ਹਨ, **"ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥ਕਹਿ ਨਾਨਕ ਥਿਰੁ ਨਾ ਰਹੈ ਜਿਉ ਬਾਲੂ ਕੀ ਭੀਤਿ" ॥** (ਪੰਨਾ 1428)

ਬ੍ਰਹਮੰਡ ਦੇ ਵਿਸਤਾਰ ਕਰਨ ਜਾਂ ਸੁੰਗੜਨ ਬਾਰੇ ਸਤਿਗੁਰਾਂ ਦੇ ਵਿਚਾਰ ਅੱਜ ਦੇ ਵਿਗਿਆਨੀਆਂ ਦੇ ਵਿਚਾਰਾਂ ਨਾਲ ਇੰਨ ਬਿੰਨ ਮਿਲਦੇ ਹਨ । ਗੁਰੂ ਜੀ ਕਹਿੰਦੇ ਹਨ ਕਿ ਬ੍ਰਹਮੰਡ ਦਾ ਵਿਸਤਾਰ ਕਈ ਢੰਗਾਂ ਨਾਲ ਹੁੰਦਾ ਹੈ ਅਤੇ ਹਰ ਬਾਰ ਵਿਸਤਾਰ ਹੋ ਕੇ ਬ੍ਰਹਮੰਡ ਨਸ਼ਟ ਹੋ ਜਾਂਦਾ ਹੈ ਬਾਕੀ ਕੇਵਲ ਪ੍ਰਮਾਤਮਾ ਹੀ ਰਹਿੰਦਾ ਹੈ । ਅਜਿਹੀ ਉੱਤਪਤੀ (ਰਚਨਾ) ਅਤੇ ਉਥਾਨ (ਖਾਤਮਾ) ਇੱਕ ਵਾਰ ਨਹੀਂ ਕਈ ਬਾਰ ਹੋ ਚੁੱਕਾ ਹੈ ਤੇ ਇਹ ਪਰਕਿਰਿਆ ਚਲਦੀ ਹੀ ਰਹਿੰਦੀ ਹੈ **॥"ਕਈ ਜੁਗਤਿ ਕੀਨੋ ਵਿਸਥਾਰ॥ਕਈ ਬਾਰ ਪਸਰਿਓ ਪਾਸਾਰ॥ਸਦਾ ਸਦਾ ਇਕੁ ਏਕੰਕਾਰ**" ॥ (ਪੰਨਾ 276) ਜੋ ਕੁੱਝ ਵੀ ਸਮੇਂ ਵਿੱਚ ਉਪਜਿਆ ਹੈ ਉਸ ਨੇ ਇਸ ਸਮੇਂ ਵਿੱਚ ਹੀ ਨਸ਼ਟ ਹੋ ਜਾਣਾ ਹੈ। **"ਖੰਡ ਪਤਾਲ ਦੀਪ ਸਭ ਲੋਆ" ॥ ਸਭ ਕਾਲੈ ਵਸਿ ਆਪਿ ਪ੍ਰਭਿ ਕੀਆ"** ॥ (ਪੰਨਾ 1076)। ਇਹ ਉਸ ਪ੍ਰਭੂ ਦੀ ਖੇਡ ਹੈ ਜੋ ਆਪ ਸਥਿਰ, ਅਮਰ ਅਤੇ ਅਬਿਨਾਸ਼ੀ ਹੈ ।

ਕਈ ਵਾਰ ਤਾਂ ਹੈਰਾਨੀ ਹੁੰਦੀ ਹੈ ਕਿ ਸਤਿਗੁਰੂ ਜੀ ਵੱਲੋਂ ਵਰਤਿਆ ਹੋਇਆ ਸ਼ਬਦ ਹੀ ਅੱਜ 500 ਸਾਲ ਬਆਦ ਇੰਨ ਬਿੰਨ ਅਜ ਦੇ ਸਾਇੰਸਦਾਨ ਵੀ ਵਰਤ ਰਹੇ ਹਨ। ਮਸਲਨ ਸਤਿਗੁਰੂ ਜੀ ਨੇ ਕਿਹਾ ਸੀ "**ਜੈਸੇ ਜਲ ਤੇ ਬੁਦਬੁਦਾ ਉਪਜੈ**

**ਬਿਨਸੈ ਨੀਤ ॥ ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ"** ॥ (ਪੰਨਾ 1427) ਤੇ ਅਧੁਨਿਕ ਸਾਇੰਸਦਾਨ ਜੇਮਜ਼ ਜੀਨਜ਼ ਵੀ ਇੰਨ ਬਿੰਨ ਇਹੋ ਸ਼ਬਦ "**ਬੁਦਬੁਦਾ**"ਵਰਤ ਕੇ ਦੱਸਦਾ ਹੈ ਕਿ ਬ੍ਰਹਮੰਡ ਬੁਦਬੁਦੇ ਦੀ ਤਰ੍ਹਾਂ ਹੈ।[151] ਓਕਲਾਹੋਮਾ ਯੂਨੀਵਰਸਿਟੀ ਦਾ ਸਾਇੰਸਦਾਨ ਡਾਕਟਰ ਬਰੈਂਚ (Dr. Branch) ਵੀ ਬ੍ਰਹਮੰਡ ਦੇ ਛਿੰਨਭੰਗਰ ਹੋਣ ਦੀ ਗੱਲ ਕਰਦਿਆਂ ਇਹੋ ਸ਼ਬਦ ਵਰਤਦਾ ਹੈ, "ਅਸੀਂ ਤਾਂ ਕੇਵਲ ਉਸ ਇੱਕ **ਬੁਲਬੁਲੇ** ਦੀ ਹੀ ਖੋਜ ਕਰੀ ਜਾ ਰਹੇ ਹਾਂ ਜੋ ਸ਼ੈਮਪੇਨ ਦੀ ਖੁਲ੍ਹੀ ਬੋਤਲ ਵਿੱਚੋਂ ਉਪਜੇ ਅਨੇਕਾਂ ਬੁਲਬੁਲਿਆਂ ਵਿੱਚੋਂ ਇੱਕ ਹੋਵੇ"[152] । ਪਰ ਗੁਰੂ ਜੀ ਦੱਸਦੇ ਹਨ ਕਿ ਇਹ 'ਬੁਲਬੁਲਾ' ਵੀ ਆਜ਼ਾਦ ਨਹੀਂ । ਇਹ ਵੀ ਵਾਹਿਗੁਰੂ ਦਾ ਹੀ ਅੰਸ਼ ਹੈ, **"ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ"** ॥ (ਪੰਨਾ 485) ਤੇ ਉਸੇ ਤਰ੍ਹਾਂ ਹੀ ਉਪਜਦਾ ਮਰਦਾ ਹੈ ਜਿਵੇਂ ਇਸ ਦਾ ਮਾਲਕ ਜਲ ਚਾਹੁੰਦਾ ਹੈ ।

ਕਿਧਰੇ ਕਿਧਰੇ ਗੁਰੂ ਜੀ ਨੇ ਲਹਿਰ (**ਤਰੰਗ**) ਦਾ ਵੀ ਜ਼ਿਕਰ ਕਰਕੇ ਸਮਝਾਇਆ ਹੈ। **"ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ"** ॥ (ਪੰਨਾ 275) ਸੰਸਾਰ ਦਾ ਪ੍ਰਸਿੱਧ ਵਿਗਿਆਨੀ ਆਈਨਸਟਨ ਵੀ ਬ੍ਰਹਮੰਡ ਨੂੰ ਸਮਝਣ ਲਈ **ਤਰੰਗ** ਸ਼ਬਦ ਦੇ ਪ੍ਰਯੋਗ ਨੂੰ ਹੀ ਉੱਚਤ ਸਮਝਦਾ ਹੈ। ਉਹ ਲਿਖਦਾ ਹੈ "ਸਮੇਂ-ਪੁਲਾੜ ਦੀ ਇਕਾਈ ਵਿੱਚ ਇਲੈਕ੍ਟ੍ਰੋਨ ਇੱਕ **ਤਰੰਗ** ਵਾਂਗ ਹੈ"।[153] ਕਿੰਨੇ ਭਾਗਸ਼ੀਲ ਹਨ ਗੁਰਸਿੱਖ ਜਿੰਨ੍ਹਾਂ ਲਈ ਸਤਿਗੁਰਾਂ ਨੇ ਉਹ ਗਿਆਨ ਸਦੀਆਂ ਪਹਿਲਾਂ ਬਖਸ਼ ਦਿੱਤਾ ਸੀ ਜਿਸ ਨੂੰ ਅਧੁਨਿਕ ਵਿਗਿਆਨੀ ਅਨੇਕਾਂ ਯੰਤਰਾਂ ਦੀ ਸਹਾਇਤਾ ਅਤੇ ਕਰੋੜਾਂ ਰੁਪਇਆਂ ਦੀ ਲਾਗਤ ਨਾਲ ਅੱਜ ਲੱਭ ਰਹੇ ਹਨ ।

[151] "A **Soap bubble** with irregularities and corrugations on its surface is perhaps the best representation in terms of simple and familiar materials, of the new universe revealed by the theory of relativity…. And the substance out of which this bubble is blown, the soap film, is empty space welded on to empty time"(The mysterious Universe p.139)

[152] "We could simply be exploring the nature and future of just one bubble in a cosmic sea of Champagne" (Sunday Telegraph 11.1.98 P.18)

[153] "The Universe is revealed as one eternal field in which each star, each atom, each wandering comet and slow-wheeling galaxy and flyng electron, is seen to be but a ripple in the underlying space-time unity" (*The Universe and Dr. Enstein p.120-122)*



# ਅਧਿਆਇ 7
## ਕੁਦਰਤ ਦੇ ਨਿਯਮ

ਕੁਦਰਤ ਵਿੱਚ ਅਜਿਹਾ ਕੁੱਝ ਵੀ ਨਹੀਂ ਜੋ ਨਿਯਮਾਂ ਵਿੱਚ ਨਾ ਬੱਧਾ ਹੋਵੇ । ਮਨੁੱਖ ਕੁਦਰਤ ਦੇ ਨਿਯਮ ਲੱਭਣ ਦਾ ਯਤਨ ਕਰਦਾ ਹੈ । ਜਦ ਕੋਈ ਛੋਟਾ ਮੋਟਾ ਨਿਯਮ ਲੱਭ ਲੈਂਦਾ ਹੈ ਤਾਂ ਉਸੇ ਨੂੰ ਹੀ ਕੁਦਰਤ ਦਾ ਆਖਰੀ ਨਿਯਮ ਸਮਝ ਲੈਂਦਾ ਹੈ । ਮਸਲਨ ਪਲੂਟੋ ਨੇ ਆਕਾਰਾਂ ਦੀਆਂ ਸ਼ਕਲਾਂ ਦੇਖੀਆਂ ਤਾਂ ਐਲਾਨ ਕਰ ਦਿੱਤਾ, "ਪਰਮਾਤਮਾ ਨੇ ਬ੍ਰਹਮੰਡ ਨੂੰ ਪੰਜ ਠੋਸ ਆਕਾਰਾਂ ਨਾਲ ਸਾਜਿਆ ਹੈ"। ਕੈਪਲਰ ਨੇ ਆਕਾਸ਼ੀ ਪਿੰਡਾਂ ਦੇ ਘੁੰਮਣ ਦਾ ਗਿਆਨ ਪ੍ਰਾਪਤ ਕੀਤਾ ਤਾਂ ਕਹਿ ਉੱਠਿਆ, "ਪਰਮਾਤਮਾ ਨੇ ਆਕਾਸ਼ੀ ਪਿੰਡ ਰਾਗ ਰਾਗਣੀਆਂ ਦੀਆਂ ਚਾਲਾਂ (Octave) ਅਨੁਸਾਰ ਘੁੰਮਣ ਲਾਏ ਹੋਏ ਹਨ"। ਉਹ ਇਸ ਖੋਜ ਤੋਂ ਇਨ੍ਹਾਂ ਪ੍ਰਸੰਨ ਹੋਇਆ ਕਿ ਕਹਿਣ ਲੱਗਾ, "ਜੋ ਅਤਿਯੰਤ ਖੁਸ਼ੀ ਮੈਂ ਆਪਣੀ ਇਸ ਖੋਜ ਤੋਂ ਪਾਈ ਹੈ ਉਸ ਨੂੰ ਬਿਆਨ ਕਰਨਾ ਅਸੰਭਵ ਹੈ"(*The Mysterious Universe p.163)*। ਗੈਲੀਲੀਓ ਅਨੁਸਾਰ ਪਰਮਾਤਮਾ ਨੇ ਕੁਦਰਤ ਦੀ ਰਚਨਾ ਗਣਿਤ ਵਿੱਦਿਆ ਅਨੁਸਾਰ ਰਚੀ ਸੀ।[154] ਗੈਲੀਲੀਓ ਦਾ ਵਿਚਾਰ ਲੋਕਾਂ ਨੇ ਇੱਕ ਸਮੇਂ ਇਥੋਂ ਤੱਕ ਪ੍ਰਵਾਣ ਕਰ ਲਿਆ ਕਿ ਜਦ ਮੰਗਲ (Mars) ਤਾਰੇ ਉੱਪਰ ਰਹਿੰਦੇ ਸੰਭਾਵੀ ਲੋਕਾਂ ਨਾਲ ਸੰਪਰਕ ਬਣਾਉਣ ਦੀ ਕੋਸ਼ਿਸ਼ ਕੀਤੀ ਜਾਣ ਲੱਗੀ ਤਾਂ ਮਾਰੂ ਥਲ ਵਿੱਚ ਫੀਸਾਗੋਰਸ ਦੀ ਤਕੋਨ (Pythagoras Theorem) ਬਣਾ ਕੇ ਅੱਗ ਲਾਈ ਗਈ ਤੇ ਆਸ ਰੱਖੀ ਗਈ ਕਿ ਮੰਗਲ ਤੇ ਰਹਿੰਦੇ ਲੋਕ ਇਤਨਾ ਕੁ ਹਿਸਾਬ ਕਿਤਾਬ ਜਾਣਦੇ ਹੋਣਗੇ ਤੇ ਸਮਝ ਕੇ ਉੱਤਰ ਭੇਜਣਗੇ । ਇਨਸਾਨ ਦੀ ਕਲਪਣਾ ਇਸ ਦੀ ਆਪਣੀ ਸੋਚ ਸਮਝ ਦੇ ਦੁਆਲੇ ਹੀ ਘੁੰਮਦੀ ਰਹਿੰਦੀ ਹੈ । ਇਹ ਸਮਝ ਲਵੋ ਕਿ ਇਨਸਾਨ ਨੇ ਜਿਹੋ ਜਿਹੇ ਰੰਗ ਦੀ ਐਨਕ ਲਾ ਲਈ ਉਸ ਨੂੰ ਕੁਦਰਤ ਵੀ ਉਸੇ ਰੰਗ ਦੀ ਹੀ ਦਿਸਣ ਲਗਦੀ ਹੈ । "ਸੁਪਨ ਚਰਿਤ੍ਰ ਚਿਤ੍ਰ ਜੋਈ ਦੇਖੈ ਸੋਈ ਜਾਨੈ" ॥ (305 ਭਾਈ ਗੁਰਦਾਸ)

ਇਹ ਗੱਲ ਵੀ ਸਪਸ਼ਟ ਹੈ ਕਿ ਸਾਇੰਸਦਾਨਾਂ ਵੱਲੋਂ ਕੀਤੀ ਖੋਜ ਕਦੇ ਵੀ ਆਖਰੀ ਖੋਜ ਨਹੀਂ ਹੁੰਦੀ । ਇੱਕ ਸਮੇਂ ਸਾਇੰਸਦਾਨਾਂ ਵੱਲੋਂ ਵਿਚਾਰ ਪੇਸ਼ ਕੀਤਾ

[154] " God is a mathematician of a very high order and He used advanced mathematics in constructing the universe."*Scientific American* May 1963 p.53).

ਗਿਆ ਕਿ ਤਰਲ ਪਦਾਰਥ (ਪਾਣੀ ਅਤੇ ਦੁੱਧ ਆਦਿਕ) ਨੀਵੇਂ ਪਾਸੇ ਨੂੰ ਰੁੜ੍ਹਦੇ ਹਨ। ਛੇਤੀ ਹੀ ਇਹ ਨਿਯਮ ਤਿਆਗਣਾ ਪਿਆ ਜਦ ਦੇਖਿਆ ਕਿ ਹਜ਼ਾਰਾਂ ਮਣ ਪਾਣੀ ਹਰ ਰੋਜ਼ ਵੱਡੇ ਵੱਡੇ ਦਰਖਤਾਂ ਦੇ ਕਈ ਹਜ਼ਾਰ ਫੁੱਟ ਉੱਚੇ ਟਾਹਣਿਆਂ ਅਤੇ ਪੱਤਿਆਂ ਤੱਕ ਅੱਧ ਅਸਮਾਨੀਂ ਆਕਾਸ਼ ਵੱਲ ਪਹੁੰਚ ਜਾਂਦਾ ਹੈ। ਇੱਕ ਸਮੇਂ ਮੰਨਿਆਂ ਜਾਂਦਾ ਸੀ ਕਿ ਪ੍ਰਕਾਸ਼ ਹਮੇਸ਼ਾ ਸਿੱਧੀ ਲਾਈਨ ਵਿੱਚ ਚਲਦਾ ਹੈ ਪਰ ਹੁਣ ਸਾਇੰਸਦਾਨ ਮੰਨਣ ਲੱਗ ਪਏ ਹਨ ਕਿ ਪ੍ਰਕਾਸ਼ ਵਿੱਚ ਵੀ ਵਿੰਗ ਪੈ ਜਾਂਦੇ ਹਨ । ਸਾਇੰਸਦਾਨ ਨਿਯਮ ਨਹੀਂ ਬਣਾਉਂਦਾ । ਨਿਯਮ ਕੁਦਰਤ ਬਣਾਉਂਦੀ ਹੈ ਸਾਇੰਸਦਾਨ ਤਾਂ ਕੇਵਲ ਉਨ੍ਹਾਂ ਨਿਯਮਾਂ ਨੂੰ ਲੱਭਦਾ ਹੈ ।[155]

ਸਾਇੰਸ ਦੇ ਭੌਤਿਕ ਨਿਯਮਾਂ (Physical Laws) ਨੂੰ ਧਾਰਮਿਕ ਸਾਹਿਤ ਵਿੱਚ ਲੱਭਣ ਦਾ ਯਤਨ ਕਰਨਾ ਤਾਂ ਇੰਝ ਹੈ ਜਿਵੇਂ ਕੋਈ ਮਾਰੂਥਲ ਵਿੱਚ ਮੱਛੀਆਂ ਲੱਭਦਾ ਫਿਰੇ ਪਰ ਤਾਂ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਧਰਮ ਨੇ ਕੁਦਰਤ ਦੇ ਨਿਯਮਾਂ ਬਾਰੇ ਕੁੱਝ ਵੀ ਨਹੀਂ ਕਿਹਾ । ਸਿੱਖ ਗੁਰੂ ਸਾਹਿਬਾਨ ਅਧਿਆਤਮਵਾਦੀ ਸਨ ਅਤੇ ਉਨ੍ਹਾਂ ਦਾ ਨਿਸ਼ਾਨਾ ਇਨਸਾਨ ਨੂੰ ਪ੍ਰਭੂ ਨਾਲ ਜੋੜਨਾ ਸੀ ਪਰ ਤਾਂ ਵੀ ਉਨ੍ਹਾਂ ਦੇ ਬਚਨਾਂ ਵਿੱਚੋਂ ਅਜਿਹੇ ਬਚਨ ਲੱਭ ਪੈਂਦੇ ਹਨ ਜੋ ਨਾਂ ਕੇਵਲ ਧਰਮ ਦੇ ਖੇਤਰ ਵਿੱਚ ਹੀ ਸਹੀ ਉੱਤਰਦੇ ਹਨ ਸਗੋਂ ਸਾਇੰਸ ਦੇ ਭੌਤਿਕ ਅਤੇ ਰਸਾਇਣਕ ਨਿਯਮਾਂ ਅਨੁਸਾਰ ਵੀ ਇੰਨ ਬਿੰਨ ਸਹੀ ਸਾਬਤ ਹੁੰਦੇ ਹਨ । ਕੁਦਰਤ ਦੇ ਨਿਯਮਾਂ ਦਾ ਜ਼ਿਕਰ ਕਰਦੇ ਸਿੱਖ ਗੁਰੂ ਸਾਹਿਬਾਨ ਨੇ ਸ਼ਬਦ "ਹੁਕਮ" ਵਰਤਿਆ ਹੈ **"ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ" ॥ (ਪੰਨਾ 1)** ਇਸ 'ਹੁਕਮ' ਨੂੰ ਕਿਧਰੇ ਕਿਧਰੇ ਸਤਿਗੁਰਾਂ ਨੇ 'ਭਉ' ਜਾਂ 'ਭੈ' ਵੀ ਕਿਹਾ ਹੈ । **"ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰ ਸਚੁ ਏਕੁ** (ਪੰਨਾ 464) ਇੱਥੇ ਅਸੀਂ ਸਤਿਗੁਰਾਂ ਦੇ ਕੁੱਝ ਵਿਗਿਆਨਕ ਵਿਚਾਰਾਂ ਦਾ ਜ਼ਿਕਰ ਕਰਾਂਗੇ ਜੋ ਭੌਤਿਕ ਵਿਗਿਆਨ ਨਾਲ ਮੇਲ ਖਾਂਦੇ ਹਨ ।

## 7.1 ਪੁੰਜ (Mass) ਅਤੇ ਊਰਜਾ (Energy) ਦੀ ਅਬਿਨਾਸ਼ਤਾ ਦਾ ਨਿਯਮ

ਵਿਗਿਆਨੀ ਲੈਵੋਜ਼ੀਅਰ (Antoine Lavoisier- 1743-94) ਨੇ ਪਦਾਰਥ ਅਤੇ ਊਰਜਾ ਬਾਰੇ ਇਹ ਨਿਯਮ ਲੱਭਿਆ ਕਿ ਪਦਾਰਥ ਅਤੇ ਊਰਜਾ ਸ਼ਕਲ ਤਾਂ

[155] "Nature is but an order of things subject to laws originating from the Will of the Supreme Being of whose existence and boundless power man from observation conceives an indirect though sound idea" (Lamarck: *System Analytique p.43)*



ਬਦਲ ਲੈਂਦੇ ਹਨ ਪਰ ਇਨ੍ਹਾਂ ਦਾ ਪੁੰਜ (ਪਦਾਰਥ ਦੀ ਮਾਤਰਾ) ਹਮੇਸ਼ਾ ਉਤਨਾ ਹੀ ਰਹਿੰਦਾ ਹੈ, ਭਾਵ ਕਿ ਕੋਈ ਵੀ ਵਸਤੂ ਨਸ਼ਟ ਨਹੀਂ ਹੁੰਦੀ ।[156] ਦੂਸਰੇ ਸ਼ਬਦਾਂ ਵਿੱਚ ਇਹ ਕਹਿ ਲਵੋ ਕਿ ਸੰਸਾਰ ਵਿੱਚ ਨਾ ਕੁੱਝ ਪੈਦਾ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਨਸ਼ਟ ਕੀਤਾ ਜਾ ਸਕਦਾ ਹੈ । ਪਾਣੀ ਸ਼ਕਲ ਬਦਲ ਕੇ ਬਰਫ, ਭਾਫ, ਜਾਂ ਬੱਦਲ ਤਾਂ ਬਣ ਸਕਦਾ ਹੈ ਪਰ ਮੁੱਕਦਾ ਨਹੀਂ । ਸਾਡੀ ਆਵਾਜ਼/ਤਸਵੀਰ ਬਦਲ ਕੇ ਚੁੰਬਕੀ ਲਹਿਰ ਬਣਾ ਲਈ ਜਾਂਦੀ ਹੈ ਅਤੇ ਇਹ ਲਹਿਰ ਹਵਾ ਵਿੱਚਦੀ ਸਾਡੇ ਰੇਡੀਓ ਜਾਂ ਟੀਵੀ ਕੋਲ ਜਾਂਦੀ ਹੈ ਤਾਂ ਮੁੜ ਬਦਲ ਕੇ ਅਸਲੀ ਆਵਾਜ਼/ਤਸਵੀਰ ਬਣਾ ਲਈ ਜਾਂਦੀ ਹੈ । ਕੋਈ ਚੀਜ਼ ਜਲ ਜਾਣ ਬਾਅਦ ਮੁੱਕਦੀ ਨਹੀਂ ਉਹ ਪਾਣੀ, ਗੈਸ, ਪ੍ਰਕਾਸ਼[157] ਅਤੇ ਰਾਖ ਵਿੱਚ ਬਦਲ ਜਾਂਦੀ ਹੈ । ਰਸਾਇਣ ਵਿਗਿਆਨ ਦੇ ਸਾਰੇ ਫਾਰਮੂਲੇ ਇਸੇ ਸਿਧਾਂਤ ਉੱਪਰ ਆਧਾਰਤ ਹਨ ।[158]

ਇਹੋ ਸਿਧਾਂਤ ਗੁਰਬਾਣੀ ਵਿੱਚ ਅਨੇਕ ਥਾਵਾਂ ਉੱਪਰ ਮਿਲ ਜਾਂਦਾ ਹੈ । ਗੁਰੂ ਜੀ ਦੱਸਦੇ ਹਨ ਕਿ ਬ੍ਰਹਮੰਡ ਨੂੰ ਜਿਸ ਚੀਜ਼ ਦੀ ਲੋੜ ਸੀ ਉਹ ਵਾਹਿਗੁਰੂ ਨੇ ਇੱਕੋ ਵਾਰ ਇਸ ਵਿੱਚ ਪਾ ਛੱਡੀ ਹੈ । "**ਆਸਣ ਲੋਇ ਲੋਇ ਭੰਡਾਰ ॥ ਜੋ ਕਿਛੁ ਪਾਇਆ ਸੋ ਏਕਾ ਵਾਰ"**॥(ਪੰਨਾ 7) ਤਥਾ **"ਜੋ ਦੀਨੋ ਸੋ ਏਕਹਿ ਬਾਰ**"॥ (ਪੰਨਾ 258) ਬ੍ਰਹਮੰਡ ਵਿੱਚ ਨਾ ਕੁੱਝ ਆਉਂਦਾ ਹੈ ਅਤੇ ਨਾ ਹੀ ਕੁੱਝ ਜਾਂਦਾ ਹੈ । "**ਨ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ" ॥ (ਪੰਨਾ 695) ਤਥਾ "ਨਾ ਕਿਛੁ ਆਵਤ ਨਾ ਕਿਛੁ ਜਾਵਤ ਸਭੁ ਖੇਲੁ ਕੀਓ ਹਰਿ ਰਾਇਓ" ॥** (ਪੰਨਾ 209) ਇਸੇ ਸਿਧਾਂਤ ਨੂੰ ਲੈ ਕੇ ਸਤਿਗੁਰਾਂ ਨੇ ਇਨਸਾਨ ਨੂੰ ਮੌਤ ਬਾਰੇ ਗਿਆਨ ਦੇ ਕੇ ਦੱਸਿਆ ਹੈ ਕਿ ਇਨਸਾਨ ਮਰਦਾ ਨਹੀਂ ਚੋਲ਼ਾ ਬਦਲਦਾ ਹੈ । "**ਨਹ ਕਿਛੁ ਜਨਮੈ ਨਹ ਕਿਛੁ ਮਰੈ॥ਆਪਨ ਚਲਿਤੁ ਆਪ ਹੀ ਕਰੈ"॥ (ਪੰਨਾ 281) ਤਥਾ "ਨਾ ਕੋਈ ਮਰੈ ਨ ਆਵੈ ਜਾਇਆ"॥** (ਪੰਨਾ 885) ਇਨਸਾਨ ਮਰਦਾ ਹੈ ਤਾਂ ਇਸ ਦੇ ਤੱਤ ਸ਼ਕਲ ਬਦਲ ਕੇ ਆਪਣੀ

[156] Law of conservation of matter: Matter cannot be created or destroyed though it may change its form. The same law also holds good for energy (law of conservation of Energy) and Mass (Law of conservatuion of mass)

[157] ਗੈਸ, ਪ੍ਰਕਾਸ਼, ਆਵਾਜ਼ ਅਤੇ ਗਰਮੀ ਆਦਿਕ ਦਾ ਵੀ ਭਾਰ ਹੁੰਦਾ ਹੈ । ਇਹ ਗੱਲ Einstein ਨੇ 1905 ਵਿੱਚ ਲੱਭੀ ਅਤੇ ਵਿਚਾਰ ਦਿੱਤਾ ਕਿ, "The rest mass and the energy mass always remain constant".

[158] "One simple fundamental entity which may take many forms, matter and radiation in particular, is conserved through all changes, the sum total of this entity forms the whole activity of the universe which does not change in total quantity"(Sir James Jeans *The Mysterious Universe p.96-97)*

ਪ੍ਰਕਾਰ ਦੇ ਤੱਤਾਂ ਵਿੱਚ ਜਾ ਮਿਲਦੇ ਹਨ ਨਸ਼ਟ ਕੁੱਝ ਵੀ ਨਹੀਂ ਹੁੰਦਾ । "**ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥ ਮਾਟੀ ਮਾਟੀ ਹੋਈ ਏਕ ॥ ਰੋਵਨਹਾਰੇ ਕੀ ਕਵਨ ਟੇਕ ॥ ਕਉਨੁ ਮੂਆ ਰੇ ਕਉਨੁ ਮੂਆ॥ ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ ਇਹੁ ਤਉ ਚਲਤੁ ਭਇਆ**" ॥ (ਪੰਨਾ 885)[159]

## 7.2 ਸਥਾਨ ਬਦਲੀ (ਵਿਸਥਾਪਣ) ਸਿਧਾਂਤ

ਸਾਇੰਸਦਾਨਾਂ ਨੇ ਖੋਜ ਉਪ੍ਰੰਤ ਇਹ ਗੱਲ ਸਿੱਧ ਕੀਤੀ ਹੈ ਕਿ ਜਦ ਦੋ ਰਸਾਇਣਕ ਪਦਾਰਥ ਇੱਕ ਦੂਜੇ ਵਿੱਚ ਮਿਲਦੇ ਹਨ ਤਾਂ ਰਸਾਇਣਕ ਕਿਰਿਆ ਹੁੰਦੀ ਹੈ ਜਿਸ ਕਾਰਨ ਇੱਕ ਪਦਾਰਥ ਦਾ ਕੁੱਝ ਭਾਗ ਆਪਣਾ ਥਾਂ ਬਦਲ ਕੇ ਦੂਜੇ ਥਾਂ ਚਲਾ ਜਾਂਦਾ ਹੈ ਤੇ ਇਸ ਤਰ੍ਹਾਂ ਨਵੀਂ ਵਸਤੂ ਪੈਦਾ ਹੋ ਜਾਂਦੀ ਹੈ । ਇਹ ਗੱਲ ਇੱਕ ਸਾਧਾਰਨ ਜਿਹੀ ਮਿਸਾਲ ਨਾਲ ਸਹਿਜੇ ਹੀ ਸਮਝ ਆ ਜਾਵੇਗੀ । ਜਦ ਡਰਾਪਰ ਨੂੰ ਨੱਪਿਆ ਜਾਂਦਾ ਹੈ ਤਾਂ ਇਸਦੀ ਹਵਾ ਆਪਣਾ ਥਾਂ ਛੱਡ ਜਾਂਦੀ ਹੈ ਅਤੇ ਪ੍ਰੈਸ਼ਰ ਹਟਾਉਣ ਤੇ ਉਸੇ ਥਾਂ ਦਵਾਈ ਚੜ੍ਹ ਆਉਂਦੀ ਹੈ । ਇੱਸੇ ਤਰ੍ਹਾਂ ਤਾਂਬੇ (Cu) ਉਪਰ ਗੰਧਕ ਦਾ ਤੇਜ਼ਾਬ ($H_2SO_4$) ਪਾਈਏ ਤਾਂ ਨਵਾਂ ਪਦਾਰਥ ਨੀਲਾ ਥੋਥਾ (Copper Sulphate) ਬਣ ਜਾਂਦਾ ਹੈ ਅਤੇ ਹਾਈਡਰੋਜਨ ਗੈਸ ਨਿਕਲਦੀ ਹੈ । ਗੰਧਕ ਦਾ ਤੇਜ਼ਾਬ ਹਾਈਡ੍ਰੋਜਨ ਸਲਫੇਟ ($H_2SO_4$) ਹੁੰਦਾ ਹੈ । ਵਿਗਿਆਨੀ ਇਸ ਨੂੰ ਹੇਠ ਲਿਖੇ ਅਨੁਸਾਰ ਪਰਗਟ ਕਰਦੇ ਹਨ।

ਤਾਂਬਾ + ਹਾਈਡ੍ਰੋਜਨ ਸਲਫੇਟ = ਤਾਂਬੇ ਦਾ ਸਲਫੇਟ + ਹਾਈਡ੍ਰੋਜਨ

$Cu + H_2SO_4 = CuSO_4 + H_2$

ਗੁਰਬਾਣੀ ਵਿੱਚ ਕੁਦਰਤ ਦੇ ਇਸ ਨਿਯਮ ਨੂੰ ਇਸ ਤਰ੍ਹਾਂ ਲਿਖਿਆ ਗਿਆ ਹੈ, "**ਵਸਤੂ ਅੰਦਰਿ ਵਸਤੁ ਸਮਾਵੈ ਦੂਜੀ ਹੋਵੈ ਪਾਸਿ**" ॥ (ਪੰਨਾ 474) ਇਕ ਵਸਤੂ ਅੰਦਰ ਵਸਤ ਦੂਜੀ ਆ ਵੜੇ ਤਾਂ ਪਹਿਲੀ ਪਾਸੇ ਹੋ ਜਾਂਦੀ ਹੈ ।

ਕਦੀ ਕਦੀ ਇੰਝ ਵੀ ਹੁੰਦਾ ਹੈ ਕਿ ਦੋਵੇਂ ਵਸਤਾਂ ਆਪਣਾ ਇੱਕ ਇੱਕ ਹਿੱਸਾ ਇੱਕ ਦੂਜੀ ਨਾਲ ਵਟਾ ਲੈਂਦੀਆਂ ਹਨ। ਜਿਵੇਂ ਲੂਣ ਯਾਣੀ ਸੋਡੀਅਮ ਕਲੋਰਾਈਡ (NaCl) ਉੱਪਰ ਸਿਲਵਰ ਨਾਈਟ੍ਰੇਟ ($AgNO_3$) ਪਾਈਏ ਤਾਂ ਇਹ ਦੋਵੇਂ ਪਦਾਰਥ

[159] Human body is a collection of matter and energy which never get destroyed. When a person dies both these constituents (matter & energy) remain in the world. What disappears is "consciousness-ਚੇਤੰਨਤਾ"



ਆਪਣਾ ਇੱਕ ਇੱਕ ਭਾਗ ਸਾਡੇ ਪੱਗ ਵਟਾਉਣ ਵਾਂਗ ਇੱਕ ਦੂਸਰੇ ਨਾਲ ਵਟਾ ਲੈਂਦੇ ਹਨ ।

$NaCl + Ag\mathbf{No_3} = Na\mathbf{No_3} + AgCl$

ਇਥੇ ਦੋ ਵਸਤਾਂ ਨੇ ਦੋ ਨਵੀਆਂ ਵਸਤਾਂ ਨੂੰ ਜਨਮ ਦੇ ਦਿੱਤਾ ਹੈ । ਹੁਣ ਨਵੀਂ ਵਸਤ ਵਿੱਚ ਆਏ ਅੱਧੇ ਭਾਗ ਨੂੰ ਭਿੰਨ ਨਹੀਂ ਕਿਹਾ ਜਾ ਸਕਦਾ ਸਗੋਂ ਉਹ ਨਵੀਂ ਵਸਤ ਦਾ ਇੱਕ ਅਨਿੱਖੜਵਾਂ ਅੰਗ ਬਣ ਗਿਆ ਹੈ । ਗੁਰਬਾਣੀ ਵਿੱਚ ਇਹੋ ਨਿਯਮ ਇਸ ਤਰ੍ਹਾਂ ਲਿਖਿਆ ਮਿਲ ਜਾਂਦਾ ਹੈ "**ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ" ॥ (ਪੰਨਾ 285)**

## 7.3 ਪਾਣੀ ਦੀ ਬਣਤਰ

ਫ੍ਰਾਂਸੀਸੀ ਵਿਗਿਆਨੀ ਲੈਵੋਜ਼ੀਅਰ (Antoin Laurent Lavoisier-1743-94) ਨੇ ਬਿਜਲੀ ਦੀ ਰੌ ਨਾਲ ਪਾਣੀ ਨੂੰ ਤੋੜ ਕੇ ਦੇਖਿਆ ਤਾ ਪਤਾ ਚੱਲਿਆ ਕਿ ਪਾਣੀ ਦੋ ਗੈਸਾਂ ਹਾਈਡ੍ਰੋਜਨ ਅਤੇ ਆਕਸੀਜਨ ਦਾ ਮਿਸ਼ਰਣ ਹੈ । ਪਿੱਛੋਂ 1784 ਵਿੱਚ ਹੈਨਰੀ ਕੈਵੈਨਡਿਸ਼ (Henry Cavendish) ਨੇ ਇਹ ਸਿੱਧ ਕੀਤਾ ਕਿ ਹਾਈਡ੍ਰੋਜਨ ਦੇ ਦੋ ਐਟਮ ($H_2$) ਅਤੇ ਆਕਸੀਜਨ ਦਾ ਇਕ ਐਟਮ (O) ਮਿਲ ਕੇ ਹੀ ਪਾਣੀ ($H_2O$) ਬਣਦਾ ਹੈ ।

ਗੁਰੂ ਜੀ ਨੇ ਭਾਵੇਂ ਪਾਣੀ ਦੀ ਅੰਸ਼ਕ ਬਣਤਰ ਬਾਰੇ ਕੁੱਝ ਨਹੀਂ ਲਿਖਿਆ ਪ੍ਰੰਤੂ ਸਾਇੰਸਦਾਨਾਂ ਦੀਆਂ ਖੋਜਾਂ ਤੋਂ ਕਿਤੇ ਪਹਿਲਾਂ ਇਹ ਗੱਲ ਸਪੱਸ਼ਟ ਲਿਖ ਦਿੱਤੀ ਸੀ ਕਿ ਪਾਣੀ ਹਵਾ ਤੋਂ ਬਣਿਆ ਹੈ । ਹਵਾ ਵਿੱਚ ਹਾਈਡ੍ਰੋਜਨ ਅਤੇ ਆਕਸੀਜਨ ਗੈਸਾਂ ਹੁੰਦੀਆਂ ਹਨ ਜੋ ਸੂਰਜ ਦੀ ਗਰਮੀ ਵਿੱਚ ਇੱਕ ਦੂਜੀ ਨਾਲ ਮਿਲ ਕੇ ਪਾਣੀ ਬਣ ਜਾਂਦੀਆਂ ਹਨ । "**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲ ਹੋਇ ॥ ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ**" ॥ (ਪੰਨਾ 19)

## 7.4 ਸੰਯੋਗ ਅਤੇ ਵਿਯੋਗ ਦਾ ਨਿਯਮ

ਵਿਗਿਆਨੀਆਂ ਨੇ ਇਹ ਗੱਲ ਲੱਭੀ ਹੈ ਕਿ ਸੰਸਾਰ ਵਿੱਚ ਜੁੜਨ ਅਤੇ ਵਿੱਛੜਣ ਨਾਲ ਚੀਜ਼ਾਂ ਦਾ ਨਿਰਮਾਣ ਹੁੰਦਾ ਹੈ। ਇਹ ਕਰਤਾਰੀ ਨਿਯਮ ਸਜੀਵ ਅਤੇ ਨਿਰਜੀਵ ਸਭ ਪਦਾਰਥਾਂ ਉੱਪਰ ਇੱਕੋ ਜਿਹਾ ਲਾਗੂ ਹੁੰਦਾ ਹੈ । ਜੁੜਨ ਨਾਲ ਬਣੀਆਂ ਨਵੀਆਂ ਵਸਤਾਂ ਦੇ ਗੁਣ ਅਤੇ ਸੁਭਾਵ ਪਹਿਲੀਆਂ ਵਸਤਾਂ ਨਾਲੋਂ ਭਿੰਨ ਹੁੰਦੇ ਹਨ । ਆਕਸੀਜਨ ($O_2$) ਅੱਗ ਲੱਗਣ ਵਿੱਚ ਸਹਾਇਤਾ ਕਰਦੀ ਹੈ ਅਤੇ ਹਾਈਡ੍ਰੋਜਨ

($H_2$) ਆਪ ਜਲਦੀ ਹੈ ਪਰ ਜਦੋਂ ਹਾਈਡ੍ਰੋਜਨ ਅਤੇ ਆਕਸੀਜਨ ਮਿਲ ਕੇ ਪਾਣੀ ($H_2O$) ਬਣ ਜਾਂਦੀਆਂ ਹਨ ਤਾਂ ਇਸ ਵਿੱਚ ਦੋਹਾਂ ਗੈਸਾਂ ਦੇ ਸੁਭਾ ਨਾਲੋਂ ਉਲਟ ਅੱਗ ਬੁਝਾਉਣ ਦਾ ਗੁਣ ਆ ਜਾਂਦਾ ਹੈ । ਤੇਲ ਕਪੜੇ ਥੰਦੇ ਕਰਦਾ ਹੈ ਅਤੇ ਕਾਸਟਿਕ ਸੋਢਾ ਕਪੜੇ ਨੂੰ ਜਾਲ ਦਿੰਦਾ ਹੈ ਪਰ ਦੋਵੇਂ ਮਿਲ ਕੇ ਸਾਬਣ ਬਨਣ ਤਾਂ ਇਨ੍ਹਾਂ ਦੇ ਪਹਿਲੇ ਗੁਣ ਸਮਾਪਤ ਹੋ ਜਾਂਦੇ ਹਨ ਅਤੇ ਸਾਬਣ ਕੱਪੜੇ ਲਈ ਗੁਣਕਾਰੀ ਬਣ ਜਾਂਦਾ ਹੈ ।

ਗੁਰੂ ਜੀ ਇਸ ਸਿਧਾਂਤ ਦਾ ਜ਼ਿਕਰ ਬੱਚੇ ਦੀ ਪੈਦਾਇਸ਼ ਦੇ ਸਬੰਧ ਵਿੱਚ ਕਰਦੇ ਹਨ । ਆਪ ਲਿਖਦੇ ਹਨ ਮਾਂ ਅਤੇ ਪਿਤਾ ਦੇ ਸੰਜੋਗ ਨਾਲ ਬਾਲਕ ਦਾ ਜਨਮ ਹੁੰਦਾ ਹੈ । "**ਮਿਲਿ ਮਾਤ ਪਿਤਾ ਪਿੰਡੁ ਕਮਾਇਆ**" ॥ (ਪੰਨਾ 989) ਪਰ ਬਾਲਕ ਦੇ ਗੁਣ ਅਤੇ ਸੁਭਾ ਦੋਹਾਂ ਮਾਪਿਆਂ ਨਾਲੋਂ ਕਈ ਪੱਖਾਂ ਵਿੱਚ ਵੱਖਰੇ ਹੁੰਦੇ ਹਨ। "**ਮਾ ਕੀ ਰਕਤੁ ਪਿਤਾ ਬਿਦੁ ਧਾਰਾ ॥ ਮੂਰਤਿ ਸੂਰਤਿ ਕਰਿ ਆਪਾਰਾ**"॥ (ਪੰਨਾ 1022) 'ਮੂਰਤ ਸੂਰਤ ਕਰਿ ਅਪਾਰਾ' ਵਾਲਾ ਸਿਧਾਂਤ ਅੱਜ ਕਲ ਆਮ ਵਰਤਿਆ ਜਾਂਦਾ ਹੈ । ਹਰ ਨਵ ਜਨਮੇ ਪ੍ਰਾਣੀ ਦਾ ਡੀ ਐਨ ਏ (DNA) ਸੰਸਾਰ ਦੇ ਹਰ ਦੂਸਰੇ ਵਿਅਕਤੀਆਂ ਨਾਲੋਂ ਵੱਖਰਾ ਹੁੰਦਾ ਹੈ । 1000,000 ਬੱਚਿਆਂ ਵਿੱਚੋਂ ਕੇਵਲ 2 ਜੌੜੇ ਬੱਚੇ ਹੀ ਇੱਕੋ ਜਿਹੇ DNA ਵਾਲੇ ਹੋਣ ਦੀ ਸੰਭਾਵਨਾ ਹੈ । ਇਸੇ ਸਿਧਾਂਤ ਨੂੰ ਵਰਤ ਕੇ ਅੱਜ ਕੱਲ੍ਹ ਪੁਲਸ ਵਾਲੇ ਮੁਜਰਮਾਂ ਨੂੰ ਗ੍ਰਿਫ਼ਤਾਰ ਕਰਦੇ ਹਨ

ਜਦੋਂ ਜੁੜਨ ਦੀ ਥਾਂ ਚੀਜ਼ਾਂ ਦੇ ਅੰਗ ਨਿਖੜਦੇ ਹਨ ਤਾਂ ਵਸਤਾਂ ਨਸ਼ਟ ਹੋ ਜਾਂਦੀਆਂ ਹਨ ਅਤੇ ਤੱਤ ਬਿੱਖਰ ਜਾਂਦੇ ਹਨ। ਇਸ ਨੂੰ Entropy ਕਿਹਾ ਜਾਂਦਾ ਹੈ। ਗੁਰੂ ਜੀ ਇਸ ਜੁੜਨ ਅਤੇ ਨਿੱਖੜਨ ਦੀ ਕਿਰਿਆ ਦਾ ਜ਼ਿਕਰ ਬਾਣੀ ਵਿੱਚ ਅਨੇਕਾਂ ਥਾਵਾਂ ਤੇ ਕਰਦੇ ਹਨ ਅਤੇ ਸ਼ਬਦਾਵਲ਼ੀ ਲਈ ਸੰਯੋਗ (Combination) ਅਤੇ ਵਿਯੋਗ (Decomposition) ਵਰਤਦੇ ਹਨ । "**ਸੰਜੋਗੁ ਵਿਜੋਗੁ ਦੁਇ ਕਾਰ ਚਲਾਵਹਿ ਲੇਖੇ ਆਵਹਿ ਭਾਗ**" ॥ (ਪੰਨਾ 6)[160] ਗੁਰੂ ਜੀ ਕਹਿੰਦੇ ਹਨ ਕਿ ਸੰਸਾਰ ਦੀ ਹਰ ਵਸਤ ਇਸ ਸੰਜੋਗ (ਜੁੜਨ) ਵਿਜੋਗ ਨਿਖੜਨ) ਦੇ ਅਧੀਨ ਹੈ, "**ਸੰਜੋਗੁ ਵਿਜੋਗੁ ਉਪਾਇਓਨੁ ਸ੍ਰਿਸਟੀ ਕਾ ਮੂਲੁ ਰਚਾਇਆ**" ॥ (ਪੰਨਾ 509)

ਗੁਰੂ ਜੀ ਇਹ ਵੀ ਦੱਸਦੇ ਹਨ ਕਿ ਇਹ ਨਿਯਮ ਧੁਰੋਂ ਹੀ ਵਾਹਿਗੁਰੂ ਨੇ ਸ੍ਰਿਸਟੀ ਦਾ ਮੁੱਢ ਬੰਨ੍ਹਣ ਵੇਲੇ ਮਿਥ ਦਿੱਤਾ ਸੀ । "**ਸੰਜੋਗੁ ਵਿਜੋਗੁ ਧੁਰਹੁ ਹੀ ਹੂਆ**" ॥ (ਪੰਨਾ 1007) ਇਹ ਜੋੜਨ ਅਤੇ ਵਿਛੋੜਨ ਦੀ ਕਿਰਿਆ ਕਰਤਾਰ ਦੇ ਹੱਥ ਵਿੱਚ ਹੈ । "**ਆਪੇ ਜੋੜਿ ਵਿਛੋੜੇ ਆਪੇ**" ॥ (ਪੰਨਾ 1045) **"ਕਾਇਆ ਹੰਸਿ ਸੰਜੋਗੁ ਮੇਲਿ ਮਿਲਾਇਆ॥ਤਿਨ ਹੀ ਕੀਆ ਵਿਜੋਗੁ ਜਿਨਿ ਉਪਾਇਆ"** ॥ (ਪੰਨਾ 139) ਬੰਦੇ ਨੂੰ ਆਪਣੇ ਪਿਆਰਿਆਂ ਦੀ ਮੌਤ ਵੇਲੇ ਭਾਣਾ ਮੰਨਣਾ ਹੀ ਪੈਂਦਾ ਹੈ ਅਤੇ ਇਸ ਸਿਧਾਂਤ ਤੋਂ ਬਿਨਾਂ ਸੰਸਾਰ ਚੱਲ ਵੀ ਨਹੀਂ ਸਕਦਾ। "**ਜੁੜਿ ਜੁੜਿ ਵਿਛੁੜੇ ਵਿਛੁੜਿ ਜੁੜੇ ॥ ਜੀਵਿ ਜੀਵਿ ਮੁਏ ਮੁਏ ਜੀਵੇ" ॥** (ਪੰਨਾ 1238) ਆਧੁਨਿਕ ਵਿਗਿਆਨੀ ਐਟਮਾਂ ਦੇ ਜੁੜਨ ਅਤੇ ਨਿਖੜਨ ਬਾਰੇ ਬਹੁਤ ਖੋਜ ਕਰ ਚੁੱਕੇ ਹਨ। ਉਹ ਇੰਨ੍ਹਾਂ ਦੋਹਾਂ ਸ਼ਕਤੀਆਂ ਨੂੰ Implosion ਅਤੇ Explosion ਵੀ ਕਹਿੰਦੇ ਹਨ ਜਿਸ ਦਾ ਥੋੜ੍ਹਾ ਜਿਹਾ ਜ਼ਿਕਰ ਅਸੀਂ ਪਿੱਛੇ ਵੀ ਕਰ ਆਏ ਹਾਂ ।

## 7.5 ਪਦਾਰਥ ਦਾ ਊਰਜਾ ਵਿੱਚ ਬਦਲੀ ਦਾ ਸਿਧਾਂਤ

ਵਿਗਿਆਨੀਆਂ ਨੇ ਅਨੇਕਾਂ ਪ੍ਰਯੋਗਾਂ ਬਾਅਦ ਇਹ ਗੱਲ ਲੱਭ ਲਈ ਹੈ ਕਿ ਪਦਾਰਥ (Matter) ਹੌਲੀ ਹੌਲੀ ਸ਼ਕਲ ਬਦਲ ਕੇ ਊਰਜਾ (Energy) ਬਣਦਾ ਰਹਿੰਦਾ ਹੈ । ਗੁਰੂ ਜੀ ਕਹਿੰਦੇ ਹਨ ਕਿ ਊਰਜਾ ਤੇ ਪਦਾਰਥ ਇੱਕੋ ਵਸਤੂ ਦੇ ਦੋ ਨਾਂ ਹਨ । ਅਦ੍ਰਿਸ਼ਟ ਊਰਜਾ ਹੀ ਵਾਹਿਗੁਰੂ ਦਾ ਨਿਰਗੁਣ ਰੂਪ ਹੈ ਜਿਸ ਨੂੰ ਅਸੀਂ ਪਰਤੀਤ ਤਾਂ ਕਰਦੇ ਹਾਂ ਪਰ ਦੇਖ ਨਹੀਂ ਸਕਦੇ । ਇਹੋ ਊਰਜਾ ਜਦੋਂ ਪਦਾਰਥ ਬਣ ਜਾਂਦੀ ਹੈ ਤਾਂ ਅਸੀਂ ਇਸ ਨੂੰ ਵੇਖ ਸਕਦੇ ਹਾਂ । ਇਹ ਵਾਹਿਗੁਰੂ ਦਾ ਸਰਗੁਣ ਰੂਪ ਹੋ ਨਿਬੜਦੀ ਹੈ। ਸਾਰਾ ਦਿੱਸਦਾ ਪਿਸਦਾ ਸੰਸਾਰ ਊਰਜਾ ਦਾ ਬਦਲਿਆ ਹੋਇਆ ਪਦਾਰਥ ਰੂਪ ਹੈ ਜੋ ਕਿ ਵਾਹਿਗੁਰੂ ਦਾ ਸਰਗੁਣ ਸਰੂਪ ਹੈ । ਪਦਾਰਥ ਭਿੰਨ ਭਿੰਨ ਰੰਗਾਂ ਰੂਪਾਂ ਵਿੱਚ ਮੂਰਤੀਮਾਨ ਹੁੰਦਾ ਹੈ । "**ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ ਭਿੰਨ ਭਿੰਨ ਭਿੰਨ ਭਿਨ ਕਰੀਆ**"॥[161] (ਪੰਨਾ 746)

[160] ਕਿਸੇ ਅੰਕ ਨੂੰ ਦੂਜੇ ਅੰਕ ਨਾਲ ਭਾਗ ਦੇਈਏ (Divide) ਤਾਂ ਉੱਤਰ ਨੂੰ ਭਾਗ-ਫਲ ਕਿਹਾ ਜਾਂਦਾ ਹੈ । ਭਾਗ ਕਿਸਮਤ ਲਈ ਵੀ ਵਰਤੀਂਦਾ ਹੈ । ਭਾਗ ਦਾ ਅਰਥ ਹੈ ਹਿੱਸਾ । ਉਪ੍ਰੋਕਤ ਸ਼ਬਦ ਵਿੱਚ "ਭਾਗ" ਨਵੇਂ ਬਣੇ ਪਦਾਰਥ (Product) ਲਈ ਵਰਤਿਆ ਗਿਆ ਹੈ।

[161] ਊਰਜਾ ਅਨੇਕਾਂ ਵਖੋ ਵੱਖਰੀਆਂ "ਕੋਠੜੀਆਂ" ਭਾਵ ਸ੍ਰੀਰਾਂ ਵਿੱਚ ਪਾਈ ਗਈ ਹੈ ।

# ਅਧਿਆਇ 8

## ਚੰਦਰਮਾ

ਮਨੁੱਖ ਨੇ ਜਦੋਂ ਤੋਂ ਸੁਰਤ ਸੰਭਾਲੀ ਹੈ ਇਹ ਕੁਦਰਤ ਦੇ ਸ਼ਾਹਕਾਰ ਚੰਦਰਮਾ ਅਤੇ ਦੂਸਰੇ ਗ੍ਰਹਿਆਂ ਨੂੰ ਦੇਖ ਕੇ ਚਕਿਤ ਹੁੰਦਾ ਆ ਰਿਹਾ ਹੈ । ਹੁਣ ਭਾਵੇਂ ਚੰਦਰਮਾ ਬਾਰੇ ਸਾਡਾ ਗਿਆਨ ਕਾਫੀ ਵਧ ਗਿਆ ਹੈ ਪ੍ਰੰਤੂ ਤਾਂ ਵੀ ਸਾਡੇ ਸਮੇਂ ਤੱਕ ਮਿਥਹਾਸ ਅਤੇ ਲੋਕਯਾਨ (Folklore) ਨੇ ਚੰਦਰਮਾ ਨਾਲ ਅਨੇਕਾਂ ਵਹਿਮ ਭਰਮ ਜੋੜੀ ਰੱਖੇ ਹਨ ਜੋ ਕਈ ਥਾਂਈਂ ਅੱਜ ਵੀ ਮੰਨੇ ਜਾ ਰਹੇ ਹਨ ।[162] ਭਾਰਤ ਵਰਗੇ ਕੁਝ ਦੇਸ਼ ਤਾਂ ਕਿਸੇ ਨਾ ਕਿਸੇ ਰੂਪ ਵਿੱਚ ਸੂਰਜ ਅਤੇ ਚੰਦਰਮਾ ਦੀ ਪੂਜਾ ਵੀ ਕਰਦੇ ਰਹੇ ਹਨ ।[163] ਮੁਸਲਮਾਨ ਅਤੇ ਹਿੰਦੂ ਅਜੇ ਵੀ ਵਰਤ ਜਾਂ ਰੋਜ਼ਾ ਖੋਲ੍ਹਣ ਵੇਲੇ ਚੰਦਰਮਾ ਦੀ ਉਡੀਕ ਕਰਦੇ ਹਨ ।[164] ਪੂਰਨ ਚੰਦਰਮਾ (ਪੂਰਨਮਾਸ਼ੀ) ਨੂੰ ਬਹੁਤ ਸ਼ੁਭ ਸਮਝਿਆ ਜਾਂਦਾ ਹੈ ਅਤੇ ਇਸ ਦਿਨ ਕਈ ਧਾਰਮਿਕ ਸਮਾਗਮ ਕੀਤੇ ਜਾਂਦੇ ਹਨ ।[165] ਹਿੰਦੂ ਵੀਰਾਂ ਦਾ ਵਿਸ਼ਵਾਸ਼ ਹੈ ਕਿ ਚੰਦਰਮਾ ਉਨ੍ਹਾਂ 14 ਰਤਨਾਂ ਵਿੱਚੋਂ ਇੱਕ ਸੀ ਜਿਨ੍ਹਾਂ ਨੂੰ ਦੇਵਤਿਆਂ ਵੱਲੋਂ ਸਮੁੰਦਰ ਰਿੜਕ ਕੇ ਕੱਢਿਆ ਗਿਆ ਸੀ । ਰੋਮਨ ਲੋਕ ਚੰਦਰਮਾ ਨੂੰ ਦੇਵੀ ਲੂਨਾ ਜਾਂ ਡਾਇਨਾ ਕਰਕੇ ਪੂਜਦੇ ਰਹੇ ਹਨ । ਯੂਨਾਨੀ ਇਸ ਨੂੰ ਦੇਵੀ ਸੇਲੀਨ ਜਾਂ ਆਰਟੀਮਸ (Artemis) ਕਹਿ ਕੇ ਪੂਜਾ ਕਰਦੇ ਰਹੇ ਹਨ । ਮਿਸਰ ਵਿੱਚ ਇਸ ਦੀ ਪੂਜਾ ਖੁਸੂ ਕਰਕੇ ਹੁੰਦੀ ਰਹੀ ਹੈ । ਇੰਗਲੈਂਡ ਵਿੱਚ ਪਾਗਲ ਨੂੰ ਲੂਨਾਟਿਕ (Lunatic) ਕਿਹਾ ਜਾਂਦਾ ਸੀ ਅਤੇ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਲੂਨਾ ਦੇਵੀ

---

[162] ਭਾਰਤ ਅਤੇ ਕੁਝ ਹੋਰ ਦੇਸ਼ਾਂ ਵਿੱਚ ਤਾਰਿਆਂ ਨੂੰ ਵਿੱਛੜ ਗਏ ਮਹਾਂਪੁਰਸ਼ਾਂ ਦੀਆਂ ਆਤਮਾਵਾਂ ਸਮਝਿਆ ਜਾਂਦਾ ਹੈ । ਭਾਰਤ ਵਿੱਚ ਤਾਂ ਚੰਦਰ ਗ੍ਰਹਿਣ ਵੇਲੇ ਚੰਦ੍ਰਮਾ ਦੀ ਪੂਜਾ ਕਰਨ ਦਾ ਵਿਧਾਨ ਵੀ ਹੈ ਕਿਉਂਕਿ ਗ੍ਰਹਿਣ ਨੂੰ ਵਿਨਾਸ਼ਕਾਰੀ ਸਮਝਿਆ ਜਾਂਦਾ ਹੈ । ਕਬਾਲਾ ਯਹੂਦੀ ਚੰਦਰਮਾਂ ਨੂੰ ਬਾਦਸ਼ਾਹ ਦਾਊਦ ਦੀ ਆਤਮਾ ਸਮਝਦੇ ਹਨ । ਨਵੇਂ ਚੰਦ ਨੂੰ ਦੇਖ ਕੇ ਹਰ ਯਹੂਦੀ ਕਹਿੰਦਾ ਹੈ, " ਸਾਡਾ ਸ਼ਹਿਨਸ਼ਾਹ ਦਾਊਦ ਜ਼ਿੰਦਾ ਹੈ"। " ਹਿੰਦੂ ਲੋਕ ਚੰਦ੍ਰਮਾ ਦਾ ਵਰਤ ਰਖਦੇ ਹਨ ਪਰ ਸਿੱਖ ਧਰਮ ਵਿੱਚ ਵਰਤ ਮਨ੍ਹਾਂ ਹਨ" **ਵਰਤ ਕਰਹਿ ਚੰਦ੍ਰਾਇਣਾ ਸੇ ਕਿਤੈ ਨ ਲੇਖੰ**"(ਪੰਨਾ 1099))

[163] "ਚੰਦ ਮੁਮਾਰਖ ਈਦ ਪੁਗ ਖਲੋਵਣਾ"(ਭਾਈ ਗੁਰਦਾਸ)

[164] ਮੁਸਲਮਾਨ ਆਪਣਾ 30 ਦਿਨ ਰੋਜ਼ਾ ਚੰਦਰਮਾ ਨੂੰ ਦੇਖ ਕੇ ਹੀ ਖੋਲ੍ਹਦੇ ਹਨ । ਬ੍ਰਾਹਮਣ ਸਾਲ ਵਿੱਚ ਏਕਾਦਸ਼ੀਆਂ ਦੇ 24 ਵਰਤ ਰੱਖਦੇ ਅਤੇ ਹਿੰਦੂਆਂ ਤੋਂ ਰਖਵਾਉਂਦੇ ਹਨ ।"**ਬ੍ਰਹਮਨ ਗਿਆਸ ਕਰਹਿ ਚਉਬੀਸਾ ਕਾਜ਼ੀ ਮਹ ਰਮਜ਼ਾਨਾ॥ਗਿਆਰਹ ਮਾਸ ਪਾਸ ਕੈ ਰਾਖੈ ਏਕੈ ਮਾਹਿ ਨਿਧਾਨਾ"** (ਪੰਨਾ 1349)

[165] ਓਹੀ ਚੰਦ ਤਾਂ ਮਸਿਆ ਨੂੰ ਵੀ ਹੁੰਦਾ ਹੈ ਪਰ ਦਿੱਸਦਾ ਨਹੀਂ "ਅਮਾਵਸਿਆ ਚੰਦੁ ਗੁਪਤੁ ਗੈਣਾਰਿ" ॥ (ਪੰਨਾ 840) "ਉਗਵੈ ਸੂਰੁ ਨ ਜਾਪੈ ਚੰਦੁ" ॥ (ਪੰਨਾ 791) ਕੀ ਛੁਪ ਜਾਣ ਕਾਰਨ ਚੰਦ ਪੂਜਣ ਯੋਗ ਨਹੀਂ ਰਹਿੰਦਾ ?



(Luna ਚੰਦ ਵਿੱਚਲੀ ਦੇਵੀ) ਇਸ ਤੇ ਕ੍ਰੋਪ ਹੋ ਗਈ ਹੈ । ਗੱਲ ਕੀ ਲਗ ਪਗ ਸਾਰੀ ਦੁਨੀਆਂ ਵਿੱਚ ਹੀ ਕਿਸੇ ਨਾ ਕਿਸੇ ਤਰ੍ਹਾਂ ਚੰਦ੍ਰਮਾ ਨਾਲ ਧਰਮ ਨੂੰ ਜੋੜ ਲਿਆ ਗਿਆ ਸੀ ।[166]

ਭਾਵੇਂ ਸਿੱਖ ਗੁਰੂ ਸਾਹਿਬਾਨ ਕੁਦਰਤ ਅਤੇ ਇਸ ਦੀਆਂ ਰੰਗੀਨੀਆਂ ਦੇ ਆਸ਼ਕ ਸਨ, ਉਨ੍ਹਾਂ ਨੇ ਕਿਧਰੇ ਵੀ ਚੰਦਰਮਾ ਨਾਲ ਕੋਈ ਧਾਰਮਿਕ ਅਕੀਦਾ ਨਹੀਂ ਜੋੜਿਆ ਅਤੇ ਨਾ ਹੀ ਇਸ ਨੂੰ ਕਿਸੇ ਹੋਰ ਪ੍ਰਕਾਰ ਦੀ ਮਹਾਨਤਾ ਨਾਲ ਨਿਵਾਜਿਆ ਹੈ । ਪੂਰਨਮਾਸ਼ੀ ਨੂੰ ਚੰਦਰਮਾ ਆਪਣੀ ਪੂਰੀ ਸ਼ਾਨ ਵਿੱਚ ਚਮਕਦਾ ਹੈ ਅਤੇ ਨਜ਼ਾਰਾ ਬਹੁਤ ਮਨਮੋਹਕ ਹੁੰਦਾ ਹੈ । ਇਸ ਰਾਤ ਦਾ ਜ਼ਿਕਰ ਕਰਦਿਆਂ ਗੁਰੂ ਜੀ ਨੇ ਇਸ ਦੀ ਪਵਿਤ੍ਰਤਾ ਬਾਰੇ ਜਾਂ ਧਾਰਮਿਕ ਮਹੱਤਤਾ ਬਾਰੇ ਇੱਕ ਵੀ ਸ਼ਬਦ ਨਹੀਂ ਕਿਹਾ ਸਗੋਂ ਕੁਦਰਤ ਦੀ ਰੰਗੀਨੀ ਦਾ ਹੀ ਬਿਆਨ ਕਰਦਿਆਂ ਲਿਖਿਆ ਹੈ ਕਿ ਸਭ ਸੁੰਦਰਤਾ ਉਸ ਪ੍ਰਭੂ ਦੀ ਬਖਸ਼ਿਸ਼ ਹੈ "**ਪੂਰਨਮਾ ਪੂਰਨ ਪ੍ਰਭ ਏਕੁ ਕਰਣ ਕਾਰਣ ਸਮਰਥੁ**" ॥ (ਪੰਨਾ 300) ਪੂਰਨ ਚੰਦਰਮਾ ਵਿੱਚ ਸਤਿਗੁਰੂ ਜੀ ਕੋਈ ਪਾਪ ਪੁੰਨ ਆਦਿਕ ਜਾਂ ਅਗਲੇ ਜਨਮ ਵਿੱਚ ਮਿਲਣ ਵਾਲੇ ਮਹਾਤਮ ਬਾਰੇ ਨਹੀਂ ਦੇਖਦੇ ਸਗੋਂ ਇਸ ਮਨਮੋਹਕ ਦ੍ਰਿਸ਼ ਦੇ ਪ੍ਰਭਾਵ ਅਧੀਨ ਸਹਿਜ ਦੇ ਪ੍ਰਕਾਸ਼ ਕਰਨ ਵੱਲ ਹੀ ਇਸ਼ਾਰਾ ਕਰਦੇ ਹਨ **"ਪੂਨਿਉ ਪੂਰਾ ਚੰਦ ਅਕਾਸ ॥ ਪਸਰਹਿ ਕਲਾ ਸਹਜ ਪਰਗਾਸ"॥** (ਪੰਨਾ 344) ਗੁਰੂ ਜੀ ਦੇ ਵਿਚਾਰਾਂ ਦੇ ਵਿਦਵਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਤਾਂ ਹੋਰ ਵੀ ਸਪੱਸ਼ਟ ਕਰਕੇ ਲਿਖਦੇ ਹਨ, "**ਕੋਈ ਪੂਜੇ ਚੰਦ ਸੂਰ, ਕੋਈ ਧਰਤ ਅਕਾਸ਼ ਮਨਾਵੈ ॥ ਪਾਉਣ ਪਾਣੀ ਬੈਸੰਤਰੋ,ਧਰਮਰਾਜ ਕੋਈ ਤ੍ਰਿਪਤਾਵੈ ॥ ਫੋਕਟਿ ਧਰਮੀ ਭਰਮਿ ਭੁਲਾਵੈ** ॥ (ਪਉੜੀ 18.1) ਗੁਰੂ ਜੀ "ਚੰਦ" ਸ਼ਬਦ ਨੂੰ "ਗਿਆਨ" ਦੇ ਅਰਥਾਂ ਵਿੱਚ ਵਰਤਦੇ ਹਨ, **"ਗੁਰ ਪਰਸਾਦਿ ਸਹਜ ਘਰ ਪਾਇਆ, ਮਿਟਿਆ ਅੰਧੇਰਾ "ਚੰਦੁ" ਚੜਿਆ"॥** (ਪੰਨਾ 393)

ਹੁਣ ਵਿਗਿਆਨ ਨੇ ਸਿੱਧ ਕਰ ਦਿੱਤਾ ਹੈ ਕਿ ਚੰਦਰਮਾ ਨਾਲ ਕੋਈ ਧਾਰਮਿਕ ਅਕੀਦਾ ਜੋੜਨਾ ਹੂੜ ਮੱਤ ਅਤੇ ਵਹਿਮ ਹੀ ਹੈ ਜਿਸ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ। ਇਹ ਗੱਲ ਸਭ ਤੋਂ ਪਹਿਲਾਂ ਬਰੂਨੋ (Giordano Bruno) ਨੇ ਕਹੀ ਸੀ ਅਤੇ ਵਿਚਾਰ ਪੇਸ਼ ਕੀਤਾ ਸੀ ਕਿ ਚੰਦ ਵੀ ਸਾਡੀ ਧਰਤੀ ਵਰਗਾ ਹੀ ਇੱਕ ਗ੍ਰਹਿ ਹੈ ਜੋ ਹੋਰਨਾਂ ਗ੍ਰਹਿਆਂ ਵਾਂਗ ਆਕਾਸ਼ ਵਿੱਚ ਉੱਡਿਆ ਫਿਰ ਰਿਹਾ ਹੈ । 1610 ਈ: ਵਿੱਚ ਗੈਲੀਲੀਓ ਨੇ ਵੀ ਇਸ ਵਿਚਾਰ ਦੀ ਪੁਸ਼ਟੀ ਕਰ ਦਿੱਤੀ ਪਰ ਇਹ

---

[166] In Kabbalah Judism,the power of the moon,is the symbol of king David.Upon seeing the new moon they say, "David the king of Israel is alive forever."

ਵਿਚਾਰ ਉਸ ਵੇਲੇ ਦੇ ਧਾਰਮਿਕ ਵਿਦਵਾਨਾਂ ਨੂੰ ਹਜ਼ਮ ਕਰਨੇ ਔਖੇ ਸਨ ਜੋ ਚੰਦਰਮਾ ਨੂੰ ਪੂਜਨੀਕ ਦੇਵਤਾ ਜਾਂ ਦੇਵੀ ਸਮਝਦੇ ਸਨ । ਇਨ੍ਹਾਂ ਦੋਹਾਂ ਵਿਦਵਾਨਾਂ ਨੂੰ ਅਜਿਹੇ ਧਾਰਮਿਕ ਵਿਰੋਧੀ ਵਿਚਾਰ ਪੇਸ਼ ਕਰਨ ਕਰਕੇ ਤਸੀਹੇ ਦਿੱਤੇ ਗਏ ।[167] 1665 ਵਿੱਚ ਇੱਕ ਵਾਰ ਫੇਰ ਨਿਊਟਨ ਨੇ ਚੰਦਰਮਾ ਦੀ ਗਰੂਤਾ ਆਕਰਸ਼ਨ ਬਾਰੇ ਤਾਂ ਵਿਚਾਰ ਪੇਸ਼ ਕੀਤੇ ਪਰ ਚੰਦਰਮਾ ਦਾ ਧਰਮ ਨਾਲ ਕੋਈ ਸਬੰਧ ਹੋਣ ਜਾਂ ਨਾ ਹੋਣ ਬਾਰੇ ਚੁੱਪ ਰਹਿਣਾ ਹੀ ਠੀਕ ਸਮਝਿਆ । ਵੀਹਵੀਂ ਸਦੀ ਵਿੱਚ ਸਾਇੰਸ ਨੇ ਬਹੁਤ ਲੰਮੀਆਂ ਪੁਲਾਂਘਾਂ ਪੁੱਟੀਆਂ ਅਤੇ 21 ਜੁਲਾਈ 1969 ਨੂੰ ਨੀਲ ਆਰਮਸਟਰੌਂਗ ਅਤੇ ਐਡਵਿਨ ਆਰਨੋਲਡ ਨੇ ਚੰਦਰਮਾ ਦੇਵੀ ਦੀ ਹਿੱਕ ਉੱਪਰ ਝੰਡਾ ਜਾ ਗੱਡਿਆ। ਪਤਾ ਨਹੀਂ ਚੰਦ੍ਰਮਾ ਨੂੰ ਧਾਰਮਿਕਤਾ ਨਾਲ ਸ਼ਿੰਗਾਰਨ ਵਾਲੇ ਧਾਰਮਿਕ ਆਗੂ ਕਿਹੜੇ ਚੰਦਰਮਾ ਦੀ ਪੂਜਾ ਕਰਨਗੇ ਜਦ ਕਿ ਸਾਇੰਸ ਨੇ ਸਾਬਤ ਕਰ ਦਿੱਤਾ ਹੈ ਕਿ ਸਾਡੇ ਚੰਦ ਵਰਗੇ 60 ਹੋਰ ਚੰਦ ਹੁਣ ਤੱਕ ਲੱਭ ਚੁੱਕੇ ਹਨ ।[168] ਇਕੱਲੇ ਸ਼ਨੀ ਗ੍ਰਹਿ (Saturn) ਉਦਾਲੇ ਹੀ 20 ਚੰਦ੍ਰਮਾ ਘੁੰਮ ਰਹੇ ਹਨ । ਧਰਤੀ ਅਤੇ ਪਲੂਟੋ ਦੇ ਉਦਾਲੇ ਇੱਕ ਇੱਕ ਚੰਦ੍ਰਮਾ ਪਰਕਰਮਾ ਕਰ ਰਿਹਾ ਹੈ । ਸ਼ਾਇਦ ਗੁਰੂ ਨਾਨਕ ਦੇਵ ਜੀ ਦੇ ਵਿਗਿਆਨਕ ਵਿਚਾਰ ਜੋ ਅੱਜ ਦੀ ਖੋਜ ਤੋਂ 500 ਸਾਲ ਪਹਿਲਾਂ ਪੇਸ਼ ਕੀਤੇ ਗਏ ਸਨ ਅਜੇ ਵੀ ਸਾਡੇ ਕੁੱਝ ਸਾਧਾਂ ਸੰਤਾਂ ਦੇ ਦਿਮਾਗ਼ ਵਿੱਚ ਸਰਾਇਤ ਨਹੀਂ ਕਰ ਸਕੇ ਜੋ ਪੂਰਨਮਾਸ਼ੀਆਂ ਆਦਿਕ ਮਨਾਉਣ ਨੂੰ ਵਰਦਾਨ ਸਮਝਦੇ ਹਨ । ਗੁਰੂ ਜੀ ਲਿਖਦੇ ਹਨ, "**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ**" ॥ (ਪੰਨਾ 7) ਆਪ ਦ੍ਰਿੜ ਕਰਵਾਉਂਦੇ ਹਨ ਕਿ ਇਹ ਸਾਰੇ ਚੰਦ ਸੂਰਜ ਜਿਨ੍ਹਾਂ ਦੀ ਗਿਣਤੀ ਕਰਨੀ ਵੀ ਮੁਸ਼ਕਲ ਹੈ, ਸਾਰੇ ਉਸੇ ਵਾਹਿਗੁਰੂ ਦੀ ਕਿਰਤ ਹਨ ਜਿਸ ਨਾਲ ਸਾਨੂੰ ਜੁੜਨਾ ਚਾਹੀਦਾ ਹੈ। "**ਅਨਿਕ ਬਿਸਥਾਰ ਏਕ ਤੇ ਭਏ**" ॥ (ਪੰਨਾ 289)

## 8.1 ਚੰਦਰਮਾ ਦੀ ਉੱਤਪਤੀ

ਚੰਦਰਮਾ ਕਿਵੇਂ ਹੋਂਦ ਵਿੱਚ ਆਇਆ ਹੋਵੇਗਾ ? ਇਸ ਪ੍ਰਸ਼ਨ ਦੇ ਉਤਰ ਬਾਰੇ ਬਹੁਤ ਸਾਰੇ ਵਿਦਵਾਨਾਂ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ ਹਨ । ਪ੍ਰਸਿੱਧ ਖੋਜੀ ਚਾਰਲਸ ਡਾਰਵਿਨ ਦੇ ਪੁੱਤਰ ਜਾਰਜ ਡਾਰਵਿਨ ਦਾ ਖ਼ਿਆਲ ਹੈ ਕਿ ਘੁੰਮਦੀ ਹੋਈ ਧਰਤੀ ਨਾਲੋਂ ਕੁਝ ਹਿੱਸਾ ਟੁਟ ਕੇ ਅੱਡ ਹੋ ਗਿਆ ਅਤੇ ਇੱਸੇ ਧਰਤੀ ਦੁਆਲੇ ਘੁੰਮਣ

[167] ਹੁਣ ਉਸੇ ਚਰਚ ਅਤੇ ਪੋਪ ਨੇ ਤਾਰਾ ਵਿਗਿਆਨ ਦੀ ਪ੍ਰਯੋਗਸ਼ਾਲਾ ਖੋਲ੍ਹ ਰੱਖੀ ਹੈ ਜਿੱਥੇ ਹਰ ਰੋਜ਼ ਸ਼ਕਤੀਸ਼ਾਲੀ ਦੂਰਬੀਨਾਂ ਰਾਹੀਂ ਆਕਾਸ਼ੀ ਪਿੰਡਾਂ ਬਾਰੇ ਗਿਆਨ ਪ੍ਰਾਪਤ ਕੀਤਾ ਜਾਂਦਾ ਹੈ ।

[168] ਇਹ ਗੱਲ ਅਜ ਦੇ ਸਾਇੰਸਦਾਨ ਵੀ ਮੰਨਦੇ ਹਨ ਕਿ ਚੰਦ ਇੱਕ ਨਹੀਂ ਕਰੋੜਾਂ ਹੀ ਹਨ । ਗੁਰੂ ਜੀ ਵੀ ਇਹੀ ਕਹਿੰਦੇ ਹਨ "ਕੋਟਿ ਚੰਦ੍ਰਮੇ ਕਰਹਿ ਚਰਾਕ" ॥ (ਪੰਨਾ 1162)



ਲੱਗ ਪਿਆ । ਇਸ ਸਿਧਾਂਤ ਨੂੰ ਵਿਭਾਜਨ ਸਿਧਾਂਤ (Fission Theory) ਦਾ ਨਾਂ ਦਿੱਤਾ ਗਿਆ । ਸਾਇੰਸਦਾਨਾਂ ਦਾ ਖਿਆਲ ਹੈ ਕਿ ਧਰਤੀ ਦੇ ਜਿਸ ਹਿੱਸੇ ਨਾਲੋਂ ਚੰਦ ਟੁੱਟਿਆ ਉਹ ਭਾਗ ਹੁਣ ਸ਼ਾਂਤ ਮਹਾਂ ਸਾਗਰ ਬਣ ਗਿਆ ਹੈ ।

1980 ਵਿੱਚ ਅਜਿਹਾ ਹੀ ਇੱਕ ਹੋਰ ਸਿਧਾਂਤ ਪੇਸ਼ ਕੀਤਾ ਗਿਆ ਤੇ ਕਿਹਾ ਗਿਆ ਕਿ ਮੰਗਲ ਸਿਤਾਰੇ ਜਿੱਡਾ ਕੋਈ ਗ੍ਰਹਿ ਧਰਤੀ ਨਾਲ ਟਕਰਾਇਆ ਜਿਸ ਨੇ ਧਰਤੀ ਦਾ ਇੱਕ ਹਿੱਸਾ ਇਸ ਤੋਂ ਅਲੱਗ ਕਰ ਦਿੱਤਾ । ਇਹ ਟੁੱਟਿਆ ਹੋਇਆ ਭਾਗ ਚੰਦ੍ਰਮਾ ਬਣ ਗਿਆ ।[169] ਇੱਕ ਹੋਰ ਸਿਧਾਂਤ (Capture Theory) ਅਨੁਸਾਰ ਧਰਤੀ ਕੋਲ ਦੀ ਲੰਘਦਾ ਇੱਕ ਗ੍ਰਹਿ ਧਰਤੀ ਦੀ ਆਕਰਖਣ ਸ਼ਕਤੀ ਨੇ ਖਿੱਚ ਲਿਆ ਅਤੇ ਉਹ ਇਸ ਦੇ ਦੁਆਲੇ ਘੁੰਮਣ ਲੱਗ ਪਿਆ। ਗਣਿਤ ਵਿਦਿਆ ਦੇ ਮਾਹਰ ਦੱਸਦੇ ਹਨ ਕਿ $4.6 \times 10^9$ ਸਾਲ ਪਹਿਲਾਂ ਧਰਤੀ ਅਤੇ ਚੰਦਰਮਾ ਇੱਕ ਦੂਜੇ ਦੇ ਬਹੁਤ ਨੇੜੇ ਸਨ । ਵਰਲਡ ਬੁੱਕ ਐਨਸਾਈਕਲੋਪੀਡੀਆ ਵਿੱਚ ਲਿਖਿਆ ਹੈ ਕਿ ਇੱਕ ਮੌਕੇ ਚੰਦਰਮਾ ਧਰਤੀ ਤੋਂ ਕੇਵਲ 10,000 ਮੀਲ ਹੀ ਦੂਰ ਸੀ ।

1879 ਵਿੱਚ ਜਾਰਜ ਐਚ ਡਾਰਵਿਨ (George H. Darwin) ਨੇ ਵਿਚਾਰ ਪੇਸ਼ ਕੀਤਾ ਕਿ ਕਿਸੇ ਵੇਲੇ ਧਰਤੀ ਅਤੇ ਚੰਦਰਮਾ ਇੱਕੋ ਹੀ ਗ੍ਰਹਿ ਸਨ ਤੇ ਇਹ ਇੱਕੋ ਹੀ ਨੀਹਾਰਕਾ (Nebula) ਤੋਂ ਵਿੱਛੜਕੇ ਹੋਂਦ ਵਿੱਚ ਆਏ । ਸਿੱਖ ਧਰਮ ਅਨੁਸਾਰ ਪਰਮਾਤਮਾ ਨੇ ਚੰਦ ਅਤੇ ਸੂਰਜ ਇੱਕੋ ਮੌਕੇ ਬਣਾ ਦਿੱਤੇ ਸਨ । "**ਸੁੰਨਹ ਚੰਦੁ ਸੂਰਜੁ ਗੈਣਾਰੇ ॥ ਤਿਸ ਕੀ ਜੋਤਿ ਤ੍ਰਿਭਵਣ ਸਾਰੇ**" ॥ (ਪੰਨਾ 1037) ਤਥਾ "**ਚੰਦੁ ਸੂਰਜੁ ਦੁਇ ਸਾਥ ਚਲਾਈ**" ॥ (ਪੰਨਾ 484) ਇਹ ਵਿਚਾਰ ਸਾਇੰਸਦਾਨਾਂ ਦੇ ਉਪ੍ਰੋਕਤ ਅੰਤਲੇ ਵਿਚਾਰ ਨਾਲ ਕਿਸੇ ਹੱਦ ਤੱਕ ਮੇਲ ਖਾਂਦੇ ਹਨ ।

## 8.2 ਚੰਦਰਮਾ ਧਰਤੀ ਤੋਂ ਕਿੰਨੀ ਦੂਰ ਹੈ?

16ਵੀਂ ਸਦੀ ਤੱਕ ਕਿਸੇ ਨੂੰ ਇਹ ਪਤਾ ਨਹੀਂ ਸੀ ਕਿ ਚੰਦਰਮਾ ਧਰਤੀ ਤੋਂ ਕਿੰਨੀ ਦੂਰ ਹੈ । ਪੁਲਾੜ ਯਾਤ੍ਰੀਆਂ ਦੇ ਚੰਦ ਉੱਪਰ ਜਾਣ ਨਾਲ ਹੁਣ ਅਸੀਂ ਨਾ ਕੇਵਲ ਦੂਰੀ ਬਾਰੇ ਹੀ ਵਾਕਿਫ ਹਾਂ ਬਲਕਿ ਚੰਦ੍ਰਮਾਂ ਦੀ ਮਿੱਟੀ ਵੀ ਸਾਡੇ ਹੱਥਾਂ ਵਿੱਚ ਆ ਗਈ ਹੈ । ਦੂਰੀ ਲੱਭਣ ਲਈ ਕੁੱਝ ਵਿਗਿਆਨੀਆਂ (Apollo Astronauts) ਨੇ

[169] ਕਿਸੇ ਹੱਦ ਤੱਕ ਇਹ ਵਿਚਾਰ ਠੀਕ ਵੀ ਜਾਪਦਾ ਹੈ ਕਿਉਂਕਿ ਚੰਦਰਮਾ ਦੀ ਮਿੱਟੀ (Regolith) ਦੇ ਨਿਰੀਖਸ਼ਣ ਤੋਂ ਪਤਾ ਚੱਲਿਆ ਹੈ ਕਿ ਚੰਦਰਮਾ ਦੀ ਮਿੱਟੀ ਧਰਤੀ ਦੀ ਮਿੱਟੀ ਵਰਗੀ ਹੀ ਹੈ । ਇਸ ਵਿੱਚ ਘੱਟ ਵੱਧ ਲਗਭਗ ਸਾਰੀਆਂ ਧਰਤੀ ਵਾਲੀਆਂ ਹੀ ਧਾਤਾਂ ਹਨ ਪਰ ਕੋਈ ਮਾਰਮਿਕ ਪਦਾਰਥ (Organic Matter) ਨਹੀਂ ਹੈ। ਮਾਰਮਿਕ ਪਦਾਰਥ ਜੀਵ ਜੰਤੂਆਂ ਅਤੇ ਬਨਸਪਤੀ ਦੇ ਗਲਣ ਸੜਨ ਨਾਲ ਬਣਦਾ ਹੈ । ਚੰਦਰਮਾ ਉੱਪਰ ਪਾਣੀ ਅਤੇ ਹਵਾ ਨਾ ਹੋਣ ਕਰਕੇ ਬਨਸਪਤੀ ਅਤੇ ਜੀਵਨ ਨਹੀਂ ਪਨਪ ਸਕਦੇ ਸੋ ਮਾਰਮਿਕ ਪਦਾਰਥ ਨਹੀਂ ਬਣਦਾ । ਚੰਦ ਦੀ ਉਮਰ ਵੀ ਧਰਤੀ ਜਿੰਨੀ ਹੀ ਹੈ (4.6 ਬਿਲੀਅਨ ਸਾਲ )।

ਚੰਦ ਉੱਪਰ ਇੱਕ ਸ਼ੀਸ਼ਾ ਭੇਜਿਆ । ਅੰਤਰ ਰਾਸ਼ਟ੍ਰੀ ਵਿਗਿਆਨੀਆਂ ਨੇ ਹਵਾਈ (Hawaii), ਫਰਾਂਸ, ਜਰਮਨੀ ਅਤੇ ਟੈਕਸਾਸ ਤੋਂ ਲੇਜ਼ਰ ਬੀਮ (ਬਿਜਲਈ ਕਿਰਨਾਂ) ਛੱਡੀਆਂ ਜੋ ਚੰਦ ਉੱਪਰ ਰੱਖੇ ਸ਼ੀਸ਼ੇ ਵਿੱਚ ਵੱਜ ਕੇ (After Reflection) 2,65284 ਮਿੰਟਾਂ ਵਿੱਚ ਵਾਪਸ ਆ ਗਈਆਂ । ਲੇਜ਼ਰ ਰੇਜਿੰਗ ਦੀ ਵਿਧੀ ਨਾਲ ਸਾਇੰਸਦਾਨਾਂ ਨੇ ਲੱਭ ਲਿਆ ਕਿ ਚੰਦ੍ਰਮਾ ਧਰਤੀ ਤੋਂ 15,654,023,458 ਇੰਚ (247064.76417298 ਮੀਲ) ਦੂਰ ਹੈ । ਚੰਦਰਮਾਂ ਦੀ ਧਰਤੀ ਤੋਂ ਦੂਰੀ ਬਦਲਦੀ ਰਹਿੰਦੀ ਹੈ । 11.12.2008 ਨੂੰ ਚੰਦਰਮਾਂ ਵੱਧ ਤੋਂ ਵੱਧ ਧਰਤੀ ਦੇ ਨੇੜੇ ਸੀ । ਧਰਤੀ ਅਤੇ ਚੰਦ੍ਰਮਾਂ ਵਿਚਕਾਰਲਾ ਫਾਸਲਾ 2000 ਮੀਲ ਤੋਂ ਲੇ ਕੇ 30,000 ਮੀਲ ਤੱਕ ਘੱਟਦਾ ਵੱਧਦਾ ਰਹਿੰਦਾ ਹੈ । ਆਸਟਨ (ਟੈਕਸਾਸ) ਦੀ ਮੈਕਡਾਨਲਡ ਤਾਰਾ ਵਿਗਿਆਨ ਪ੍ਰਯੋਗਸ਼ਾਲਾ ਵਿੱਚ ਕੰਮ ਕਰ ਰਹੇ ਡਾਕਟਰ ਪੀਟਰ ਸ਼ੇਲਅਸ ਦਾ ਕਹਿਣਾ ਹੈ, *"ਭਾਵੇਂ ਅਸੀਂ ਲੇਜ਼ਰ ਨਾਲ ਇੱਕ ਇੰਚ ਤੱਕ ਦੇ ਫਾਸਲੇ ਨੂੰ ਵੀ ਸਹੀ ਸਹੀ ਮਿਣ ਸਕਦੇ ਹਾਂ ਪ੍ਰੰਤੂ ਆਕਾਸ਼ੀ ਪਿੰਡਾਂ ਦੇ ਪਰਿਪੇਖ ਵਿੱਚ ਇਹ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਅਜਿਹੇ ਪੁਲਾੜੀ ਫਾਸਲੇ ਕੇਵਲ ਥੋੜੇ ਸਮੇਂ ਲਈ ਹੀ ਸਹੀ ਹੁੰਦੇ ਹਨ। ਧਰਤੀ ਅਤੇ ਚੰਦ੍ਰਮਾ ਦੋਵੇਂ ਘੁੰਮ ਰਹੇ ਹਨ ਅਤੇ ਇੰਨ੍ਹਾਂ ਦੇ ਗ੍ਰਹਿ ਪੱਥ (Orbits) ਪੂਰੀ ਤਰ੍ਹਾਂ ਗੋਲ ਨਹੀਂ ਸਗੋਂ ਅੰਡੇ ਵਰਗੇ ਬੈਜ਼ਵੀ (ਅੰਡਕਾਰ) ਹਨ"*।[170] ਇਹੀ ਕਾਰਨ ਹੈ ਕਿ ਕਦੇ ਚੰਦ ਧਰਤੀ ਤੋਂ ਦੂਰ ਹੁੰਦਾ ਹੈ ਕਦੇ ਨੇੜੇ ।

ਸਿੱਖ ਗੁਰੂ ਸਾਹਿਬਾਨ ਭੌਤਕ ਵਿਗਿਆਨੀ ਨਹੀਂ ਸਨ ਅਤੇ ਉਨ੍ਹਾਂ ਦਾ ਇਸ ਗੱਲ ਨਾਲ ਕੋਈ ਵਾਸਤਾ ਨਹੀਂ ਸੀ ਕਿ ਚੰਦ੍ਰਮਾਂ ਧਰਤੀ ਤੋਂ ਕਿੰਨੀ ਦੂਰ ਹੈ । ਤਦ ਵੀ ਜੇ ਕਰ ਗੁਰੂ ਨਾਨਕ ਸਾਹਿਬ ਦੀ ਜਨਮ ਸਾਖੀ ਨੂੰ ਹੀ ਵਿਚਾਰੀਏ ਤਾਂ ਇਸ ਵਿੱਚ ਗੁਰੂ ਜੀ ਵੱਲੋਂ ਦਿੱਤਾ ਗਿਆ ਫਾਸਲਾ 52000 ਯੋਜਨ ਦੱਸਿਆ ਗਿਆ ਹੈ ।[171] ਇਹ ਫਾਸਲਾ 236363.63 ਮੀਲ ਬਣਦਾ ਹੈ ਤੇ ਇਸ ਦਾ ਵਿਗਿਆਨੀਆਂ ਵੱਲੋਂ ਦੱਸੇ ਫਾਸਲੇ ਨਾਲੋਂ ਕੇਵਲ 2503 ਮੀਲ ਦਾ ਫਰਕ ਹੈ । ਕਰੋੜਾਂ ਮੀਲਾਂ ਦੇ ਫਾਸਲਿਆਂ ਵਿੱਚ ਇਨਾਂ ਕੁ ਫਰਕ ਵਿਗਿਆਨੀਆਂ ਵੱਲੋਂ ਦੱਸੇ ਫਾਸਲਿਆਂ ਵਿੱਚ ਵੀ ਦੇਖਿਆ ਜਾ ਸਕਦਾ ਹੈ । 1969 ਵਿੱਚ ਸਾਇੰਸਦਾਨਾ ਨੇ ਵੀ ਇਹੋ ਫਾਸਲਾ 225742 ਮੀਲ ਮਿਣਿਆ ਸੀ ।"ਚੰਦ੍ਰਮਾਂ ਦਾ ਧਰਤੀ ਤੋਂ ਵੱਧ ਤੋਂ ਵੱਧ ਫਾਸਲਾ 250,000 ਮੀਲ

[170] ਧਰਤੀ ਤੋਂ ਚੰਦ੍ਰਮਾਂ ਤੱਕ ਔਸਤਨ ਤਿੰਨ ਫਾਸਲੇ ਲਏ ਜਾਂਦੇ ਹਨ (1) ਪੈਡਿਗਰੀ ਫਾਸਲਾ 222,756 ਮੀਲ (2) ਐਪੋਜੀ ਫਾਸਲਾ 254,186 ਮੀਲ ਅਤੇ (3) ਦੋਹਾਂ ਦਾ ਮੱਧਪ੍ਰੀਣਾਮ ਜਾਂ ਔਸਤ 238,866 ਮੀਲ ਬਣਦੀ ਹੈ ।

[171] ਜਨਮ ਸਾਖੀ ਭਾਈ ਬਾਲਾ ਸਾਖੀ ਨੰਬਰ 42 ਪੰਨਾ 291 ਪ੍ਰਕਾਸ਼ਨਾ ਕਿਰਪਾਲ ਸਿੰਘ ਐਂਡ ਸਨਜ਼ ਅਮ੍ਰਿੰਤਸਰ। ਇੱਕ ਯੋਜਨ 4.5454545 ਕੋਹ ਦਾ ਹੁੰਦਾ ਹੈ ਅਤੇ ਇੱਕ ਕੋਹ 1.1363636 ਮੀਲ ਦੇ ਬਰਾਬਰ ਹੁੰਦੀ ਹੈ ।



ਮੰਨਿਆ ਜਾਂਦਾ ਹੈ" (Origin of the solar system p.264) । ਉਪ੍ਰੋਕਤ ਤੱਥਾਂ ਨੂੰ ਵਿਚਾਰ ਕੇ ਹੈਰਾਨੀ ਹੁੰਦੀ ਹੈ ਕਿ ਪੰਦਰ੍ਹਵੀਂ ਸੋਲ੍ਹਵੀ ਸਦੀ ਵਿੱਚ ਵੀ ਜਦ ਕਿ ਸਾਇੰਸ ਨੂੰ ਕੋਈ ਜਾਣਦਾ ਤੱਕ ਨਹੀਂ ਸੀ ਗੁਰੂ ਜੀ ਵੱਲੋਂ ਦਿੱਤਾ ਗਿਆ ਫਾਸਲਾ ਕਿੰਨਾ ਵਚਿੱਤਰ ਹੈ।

## 8.3 ਚੰਦਰਮਾ ਦਾ ਸੂਰਜ ਨਾਲ ਸੰਬੰਧ

ਕੁੱਝ ਵਿਗਿਆਨੀਆਂ ਦਾ ਵਿਚਾਰ ਹੈ ਕਿ ਚੰਦ੍ਰਮਾਂ ਵੀ ਪਹਿਲਾਂ ਸੂਰਜ ਦਾ ਹੀ ਇੱਕ ਭਾਗ ਸੀ ਜੋ ਸੂਰਜ ਨਾਲੋਂ ਟੁੱਟ ਕੇ ਠੰਢਾ ਹੁੰਦਾ ਗਿਆ ਅਤੇ ਆਪਣੀ ਰੌਸ਼ਨੀ ਗਵਾ ਬੈਠਾ । 1564 ਵਿੱਚ ਗੈਲੀਲੀਓ ਨਾਮ ਦੇ ਇੱਕ ਵਿਗਿਆਨੀ ਨੇ ਇਹ ਵਿਚਾਰ ਦਿੱਤਾ ਸੀ ਕਿ ਚੰਦ੍ਰਮਾਂ ਸੂਰਜ ਤੋਂ ਰੌਸ਼ਨੀ ਉਧਾਰੀ ਲੈ ਕੇ ਚਮਕਦਾ ਹੈ । ਗੈਲੀਲੀਓ ਨੂੰ ਸ਼ਾਇਦ ਇਹ ਪਤਾ ਹੀ ਨਹੀਂ ਸੀ ਕਿ ਉਸ ਤੋਂ ਪਹਿਲਾਂ ਇਹੋ ਗੱਲ ਗੁਰੂ ਨਾਨਕ ਦੇਵ ਜੀ (1469-1539) ਕਹਿ ਚੁੱਕੇ ਸਨ । **"ਚੰਦੁ ਸੂਰਜੁ ਦੁਇ ਦੀਪਕ ਰਾਖੇ ਸਸਿ ਘਰਿ ਸੂਰੁ ਸਮਾਇਦਾ" ॥ ( ਪੰਨਾ 1033) ਅਤੇ "ਸਸਿ ਘਰਿ ਸੂਰ ਵਸੈ ਮਿਟੈ ਅੰਧਿਆਰਾ"** ॥ (ਪੰਨਾ 943)[172] ਗੁਰੂ ਜੀ ਨੇ ਕੇਵਲ ਚੰਦਰਮਾ ਹੀ ਨਹੀਂ ਸਗੋਂ ਤਾਰਿਆ ਬਾਰੇ ਵੀ ਦੱਸ ਦਿੱਤਾ ਸੀ ਕਿ ਤਾਰਿਆਂ ਵਿੱਚ ਵੀ ਆਪਣੀ ਰੌਸ਼ਨੀ ਨਹੀਂ ਉਹ ਵੀ ਸੂਰਜ ਦੀ ਰੌਸ਼ਨੀ ਨਾਲ ਹੀ ਚਮਕਦੇ ਹਨ ।

**"ਝਿਲਮਿਲਿ ਝਿਲਕੈ ਚੰਦੁ ਨ ਤਾਰਾ" ॥ (ਪੰਨਾ 1033)**

[172] "ਸਸੀਅਰ ਕੈ ਘਰਿ ਸੂਰ ਸਮਾਵੈ" ॥ (ਪੰਨਾ 840), "ਸੂਰਜ ਚੰਦੁ ਕਰਹਿ ਉਜੀਆਰਾ" ॥ (ਪੰਨਾ 329). "ਸਸਿ ਘਰਿ ਸੂਰੁ ਦੀਪਕੁ ਗੈਣਾਰੇ" ॥ (ਪੰਨਾ 1041)

# ਅਧਿਆਇ 9

## ਧਰਮ ਅਤੇ ਸਮਾਜਿਕ ਵਿਗਿਆਨ

ਸਿੱਖ ਧਰਮ ਵਿੱਚ ਸਮਾਜਿਕ ਵਿਗਿਆਨ ਨੂੰ ਧਰਮ ਦਾ ਹੀ ਇੱਕ ਜ਼ਰੂਰੀ ਅੰਗ ਮੰਨਿਆ ਜਾਂਦਾ ਹੈ । ਸਿੱਖ ਨੇ ਜਿੱਥੇ ਆਪ ਆਤਮਿਕ ਅਤੇ ਮਾਨਸਿਕ ਤੌਰ ਤੇ ਉਨਤੀ ਕਰਨੀ ਹੈ ਉੱਥੇ ਨਾਲ ਹੀ ਉਸ ਦਾ ਇਹ ਵੀ ਫਰਜ਼ ਦੱਸਿਆ ਗਿਆ ਹੈ ਕਿ ਉਸ ਨੇ ਬਗੈਰ ਕੋਈ ਵਿਤਕਰਾ ਕੀਤਿਆਂ ਸਮਾਜ ਦੇ ਹਰ ਜੀਵ ਦੀ ਸੇਵਾ ਲਈ ਤੱਤਪਰ ਰਹਿਣਾ ਹੈ ਤੇ ਸਮਾਜ ਨੂੰ ਉੱਨਤ ਕਰਨਾ ਹੈ । ਇੱਥੇ ਅਸੀਂ ਸਿੱਖ ਗੁਰੂਆਂ ਵੱਲੋਂ ਸਮਾਜਿਕ ਕਦਰਾਂ ਕੀਮਤਾਂ ਨਾਲ ਸੰਬੰਧਤ ਵਿਸ਼ਿਆਂ ਬਾਰੇ ਚਰਚਾ ਕਰਾਂਗੇ ਤੇ ਦੇਖਾਂਗੇ ਕਿ ਉਹ ਅਧੁਨਿਕ ਮਨੋਵਿਗਿਆਨਕ, ਰਾਜਨੀਤਕ ਅਤੇ ਸਮਾਜਕ ਸੋਚ ਨਾਲ ਕਿਸ ਹੱਦ ਤੱਕ ਮੇਲ ਖਾਂਦੇ ਹਨ । ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਹ ਵਿਸ਼ੇ ਸੰਸਾਰ ਦੇ ਕਿਸੇ ਹੋਰ ਧਰਮ ਨੇ ਨਹੀਂ ਛੋਹੇ ਅਤੇ ਇਹ ਐਸੇ ਵਿਸ਼ੇ ਹਨ ਜੋ ਸਦਾ ਲਈ ਇਨਸਾਨ ਵਾਸਤੇ ਜ਼ਰੂਰੀ ਬਣੇ ਰਹਿਣਗੇ । ਅਸੀਂ ਦੇਖਾਂਗੇ ਕਿ ਇਨ੍ਹਾਂ ਵਿਸ਼ਿਆਂ ਬਾਰੇ ਵੀ ਸਿੱਖ ਗੁਰੂ ਸਾਹਿਬਾਨ ਦਾ 500 ਸਾਲ ਪਹਿਲਾਂ ਦਿੱਤਾ ਦ੍ਰਿਸ਼ਟੀਕੋਣ ਵਿਗਿਆਨਕ ਸੀ ਅਤੇ ਨਾ ਕੇਵਲ ਦਲ਼ੀਲ ਤੇ ਪੂਰਾ ਉੱਤਰਦਾ ਹੈ ਸਗੋਂ ਇਨ੍ਹਾਂ ਵਿਸ਼ਿਆਂ ਬਾਰੇ ਆਧੁਨਿਕ ਵਿਦਵਾਨਾਂ ਦੇ ਵਿਚਾਰਾਂ ਦੇ ਵੀ ਕਿੰਨਾ ਨੇੜੇ ਹੈ ।

### 9.1 ਧਰਮ ਅਤੇ ਰਾਜਨੀਤੀ

ਰਾਜਨੀਤੀ ਦਾ ਮਤਲਬ ਹੈ ਸਮਾਜ ਸੇਵਾ ਲਈ ਸਰਕਾਰ ਬਣਾਉਣਾ ਤਾਂ ਜੋ ਸਮਾਜ ਦੇ ਸਾਂਝੇ ਭਲੇ ਦੇ ਕੰਮ ਕੀਤੇ ਜਾ ਸਕਣ । ਸੱਚਾ ਧਰਮ ਵੀ ਇਨਸਾਨ ਨੂੰ ਨਿਸ਼ਕਾਮ ਸੇਵਾ ਰਾਹੀਂ ਸਮਾਜ ਕਲਿਆਣ ਕਰਨ ਲਈ ਉਤਸਾਹਿਤ ਕਰਦਾ ਹੈ ਤੇ ਮਨੁੱਖ ਨੂੰ ਸਮਾਜ ਪ੍ਰਤੀ ਆਪਣੇ ਫਰਜ਼ ਦ੍ਰਿੜ ਕਰਵਾਕੇ ਸਾਫ ਸੁਥਰਾ ਸਮਾਜ ਸਿਰਜਣ ਲਈ ਪ੍ਰੇਰਣਾ ਦਿੰਦਾ ਹੈ । ਇਹ ਹਰ ਵਿਅਕਤੀ ਨੂੰ ਉਸ ਦੇ ਫਰਜ਼ਾਂ ਪ੍ਰਤੀ ਜਾਗਰੂਕ ਕਰਦਾ ਹੈ । ਸਰਕਾਰ ਦਾ ਮੁੱਖ ਕਰਤਵ ਮਨੁੱਖੀ ਸਮਾਜ ਵਿੱਚ ਖੁਸ਼ਹਾਲੀ, ਨਿਯੰਤ੍ਰਣ, ਵਿਕਾਸ ਅਤੇ ਸਮਾਜਕ ਏਕਤਾ ਬਣਾਈ ਰੱਖਣਾ ਹੈ । ਸਫਲ ਸਰਕਾਰ ਉਹੀ ਕਹੀ ਜਾ ਸਕਦੀ ਹੈ ਜੋ ਵੱਧ ਤੋਂ ਵੱਧ ਲੋਕਾਂ ਨੂੰ ਨਿਯਮਵੱਧ ਖੁਸ਼ੀ ਪਰਦਾਨ ਕਰ ਸਕੇ ਅਤੇ ਸਮਾਜ ਨੂੰ ਤਰੱਕੀ ਦੀ ਰਾਹ ਉੱਪਰ ਤੋਰੀ ਰੱਖੇ।



ਪਹਿਲਾਂ ਪਹਿਲ ਸਰਕਾਰ ਦਾ ਕੰਮ ਰਾਜੇ ਮਹਾਰਾਜਿਆਂ ਦੇ ਹੱਥਾਂ ਵਿੱਚ ਹੁੰਦਾ ਸੀ । ਸਾਰੀ ਦੀ ਸਾਰੀ ਤਾਕਤ ਉਨ੍ਹਾਂ ਦੇ ਹੱਥ ਵਿੱਚ ਹੁੰਦੀ ਸੀ ਤੇ ਉਹ ਅਕਸਰ ਆਪਣੇ ਸੁਆਰਥ ਲਈ ਲੋਕਾਂ ਨਾਲ ਧੱਕਾ ਕਰਦੇ ਸਨ । ਮਸਲਨ ਚੰਗੇਜ਼ ਖਾਂ ਦੀ ਹੀ ਗੱਲ ਲੈ ਲਵੋ ਜੋ ਕਿ ਇੱਕ ਤਾਨਾਸ਼ਾਹ ਸ਼ਾਸ਼ਕ ਸੀ । ਉਹ ਕਹਿੰਦਾ ਹੁੰਦਾ ਸੀ, "ਹਰ ਇੱਕ ਵਿਅਕਤੀ ਨੂੰ ਮੈਥੋਂ ਡਰਨਾ ਚਾਹੀਦਾ ਹੈ । ਰੱਬ ਨੇ ਮੈਨੂੰ ਇਸ ਲਈ ਭੇਜਿਆ ਹੈ ਤਾਂ ਜੋ ਮੈਂ ਤੁਹਾਨੂੰ ਸਜ਼ਾ ਦੇ ਸਕਾਂ । ਜੇ ਕਰ ਤੁਸੀਂ ਪਾਪ ਨਾ ਕੀਤੇ ਹੁੰਦੇ ਤਾਂ ਰੱਬ ਨੇ ਮੈਨੂੰ ਕਦੇ ਨਹੀਂ ਸੀ ਭੇਜਣਾ" ।(Chronicles of Rashid al Din 1 Book 2)।[173] ਇਸੇ ਤਰਾਂ ਭਾਰਤ ਵਿੱਚ ਵੀ ਰਾਜੇ ਮਹਾਰਾਜੇ ਮਨ ਮਰਜ਼ੀ ਕਰਦੇ ਸਨ ਅਤੇ ਲੋਕ ਡਰਦੇ ਮਾਰੇ ਕੁਸਕਦੇ ਨਹੀਂ ਸਨ । ਰਾਜੇ ਨੂੰ ਈਸ਼ਵਰ ਦਾ ਅਵਤਾਰ ਮੰਨਿਆਂ ਜਾਂਦਾ ਸੀ ਤੇ ਕਹਾਵਤ ਬਣ ਗਈ ਸੀ "ਈਸ਼ਵਰੋ ਵਾ ਦਿਲੀਸ਼ਵਰੋ ਵਾ" (ਦਿੱਲੀ ਦਾ ਬਾਦਸ਼ਾਹ ਹੀ ਭਗਵਾਨ ਹੈ) ।[174] ਰਾਜੇ ਨੂੰ ਨਿਹਕਲੰਕ ਮੰਨਿਆ ਜਾਂਦਾ ਸੀ । ਇਸੇ ਡਰ ਅਧੀਨ ਧਰਮ ਵੀ ਰਾਜਿਆਂ ਮਹਾਰਾਜਿਆਂ ਦਾ ਹੱਥਠੋਕਾ ਬਣ ਕੇ ਉਨ੍ਹਾਂ ਦਾ ਹੀ ਪੱਖ ਪੂਰਦਾ ਸੀ । ਰਾਜ ਗੁਰੂਆਂ (Royal Priests) ਨੇ ਵੀ ਆਪਣੇ ਆਪ ਨੂੰ ਜੰਤਾ ਨਾਲੋਂ ਉਚੇਰਾ ਬਣਾ ਲਿਆ ਸੀ ਜਿਸ ਕਰਕੇ ਲੋਕਾਂ ਉੱਪਰ ਜ਼ੁਲਮ ਦੀ ਹਨੇਰੀ ਝੁੱਲਦੀ ਰਹੀ । ਮੁਗ਼ਲ ਹਕੂਮਤ ਵੱਲੋਂ ਆਮ ਲੋਕਾਂ ਉੱਪਰ ਅਤੇ ਵਿਸ਼ੇਸ਼ ਕਰਕੇ ਸਿੱਖਾਂ ਉੱਪਰ ਜੋ ਅਤਿਆਚਾਰ ਕੀਤੇ ਗਏ ਉਨ੍ਹਾਂ ਨੂੰ ਪੜ੍ਹ ਕੇ ਅੱਜ ਵੀ ਕਾਂਬਾ ਛਿੜ ਜਾਂਦਾ ਹੈ ।

ਸਿੱਖ ਗੁਰੂ ਸਾਹਿਬਾਨ ਸਥਾਪਤ ਸਰਕਾਰਾਂ ਦੇ ਵਿਰੁੱਧ ਨਹੀਂ ਸਨ ਪਰ ਉਹ ਏਕਾਧਿਕਾਰ (Dictatorship) ਅਤੇ ਧੱਕੇ ਜਾਂ ਤਾਨਾਸ਼ਾਹੀ ਦੇ ਸਖ਼ਤ ਵਿਰੋਧੀ ਸਨ। ਉਨ੍ਹਾਂ ਨੇ ਜਿੱਥੇ ਰਾਜਿਆਂ ਦੀ ਰੱਬੀ ਪ੍ਰਵਾਨਗੀ ਨਾਲ ਰਾਜ ਕਰਨ (Divine Right of the Kings) ਦੇ ਅਸੀਮਤ ਅਧਿਕਾਰਾਂ ਦੀ ਨੀਤੀ ਨੂੰ ਭੰਡਿਆ ਉੱਥੇ ਬ੍ਰਾਹਮਣ ਦੀ ਧਾਰਮਿਕ ਅਜਾਰਾਦਾਰੀ ਦੀ ਕਲੀ ਵੀ ਖੋਲ੍ਹੀ ਜਿਸ ਨੂੰ ਕਿ ਮਨੂੰ ਵਰਗੇ ਲੋਕਾਂ ਨੇ

[173]ਡਾਕਟਰ ਰਸ਼ੀਦ ਚੰਗੇਜ਼ ਖਾਂ ਦਾ ਤਵਾਰੀਖਦਾਨ (Historian) ਅਤੇ ਵਜ਼ੀਰ ਸੀ । ਚੰਗੇਜ਼ ਖਾਨ ਦੇ ਕੁਲ ਗੁਰੂ (Royal Priest) ਤਬਤੈਂਗਰੀ ਬਾਰੇ ਲਿਖਿਦਆਿਂ ਉਹ ਦੱਸਦਾ ਹੈ ਕਿ ਤਬਤੈਂਗਰੀ ਕਹਿੰਦਾ ਹੁੰਦਾ ਸੀ, "ਰੱਬ ਨੇ ਮੇਰੇ ਨਾਲ ਗੱਲਾਂ ਕੀਤੀਆਂ ਤੇ ਕਿਹਾ ਕਿ ਸੰਸਾਰ ਦਾ ਰਾਜ ਮੈਂ ਟੇਮੂਚਿਨ ਨੂੰ ਦੇ ਦਿੱਤਾ ਹੈ ਤੇ ਉਸ ਦਾ ਨਾਂ ਬਦਲ ਕੇ ਚੰਗੇਜ਼ ਖਾਨ ਰੱਖ ਦਿੱਤਾ ਹੈ [(*Gengiz Kan- his life and legacy* by Paul Ratchnevsky page 98)। ਭਾਵੇਂ ਤਬਤੈਂਗਰੀ ਅਤੇ ਉਸ ਦੇ ਪਿਤਾ ਮੌਂਗਲਿਕ ਨੇ ਚੰਗੇਜ਼ ਖਾਂ ਦੀ ਪੁੱਜ ਕੇ ਸੇਵਾ ਕੀਤੀ ਸੀ ਪਰ ਚੰਗੇਜ਼ ਖਾਂ ਨੇ ਯਾਸਾ ਦੇ ਕਾਨੂੰਨ ਅਧੀਨ ਤਬਤੈਂਗਰੀ ਦੀ ਪੁੱਠੀ ਖੱਲ ਲੁਹਾ ਕੇ ਮਰਵਾਇਆ ਸੀ । ਉਸ ਦਾ ਕਸੂਰ ਕੇਵਲ ਇਹ ਸੀ ਕਿ ਉਹ ਤਾਕਤ ਪਕੜ ਰਿਹਾ ਸੀ ।

[174] " ਕੋਈ ਵੀ ਰਾਜੇ ਨੂੰ ਧੋਖਾ ਨਹੀਂ ਦੇ ਸਕਦਾ ਕਿਉਂਕਿ ਰਾਜਾ ਮਨੁੱਖ ਦੇ ਰੂਪ ਵਿੱਚ ਪ੍ਰਮਾਤਮਾ ਹੁੰਦਾ ਹੈ"। (ਮਨੂੰ ਸਿਮਰਤੀ).

ਸਾਧਾਰਣ ਲੋਕਾਂ ਦੀ ਆਤਮਾ ਵਿੱਚ ਡੂੰਘਾ ਘਸੋੜ ਛੱਡਿਆ ਸੀ ।[175] ਰਾਜਿਆਂ ਅਤੇ ਰਾਜ-ਪ੍ਰੋਹਿਤਾਂ ਦੇ ਅਜਿਹੇ ਭ੍ਰਿਸ਼ਟਾਚਾਰ ਨੂੰ ਦੇਖ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਲਿਖਿਆ ਸੀ:

**"ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ੍ ਬੈਠੇ ਸੁਤੇ ॥**
**ਚਾਕਰ ਨਹਦਾ ਪਾਇਨਿ੍ ਘਾਉ ॥ਰਤੁ ਪਿਤੁ ਕੁਤਿਹੋ ਚਟਿ ਜਾਹੁ"॥**
(ਪੰਨਾ 1288)

**ਕਲਿ ਕਾਤੀ ਰਾਜੇ ਕਾਸਾਈ ਧਰਮ ਪੰਖ ਕਰਿ ਉਡਰਿਆ ॥**
**ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ"॥**
**(ਪੰਨਾ 145)**

ਸਿੱਖ ਧਰਮ ਨੇ ਪ੍ਰਚਾਰ ਕੀਤਾ ਕਿ ਰਾਜਪ੍ਰਬੰਧ ਧਰਮ-ਨਿਰਲੇਪ ਹੋਵੇ, ਪ੍ਰੰਤੂ ਹਰ ਇੱਕ ਧਰਮ ਨੂੰ ਬਰਾਬਰ ਦਾ ਸਤਿਕਾਰ ਮਿਲੇ । ਕੋਈ ਵੀ ਇੱਕ ਧਰਮ ਸਰਕਾਰ ਵੱਲੋਂ ਲੋਕਾਂ ਉੱਪਰ ਠੋਸਿਆ ਨਾ ਜਾਵੇ। ਆਤਮਿਕ ਮਸਲੇ ਵੱਖੋ ਵੱਖਰੇ ਧਰਮਾਂ ਦੇ ਖੇਤਰ ਵਿੱਚ ਰਹਿਣ ਅਤੇ ਪ੍ਰਬੰਧਕ ਮਸਲਿਆਂ ਵਿੱਚ ਧਰਮ ਕੋਈ ਦਖਲ ਨਾ ਦੇਵੇ। ਪ੍ਰਬੰਧਕ ਕਾਰਜਾਂ ਵਿੱਚ ਸਦਾਚਾਰ, ਬਰਾਬਰੀ ਅਤੇ ਇਨਸਾਫ ਦਾ ਪੱਲਾ ਨਾ ਛੱਡਿਆ ਜਾਵੇ ਜੋ ਕਿ ਮਾਨਵ ਧਰਮ ਦੇ ਅਸਲੀ ਅੰਗ ਹਨ। ਇਸ ਸਿਧਾਂਤ ਨੂੰ ਸਿੱਖਾਂ ਦੇ ਛੇਵੇਂ ਗੁਰੂ ਜੀ ਨੇ ਮੀਰੀ-ਪੀਰੀ ਦਾ ਸਿਧਾਂਤ ਕਿਹਾ।[176] ਧਾਰਮਿਕ ਆਜ਼ਾਦੀ ਅਤੇ ਰਾਜਸੀ ਸ਼ਕਤੀ ਸਮਾਨੰਤੱਰ ਚੱਲਣ, ਪਰ ਇੱਕ ਦੂਜੇ ਉੱਪਰ ਭਾਰੂ ਨਾ ਹੋਣ ।ਜਿੱਥੇ ਕਿਤੇ ਇਨ੍ਹਾਂ ਵਿੱਚ ਟਕਰਾਉ ਆਵੇ ਉੱਥੇ ਮਾਨਵ ਧਰਮ ਨੂੰ ਮੁੱਖ ਰੱਖਿਆ ਜਾਵੇ ਅਤੇ ਦੁਨਿਆਵੀ ਖੇਤਰ ਵਿੱਚ ਮਾਰਗ-ਦਰਸ਼ਕ ਕੇਵਲ ਨੈਤਿਕਤਾ ਹੀ ਰਹੇ ।**"ਘਰ ਬੰਧਹੁ ਸਚ ਧਰਮ ਕਾ ਗਡਿ ਥੰਮ ਅਹਲੈ, ਓਟ ਲੈਹੁ ਨਾਰਾਇਣੈ ਦੀਨ ਦੁਨੀਆ ਝਲੈ"॥ (ਪੰਨਾ 320)**

ਧਾਰਮਿਕ ਅਤੇ ਦੁਨਿਆਵੀ ਖੇਤਰ ਵਿੱਚ ਸੰਤੁਲਨ ਰੱਖਣ ਵਾਲੇ ਪੁਰਸ਼ਾਂ ਲਈ ਗੁਰੂ ਜੀ ਨੇ ਸ਼ਬਦ "ਪੰਚ" "ਗੁਰਮੁਖ" ਜਾਂ "ਸਚਿਆਰਾ" ਵਰਤਿਆ ਹੈ । ਇਹ ਪ੍ਰਮਾਤਮਾ ਤੋਂ ਡਰਨ ਵਾਲਾ ਅਤੇ ਉੱਚੇ ਸੁੱਚੇ ਆਚਰਣ ਵਾਲਾ ਉਹ ਮਨੁੱਖ ਹੁੰਦਾ ਹੈ ਜੋ

[175] ਇਕ ਦੁਰਾਚਾਰੀ ਅਤੇ ਅਨਪੜ੍ਹ ਬ੍ਰਾਹਮਣ ਵੀ ਇੱਕ ਦੇਵਤਾ ਹੁੰਦਾ ਹੈ " (ਮਨੂੰ ਸਿਮਰਤੀ 317,319), ਸ੍ਰੀਮਦ ਭਗਵਤ ਗੀਤਾ 15,11-47 ਅਤੇ 4-13)

[176] ਈਸਾਈ ਧਰਮ ਵਿੱਚ ਵੀ ਛੇਵੇਂ ਪੋਪ (ਪੋਪ ਗਲੇਸੀਅਸ) ਨੇ ਇਹੋ ਸਿਧਾਂਤ ਪੇਸ਼ ਕੀਤਾ ਸੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਦੋ ਤਲਵਾਰਾਂ ਪਹਿਨੀਆਂ ਸਨ ।(Polticial ideas by David Thomson 1972 page 36) । ਇੱਕ ਸਮੇਂ ਇਕ ਮੁਸਲਮਾਨ ਖ਼ਲੀਫੇ ਨੇ ਵੀ ਦੋ ਤਲਵਾਰਾਂ ਪਹਿਨਕੇ ਇਹੋ ਸਿਧਾਂਤ ਦ੍ਰਿੜ ਕਰਵਾਇਆ ਸੀ । ਗੁਰੂ ਗੋਬਿੰਦ ਸਿੰਘ ਜੀ ਨੇ ਅੰਤ ਵਿੱਚ ਮੀਰੀ-ਪੀਰੀ ਖਾਲਸੇ ਵਿੱਚ ਹਲੂਲ ਕਰ ਦਿੱਤੀ ।



ਪੂਰਨ ਤੌਰ ਤੇ ਲੋਕਾਂ ਦਾ ਭਲਾ ਸੋਚਦਾ ਹੈ ਤੇ ਸਭ ਨਾਲ ਇੱਕੋ ਜਿਹਾ ਵਿਵਹਾਰ ਕਰਦਾ ਹੈ। **"ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ॥ ਗੁਰਮੁਖਿ ਕਰਣੀ ਕਾਰ ਕਰਾਏ ॥ ਨਾਨਕ ਗੁਰਮੁਖਿ ਮੇਲਿ ਮਿਲਾਏ"॥ (ਪੰਨਾ 942)** ਅਜਿਹੇ ਲੋਕਾਂ ਲਈ ਪਲੈਟੋ ਨੇ ਸ਼ਬਦ "ਰਾਖੇ" (Guardian) ਵਰਤਿਆ ਸੀ।[177] ਇਸੇ ਵਿਚਾਰ ਦੀ ਪ੍ਰੋੜ੍ਹਤਾ ਸੰਸਾਰ ਪ੍ਰਸਿੱਧ ਵਿਚਾਰਵਾਨਾਂ ਕਾਰਲਾਈਲ, ਨੀਤਜ਼ੇ ਅਤੇ ਹੀਗਲ ਆਦਿਕ ਨੇ ਵੀ ਕੀਤੀ ਸੀ । ਗੁਰੂ ਜੀ ਨੇ ਵਿਚਾਰ ਦਿੱਤਾ ਸੀ ਕਿ ਸ਼ਾਸਕ ਜਾਂ ਰਾਜਾ ਪੁਸ਼ਤੈਨੀ ਜਾਂ ਵੰਸ਼ਗਤ-ਉਤਰਾਧਿਕਾਰੀ ( Hereditary) ਨਾ ਹੋਵੇ ਸਗੋਂ ਲੋਕਾਂ ਵੱਲੋਂ ਪ੍ਰਵਾਣਤ "ਪੰਚ" ਹੀ ਰਾਜ ਪ੍ਰਬੰਧ ਚਲਾਵੇ । **"ਪੰਚ ਪਰਵਾਣ ਪੰਚ ਪਰਧਾਨੁ ਪੰਚੇ ਪਾਵਹਿ ਦਰਗਹਿ ਮਾਨੁ ॥ ਪੰਚੇ ਸੋਹਹਿ ਦਰਿ ਰਾਜਾਨੁ"॥ (ਪੰਨਾ 3) "ਪੰਚ ਲੋਕ ਵਸਹਿ ਪਰਧਾਨਾ"॥ (ਪੰਨਾ 1039)**

ਰਾਜ ਪ੍ਰਬੰਧ ਦਾ ਖਾਨਦਾਨ ਨਾਲ ਕੋਈ ਸਬੰਧ ਨਹੀਂ ਹੋਣਾ ਚਾਹੀਦਾ ਸਗੋਂ ਰਾਜ ਪ੍ਰਬੰਧ ਉਹੀ ਵਿਅਕਤੀ ਚਲਾਵੇ ਜੋ ਇਸ ਕੰਮ ਦੇ ਯੋਗ ਹੋਵੇ । **ਤਖਤਿ ਬਹੈ ਤਖਤੈ ਕੀ ਲਾਇਕ (ਪੰਨਾ 1039), ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ ॥ ਜਿਨੀ ਸਚੁ ਪਛਾਣਿਆ ਸਚੁ ਰਾਜੇ ਸੇਈ (ਪੰਨਾ 1088)**

ਅੱਜ ਕੱਲ੍ਹ ਭਾਵੇਂ ਰਵਾਇਤੀ ਧਰਮ ਦਾ ਸਿਆਸਤ ਵਿੱਚ ਦਖਲ ਬਹੁਤ ਘਟ ਗਿਆ ਹੈ ਪਰ ਇਹ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਕਿਧਰੇ ਨਾ ਕਿਧਰੇ ਰਾਜਨੀਤੀ ਨੂੰ ਕਿਸੇ ਰਵਾਇਤੀ ਧਰਮ ਅਧੀਨ ਚਲਾਉਣ ਦਾ ਰੌਲਾ ਰੱਪਾ ਪੈਂਦਾ ਹੀ ਰਹਿੰਦਾ ਹੈ । ਇਸੇ ਰੌਲੇ ਰੱਪੇ ਕਾਰਨ ਸਿਆਸਤਦਾਨ ਵੀ ਕਹਿੰਦੇ ਰਹਿੰਦੇ ਹਨ ਕਿ ਰਵਾਇਤੀ ਧਰਮ ਨੂੰ ਸਿਆਸਤ ਤੋਂ ਦੂਰ ਰੱਖਣਾ ਚਾਹੀਦਾ ਹੈ ਕਿਉਂਕਿ "ਹਰ ਆਤਮਕ ਜਾਂ ਧਾਰਮਿਕ ਆਦਰਸ਼ ਰਾਜਨੀਤੀ ਵਿੱਚ ਆਉਂਦਿਆਂ ਹੀ ਸੰਦਿਗਧ ਹੋ ਜਾਂਦਾ ਹੈ"।[178] ਸੋ ਅਸੀਂ ਦੇਖ ਸਕਦੇ ਹਾਂ ਕਿ ਇਸ ਮਸਲੇ ਦਾ ਅਸਲੀ ਹੱਲ ਕੇਵਲ ਉਹੀ ਹੋ ਸਕਦਾ ਹੈ ਜੋ ਸਿੱਖ ਗੁਰੂ ਸਾਹਿਬਾਨ ਨੇ ਸੁਝਾਇਆ ਹੈ । ਸਰਕਾਰ ਚਲਾਉਣ ਵਾਲਿਆਂ ਨੂੰ ਧਰਮ ਤੋਂ ਨੈਤਿਕ ਸ਼ਕਤੀ ਪ੍ਰਾਪਤ ਕਰਨੀ ਚਾਹੀਦੀ ਹੈ ।[179] ਮਹਾਤਮਾ ਗਾਂਧੀ ਵੀ ਇਹੋ ਵਿਚਾਰ ਰੱਖਦੇ ਸਨ ਕਿ ਸੱਚੇ ਸੁੱਚੇ ਧਰਮੀ ਬੰਦੇ (ਜੋ ਕਿਸੇ ਵੀ

[177] "Police is a brutal and costly method. There should be some sanction of supernatural authority and we must have religion. A nation cannot be strong unless it believes in religion." (Plato)

[178] "Every spiritual ideal is perverted and strangled when the world gets hold of it."(Charles Peguy)

[179] ਇੰਗਲੈਂਡ ਦੀ ਰਾਣੀ ਵੱਲੋਂ 24 ਐਂਗੀਲ਼ਕਨ ਬਿਸ਼ਪ ਚੁਣੇ ਜਾਂਦੇ ਹਨ ਜੋ ਹਾਊਸ ਆਫ ਲੌਰਡਜ਼ ਵਿੱਚ ਹਰ ਕਾਨੂੰਨ ਉੱਪਰ ਵੋਟ ਦੇਣ ਦਾ ਹੱਕ ਰੱਖਦੇ ਹਨ ।

ਰਵਾਇਤੀ ਧਰਮ ਦੇ ਹੋ ਸਕਦੇ ਹਨ) ਰਾਜ ਪ੍ਰਬੰਧ ਚਲਾਉਣ ।[180]

"ਜਿੰਨਾਂ ਚਿਰ ਰਾਜੇ ਸਤਵਾਦੀ ਅਤੇ ਦਾਰਸ਼ਨਿਕ ਨਹੀਂ ਬਣ ਜਾਂਦੇ ਜਾਂ ਸਤਵਾਦੀ ਪੁਰਸ਼ ਰਾਜੇ ਨਹੀਂ ਬਣ ਜਾਂਦੇ, ਸੰਸਾਰ ਵਿੱਚੋਂ ਦੁੱਖ ਨਹੀਂ ਘਟਣਾ ਤੇ ਕਦੀ ਵੀ ਇਨਸਾਨ ਨੂੰ ਆਦਰਸ਼ਕ ਰਾਜ ਪ੍ਰਬੰਧ ਨਹੀਂ ਮਿਲਣਾ" ।[181] ਪਲੈਟੋ ਦਾ ਇਹ ਵਿਚਾਰ ਗੁਰੂ ਨਾਨਕ ਸਾਹਿਬ ਦੇ ਵਿਚਾਰ ਨਾਲ ਇੰਨ ਬਿੰਨ ਮਿਲਦਾ ਹੈ, ਫ਼ਰਕ ਸਿਰਫ ਇਹ ਹੈ ਕਿ ਪਲੈਟੋ ਨੇ ਸ਼ਬਦ 'ਸਤਵਾਦੀ' (Truthful, Just) ਵਰਤਿਆ ਹੈ ਅਤੇ ਗੁਰੂ ਜੀ ਨੇ "ਪੰਚ" ਵਰਤਿਆ ਹੈ । ਦੋਹਾਂ ਦਾ ਮਤਲਬ ਇੱਕੋ ਹੈ ।

## 9.2 ਨਿਰਪੇਖਤਾਵਾਦ (Secularism)

Secularism (ਲੌਕਿਕ ਵਿਵਹਾਰ) ਲਾਤੀਨੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ "ਅੱਜ ਦਾ ਸੰਸਾਰ" ਸਭ ਤੋਂ ਪਹਿਲਾਂ ਇਸ ਸ਼ਬਦ ਦਾ ਪ੍ਰਯੋਗ ਧਾਰਮਿਕ ਯੁੱਧਾਂ ਦੇ ਖ਼ਾਤਮੇ ਵੇਲੇ 1648 ਈਸਵੀ ਵਿੱਚ ਹੋਇਆ ਸੀ । ਉਸ ਵੇਲੇ ਇਸ ਦਾ ਅਰਥ ਸੀ, "ਪਾਦਰੀ ਵਰਗ ਦੇ ਕਬਜ਼ੇ ਹੇਠੋਂ ਲੋਕਾਂ ਦੀ ਸੰਪਤੀ ਨੂੰ ਛੁਡਵਾਉਣਾ" ।[182] ਜਾਰਜ ਜੇਕਬ ਨੇ ਇਸ ਦੀ ਵਿਆਖਿਆ ਕਰਦਿਆਂ ਲਿਖਿਆ, " ਪ੍ਰਮਾਤਾਮਾ ਵਿੱਚ ਵਿਸ਼ਵਾਸ਼ ਰੱਖਣ ਤੋਂ ਬਿਨਾਂ ਹੀ ਸਾਰੀ ਮਨੁੱਖਤਾ ਦੇ ਭਲੇ ਲਈ ਕੰਮ ਕਰਨਾ ਅਤੇ ਲੋਕਾਂ ਦੇ ਵਰਤਮਾਨ ਅਤੇ ਭਵਿੱਖ ਨੂੰ ਸ਼ਾਨਦਾਰ ਬਣਾਉਣਾ"। ਛੇਤੀ ਹੀ ਇਸ ਸ਼ਬਦ ਨੂੰ ਕਈ ਲੋਕਾਂ ਵੱਲੋਂ ਨਾਸਤਿਕਤਾ ਨਾਲ ਜੋੜ ਦਿੱਤਾ ਗਿਆ ।

ਸਿੱਖ ਧਰਮ ਵਿੱਚ ਨਿਰਪੇਖਤਾਵਾਦ ਨੂੰ ਧਾਰਮਿਕ ਕਰਤਵ ਨਾਲ ਜੋੜ ਕੇ ਧਾਰਮਿਕ ਰਹਿੰਦਿਆਂ "ਸਰਬੱਤ ਦਾ ਭਲਾ" ਕਰਨ ਨਾਲ ਜੋੜ ਦਿੱਤਾ ਗਿਆ ਹੈ ।

---

180 "I can say without hesitation, and yet in all humility, that those who say religion has nothing to do with politics, do not know what religion means" (M.K.Gandhi). Render unto Caesar the things which are Caesar's and unto God the things that are God's" (Christ)

181 "Until kings are philosophers, or philosophers are kings, cities will never cease from ill nor will our ideal polity ever come into being". (Plato's Republic book V)

182 "The process by which sectors of society and culture are removed from the domination of religious institutions and symbols."(*The Social reality of Religion* by Peter L. Berger page 10) Professor Roger Mehl defines it as "the process by which a society disengages itself from the religious ideas, beliefs and institutions which have ordered its existence in order to constitute itself an autonomous reality, and in order to enclose religion in the private sector of life." (*The Secular and the secularisation* page 5) For further reading refer to Archbishop of Canterbury's "*Sacred and Secular page 1164) or* Harvey Coxes's *"The sacred city"*



ਧਰਮ ਰਹਿਤ ਅੰਨ੍ਹੇ ਦੁਨਿਆਵੀ ਸੱਤਾਧਾਰੀਆਂ ਨੂੰ ਗੁਰੂ ਜੀ ਨੇ ਖੂੰਖਾਰ ਜਾਨਵਰਾਂ ਨਾਲ ਤਸ਼ਬੀਹ ਦਿੱਤੀ ਹੈ, **"ਰਾਜੇ ਸੀਹ ਮੁਕਦਮ ਕੁਤੇ" ॥** (ਪੰਨਾ 1288) ਧੱਕੜ ਅਤੇ ਆਪਹੁਦਰੇ ਧਾਰਮਿਕ ਆਗੂਆਂ ਨੂੰ ਵੀ ਗੁਰੂ ਜੀ ਨੇ ਕਸਾਈ ਅਤੇ ਝੂਠੇ ਮੱਕਾਰ ਤੱਕ ਆਖਿਆ ਹੈ। ਆਪ ਲਿਖਦੇ ਹਨ, **"ਹਥਿ ਛੁਰੀ ਜਗਤ ਕਾਸਾਈ"॥** (ਪੰਨਾ 472), **"ਦੇ ਕੇ ਚੌਕਾ ਕਢੀ ਕਾਰ॥ਊਪਰਿ ਆਇ ਬੈਠੇ ਕੂੜਿਆਰ"॥ (ਪੰਨਾ 472)** ਗੁਰੂ ਜੀ ਨੇ ਧਰਮ ਨੂੰ ਚਮਤਕਾਰ, ਕਰਮ ਕਾਂਡ, ਜਾਦੂ ਟੂਣੇ, ਅਵਤਾਰਵਾਦ ਅਤੇ ਬੇਲੋੜੇ ਰਹਸਯਵਾਦ ਤੋਂ ਮੁੱਕਤ ਕਰ ਦਿੱਤਾ ਅਤੇ ਇਸ ਨੂੰ ਬਰਾਬਰੀ, ਭਰਾਤ੍ਰੀਭਾਵ, ਸਦਾਚਾਰ ਅਤੇ ਧਾਰਮਿਕ ਸਹਿਨਸ਼ੀਲਤਾ ਵਿੱਚ ਪ੍ਰਵਰਤਿਤ ਕਰ ਦਿੱਤਾ । ਅਜਿਹੇ ਬਦਲੇ ਹੋਏ ਨਿਪੇਖਤਾਵਾਦ ਵਿੱਚ ਸਭ ਦੇ ਹੱਕ ਬਰਾਬਰ ਹਨ ਅਤੇ ਕੋਈ ਵੀ ਓਪਰਾ ਨਹੀਂ ਹੈ । "**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ"** ॥ (ਪੰਨਾ 97), **ਮਾਨਸ ਕੀ ਜਾਤਿ ਸਬੈ ਏਕੈ ਪਹਚਾਨਬੋ**" ॥ (ਦਸਮ ਗ੍ਰੰਥ) ਅਜਿਹੇ ਸਮਾਜ ਵਿੱਚ ਧਾਰਮਿਕ ਆਗੂ ਵੀ ਐਸਾ ਹੀ ਹੋ ਸਕਦਾ ਹੈ ਜੋ ਸਭ ਦਾ ਸਾਂਝਾ ਹੋਵੇ ਤੇ ਸਭ ਦਾ ਭਲਾ ਮੰਗੇ, "**ਨਾਨਕ ਸਤਿਗੁਰੁ ਐਸਾ ਜਾਣੀਐ ਜੋ ਸਭਸੈ ਲਏ ਮਿਲਾਇ ਜੀਉ**"॥ (ਪੰਨਾ 72) **"ਸਤਿਗੁਰੁ ਆਗੂ ਜਾਣੀਐ ਬਾਹ ਪਕੜਿ ਅੰਧਲੇ ਉਧਾਰੇ"॥** (ਭਾਈ ਗੁਰਦਾਸ) ਇਸ ਸਿਧਾਂਤ ਨੂੰ ਪ੍ਰਤੱਖ ਕਰਨ ਲਈ ਹੀ ਗੁਰੂ ਜੀ ਨੇ ਅੱਡੋ ਅੱਡ ਧਰਮਾਂ ਅਤੇ ਜ਼ਾਤਾਂ ਬਰਾਦਰੀਆਂ ਦੇ ਹਰਮਨ ਪਿਆਰੇ ਨਿਰਪੇਖਤਾਵਾਦੀ ਸਾਧੂਆਂ ਸੰਤਾ ਦੀ ਬਾਣੀ ਨੂੰ ਇੱਕੋ ਜਿਹਾ ਸਤਿਕਾਰ ਦੇ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਬਿਰਾਜਮਾਨ ਕੀਤਾ। ਸੰਸਾਰ ਦਾ ਇਹ ਇੱਕੋ ਇੱਕ ਧਾਰਮਿਕ ਗ੍ਰੰਥ ਹੈ ਜਿਸ ਵਿੱਚ ਹਿੰਦੂ, ਮੁਸਲਮਾਨ, ਜੱਟ, ਕਸਾਈ ਅਤੇ ਜੈਦੇਵ ਵਰਗੇ ਬ੍ਰਾਹਮਣ ਬਰਾਬਰ ਬਰਾਬਰ ਬਠਾਏ ਗਏ ਹਨ ਅਤੇ ਡੰਕੇ ਦੀ ਚੋਟ ਨਾਲ ਕਿਹਾ ਗਿਆ ਹੈ, "**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ**"॥ (ਪੰਨਾ 671)

## 9.3 ਏਕਤਾਵਾਦ (Unionism)

ਆਧੁਨਿਕ ਸਮਾਜ ਵਪਾਰਕ ਸੰਘਾਂ, ਸੱਭਿਆਚਾਰਕ ਸੰਘਠਨਾਂ, ਕਾਲਜਾਂ, ਯੂਨੀਵਰਸਟੀਆਂ ਅਤੇ ਰਾਜਨੀਤਕ, ਧਾਰਮਿਕ ਗਰੁੱਪਾਂ, ਰਾਜਸੀ ਪਾਰਟੀਆਂ ਆਦਿਕ ਵਿੱਚ ਵੰਡਿਆ ਹੋਇਆ ਹੈ। ਇਸ ਵਿੱਚ ਕੁੱਝ ਲੋਕ-ਭਲਾਈ ਸੰਘ (Charitable Organizations) ਅਤੇ ਆਰਥਕ ਸੰਗਠਨ ਵੀ ਹਨ । ਸਿੱਖ ਧਰਮ ਵਿੱਚ ਇਸ ਵਖਰੇਵੇਂ ਨੂੰ ਇੱਕ ਧਾਗੇ ਵਿੱਚ ਪਰੋ ਕੇ ਇਸ ਦਾ ਨਾਮ "ਪੰਥ" ਰੱਖਿਆ ਗਿਆ ਹੈ।[183]

---

183 ਰੂਸੋ ਨੇ "ਪੰਥ" ਲਈ ਸ਼ਬਦ "Continuity" ਵਰਤਿਆ ਹੈ ।

ਪੰਥ ਵਿੱਚ ਸ਼ਾਮਲ ਹੋਣ ਵਾਲਾ ਹਰ ਵਿਅਕਤੀ ਆਪਣੇ ਨਿਜੀ ਹਿਤਾਂ ਨੂੰ ਸਾਂਝੇ ਹਿੱਤਾਂ ਤੋਂ ਕੁਰਬਾਨ ਕਰ ਦਿੰਦਾ ਹੈ । ਸਭ ਦਾ ਸਾਂਝਾ ਫੈਸਲਾ "ਗੁਰਮਤਾ" ਮੰਨਿਆ ਜਾਂਦਾ ਹੈ ਜਿਸ ਦਾ ਸਤਿਕਾਰ ਕਰਨਾ ਹਰ ਇੱਕ ਵਿਅਕਤੀ ਲਈ ਜ਼ਰੂਰੀ ਹੁੰਦਾ ਹੈ । ਪੰਥ ਦੇ ਹਰ ਮੈਂਬਰ ਦਾ ਸੱਚਾ ਸੁੱਚਾ, ਨਿਰਪੱਖ ਅਤੇ ਰਵਾਦਾਰ ਹੋਣਾ ਲਾਜ਼ਮੀ ਹੈ ਇਸੇ ਲਈ ਉਸ ਨੂੰ "ਖ਼ਾਲਸਾ" (ਸ਼ੁੱਧ Pure) ਕਿਹਾ ਜਾਂਦਾ ਹੈ । ਗੁਰਮਤੇ ਦਾ ਲੋਕ ਭਲਾਈ ਹਿਤੂ ਹੋਣਾ ਜ਼ਰੂਰੀ ਹੁੰਦਾ ਹੈ । ਜਦੋਂ 1789 ਵਿੱਚ ਫ਼ਰਾਂਸ ਦੀ ਕ੍ਰਾਂਤੀ ਆਈ ਤਾਂ ਉਹ ਆਜ਼ਾਦੀ, ਸਮਾਨਤਾ, ਅਤੇ ਭਰਾਤ੍ਰੀ ਭਾਵ (Liberty, Equality and Fraternity) ਲੈ ਕੇ ਆਈ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੌ ਸਾਲ ਪਹਿਲਾਂ 1699 ਵਿੱਚ ਹੀ 'ਖਾਲਸਾ' ਸਾਜ ਕੇ ਪਰਚਲਤ ਕਰ ਦਿੱਤਾ ਸੀ । ਫ਼ਰਾਂਸ ਦੀ ਕ੍ਰਾਂਤੀ ਦਾ ਯੁੱਧ (French Revolution) ਅਸਲ ਵਿੱਚ ਖਾਲਸਾ ਯੁੱਧ ਹੀ ਸੀ ਜੋ ਪੰਜਾਬ ਦੀ ਧਰਤੀ ਦੀ ਥਾਂ ਫਰਾਂਸ ਵਿੱਚ ਲੜਿਆ ਗਿਆ ।

## 9.4 ਆਤਮ ਰੱਖਿਆ ਦਾ ਹੱਕ (Right of Self Defence)

ਅਧੁਨਿਕ ਸਮੇਂ ਵਿੱਚ ਆਤਮ ਰੱਖਿਆ ਦਾ ਵਿਸ਼ਾ ਅੰਤ੍ਰਰਾਸ਼ਟਰੀ ਵਿਸ਼ਾ ਬਣ ਗਿਆ ਹੈ। ਜੇ ਕਰ ਕੋਈ ਹਕੂਮਤ ਅਤਿਆਚਾਰੀ ਹੈ ਅਤੇ ਲੋਕਾਂ ਉੱਪਰ ਜ਼ੁਲਮ ਕਰਦੀ ਹੈ ਤਾਂ ਕੀ ਲੋਕਾਂ ਨੂੰ ਆਪਣੀ ਸੁਰੱਖਿਆ ਲਈ ਪ੍ਰਤੀਰੋਧ ਕਰਨ ਦਾ ਹੱਕ ਹੈ? ਆਲਥੂਸੀਅਸ ਗ੍ਰੋਟੀਅਸ, ਮਿਲਟਨ ਅਤੇ ਕਾਰਲ ਮਾਰਕਸ ਵਰਗੇ ਰਾਜਨੀਤਕ ਵਿਦਵਾਨ ਅਜਿਹੇ ਵਿਰੋਧ ਦੇ ਹੱਕ ਵਿੱਚ ਹਨ । ਗਾਂਧੀ ਵਰਗੇ ਕੁੱਝ ਵਿਦਵਾਨ ਐਸੇ ਵੀ ਹਨ ਜੋ ਕਹਿੰਦੇ ਹਨ, "ਜੇ ਕਰ ਕੋਈ ਤੁਹਾਡੀ ਇੱਕ ਗਲ੍ਹ ਉੱਪਰ ਥੱਪੜ ਮਾਰੇ ਤਾਂ ਦੂਸਰੀ ਗੱਲ੍ਹ ਵੀ ਥੱਪੜ ਖਾਣ ਲਈ ਉਸ ਦੇ ਅੱਗੇ ਕਰ ਦੇਣੀ ਚਾਹੀਦੀ ਹੈ"।[184]

ਇਹ ਜ਼ਰੂਰੀ ਵਿਸ਼ਾ ਭਾਵੇਂ ਰਾਜਨੀਤਕਾਂ ਦੇ ਦ੍ਰਿਸ਼ਟੀ ਗੋਚਰ ਹੁਣੇ ਹੁਣੇ ਹੋਇਆ ਹੈ ਪਰ ਇਸ ਵਿਸ਼ੇ ਉੱਪਰ ਸਿੱਖ ਗੁਰੂ ਸਾਹਿਬਾਨ ਨੇ ਆਪਣੇ ਵਿਚਾਰ 500 ਸਾਲ ਪਹਿਲਾਂ ਹੀ ਲਿਖ ਦਿੱਤੇ ਸਨ । ਗੁਰੂ ਜੀ ਨੇ ਲਿਖਿਆ ਹੈ ਕਿ ਪਹਿਲਾਂ ਸਿੱਧੇ ਸੰਪਰਕ (ਚਿੱਠੀ ਪੱਤਰ, ਜਾਂ ਅੱਜ ਕੱਲ੍ਹ ਅਖਬਾਰਾਂ ਆਦਿਕ ਰਾਹੀਂ) ਮਸਲ੍ਹੇ ਦਾ ਨਿਪਟਾਰਾ ਕਰਨ ਦਾ ਯਤਨ ਕੀਤਾ ਜਾਵੇ । ਜੇ ਕਰ ਇਸ ਵਿੱਚ ਸਫਲਤਾ ਨਾ ਮਿਲੇ ਤਾਂ ਇੱਕ ਦੋ ਬੰਦੇ ਭੇਜ ਕੇ ਜਾਂ ਆਪ ਜਾ ਕੇ (ਜਿਵੇਂ ਗੁਰੂ ਤੇਗ ਬਹਾਦਰ ਦਿੱਲੀ ਗਏ ਸਨ ) ਗੱਲਬਾਤ ਰਾਹੀਂ ਮਸਲ੍ਹਾ ਸੁਲਝਾਇਆ ਜਾਵੇ । ਜੇ ਇਹ ਵੀ ਸਫਲ ਨਾ ਹੋਵੇ ਤਾਂ ਕੋਈ ਹੋਰ ਯੋਗ ਉਪਰਾਲਾ ਕਰਨਾ (ਤਲਵਾਰ ਆਦਿਕ ਚੁੱਕਣਾ) ਵਾਜਬ ਹੈ।"**ਪ੍ਰਥਮੇ ਮਤਾ ਜਿ ਪਤ੍ਰੀ ਚਲਾਵਉ ॥ ਦੁਤੀਏ ਮਤਾ ਦੁਇ ਮਾਨੁਖ ਪਹੁਚਾਵਉ ॥ ਤ੍ਰਿਤੀਏ ਮਤਾ ਕਿਛੁ ਕਰਉ ਉਪਾਇਆ" ॥ (ਪੰਨਾ 371)** ਅਜਿਹਾ ਹੀ ਸੁਝਾਉ ਅੱਗੇ ਜਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ ਸੀ ਤੇ ਕਿਹਾ ਸੀ **"ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜ਼ਸ਼ਤ ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ"॥** (ਜ਼ਫਰਨਾਮਾ) {ਜਦੋਂ ਕੋਈ ਮਸਲ੍ਹਾ ਸਭ ਹੀਲੇ ਵਰਤ ਕੇ ਵੀ ਹੱਲ ਨਾ ਹੋਵੇ ਤਾਂ ਤਲਵਾਰ ਚੁੱਕ ਲੈਣੀ ਜਾਇਜ਼ ਹੈ }[185] ਇਸ ਸਿਧਾਂਤ ਦਾ ਮੁੱਢ ਗੁਰੂ ਨਾਨਕ ਸਾਹਿਬ ਨੇ ਹੀ ਬੰਨ੍ਹ ਦਿੱਤਾ ਸੀ ਜਦ ਆਪ ਨੇ ਲਿਖਿਆ, **"ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛੁ ਖਾਇ" ॥ (ਪੰਨਾ 142)**

ਸੰਸਾਰ ਦੇ ਲੋਕ ਇਸ ਜ਼ਰੂਰੀ ਮਸਲ੍ਹੇ ਬਾਰੇ ਦੋ ਸੰਸਾਰ-ਯੁੱਧ ਲੜਨ ਤੋਂ ਬਾਦ ਹੀ ਸੋਚਣ ਲੱਗੇ ਅਤੇ 10 ਦਸੰਬਰ 1948 ਨੂੰ U.N.O ਦੀ ਨੀਂਹ ਰੱਖੀ ਗਈ । U.N.O ਦੇ ਚਾਰਟਰ ਵਿੱਚ ਜੋ ਸ਼ਬਦ ਲਿਖੇ ਗਏ ਹਨ ਉਹ ਇੰਨ ਬਿੰਨ ਗੁਰੂ ਜੀ ਦੇ ਸ਼ਬਦਾਂ ਨਾਲ ਮੇਲ ਖਾਂਦੇ ਹਨ।[186] ਸ੍ਰੀ ਸੀ ਐਚ ਪੇਨ ਨੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਲਈ ਲਹੌਰ ਜਾਣ ਵੇਲੇ ਆਪਣੇ ਪੁੱਤਰ ਹਰਿਗੋਬਿੰਦ ਨੂੰ ਕਹੇ ਸ਼ਬਦ ਇਸ ਤਰ੍ਹਾਂ ਲਿਖੇ ਹਨ, "*My dear son, very hard times are ahead for the Sikh community.The forces of evil are cutting down the very roots of fundamental human rights. I have tried to break the shackles of slavery of common man in a peaceful manner but now the times have changed. The Moghul kings have lost all humaneness and have turned into beasts. I will still persuade Jahangir*[187] *to leave this policy* ***but if the peaceful persuation, even at the cost of my bodily tortures fails, then take it for granted that it is no use enduring tortures for changing the conscience of the***

[184] "They that take the sword shall perish with the sword." (Bible- Matthew 27:51-52), ਪਰ ਨੋਟ ਕਰਨ ਵਾਲੀ ਗੱਲ ਹੈ ਕਿ ਇਸੇ ਬਾਈਬਲ ਵਿੱਚ ਇਹ ਵੀ ਲਿਖਿਆ ਹੈ, "Eye for eye, tooth for tooth, hand for hand, foot for foot. Burn for burn, wound for wound, bruise for bruise" (Exodus 21:- 24-25). Isn't it true that the priciple of "eye for eye" will eventually turn the whole world blind unless it is the last resort?

[185] ਸੰਤ ਐਕੂਈਨਾਸ (St. Aquinas) ਨੇ ਵੀ ਕਿਹਾ ਸੀ, "ਕੁਝ ਹਾਲਤਾਂ ਵਿੱਚ ਧਰਮ ਯੁੱਧ ਜਾਇਜ਼ ਹੈ ਅਤੇ ਪ੍ਰਮਾਤਮਾ ਵੱਲੋਂ ਅਜਿਹਾ ਯੁੱਧ ਲੜਨ ਦੀ ਆਗਿਆ ਹੈ ਬਸ਼ਰਤੇ ਕਿ ਇਹ ਇਨਸਾਫ ਲਈ ਹੋਵੇ" ।

[186] " It is essential if man is not to be compelled to have recourse, **as a last resort**, to rebellion against tyranny and oppression, that human rights should be respected by the rule of law"(UNO charter)

[187] ਦਿੱਲੀ ਦੇ ਬਾਦਸ਼ਾਹ ਜਹਾਂਗੀਰ ਨੇ 30.5.1606 ਨੂੰ ਲਹੌਰ ਵਿੱਚ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰ ਦਿੱਤਾ।

***Moghul rulers just as it is useless to lie down for sympathy before a horned beast. In that case, then try to meet the evil with armed resistance."***

## 9.5 ਜਨਾਨੀਆਂ ਦਾ ਸਮਾਜਿਕ ਰੁਤਬਾ

ਅਧੁਨਿੱਕ ਮਨੁੱਖੀ ਸਮਾਜ ਸਮਾਨਤਾ ਅਤੇ ਸਮਾਜਕ ਬਰਾਬਰੀ ਤੇ ਆਧਾਰਿਤ ਹੈ ਪ੍ਰੰਤੂ ਔਰਤਾਂ ਨੂੰ ਮਰਦਾਂ ਦੇ ਬਰਾਬਰ ਅਧਿਕਾਰ ਹੁਣੇ ਹੁਣੇ ਹੀ ਮਿਲੇ ਹਨ ।[188] ਅੱਜ ਪੱਛਮ ਦੇ ਲੋਕ ਆਪਣੇ ਆਪ ਨੂੰ ਸੰਸਾਰ ਸਦਾਚਾਰ ਦਾ ਝੰਡਾ ਬਰਦਾਰ ਆਖਣੋ ਨਹੀਂ ਥਕਦੇ ਪਰ 1998 ਤੱਕ ਸਪੇਨ ਵਿੱਚ ਜਨਾਨੀਆਂ ਨੂੰ ਗੋਇਆ ਵਿੱਚ ਜਨਾਨੀਆਂ ਵੱਲੋਂ (1774 ਵਿੱਚ) ਹੀ ਬਣਾਈ ਹੋਈ ਮਰੀਅਮ ਦੀ ਤਸਵੀਰ ਦੇਖਣ ਦੀ ਵੀ ਆਗਿਆ ਨਹੀਂ ਸੀ । ਇਹੋ ਹਾਲ ਅਮਰੀਕਾ ਦਾ ਸੀ, ਜਿੱਥੇ ਜਨਾਨੀਆਂ ਨੂੰ ਵੋਟ ਦੇਣ ਦਾ ਵੀ ਹੱਕ ਨਹੀਂ ਸੀ । 26 ਅਗਸਤ 1970 ਨੂੰ ਵਿਮਨ ਲਿਬਰੇਸ਼ਨ ਮੂਵਮੈਂਟ (Women Liberation Movement) ਵੱਲੋਂ ਨਿਊ ਯਾਰਕ ਵਿੱਚ ਬਰਾਬਰ ਦੇ ਹੱਕ ਮੰਗਣ ਲਈ "Strike for Equality" ਦਿਖਾਵਾ ਕੀਤਾ ਗਿਆ ।[189] ਇੰਗਲੈਂਡ ਵਿੱਚ ਵੀ ਜਨਾਨੀਆਂ ਨੂੰ ਮਰਦ ਦੇ ਬਰਾਬਰ ਦਾ ਦਰਜਾ 1875 ਵਿੱਚ ਹੀ ਜਾ ਕੇ ਮਿਲਿਆ । ਯਾਦ ਰਹੇ ਕਿ ਇੰਗਲੈਂਡ ਵਿੱਚ ਔਰਤਾਂ ਨੂੰ ਜਾਇਦਾਦ ਦਾ ਹੱਕ ਵੀ ਕੇਵਲ 1875 ਵਿੱਚ ਹੀ ਮਿਲਿਆ ਅਤੇ ਫਰਾਂਸ ਨੇ ਔਰਤਾਂ ਨੂੰ ਇਹ ਹੱਕ ਅਜੇ ਵੀ ਨਹੀਂ ਦਿੱਤਾ ।

ਸਿੱਖ ਗੁਰੂ ਸਾਹਿਬਾਨ ਦੂਰਦਰਸ਼ੀ ਸਨ । ਉਨ੍ਹਾਂ ਨੇ 500 ਸਾਲ ਪਹਿਲਾਂ ਹੀ ਇਹ ਗੱਲ ਭਾਂਪ ਲਈ ਸੀ ਕਿ ਸਮਾਜ ਦੀ ਬਹੁ ਪੱਖੀ ਉੱਨਤੀ ਲਈ ਮਰਦ ਅਤੇ ਔਰਤ ਦੇ ਸਮਾਜਕ ਹੱਕਾਂ ਦਾ ਸਾਵਾਂ ਹੋਣਾ ਅਤੀ ਜ਼ਰੂਰੀ ਹੈ । ਸ੍ਰੀ ਗੁਰੂ

[188] "ਮਰਦ ਜਨਾਨੀ ਦਾ ਮਾਲਕ ਹੈ । ਅਲ੍ਹਾ ਨੇ ਮਰਦ ਨੂੰ ਜਨਾਨੀ ਤੋਂ ਉੱਪਰ ਰੱਖਿਆ ਹੈ ਕਿਉਂਕਿ ਮਰਦ ਜਨਾਨੀ ਉੱਪਰ ਪੈਸਾ ਖਰਚ ਕਰਦਾ ਹੈ"(ਕੁਰਾਨ 4-34 ਹੋਰ ਦੇਖੋ 4:3, 4:129 ਅਤੇ 2:223) । ਮਰਦ ਜਿਸ ਤਰ੍ਹਾਂ ਚਾਹੇ ਜਨਾਨੀ ਨਾਲ ਵਿਵਹਾਰ ਕਰ ਸਕਦਾ ਹੈ (ਕੁਰਾਨ 4:31) ।ਮਰਦ ਤਿੰਨ ਵਾਰ ਤਲਾਕ ਤਲਾਕ ਤਲਾਕ ਕਹਿ ਕੇ ਜਨਾਨੀ ਨੂੰ ਤਲਾਕ ਦੇ ਸਕਦਾ ਹੈ ਪਰ ਔਰਤ ਇਸ ਤਰ੍ਹਾਂ ਨਹੀਂ ਕਰ ਸਕਦੀ ।

"ਇਕ ਸ਼ਰੀਫ ਜਨਾਨੀ ਇਕ ਵਿਭਚਾਰੀ ਮਰਦ ਤੋਂ ਵੀ ਨਿਕੰਮੀ ਹੈ" (ਤੈਤ੍ਰੀਆਂ ਸੰਹਿਤਾ) "ਇਸਤ੍ਰੀ ਦੀ ਅਕਲ ਮੋਟੀ ਹੁੰਦੀ ਹੈ (ਰਿਗ ਵੇਦ 8:33:17) । ਆਯੁਰ ਵੇਦ (23-19:20) ਵਿੱਚ ਇਸਤ੍ਰੀਆਂ ਦਾ ਪਸ਼ੂਆਂ ਨਾਲ ਸੰਭੋਗ ਵਰਨਣ ਕੀਤਾ ਗਿਆ ਹੈ । "The Hindu woman ,is a shudra and is not entitled to the Gaytri Mantra.(D.P.Mukherjee *Modern Indian culture page 17) । ਪਦਮ ਪੁਰਾਣ ਵਿੱਚ ਔਰਤ ਲਈ ਸਤੀ ਹੋਣ ਦੇ ਤਰੀਕੇ ਲਿਖੇ ਗਏ ਹਨ ਅਤੇ ਇਸ ਨੂੰ ਮਹਾਂ ਪੁੰਨ ਦਾ ਕੰਮ ਦੱਸਿਆ ਗਿਆ ਹੈ । ਸਵਾਮੀ ਦਇਆ ਨੰਦ"ਨਿਯੋਗ" ਦੀ ਵਕਾਲਤ ਕਰਦੇ ਸਨ।ਨਿਯੋਗ ਕਿਸੇ ਜ਼ਨਾਨੀ ਨੂੰ 11 ਮਰਦਾਂ ਨਾਲ ਬਦਕਾਰੀ ਕਰਨ ਦੀ ਆਗਿਆ ਦਿੰਦਾ ਹੈ )*

[189] This movement was known as Suffragette movement.



ਨਾਨਕ ਦੇਵ ਜੀ ਨੇ ਔਰਤਾਂ ਦੇ ਹੱਕ ਵਿੱਚ ਹਾਅ ਦਾ ਨਾਹਰਾ ਮਾਰਦਿਆਂ ਕਿਹਾ ਸੀ, "**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ ਭੰਡਹੁ ਹੀ ਭੰਡ ਊਪਜੈ ਭੰਡੈ ਬਾਝੁ ਨ ਕੋਇ ॥ ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ" ॥ (ਪੰਨਾ 473)** ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਔਰਤ ਨੂੰ ਸਮਾਜਿਕ ਬਰਾਬਰੀ ਦਾ ਜੋ ਦਰਜਾ ਸੰਸਾਰ ਦੇ ਕਿਸੇ ਵੀ ਮੁਲਕ ਨੇ 20ਵੀਂ ਸਦੀ ਤੱਕ ਵੀ ਨਹੀਂ ਸੀ ਦਿੱਤਾ ਉਹ ਗੁਰੂ ਜੀ ਨੇ 15ਵੀਂ ਸਦੀ ਵਿੱਚ ਹੀ ਦੇ ਦਿੱਤਾ ਸੀ । ਸਭ ਸਿੱਖਾਂ ਨੂੰ ਹੁਕਮ ਦਿੱਤਾ ਗਿਆ ਕਿ, "**ਏਕ ਭਾਇ ਦੇਖਉ ਸਭ ਨਾਰੀ"॥ (ਪੰਨਾ 327)** ਗੁਰੂ ਜੀ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਕਿ ਪੁਰਖ ਅਤੇ ਨਾਰੀ ਵਿੱਚ ਸਰੀਰਕ ਵਖਰੇਵਾਂ ਕੁਦਰਤ ਦੀ ਦੇਣ ਹੈ ਪਰ ਇੱਕੋ ਪਰਮਾਤਮਾ ਸਭ ਪੁਰਸ਼ਾਂ ਅਤੇ ਨਾਰੀਆਂ ਵਿੱਚ ਵਸ ਰਿਹਾ ਹੈ । "**ਕਿਸੁ ਤੂੰ ਪੁਰਖੁ ਜੋਰੂ ਕਉਣ ਕਹੀਐ ਸਰਬ ਨਿਰੰਤਰਿ ਰਵਿ ਰਹਿਆ"॥ (ਪੰਨਾ 350)**[190] **"ਆਪੇ ਪੁਰਖੁ ਆਪੇ ਹੀ ਨਾਰੀ"॥ (1020)** ਗੁਰੂ ਜੀ ਦੇ ਅਜਿਹੇ ਅਦੇਸ਼ਾਂ ਦਾ ਸਦਕਾ ਹੀ ਸਿੱਖ ਨਾਰੀਆਂ ਹਰ ਪ੍ਰਕਾਰ ਦੇ ਸਮਾਜਕ ਕੰਮਾਂ ਵਿੱਚ ਜੁਟ ਗਈਆਂ ਇੱਥੋਂ ਤੱਕ ਕਿ ਮਾਈ ਭਾਗੋ ਵਰਗੀਆਂ ਬੀਬੀਆਂ ਤਾਂ ਮੋਢੇ ਨਾਲ ਮੋਢਾ ਜੋੜ ਕੇ ਜੰਗ ਦੇ ਮੈਦਾਨ ਵਿੱਚ ਵੀ ਦੁਸ਼ਮਣ ਦੇ ਦੰਦ ਖੱਟੇ ਕਰਨ ਪਹੁੰਚ ਗਈਆਂ।[191] ਭਾਈ ਗੁਰਦਾਸ ਜੀ ਤਾਂ ਇਸਤਰੀ ਨੂੰ ਮੁਕਤੀ ਦਵਾਉਣ ਵਾਲੀ ਕਰਕੇ ਲਿਖਦੇ ਹਨ।[192]

ਸਿੱਖ ਗੁਰੂ ਸਾਹਿਬਾਨ ਨੇ ਹਿੰਦੂ ਧਰਮ ਵੱਲੋਂ ਪ੍ਰਚਾਰਿਆ ਜਾਂਦਾ "ਬ੍ਰਹਮਚਰੀਆ" ਸਿਧਾਂਤ ਪੂਰੀ ਤਰ੍ਹਾਂ ਨਿਕਾਰਿਆ ਅਤੇ ਪਰਿਵਾਰਕ ਜੀਵਨ ਨੂੰ ਤਰਜੀਹ ਦਿਤੀ । ਆਪ ਨੇ ਕਿਹਾ **"ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿੱਚੇ ਹੋਵੈ ਮੁਕਤਿ" ॥** (ਪੰਨਾ 522)

[190] "ਏਤੇ ਅਉਰਤ ਮਰਦਾਂ ਸਾਜੇ ਏ ਸਭ ਰੂਪ ਤੁਮ੍ਹਾਰੇ" ॥ (ਪੰਨਾ 1349)," ਸਭਿ ਘਟ ਆਪੇ ਭੋਗਵੈ ਪਿਆਰਾ ਵਿਚਿ ਨਾਰੀ ਪੁਰਖ ਸਭੁ ਸੋਇ" (ਪੰਨਾ 605), "ਆਪੇ ਨਰੁ ਆਪੇ ਫੁਨਿ ਨਾਰੀ ਆਪੇ ਸਾਰਿ ਆਪ ਹੀ ਪਾਸਾ"॥ (ਪੰਨਾ 1403)

[191] ਪਟਿਆਲੇ ਦੀ ਰਾਣੀ ਸਾਹਿਬ ਕੌਰ ਅਤੇ ਤਾਰੀਖੇ ਪੰਜਾਬ ਵਿੱਚ ਬਿਆਨੀ ਗਈ ਬੀਬੀ ਰਾਜਿੰਦਰ ਕੌਰ ਦੇ ਕਾਰਨਾਮੇ ਪੜ੍ਹਨ ਯੋਗ ਹਨ। ਇਸ ਸਿਲਸਿਲੇ ਵਿੱਚ ਪੜ੍ਹੋ ਸਾਡੀ ਪੁਸਤਕ "ਸਿੱਖ ਧਰਮ ਅਤੇ ਇਸਤ੍ਰੀਆਂ" ਕ੍ਰਿਤ ਸਰਦਾਰ ਗੁਰਬਚਨ ਸਿੰਘ ਸਿੱਧੂ ।

[192] "ਲੋਕ ਵੇਦ ਗੁਰ ਗਿਆਨ ਵਿੱਚ ਅਰਧਸਰੀਰੀ ਮੋਖ ਦੁਆਰੀ" (ਭਾਈ ਗੁਰਦਾਸ)

## 9.6 ਜ਼ਾਤ ਪਾਤ

"ਜ਼ਾਤ" ਸ਼ਬਦ ਫਾਰਸੀ ਵਿੱਚੋਂ ਆਇਆ ਹੈ । ਹਿੰਦੂ ਧਾਰਮਿਕ ਗ੍ਰੰਥਾਂ ਵਿੱਚ ਇਸ ਲਈ ਸ਼ਬਦ "ਵਰਣ" ਲਿਖਿਆ ਮਿਲਦਾ ਹੈ ਜਿਸ ਦਾ ਅਰਥ ਹੈ "ਰੰਗ" ।[193] ਵੇਦਕ ਕਾਲ ਤੋਂ ਹੀ ਅਜਿਹੇ ਇਸ਼ਾਰੇ ਮਿਲਦੇ ਹਨ ਕਿ ਗੋਰੇ ਆਰੀਆ ਲੋਕਾਂ ਨੇ ਭਾਰਤ ਦੇ ਅਸਲੀ ਵਸਨੀਕਾਂ ਨੂੰ "ਰੰਗ" ਦੇ ਕਾਰਨ ਨਫ਼ਰਤ ਨਾਲ ਦੇਖਿਆ ਅਤੇ ਜੰਗਾਂ ਯੁੱਧਾਂ ਵਿੱਚ ਹਰਾ ਕੇ ਆਪਣੇ ਦਾਸ, ਬਗਾਰੀ ਜਾਂ ਸੇਵਾਦਾਰ ਬਣਾ ਲਿਆ । ਇਨ੍ਹਾਂ ਦੇ ਸਭ ਸਮਾਜਕ ਹੱਕ ਖੋਹ ਲਏ ਗਏ ਅਤੇ ਵਿੱਦਿਆ ਆਦਿਕ ਪੜ੍ਹਣ ਉੱਪਰ ਪਾਬੰਦੀ ਲਾ ਦਿੱਤੀ ਗਈ । 200 ਪੂਰਵ ਈਸਵੀ ਦੇ ਨੇੜੇ ਮੰਨੂ ਨਾਂ ਦੇ ਇੱਕ ਆਰੀਆ ਵਿਦਵਾਨ ਨੇ ਮਨੂੰ ਸਿਮਰਤੀ ਨਾਂ ਦੀ ਇਕ ਨਿਯਮਾਵਲੀ ਤਿਆਰ ਕੀਤੀ ਜਿਸ ਅਨੁਸਾਰ ਸਭ ਤੋਂ ਉੱਪਰਲੀ ਆਰੀਆ ਸ਼੍ਰੇਣੀ ਨੂੰ ਬ੍ਰਾਹਮਣ ਕਿਹਾ ਗਿਆ ਅਤੇ ਉਨ੍ਹਾਂ ਨੂੰ ਸਾਰੇ ਹੱਕ ਹਕੂਕ ਦੇ ਦਿੱਤੇ ਗਏ । ਬਾਕੀ ਗ਼ੁਲਾਮ ਸਮਾਜ ਨੂੰ ਕਸ਼ਤ੍ਰੀ, ਵਿਆਸ ਅਤੇ ਸ਼ੂਦਰ ਵਿੱਚ ਵੰਡ ਕੇ ਘਟੀਆ ਕੰਮਾਂ ਤੇ ਲਾ ਦਿੱਤਾ ਗਿਆ । ਸਮਾਂ ਪਾ ਕੇ ਇਹ ਵਰਣ-ਵੰਡ ਇਤਨੀ ਪੱਕੀ ਪੀਡੀ ਹੋ ਗਈ ਕਿ ਕਿਸੇ ਦਾ ਹੌਸਲਾ ਨਾ ਪਿਆ ਕਿ ਇਸ ਦੇ ਵਿਰੁੱਧ ਬੋਲ ਸਕੇ । ਇਹ ਇੱਕ ਖ਼ਤਰਨਾਕ ਸਮਾਜਿਕ ਕੁਰੀਤੀ ਬਣ ਗਈ । ਹਿੰਦੂ ਵਿਦਵਾਨ ਡਾਕਟਰ ਰਾਧਾਕ੍ਰਿਸ਼ਨਨ (ਜੋ ਕਿ ਭਾਰਤ ਦੇ ਰਾਸ਼ਟਰਪਤੀ ਵੀ ਰਹੇ) ਅਨੁਸਾਰ ਜ਼ਾਤ ਪਾਤ ਦੀਆਂ ਮੁੱਖ ਵਿਸ਼ੇਸ਼ਤਾਵਾ ਹਨ (1) ਵੰਸ਼-ਪ੍ਰੰਪਰਾ—ਕੋਈ ਵੀ ਆਪਣਾ ਵੰਸ਼ ਨਹੀਂ ਬਦਲ ਸਕਦਾ। (2) ਵਿਆਹ ਪ੍ਰੰਪਰਾ—ਹਰ ਵਿਅਕਤੀ ਆਪਣੀ ਵੰਸ਼ ਵਿੱਚ ਹੀ ਸ਼ਾਦੀ ਕਰਵਾਵੇਗਾ (3) ਸੰਪਰਦਾਇਕ ਪ੍ਰੰਪਰਾ—ਹਰ ਵਰਗ ਦਾ ਖਾਣ ਪੀਣ ਪਹਿਨਣ ਆਦਿਕ ਵੱਖਰਾ ਹੋਵੇਗਾ ਅਤੇ ਦੂਜਿਆਂ ਨਾਲ ਸਾਂਝਾ ਨਹੀਂ ਕੀਤਾ ਜਾਵੇਗਾ । ਕੰਮ-ਕਾਰ, ਅੰਤਰਜ਼ਾਤੀ ਵਿਵਾਹ, ਖੂਹਾਂ ਤੋਂ ਪਾਣੀ ਆਦਿਕ ਲੈਣਾ ਜਾਂ ਧਾਰਮਿਕ ਅਸਥਾਨਾਂ ਤੇ ਜਾਣਾ ਸਭ ਜ਼ਾਤੀ ਨਾਲ ਸੰਬੰਧਤ ਹੋਣਗੇ (See Indian Philosophy by Dr, Rashakrishnana)।[194]

ਅਧੁਨਿਕ ਸਮਾਜ ਭਾਵੇਂ ਅਜਿਹੇ ਭ੍ਰਿਸ਼ਟ ਵਿਧਾਨ ਤੋਂ ਆਕੀ ਹੈ ਤਾਂ ਵੀ ਸਰੀਰਕ ਰੰਗ ਰੂਪ ਕਰਕੇ ਜਾਂ ਕਿੱਤਿਆਂ ਕਰਕੇ ਅੱਜ ਵੀ ਬੰਦਾ ਬੰਦੇ ਨਾਲ ਨਫ਼ਰਤ

[193] *ਜ਼ਾਤ ਪਾਤ ਯੌਰਪ ਵਿੱਚ ਵੀ ਰਹੀ ਹੈ । ਇੰਗਲੈਂਡ ਵਿੱਚ ਇਹ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ Castus ਤੋਂ ਆਇਆ ਜਿਸ ਦਾ ਅਰਥ ਹੈ "ਕੱਟਿਆ ਹੋਇਆ" ਜਾਂ "ਦੁਰਕਾਰਿਆ ਹੋਇਆ" । ਪੁਰਤਗਾਲ ਵਿੱਚ ਇਸ ਦਾ ਅਰਥ ਹੈ "ਨਸਲ"। ਯੁੱਧ ਕਰਨ ਵਾਲਿਆਂ ਨੂੰ Bellatores, ਧਰਮ ਸਿਖਸ਼ਕਾਂ ਨੂੰ Oratores ਅਤੇ ਕਾਮਿਆਂ ਨੂੰ Laborastores (labourers) ਕਿਹਾ ਜਾਂਦਾ ਸੀ । ਇਸ ਤਰ੍ਹਾਂ ਪੱਛਮੀ ਸਮਾਜ ਤਿੰਨ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ ।*

[194] *ਹਿੰਦੂ ਧਰਮ ਦੀ ਹਰ ਜਾਤੀ ਅਗੋਂ ਹਜ਼ਾਰਾਂ ਹੀ ਭਾਗਾਂ ਵਿੱਚ ਵੰਡੀ ਹੋਈ ਹੈ । ਇਕੱਲੇ ਬ੍ਰਹਮਣ ਹੀ ਬਾਰਾਂ ਕਿਸਮਾਂ ਦੇ ਹਨ ।*



ਕਰਦਾ ਆ ਰਿਹਾ ਹੈ । ਸਿੱਖ ਧਰਮ ਨੇ ਮੁੱਢ ਤੋਂ ਹੀ ਇਸ ਅਣਮਨੁੱਖੀ ਵਖਰੇਵੇਂ ਵਿਰੁੱਧ ਆਵਾਜ਼ ਉਠਾਈ । ਗੁਰੂ ਨਾਨਕ ਸਾਹਿਬ ਨੇ ਕਿਹਾ, "**ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ" ॥ (1330)** ਬੰਦੇ ਦੀ ਜ਼ਾਤ ਦਾ ਸਬੰਧ ਬੰਦੇ ਦੇ ਜਨਮ ਨਾਲ ਨਹੀਂ ਸਗੋਂ ਉਸ ਵਲੋਂ ਕੀਤੇ ਗਏ ਸਮਾਜਕ ਚੰਗੇ ਜਾਂ ਮੰਦੇ ਕੰਮਾਂ ਨਾਲ ਹੋਣਾ ਚਾਹੀਦਾ ਹੈ । ਉਨ੍ਹਾਂ ਨੇ ਪੂਰਾ ਤਾਣ ਲਾਇਆ ਕਿ ਲੋਕ ਜ਼ਾਤ ਪਾਤ ਦੀ ਬਿਨਾ ਤੇ ਇੱਕ ਦੂਜੇ ਨੂੰ ਚੰਗਾ ਮੰਦਾ ਨਾ ਸਮਝਣ ਅਤੇ ਜ਼ਾਤ ਦਾ ਹੰਕਾਰ ਨਾ ਕਰਨ, "**ਜਾਤਿ ਕਾ ਗਰਬ ਨ ਕਰਿ ਮੂਰਖ ਗਵਾਰਾ ॥ ਇਸ ਗਰਬੁ ਤੇ ਚਲੇ ਬਹੁਤੁ ਵਿਕਾਰਾ ॥……ਮਾਟੀ ਏਕ ਸਗਲ ਸੰਸਾਰਾ॥ ਬਹੁ ਬਿਧਿ ਭਾਂਡੇ ਘੜੈ ਕੁਮ੍ਹਾਰਾ (ਪੰਨਾ 1128), ਜਾਤਿ ਕਾ ਗਰਬੁ ਨ ਕਰੀਅਹੁ ਕੋਈ (ਪੰਨਾ 1128)** ਇਸੇ ਵਿਚਾਰ ਨੂੰ ਪੂਰਨ ਪ੍ਰੋੜ੍ਹਤਾ ਦੇਣ ਲਈ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅਖੌਤੀ ਨੀਚ ਜ਼ਾਤਾਂ ਦੇ ਭਗਤਾਂ (ਭਗਤ ਰਵਿਦਾਸ, ਸਧਨਾ ਆਦਿਕ) ਦੀ ਬਾਣੀ ਚੜ੍ਹਾਈ ਅਤੇ ਗੁਰੂ ਨਾਨਕ ਦੇਵ ਜੀ ਸਾਰੀ ਉਮਰ ਮਰਦਾਨੇ ਮਰਾਸੀ ਨਾਲ ਵਿਚਰਦੇ ਰਹੇ । ਸਿੱਖ ਸਿਧਾਂਤ ਹੈ "**ਫਕੜ ਜਾਤੀ ਫਕੜੁ ਨਾਉ ॥ ਸਭਨਾ ਜੀਆ ਇਕਾ ਛਾਉ" ॥ (ਪੰਨਾ 83)**

## 9.7 ਭੋਜਨ ਅਤੇ ਖਾਣ ਪੀਣ ਵਾਰੇ

### (ੳ) ਭੋਜਨ

ਆਧੁਨਿਕ ਯੁੱਗ ਵਿੱਚ ਖਾਣ ਪੀਣ ਬਾਰੇ ਡਾਕਟਰਾਂ ਅਤੇ ਵਿਗਿਆਨੀਆਂ ਨੇ ਸਾਧਾਰਣ ਬੰਦੇ ਨੂੰ ਕਾਫੀ ਗਿਆਨ ਦਿੱਤਾ ਹੈ ਅਤੇ ਦੱਸਿਆ ਹੈ ਕਿ ਕੀ ਖਾਣਾ ਚਾਹੀਦਾ ਹੈ ਅਤੇ ਕਿੰਨ੍ਹਾਂ ਖਾਣਿਆਂ ਤੋਂ ਪਰਹੇਜ਼ ਜ਼ਰੂਰੀ ਹੈ ।ਇਸ ਜ਼ਰੂਰੀ ਵਿਸ਼ੇ ਬਾਰੇ 500 ਸਾਲ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਵਿਚਾਰ ਦਿੱਤੇ ਸਨ ਕਿ ਮਨੁੱਖ ਨੂੰ ਖਾਧ-ਪਦਾਰਥਾਂ ਬਾਰੇ ਚੋਣ ਕਰ ਲੈਣੀ ਚਾਹੀਦੀ ਹੈ । ਆਪ ਨੇ ਕਿਹਾ ਭੋਜਨ ਉਹ ਖਾਉ ਜਿਸ ਦੀ ਸਰੀਰ ਨੂੰ ਲੋੜ ਹੈ ਅਤੇ ਜੋ ਸਰੀਰ ਵਿੱਚ ਬੀਮਾਰੀ ਜਾਂ ਵਿਕਾਰ ਪੈਦਾ ਨਹੀਂ ਕਰਦਾ, "**ਬਾਬਾ ਹੋਰ ਖਾਣਾ ਖੁਸੀ ਖੁਆਰ, ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ"॥ (ਪੰਨਾ 16)** ਅੱਜ ਕੱਲ੍ਹ Cholesterol ਬਾਰੇ ਆਮ ਲੋਕ ਜਾਣਦੇ ਹਨ ਕਿ ਇਹ ਫਾਲਤੂ ਚਰਬੀ ਹੈ ਜੋ ਮੋਟਾਪਾ ਅਤੇ ਦਿਲ ਦੇ ਦੌਰੇ (Heart Attack) ਵਰਗੇ ਰੋਗ ਪੈਦਾ ਕਰਦੀ ਹੈ । ਵਧੇਰੀ ਚਰਬੀ ਵਾਲੇ ਭੋਜਨ ਖਾਣ ਤੋਂ ਅੱਜ ਦੇ ਡਾਕਟਰ ਮਨ੍ਹਾ ਕਰਦੇ ਹਨ ਪ੍ਰੰਤੂ ਇਹੋ ਨਸੀਹਤ ਗੁਰੂ ਜੀ ਨੇ 500 ਸਾਲ ਪਹਿਲਾਂ ਆਪਣੇ ਸਿੱਖਾਂ ਨੂੰ ਇਹ ਕਹਿ ਕੇ ਦਿੱਤੀ ਸੀ, "**ਫਿਟ ਇਵੇਹਾ ਜੀਵਿਆ ਖਾਇ ਵਧਾਇਆ ਪੇਟੁ"॥ (ਪੰਨਾ 790)** ਬਾਬਾ ਫਰੀਦ ਜੀ ਨੇ ਇਹੋ ਗੱਲ ਹੋਰ ਵੀ

ਸਪੱਸ਼ਟ ਕਰਕੇ ਲਿੱਖ ਛੱਡੀ ਸੀ "**ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ ॥ ਜਿਨਾ ਖਾਧੀ ਚੋਪੜੀ ਘਣੇ ਸਹਨਿਗੇ ਦੁਖ"॥ (ਪੰਨਾ 1379)** ਜੀਭ ਦੇ ਚਸਕੇ ਦੀ ਖਾਤਰ ਖਾਈ ਜਾਣਾ ਵੀ ਰੋਗ ਪੈਦਾ ਕਰਦਾ ਹੈ ਅਤੇ ਡਾਕਟਰ ਇਸ ਤੋਂ ਰੋਕਦੇ ਹਨ । ਇਸ ਬਾਰੇ ਵੀ ਗੁਰੂ ਜੀ ਨੇ ਸਿੱਖਾਂ ਨੂੰ ਚਣੌਤੀ ਦੇ ਦਿੱਤੀ ਸੀ ।

**"ਜੇਤੇ ਰਸ ਸਰੀਰ ਕੇ ਤੇਤੇ ਲਗਹਿ ਦੁਖ**"॥ (ਪੰਨਾ 1287)

ਕੁੱਝ ਧਰਮਾਂ ਵਿੱਚ ਕੁੱਝ ਖਾਸ ਤਰ੍ਹਾਂ ਦੀ ਖੁਰਾਕ ਖਾਣ ਦੀ ਮਨਾਹੀ ਹੈ।ਕੁਝ ਹੋਰ ਧਰਮ ਇਹ ਵੀ ਦੱਸਦੇ ਹਨ ਕਿ ਭੋਜਨ ਤਿਆਰ ਕਿਵੇਂ ਕੀਤਾ ਜਾਵੇ ਜੋ 'ਹਲਾਲ' ਹੋਵੇ।[195] ਗੁਰੂ ਜੀ ਨੇ "ਹਲਾਲ ਅਤੇ "ਹਰਾਮ" ਦਾ ਵਖੇਵਾਂ ਕਰਦਿਆਂ ਦੱਸਿਆ ਕਿ ਹਲਾਲ ਜਾਂ ਹਰਾਮ ਜੀਵ ਨੂੰ ਮਾਰਨ ਨਾਲ ਸੰਬੰਧ ਨਹੀਂ ਰੱਖਦੇ, ਸਗੋਂ ਇਸ ਗੱਲ ਨਾਲ ਸਬੰਧ ਰੱਖਦੇ ਹਨ ਕਿ ਖਾਣ ਵਾਲੇ ਨੇ ਕਮਾਈ ਕਿਸ ਤਰ੍ਹਾਂ ਦੀ ਕੀਤੀ ਹੈ। "**ਹਕੁ ਪਰਾਇਆ ਨਾਨਕ ਉਸੁ ਸੂਅਰ ਉਸੁ ਗਾਇ" ॥** (ਪੰਨਾ 141) ਪਰਾਇਆ ਹੱਕ ਖਾਣਾ ਹਿੰਦੂ ਲਈ ਗਾਂ ਖਾਣ ਅਤੇ ਮੁਸਲਮਾਨ ਲਈ ਸੂਰ ਖਾਣ ਦੇ ਬਰਾਬਰ ਹੈ।[196] ਮੁਸਲਮਾਨ ਨੂੰ ਸਮਝਾਉਂਦਿਆ ਇਹ ਵੀ ਕਿਹਾ ਕਿ ਜੇ ਕਮਾਈ ਈਮਾਨਦਾਰੀ ਨਾਲ ਨਹੀਂ ਕੀਤੀ ਤਾਂ ਇਸ ਤਰ੍ਹਾਂ ਹੈ ਜਿਵੇਂ ਕੋਈ "ਹਰਾਮ" ਦੇ ਮਾਸ ਵਿੱਚ ਮਸਾਲੇ ਆਦਿਕ ਪਾਕੇ ਕਹੇ ਕਿ ਹੁਣ ਉਹ "ਹਲਾਲ" ਬਣ ਗਿਆ ਹੈ , "**ਮਾਰਣ ਪਾਹਿ ਹਰਾਮ ਮਹਿ ਹੋਇ ਹਲਾਲੁ ਨ ਜਾਇ ॥ ਨਾਨਕ ਗਲੀ ਕੂੜੀਈ ਕੂੜੋ ਪਲੈ ਪਾਇ" ॥ (ਪੰਨਾ 141)** ਆਪ ਨੇ ਸਿੱਖਿਆ ਦਿੱਤੀ, "**ਹਕੁ ਹਲਾਲੁ ਬਖੋਰਹੁ ਖਾਣਾ ॥ ਦਿਲ ਦਰੀਆਉ ਧੋਵਹੁ ਮੈਲਾਣਾ"॥ (ਪੰਨਾ 1084)** ਸ਼ਾਇਦ ਹੀ ਸੰਸਾਰ ਦਾ ਕੋਈ ਧਰਮ ਹੋਵੇਗਾ ਜਿਸ ਨੇ ਐਸੀ ਸਪੱਸ਼ਟਤਾ ਨਾਲ ਇਨਸਾਨ ਨੂੰ ਖਾਣ ਪੀਣ ਬਾਰੇ ਜਾਣਕਾਰੀ ਦਿੱਤੀ ਹੋਵੇਗੀ ।

### (ਅ) ਨਸ਼ੇ

ਅੱਜ ਕੱਲ੍ਹ ਨੌਜਵਾਨ ਨਸ਼ਿਆਂ ਦੇ ਇੰਨੇ ਆਦੀ ਹੋ ਚੁੱਕੇ ਹਨ ਕਿ ਪੇਂਟ ਅਤੇ ਗਲੂ (Glue) ਵਰਗੀਆਂ ਘਾਤਕ ਵਸਤਾਂ ਦਾ ਪ੍ਰਯੋਗ ਵੀ ਕਰਨ ਲਗ ਪਏ

[195] ਮੁਸਲਮਾਨ ਕੇਵਲ ਹੌਲੀ ਹੌਲ਼ੀ ਦੁਖੀ ਕਰਕੇ (ਘੰਡੀ ਦੀ ਨਾੜ ਕੱਟਕੇ) ਮਾਰੇ ਜੀਵ ਦੇ ਮਾਸ ਨੂੰ ਹੀ "ਹਲਾਲ" ਸਮਝ ਕੇ ਖਾਂਦੇ ਹਨ। ਕੁੱਝ ਸਿੱਖ ਜੋ ਮਾਸ ਖਾਂਦੇ ਹਨ ਉਹ ਜੀਵ ਨੂੰ ਇੱਕੋ ਝਟਕੇ ਨਾਲ ਮਾਰ ਕੇ ਖਾਂਦੇ ਹਨ ਜਿਸ ਨਾਲ ਜੀਵ ਦੁਖੀ ਹੋ ਕੇ ਮਰਨ ਦੀ ਥਾਂ ਤੁਰੰਤ ਮਰ ਜਾਂਦਾ ਹੈ ਪ੍ਰੰਤੂ ਮੁਸਲਮਾਨ ਅਜਿਹਾ ਮਾਸ ਨਹੀਂ ਖਾਂਦਾ । ਉਹ ਇਸ ਨੂੰ "ਹਰਾਮ" ਸਮਝਦਾ ਹੈ ।

[196] ਹਿੰਦੂ ਗਾਂ ਦਾ ਮਾਸ ਨਹੀਂ ਖਾਂਦਾ ਅਤੇ ਮੁਸਲਮਾਨ ਸੂਰ ਨਹੀਂ ਖਾਂਦਾ ।



ਹਨ ।[197] ਅਜਿਹੀਆਂ ਵਸਤਾਂ ਨਾਲ ਸਿਹਤ ਉੱਪਰ ਬਹੁਤ ਭੈੜੇ ਪ੍ਰਭਾਵ ਪੈਂਦੇ ਹਨ ਅਤੇ ਕਈ ਹਾਲਤਾਂ ਵਿੱਚ ਤਾਂ ਨੌਜਵਾਨਾਂ ਦੀ ਮੌਤ ਵੀ ਹੋ ਜਾਂਦੀ ਹੇ । ਸੁਣਨ ਵਿੱਚ ਆਇਆ ਹੈ ਕਿ ਖਿਡਾਰੀ ਵੀ ਐਨਾਬੋਲਕਿ ਸਟੀਰੌਇਡਜ਼ ਵਰਗੀਆਂ ਘਾਤਕ ਵਸਤਾਂ ਵਰਤਣ ਲੱਗ ਪਏ ਹਨ । ਨਸ਼ੇ ਦੇ ਵਪਾਰੀ ਐਸੀਆਂ ਘਾਤਕ ਵਸਤਾਂ ਨੂੰ ਸਕੂਲਾਂ ਕਾਲਜਾਂ ਵਿੱਚ ਲਿਜਾਕੇ ਵੀ ਵੇਚਣ ਲੱਗ ਪਏ ਹਨ ।

ਨਸ਼ਿਆਂ ਨਾਲ ਨਜਿੱਠਣ ਲਈ 1909 ਵਿੱਚ ਅਫ਼ੀਮ ਕਮਿਸ਼ਨ ਦੀ ਇਕ ਮੀਟਿੰਗ ਸ਼ੰਘਾਈ ਵਿੱਚ ਹੋਈ ਸੀ ਪਰ ਉਸ ਦਾ ਕੋਈ ਨਤੀਜਾ ਨਾ ਨਿਕਲਿਆ । 1961 ਵਿੱਚ ਫੇਰ UNO ਵੱਲੋਂ ਇਸ ਵਿਸ਼ੇ ਤੇ ਵਿਚਾਰ ਕੀਤਾ ਗਿਆ ਪ੍ਰੰਤੂ ਇਸ ਦੇ ਫੈਸਲੇ ਵੀ 1971 ਵਿੱਚ ਜਾ ਕੇ ਹੀ ਲਾਗੂ ਹੋ ਸਕੇ । 1988 ਵਿੱਚ ਪਹਿਲੀ ਵਾਰ UNO ਨੇ ਇਹ ਗੱਲ ਮੰਨੀ ਕਿ ਨਸ਼ੇ ਸੰਸਾਰ ਵਿੱਚ ਚੋਰੀ ਛਿੱਪੇ ਭੇਜੇ ਜਾਂਦੇ ਹਨ ਅਤੇ ਇਨ੍ਹਾਂ ਦੇ ਵਪਾਰੀ ਕਰੋੜਾਂ ਰੁਪਏ ਦੀ ਆਮਦਨ ਕਰ ਰਹੇ ਹਨ । ਇਸ ਤਰ੍ਹਾਂ ਕਮਾਇਆ ਬਹੁਤਾ ਪੈਸਾ ਆਤੰਕਵਾਦ ਨੂੰ ਜਨਮ ਦਿੰਦਾ ਹੈ ।

ਅੱਜ ਕੱਲ੍ਹ ਦੇ ਬਹੁਤੇ ਨਸ਼ੇ ਗੁਰੂ ਸਾਹਿਬਾਨ ਦੇ ਸੱਮਿਆਂ ਵਿੱਚ ਨਹੀਂ ਸਨ ਪਰ ਤਾਂ ਵੀ ਮੁੱਢ ਤੋਂ ਹੀ ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਅਜਿਹੀਆਂ ਵਸਤਾਂ ਵਰਤਣ ਤੋਂ ਮਨਾਹੀ ਕੀਤੀ ਹੋਈ ਸੀ । ਸ਼ਰਾਬ ਬਾਰੇ ਆਪ ਨੇ ਕਿਹਾ: **"ਇਤੁ ਮਦਿ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰ"॥ (ਪੰਨਾ 553)**[198] ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਅੰਮ੍ਰਿਤ ਛਕਾਉਣ ਵੇਲੇ ਕੋਈ ਵੀ ਨਸ਼ਾ ਵਰਤਣ ਤੇ ਮੁਕੰਮਲ ਪਾਬੰਦੀ ਲਾ ਦਿੱਤੀ ਜਿਸ ਨੂੰ ਪਿਛੋਂ ਸਿੱਖ ਰਹਿਤ ਮਰਯਾਦਾ ਦਾ ਭਾਗ ਬਣਾ ਦਿਤਾ ਗਿਆ ।[199]

ਸ਼ਰਾਬ ਬਾਰੇ ਬ੍ਰਿਟਿਸ਼ ਲਿਵਰ ਟਰੱਸਟ ਦੇ ਚੀਫ ਐਗਜ਼ੈਕਟਿਵ ਸ੍ਰੀ ਨਾਈਜਲ ਹਿਊਜ਼ ਲਿਖਦੇ ਹਨ ਕਿ ਸ਼ਰਾਬ ਲਿਵਰ ਵਿੱਚ Fibrosis ਦਾ ਰੋਗ ਪੈਦਾ ਕਰ ਦਿੰਦੀ ਹੈ ਜੋ ਹੌਲੀ ਹੌਲੀ ਇਨਸਾਨ ਨੂੰ ਇੱਕ ਘਾਤਕ ਬੀਮਾਰੀ Cirrhosis ਵੱਲ ਲੈ ਜਾਂਦਾ ਹੈ ਜਿਸ ਦਾ ਕੋਈ ਇਲਾਜ ਨਹੀਂ।[200] Cirrhosis (ਉਮਰਥਲ)[201] ਦਾ ਰੋਗ ਗੁਰੂ ਜੀ

[197] ਅਕਸਰ ਕਿਹਾ ਜਾਂਦਾ ਹੈ ਕਿ ਨਸ਼ੇ ਉਲਾਸ ਜਾਂ ਅਨੰਦ ਪਰਾਪਤੀ ਵਾਸਤੇ ਵਰਤੇ ਜਾਂਦੇ ਹਨ। "People who drink to drown their sorrows should be told that sorrows know how to swim. (Edgar Allan Poe)

[198] "ਮਦੁ ਪੀ ਜੂਏ ਖੇਲਦੇ ਜੋਹਨਿ ਪਰ ਨਾਰੇ"॥ (ਭਾਈ ਗੁਰਦਾਸ)

[199] ਦੇਖੋ ਸਿੱਖ ਰਹਿਤ ਮਰਯਾਦਾ 1978 ਪੰਨਾ 22

[200] Alcoholic drinks act as vitamin and mineral thieves in the body (Napoleon)

[201] Cancer research U.K. conducted a research in 50 countries of the world. On 12.11.2002 they reported that alcohol counts for 4% of breast cancers in the developed world and around 2000 cases each year in U.K. alone.

ਵੇਲੇ ਵੀ ਆਮ ਸੀ ਅਤੇ ਇਸ ਬਾਰੇ ਗੁਰੂ ਜੀ ਨੇ ਲਿਖਿਆ ਹੈ, "**ਜਿਨਾ ਅੰਦਰਿ ਉਮਰਥਲ**[202] **ਸੇਈ ਜਾਣਨਿ ਸੂਲੀਆਂ"॥ (ਪੰਨਾ 311)** ਸ਼ਰਾਬ ਪੀਣ ਤੋਂ ਮਨ੍ਹਾਂ ਕਰਦੇ ਹੋਏ ਗੁਰੂ ਜੀ ਲਿਖਦੇ ਹਨ, "**ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥ ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ"॥ (ਪੰਨਾ 399)** ਸ਼ਰਾਬ ਪੀਣ ਬਾਰੇ ਗੁਰੂ ਜੀ ਦੇ ਹੇਠ ਲਿਖੇ ਸਬਦ ਹਰ ਸਿੱਖ ਦੀ ਜ਼ੁਬਾਨ ਉੱਪਰ ਹੋਣੇ ਚਾਹੀਦੇ ਹਨ , "**ਮਾਣਸੁ ਭਰਿਆ ਆਣਿਆ ਮਾਣਸੁ ਭਰਿਆ ਆਇ ॥ ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ ॥**[203] **ਜਿਤੁ ਪੀਤੈ ਖਸਮੁ ਵਿਸਰੈ ਦਰਗਹ ਮਿਲੈ ਸਜਾਇ ॥ ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ ॥ ਨਾਨਕ ਨਦਰੀ ਸਚੁ ਮਦੁ ਪਾਈਐ ਸਤਿਗੁਰੁ ਮਿਲੈ ਜਿਸੁ ਆਇ ॥ ਸਦਾ ਸਾਹਿਬ ਕੈ ਰੰਗਿ ਰਹੈ ਮਹਲੀ ਪਾਵੈ ਥਾਉ ॥(ਪੰਨਾ 554), ਹੋਛਾ ਮਦੁ ਚਾਖਿ ਹੋਏ ਤੁਮ ਬਾਵਰ ਦੁਲਭ ਜਨਮੁ ਅਕਾਰਥ" (ਪੰਨਾ 1001)** ਗੁਰੂ ਜੀ ਦੀ ਦੂਰਦਰਸ਼ਤਾ ਤੇ ਹੈਰਾਨੀ ਹੁੰਦੀ ਹੈ ਕਿ ਜੋ ਮਸਲ੍ਹੇ ਅੱਜ ਖੜ੍ਹੇ ਹੋ ਰਹੇ ਹਨ ਉਨ੍ਹਾਂ ਬਾਰੇ ਆਪ ਜੀ ਨੇ 500 ਸਾਲ ਪਹਿਲਾਂ ਹੀ ਆਪਣੇ ਵਿਚਾਰ ਵਿਅਕਤ ਕਰ ਦਿੱਤੇ ਸਨ ।

ਅੱਜ ਕੱਲ੍ਹ ਸਿਗਰਟ ਪੀਣਾ ਵੀ ਆਮ ਹੋ ਗਿਆ ਹੈ । ਪਿੰਡ ਬਰਨਾ (ਤਸੀਲ ਕਰਨਾਲ-ਹਰਿਆਣਾ) ਵਿੱਚ ਗੁਰੂ ਤੇਗ਼ ਬਹਾਦਰ ਜੀ ਨੇ ਪਹਿਲੀ ਵਾਰ ਤਮਾਕੂ ਦੇ ਪ੍ਰਯੋਗ ਬਾਰੇ ਆਪਣੇ ਉਪਦੇਸ਼ ਵਿੱਚ ਕਿਹਾ ਸੀ, "ਲੋਕਾਂ ਨੂੰ ਇਸ ਨਾਮੁਰਾਦ ਦੁਸ਼ਟ ਚੀਜ਼ ਤੋਂ ਪਰੇ ਹੀ ਰਹਿਣਾ ਚਾਹੀਦਾ ਹੈ । ਜਦ ਇਸ ਇਲਾਕੇ ਦੇ ਲੋਕ ਤਮਾਕੂ ਵਰਤਣਾ ਬੰਦ ਕਰ ਦੇਣਗੇ ਤਾਂ ਖੁਸ਼ ਹੈਸੀਅਤੀ ਇਨ੍ਹਾਂ ਦੇ ਪੈਰ ਚੁੰਮੇਗੀ"।[204] ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿੱਖਾਂ ਨੂੰ ਨਸ਼ਿਆਂ ਦੇ ਪ੍ਰਯੋਗ ਤੋਂ ਰੋਕਣ ਵਾਲੀ ਨਸੀਹਤ ਮਹਾਤਮਾ ਗਾਂਧੀ ਨੂੰ ਵੀ ਬਹੁਤ ਪਸੰਦ ਆਈ ।[205]

---

[202] "ਉਮਰਥਲ" ਇੱਕ ਫੋੜਾ ਹੈ ਜੋ ਬਹੁਤੀ ਸ਼ਰਾਬ ਪੀਣ ਨਾਲ ਪੇਟ ਵਿੱਚ ਹੋ ਜਾਂਦਾ ਹੈ । ਇਸ ਦਾ ਦਰਦ ਸੂਲੀ ਵਰਗਾ ਹੈ । ਦੇਖੋ ਮਹਾਨ ਕੋਸ਼ ਪੰਨਾ 16

[203] "ਨਕੁ ਕੰਨੁ ਫੜਿ ਵਢੀਐ ਰਾਵੈ ਪਰ ਨਾਰੀ" ॥ (ਭਾਈ ਗੁਰਦਾਸ)

[204] ਜਬ ਲਗ ਕੌੜਾ ਧੂਮ ਨ ਪੀਓ, ਤਬ ਲਗ ਸਤਿਗੁਰ ਸਭ ਕੁਛ ਦੀਓ (ਗੁਰ ਪਰਤਾਪ ਸੂਰਜ ਉਦੈ)

[205] "Faith in Guru Gobind Singh's instructions to the Sikhs is the only remedy to get rid of this unclean, unhygienic, anti-social and morally indefensible habit of smoking." (*My experiments with Truth*- Mahatma Gandhi 1940) । ਪਰ ਗਾਂਧੀ ਗੁਰੂ ਗੋਬਿੰਦ ਸਿੰਘ ਜੀ ਨੂੰ "ਭਟਕਿਆ ਹੋਇਆ ਦੇਸ਼ ਭਗਤ" ਵੀ ਕਹਿੰਦਾ ਸੀ ।"ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ"। (ਪੰਨਾ 474)



## 9.8 ਵਰਤ

ਅੱਜ ਕੱਲ੍ਹ ਬਹੁਤ ਸਾਰੀਆਂ ਸਿੱਖ ਬੀਬੀਆਂ ਵੀ ਹਿੰਦੂ ਬੀਬੀਆ ਦੀ ਰੀਸੋ ਰੀਸੀ ਵਰਤ ਰੱਖਣ ਲਗ ਪਈਆਂ ਹਨ । ਇਹ ਵਹਿਮ ਪਾਲਿਆ ਜਾਂਦਾ ਹੈ ਕਿ ਕਰਵੇ ਦੇ ਵਰਤ ਰੱਖਣ ਨਾਲ ਵਹਿਗੁਰੂ ਖੁਸ਼ ਹੁੰਦਾ ਹੈ ਅਤੇ ਪਤੀਆਂ ਦੀ ਉਮਰ ਲੰਮੀ ਹੋ ਜਾਂਦੀ ਹੈ।[206] ਮੁਸਲਮਾਨ 40 ਦਿਨ ਦਾ ਰੋਜ਼ਾ ਰੱਖਦੇ ਹਨ[207] ਅਤੇ ਹਿੰਦੂਆਂ ਦੇ ਅਨੇਕਾਂ ਹੀ ਵਰਤ ਹਨ ਜੋ ਲਗਭਗ ਹਰ ਮਹੀਨੇ ਆਏ ਹੀ ਰਹਿੰਦੇ ਹਨ । ਗੁਰੂ ਜੀ ਵਰਤ ਨੂੰ ਨਿਰਾ ਪਾਖੰਡ ਸਮਝਦੇ ਸਨ । ਆਪ ਲਿਖਦੇ ਹਨ, "**ਛੋਡਹਿ ਅੰਨੁ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ" ॥ (ਪੰਨਾ 873)** ਆਪ ਦੱਸਦੇ ਹਨ ਕਿ ਅੰਨ ਨਾ ਖਾਣ ਨਾਲ ਐਵੇਂ ਦੇਹੀ ਨੂੰ ਦੁੱਖ ਹੀ ਮਿਲਦਾ ਹੈ ਹੋਰ ਇਸ ਦਾ ਕੋਈ ਲਾਭ ਨਹੀਂ ਹੁੰਦਾ । "**ਅੰਨੁ ਨ ਖਾਹਿ ਦੇਹੀ ਦੁਖੁ ਦੀਜੈ"॥ (ਪੰਨਾ 905) "ਅੰਨੁ ਨ ਖਾਇਆ ਸਾਦੁ ਗਵਾਇਆ"॥ (ਪੰਨਾ 467)**

## 9.9 ਪ੍ਰਤਿਸ਼ਠਾ ਤੇ ਸਮਾਜਿਕ ਮਾਣ ਵਡਿਆਈ

ਆਧੁਨਿਕ ਸੰਸਾਰ ਵਿੱਚ ਆਤਮ-ਸਮਾਨ, ਸਮਾਜਿਕ ਰੁਤਬਾ ਅਤੇ ਰਾਜਨੀਤਕ ਪਰਤਿਸ਼ਠਾ ਸਭ ਧਨ ਉੱਪਰ ਆਧਾਰਤ ਹੋ ਕੇ ਰਹਿ ਗਏ ਹਨ । 'ਜਿਸ ਦੀ ਕੋਠੀ ਦਾਣੇ ਉਸ ਦੇ ਕਮਲੇ ਵੀ ਸਿਆਣੇ' ਵਾਲੀ ਕਹਾਵਤ ਸੱਚ ਹੋ ਗਈ ਹੈ । ਲੋਕਾਂ ਦਾ ਗੁਰੂ ਪੀਰ ਹੀ ਮਾਇਆ ਬਣ ਗਈ ਹੈ।[208] ਇੱਕ ਪਾਸੇ ਰਈਸਾਂ ਦੀ ਗਿਣਤੀ ਵਧ ਰਹੀ ਹੈ ਅਤੇ ਦੂਜੇ ਪਾਸੇ ਉਸੇ ਹੀ ਗਤੀ ਨਾਲ ਗ਼ਰੀਬ ਹੋਰ ਗ਼ਰੀਬ ਹੁੰਦੇ ਜਾ ਰਹੇ ਹਨ। ਤਕਨੀਤੀ ਤੌਰ ਤੇ ਉਨੱਤ ਦੇਸ਼ ਵੀ ਇਸ ਵਖਰੇਵੇਂ ਨੂੰ ਘਟਾਉਣ ਦੀ ਥਾਂ ਗਰੀਬ ਦੇਸ਼ਾਂ ਦੀ ਮਜਬੂਰੀ ਦਾ ਫਾਇਦਾ ਉਠਾ ਰਹੇ ਹਨ ।

ਸੰਸਾਰ ਦੇ ਕੁਦਰਤੀ ਵਸੀਲੇ ਭਾਵੇਂ ਹਰ ਥਾਂ ਇੱਕੋ ਜਿਹੇ ਨਹੀਂ ਹਨ ਤਾਂ ਵੀ

---

[206] ਕੋਈ ਇਹ ਸੋਚਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਹਿੰਦੂ ਜ਼ਨਾਨੀਆਂ ਵਰਤ ਰਖਣ ਦੇ ਬਾਵਜੂਦ ਵੀ ਰੰਡੀਆਂ ਕਿਉਂ ਹੋ ਜਾਂਦੀਆਂ ਹਨ ਅਤੇ ਭਾਰਤ ਵਿੱਚ ਵਿਧਵਾਵਾਂ ਦੀ ਗਿਣਤੀ ਦੂਜੇ ਦੇਸ਼ਾ ਨਾਲੋਂ ਕਿਉਂ ਘੱਟ ਨਹੀਂ ਸਗੋਂ ਵੱਧ ਹੈ । ਗਰੀਬ ਪਰਿਵਾਰਾਂ ਦੀਆਂ ਜਨਾਨੀਆਂ ਭੁੱਖ ਦੋਖੇ ਕਰਕੇ ਲਗਭਗ ਹਰ ਰੋਜ਼ ਹੀ ਵਰਤ ਰਖਣ ਤੇ ਮਜਬੂਰ ਹੋ ਜਾਂਦੀਆਂ ਹਨ ਪਰ ਉਨ੍ਹਾਂ ਦੇ ਪਤੀ ਬਹੁਤੀ ਉਮਰ ਕਿਉਂ ਨਹੀਂ ਭੋਗਦੇ ?

[207] "O You who believe fasting is decreed for you, as it was decreed for those before you,that you may attain salvation" (Quran 2:183) । ਯਸੂਹ ਮਸੀਹ ਵੀ ਵਰਤ ਰੱਖਦਾ ਹੁੰਦਾ ਸੀ।(ਬਾਈਬਲ Matthew 4:1-11)

[208] "ਮਾਇਆ ਮਦ ਚਾਖਿ ਭਏ ਉਦਮਾਤੇ" (ਮਾਰੂ ਮ:5) । ਇਹ ਮਾਇਆ ਨਾਲ ਉਦਮਾਤੇ (ਰੋਗੀ) ਹੋ ਜਾਂਦੇ ਹਨ। ਉਦਮਾਤਾ ਇੱਕ ਰੋਗ ਹੈ ਜਿਸ ਨੂੰ ਮਾਲੀਖੌਲੀਆ (Malencholia) ਕਿਹਾ ਜਾਂਦਾ ਹੈ। ਇਹ ਦਿਮਾਗ਼ ਦਾ ਰੋਗ ਹੈ । ਰੋਗੀ ਹੱਸਦਾ ਜਾਂ ਰੋਂਦਾ ਹੀ ਰਹਿੰਦਾ ਹੈ । ਕਿਸੇ ਦਾ ਸਤਿਕਾਰ ਨਹੀਂ ਕਰਦਾ । ਬਹੁਤ ਬੋਲਦਾ ਹੈ । ਹੰਕਾਰ ਨਾਲ ਗੱਲਾਂ ਕਰਦਾ ਹੈ ।

ਜੇ ਕਰ ਪ੍ਰਾਪਤ ਕੁਦਰਤੀ ਵਸੀਲਿਆਂ ਨੂੰ ਸਹੀ ਢੰਗ ਨਾਲ ਸਾਰੇ ਸੰਸਾਰ ਦੀ ਭਲਾਈ ਲਈ ਵਰਤਿਆ ਜਾਵੇ ਤਾਂ ਇਹ ਸੰਸਾਰ ਸੁਰਗ ਬਣ ਸਕਦਾ ਹੈ । ਅਜਿਹੇ ਵਿਚਾਰ ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਜੀ ਨੇ ਵਿਅਕਤ ਕੀਤੇ ਸਨ । ਆਪ ਨੇ ਕਿਹਾ ਸਭ ਬੰਦੇ ਈਮਾਨਦਾਰੀ ਨਾਲ ਮਿਹਨਤ ਕਰਕੇ ਕਮਾਈ ਕਰਨ ਅਤੇ ਵੰਡ ਕੇ ਛਕਣ, "**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ" ॥ (ਪੰਨਾ 1245)** ਆਧੁਨਿਕ ਸੰਸਾਰ ਦਾ ਮੰਨਿਆ ਪ੍ਰਮੰਨਿਆ ਮਨੋ ਵਿਗਿਆਨੀ ਐਰਿਕ ਫਰੌਮ ਵੀ ਅੱਜ ਇਹੋ ਗਲ ਕਹਿਣ ਤੇ ਮਜਬੂਰ ਹੋ ਕੇ ਲਿਖਦਾ ਹੈ , " *ਬਹੁਤਾ ਧਨੀ ਅਮੀਰ ਨਹੀਂ ਹੁੰਦਾ ਸਗੋਂ ਅਮੀਰ ਤਾਂ ਉਹ ਹੈ ਜੋ ਆਪਣੀ ਨੇਕ ਕਮਾਈ ਵਿੱਚੋਂ ਦੂਜਿਆਂ ਦੀ ਸਹਾਇਤਾ ਕਰੇ । ਧਨ ਸੰਚਿਤ ਕਰਨ ਵਾਲਾ ਭਾਵੇਂ ਕਿੰਨਾਂ ਹੀ ਧਨ ਇਕੱਠਾ ਕਰ ਲਵੇ ਗਰੀਬ ਹੀ ਰਹਿੰਦਾ ਹੈ* " (The art of living by Eric Fromm) । ਇਹ ਵਿਚਾਰ ਗੁਰੂ ਜੀ ਵਲੋਂ 500 ਸਾਲ ਪਹਿਲਾਂ ਦਿੱਤੇ ਵਿਚਾਰਾਂ ਦੀ ਨਕਲ ਹੀ ਜਾਪਦੇ ਹਨ । ਬਹੁਤਾ ਧੰਨ ਮਨੁੱਖ ਨੂੰ ਆਪਹੁਦਰਾ, ਦੁਸ਼ਟ, ਹੰਕਾਰੀ ਅਤੇ ਜ਼ਾਲਮ ਬਣਾ ਦਿੰਦਾ ਹੈ । ਸਿੱਖਾਂ ਨੂੰ ਹੁਕਮ ਦਿੱਤਾ ਗਿਆ ਹੈ ਕਿ ਉਹ ਧੰਨ ਭੂਮ ਦਾ ਗੁਮਾਨ ਨਾ ਕਰਨ ਅਤੇ ਆਪਣੀ ਨੇਕ ਕਮਾਈ ਵਿੱਚੋਂ ਲੋੜਵੰਦਾਂ ਲਈ ਦਸਵਾਂ ਹਿੱਸਾ (ਦਸਵੰਧ) ਜ਼ਰੂਰ ਕੱਢ ਕੇ ਦੇਣ । ਬਾਣੀ ਕਹਿੰਦੀ ਹੈ, "**ਕਹਾ ਨਰ ਗਰਬਸ ਥੋਰੀ ਬਾਤ ॥ ਮਨ ਦਸ ਨਾਜੁ ਟਕਾ ਚਾਰ ਗਾਂਠੀ ਐਡੋ ਟੇਢੋ ਜਾਤੁ ॥ ਰਹਾਉ ॥ ਬਹੁਤ ਪ੍ਰਤਾਪ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ ॥ ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ"॥** ਸਿੱਖ ਧਰਮ ਅਨੁਸਾਰ ਅਸਲੀ ਖੁਸ਼ੀ ਬਹੁਤੇ ਧੰਨ, ਐਸ਼ ਦੇ ਸਮਾਨ ਇਕੱਠੇ ਕਰਨ ਜਾਂ ਮਨੋਰੰਜਨ ਵਿੱਚ ਨਹੀਂ ਸਗੋਂ ਸੰਤੋਖ ਪੈਦਾ ਕਰਨ ਵਿੱਚ ਹੈ, "**ਸੁਖੁ ਨਾਹੀ ਬਹੁਤੇ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ"॥** (ਪੰਨਾ 1147)[209] ਅੱਜ ਦੇ ਆਰਥਿਕ ਸੰਕਟ ਦਾ ਹੱਲ ਜਦੋਂ ਵੀ ਨਿਕਲੇਗਾ ਗੁਰੂ ਜੀ ਦੇ ਦੱਸੇ ਰਾਹ ਵਿੱਚੋਂ ਹੀ ਨਿਕਲੇਗਾ । ਭਾਵੇਂ ਅੱਜ ਦੇ ਵਿਦਵਾਨਾਂ ਵੱਲੋਂ ਇਸ ਹੱਲ ਨੂੰ ਗੁਰੂ ਜੀ ਦੀ ਵਿਚਾਰ ਧਾਰਾ ਨਾਲ ਨਹੀਂ ਜੋੜਿਆ ਜਾਂਦਾ ਪਰ ਅੱਜ ਦਾ ਹਰ ਠੀਕ ਸੋਚਣੀ ਵਾਲਾ ਅਰਥਸ਼ਾਸ਼ਤ੍ਰੀ ਇਹੋ ਗੱਲ ਕਹਿ ਰਿਹਾ ਹੈ ।

## 9.10 ਵਿੱਦਿਆ

ਸੰਸਾਰਕ ਵਿੱਦਿਆ ਸਾਵਾਂ ਪੱਧਰਾ ਜੀਵਨ ਜਿਉਣ ਅਤੇ ਗਿਆਨ ਪ੍ਰਾਪਤ

[209] "The contented man is never poor and the discontented man is never rich (Napoleon Hill)



ਕਰਨ ਲਈ ਜ਼ਰੂਰੀ ਹੈ । ਕੇਵਲ ਗਿਆਨ ਦੀ ਪ੍ਰਾਪਤੀ ਨਾਲ ਹੀ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਸਕਦਾ ਹੈ, "**ਜਹ ਗਿਆਨ ਪ੍ਰਗਾਸ ਅਗਿਆਨੁ ਮਿਟੰਤ"॥ (ਪੰਨਾ 791)** ਭਾਵੇਂ ਉੱਚ ਜ਼ਾਤੀਆਂ ਅਤੇ ਬ੍ਰਾਹਮਣਾਂ ਆਦਿਕ ਵੱਲੋਂ ਹਜ਼ਾਰਾਂ ਸਾਲ ਆਮ ਬੰਦੇ ਦੀ ਵਿੱਦਿਆ ਪ੍ਰਾਪਤੀ ਉੱਪਰ ਰੋਕਾਂ ਲਾਈਆਂ ਜਾਂਦੀਆਂ ਰਹੀਆਂ ਪ੍ਰੰਤੂ ਗੁਰੂ ਜੀ ਦਾ 500 ਸਾਲ ਪਹਿਲਾਂ ਦਿੱਤਾ ਉਪ੍ਰੋਕਤ ਵਿਚਾਰ ਅੱਜ ਸਾਰੇ ਸੰਸਾਰ ਵਿੱਚ ਫੈਲ ਗਿਆ ਹੈ ਅਤੇ ਸੰਸਾਰ ਦੇ ਹਰ ਹਿੱਸੇ ਵਿੱਚ ਸਕੂਲ ਖੁੱਲ੍ਹ ਗਏ ਹਨ । ਬਹੁਤੇ ਦੇਸ਼ਾਂ ਨੇ ਤਾਂ ਵਿੱਦਿਆ ਪ੍ਰਾਪਤੀ ਨੂੰ ਕਾਨੂੰਨਨ ਲਾਜ਼ਮੀ ਕਰ ਦਿੱਤਾ ਹੈ । ਗੁਰੂ ਜੀ ਦਾ ਸਿਧਾਂਤ ਇਹ ਵੀ ਸੀ ਕਿ ਗਿਆਨਵਾਨ ਪ੍ਰਾਣੀ ਪਰਉਪਕਾਰੀ ਬਣ ਜਾਂਦਾ ਹੈ । ਇਸ ਕਰਕੇ ਵੀ ਸਮਾਜ ਦੇ ਭਲੇ ਲਈ ਵਿੱਦਿਆ ਅਤੀ ਜ਼ਰੂਰੀ ਹੈ, "**ਵਿਦਿਆ ਵੀਚਾਰੀ ਤਾਂ ਪਰਉਪਕਾਰੀ" ॥ (ਪੰਨਾ 356)** ਗਿਆਨਵਾਨ ਬੰਦਾ ਬਿਬੇਕ-ਬੁੱਧ ਹੋ ਜਾਂਦਾ ਹੈ ਹਰ ਗੱਲ ਨੂੰ ਸਮਝਣ ਦੀ ਸਮਰਥਾ ਪੈਦਾ ਕਰ ਲੈਂਦਾ ਹੈ । ਉਹ ਧੋਖਾ ਨਹੀਂ ਖਾਂਦਾ "**ਬੂਝੈ ਬੂਝਨਹਾਰੁ ਬਿਬੇਕ**" ॥ (ਪੰਨਾ 285) ਉਸ ਨੂੰ ਮਨੁੱਖੀ ਜੀਵਨ ਦੇ ਅਸਲੀ ਮੰਤਵ ਦਾ ਗਿਆਨ ਹੋ ਜਾਂਦਾ ਹੈ "**ਗਿਆਨਵੰਤ ਕਉ ਤਤੁ ਬੀਚਾਰ" ॥ (ਪੰਨਾ 343)** ਉਹ ਕਿਸੇ ਨੂੰ ਮੰਦਾ ਨਹੀਂ ਕਹਿੰਦਾ ਅਤੇ ਸਭ ਦਾ ਆਦਰ ਕਰਦਾ ਹੈ, "**ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ**"॥ (ਪੰਨਾ 473)

ਭਾਵੇਂ ਸਾਇੰਸ ਦਾ ਗਿਆਨ (Technical Knowledge) ਜ਼ਰੂਰੀ ਹੈ, ਗੁਰੂ ਜੀ ਆਦੇਸ਼ ਦਿੰਦੇ ਹਨ ਕਿ ਸਾਇੰਸ ਦੇ ਨਾਲ ਨਾਲ ਹੋਰ ਗਿਆਨ ਪ੍ਰਾਪਤ ਕਰਨੇ ਵੀ ਜ਼ਰੂਰੀ ਹਨ, "**ਮੁਕਤਿ ਨਹੀ ਬਿਦਿਆ ਬਿਗਿਆਨਿ" ॥ (ਪੰਨਾ 903)** ਇਕੱਲਾ ਵਿਗਿਆਨ ਮਨੁੱਖ ਦੀ ਸੰਸਾਰਕ ਮੁਕਤੀ ਲਈ ਕਾਫੀ ਨਹੀਂ ਹੈ । ਮਨੁੱਖ ਨੂੰ ਹਰ ਤਰ੍ਹਾਂ ਦੇ ਗਿਆਨ ਦੀ ਲੋੜ ਹੈ । ਗੁਰੂ ਜੀ ਵਿੱਦਿਆ ਨੂੰ ਇਤਨੀ ਅਹਿਮੀਅਤ ਦਿੰਦੇ ਸਨ ਕਿ ਇਨਸਾਨ ਨੂੰ ਸਾਰੀ ਉਮਰ ਹੀ ਗਿਆਨ ਪ੍ਰਾਪਤ ਕਰਦੇ ਰਹਿਣ ਲਈ ਉਪਦੇਸ਼ ਦਿੰਦੇ ਸਨ", "**ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ" ॥(ਪੰਨਾ 661)**

ਗੁਰੂ ਜੀ ਨੇ ਭਾਵੇਂ ਅੱਜ ਵਾਂਗ ਕੋਈ ਅਧਿਆਪਕ ਸਿਖਲਾਈ (Teacher Training) ਸ਼ੁਰੂ ਨਹੀਂ ਸੀ ਕੀਤੀ ਪ੍ਰੰਤੂ ਚੰਗੇ ਅਧਿਆਪਕਾਂ ਵਿੱਚ ਹੋਣ ਵਾਲੇ ਗੁਣਾਂ ਦਾ ਖੁਲ੍ਹ ਕੇ ਵਰਨਣ ਕੀਤਾ ਹੈ । ਆਪ ਲਿਖਦੇ ਹਨ ਕਿ ਅਧਿਆਪਕ ਦਾ ਮੁੱਖ ਗੁਣ ਇਹ ਹੋਣਾ ਚਾਹੀਦਾ ਹੈ ਕਿ ਉਹ ਲਾਲਚੀ ਅਤੇ ਲੋਭੀ ਨਾ ਹੋਵੇ, "**ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ" ॥ (ਪੰਨਾ 140)** ਦੂਸਰਾ ਵੱਡਾ ਗੁਣ

ਗੁਰੂ ਜੀ ਇਹ ਦੱਸਦੇ ਹਨ ਕਿ ਅਧਿਆਪਕ ਆਪ ਉਸ ਤਰ੍ਹਾਂ ਦਾ ਬਣੇ ਜਿਸ ਤਰ੍ਹਾਂ ਦੀ ਵਿੱਦਿਆ ਉਹ ਬੱਚਿਆਂ ਨੂੰ ਦੇ ਰਿਹਾ ਹੈ, "**ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ" ॥ (ਪੰਨਾ 937)**

ਮਨੋਵਿਗਿਆਨ (Psychology) ਨੂੰ ਅਜਕਲ੍ਹ ਦੀ ਵਿੱਦਿਆ ਦਾ ਇਕ ਜ਼ਰੂਰੀ ਅੰਗ ਮੰਨਿਆ ਗਿਆ ਹੈ । ਸੰਸਾਰ ਦੇ ਹਰ ਅਧਿਆਪਕ ਨੂੰ ਇਹ ਵਿਗਿਆਨ ਪੜ੍ਹਣਾ ਲਾਜ਼ਮੀ ਹੈ । ਮਨੋਵਿਗਿਆਨ ਦਾ ਸੰਬੰਧ "ਮਨ" ਨਾਲ ਹੈ । ਮਨ ਬਾਰੇ ਯੂਨਾਨੀ ਦਾਰਸ਼ਨਿਕਾਂ ਨੇ ਅਤੇ ਡੀਕਾਰਟੇ (Descartes 1596-1650) ਨੇ ਕਾਫ਼ੀ ਕੁਝ ਲਿਖਿਆ ਜਿਸ ਨੂੰ ਜਰਮਨ ਵਿਦਵਾਨ ਕ੍ਰਿਸਚੀਅਨ ਵੂਲਫ ( Christian Wolff 1679-1754) ਨੇ ਹੋਰ ਸਪੱਸ਼ਟ ਕੀਤਾ । ਸਿੱਖ ਗੁਰੂ ਸਾਹਿਬਾਨ ਨੇ ਡੀਕਾਰਟੇ ਤੋਂ ਕਿਤੇ ਪਹਿਲਾਂ ਇਸ ਜ਼ਰੂਰੀ ਵਿਸ਼ੇ ਬਾਰੇ ਵਿਚਾਰ ਦਿੰਦਿਆਂ ਇੱਥੋਂ ਤੱਕ ਲਿਖ ਦਿੱਤਾ ਸੀ ਕਿ ਮਨ ਹੀ ਅਸਲ ਵਿੱਚ ਵਾਹਿਗੁਰੂ ਦਾ ਸਰੂਪ ਹੈ ਜਿਸ ਰਾਹੀਂ ਸਾਡੀ ਰੱਬ ਤਕ ਰਸਾਈ ਹੋ ਸਕਦੀ ਹੈ, "**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲ ਪਛਾਣੁ"॥ (ਪੰਨਾ 441), "ਮਨਿ ਵੀਚਾਰਿ ਹਰਿ ਜਪੁ ਕਰੇ ਹਰਿ ਦਰਗਹ ਸੀਝੈ" ॥ (ਪੰਨਾ 1090)**

ਮਨ ਨੂੰ ਸਮਝਾਉਣ ਲਈ ਗੁਰੂ ਜੀ ਨੇ ਜੋ ਮੰਤਰ ਦੱਸਿਆ ਉਹ ਸੀ ਗਿਆਨ ਪ੍ਰਾਪਤੀ, "**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ**" ॥ (ਪੰਨਾ 340), "**ਗਿਆਨੁ ਖੜਗੁ ਲੈ ਮਨ ਸਿਉ ਲੂਝੈ ਮਨਸਾ ਮਨਹਿ ਸਮਾਈ ਹੇ**"॥ (ਪੰਨਾ 1022) ਜੇ ਕਰ ਇਨਸਾਨ ਮਨ ਨੂੰ ਸਮਝ ਲਵੇ ਤੇ ਇਸ ਨੂੰ ਆਪਣੇ ਵੱਸ ਵਿੱਚ ਕਰ ਲਵੇ ਤਾਂ ਉਹ ਸ਼ਹਿਨਸ਼ਾਹ ਹੈ, ਜਗਤ ਦਾ ਮਾਲਕ ਹੈ "**ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ**" ॥ (ਪੰਨਾ 1103) ਗੁਰੂ ਜੀ ਨੇ ਥਾਂ ਥਾਂ 'ਮਨ' ਯਾਣੀ "ਆਪਾ" ਪਛਾਨਣ ਦੀ ਗੱਲ ਕੀਤੀ ਹੈ । **"ਆਪੁ ਵੀਚਾਰੇ ਗਿਆਨੀ ਸੋਈ" ॥ (ਪੰਨਾ 1040)** ਇਹੋ ਗੱਲ ਅੱਜ ਦਾ ਪ੍ਰਸਿੱਧ ਸਾਇੰਸਦਾਨ ਆਈਨਸਟਨ ਕਹਿੰਦਾ ਹੈ ।[210]

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਧਿਯਨ ਕਰਨ ਵਾਲੇ ਦੇਖ ਸਕਦੇ ਹਨ ਕਿ ਸਤਿਗੁਰਾਂ ਦੀ ਸਾਰੀ ਬਾਣੀ ਅਸਲ ਵਿੱਚ ਮਨ ਦੇ ਆਲੇ ਦੁਆਲੇ ਹੀ ਘੁੰਮਦੀ ਹੈ ਤੇ ਆਪਾ ਪਛਾਨਣ (Introspection) ਦਾ ਹੀ ਆਦੇਸ਼

[210] The true value of a human being is determined by the measure and the sense in which they have obtained liberation from the self. We shall require a substantially new manner of thinking if humanity is to survive. (**Albert Einstein**, 1954)



ਦਿੰਦੀ ਹੈ ।[211] ਜਿਸ ਤੋਂ ਜ਼ਾਹਰ ਹੈ ਕਿ ਅੱਜ ਤੋਂ 500 ਸਾਲ ਪਹਿਲਾਂ ਹੀ ਗੁਰੂ ਜੀ ਨੇ ਮਨੋ ਵਿਗਿਆਨ (Psychology) ਨੂੰ ਉਹ ਅਸਥਾਨ ਦੇ ਦਿੱਤਾ ਸੀ ਜੋ ਕਿ ਅੱਜ ਕਲ੍ਹ ਦੇ ਵਿੱਦਿਆ ਸ਼ਾਸ਼ਤ੍ਰੀਆਂ ਨੇ ਅਨੇਕਾਂ ਸਾਲਾਂ ਦੀ ਖੋਜ ਬਾਅਦ ਦਿੱਤਾ ਹੈ ਅਤੇ ਸਾਈਕਾਲੋਜੀ, ਮੈਸਮਰਿਜ਼ਮ ਅਤੇ ਹਿਪਨੋਟਿਜ਼ਮ ਵਰਗੇ ਵਿਸ਼ੇ ਪੜ੍ਹਾਉਣੇ ਆਰੰਭ ਕੀਤੇ ਹਨ ।

## 9.11 ਇਤਿਹਾਸ

ਇਤਿਹਾਸ ਆਪਣੀ ਥਾਂ ਬਹੁਤ ਜ਼ਰੂਰੀ ਹੈ, ਪ੍ਰੰਤੂ ਦੇਖਿਆ ਗਿਆ ਹੈ ਕਿ ਕਈ ਧਰਮਾਂ ਵਿੱਚ ਇਤਿਹਾਸ ਨੇ ਬੇਲੋੜੀ ਦਖਲ ਅੰਦਾਜ਼ੀ ਕਰਕੇ ਪੁਰਾਤਨ ਘਟਨਾਵਾਂ ਨੂੰ ਵੀ ਧਰਮ ਦਾ ਜ਼ਰੂਰੀ ਅੰਗ ਬਣਾ ਦਿੱਤਾ ਹੈ, ਜੋ ਸਿਧਾਂਤਕ ਤੌਰ ਤੇ ਕੋਈ ਸੇਧ ਪਰਦਾਨ ਨਹੀਂ ਕਰਦੀਆਂ । ਮਿਸਾਲ ਦੇ ਤੌਰ ਤੇ ਇਸਲਾਮ ਨੂੰ ਹੀ ਲਵੋ; ਹਜ਼ਾਰਾਂ ਸਾਲ ਪਹਿਲਾਂ ਇਬਰਾਹੀਮ ਨੂੰ ਸੁਪਨਾ ਆਇਆ ਕਿ ਰੱਬ ਉਸ ਕੋਲੋਂ ਉਸ ਦੇ ਪੁੱਤਰ ਦੀ ਕੁਰਬਾਨੀ ਮੰਗਦਾ ਹੈ । ਇਬਰਾਹੀਮ ਪੁੱਤਰ ਨੂੰ ਮਾਰਨ ਲੱਗਾ ਤਾਂ ਰੱਬ ਨੇ ਪੁੱਤਰ ਦੀ ਥਾਂ ਭੇਡ ਖੜ੍ਹੀ ਕਰ ਦਿੱਤੀ । ਅੱਜ ਵੀ ਮੁਸਲਮਾਨ ਬਕ੍ਰੀਦ ਨੂੰ ਬੱਕਰਾ, ਗਾਂ, ਭੇਡ ਅਤੇ ਊਠ ਆਦਿਕ ਦੀ ਕੁਰਬਾਨੀ ਕਰਨੀ ਪੁੰਨ ਦਾ ਕੰਮ ਸਮਝਦੇ ਹਨ । ਮੀਨਾ ਦੀ ਖੋਹ ਵਿੱਚ ਬੈਠ ਕੇ ਮੁਹੰਮਦ ਸਾਹਿਬ ਨੇ ਤਪ ਕੀਤਾ ਤਾਂ ਸ਼ਾਇਦ 40 ਦਿਨ ਭੁੱਖਾ ਰਿਹਾ। ਅੱਜ ਹਰ ਮੁਸਲਮਾਨ 40 ਦਿਨ ਭੁੱਖਾ ਰਹਿਣਾ ਇਸਲਾਮ ਦਾ ਜ਼ਰੂਰੀ ਅੰਗ ਸਮਝਦਾ ਹੈ । ਕਹਿੰਦੇ ਹਨ ਕਿ ਮੁਹੰਮਦ ਸਾਹਿਬ ਨੂੰ ਸ਼ੈਤਾਨ ਦਿਸਿਆ ਅਤੇ ਮੁਹੰਮਦ ਸਾਹਿਬ ਨੇ ਉਸ ਉੱਪਰ ਪੱਥਰ ਚੁੱਕ ਮਾਰਿਆ । ਅਜ ਹਰ ਮੁਸਲਮਾਨ ਮੱਕੇ ਜਾ ਕੇ ਇੱਕ ਆਪੂੰ ਬਣਾਏ ਥੰਮ ਨੂੰ ਸ਼ੈਤਾਨ ਸਮਝ ਕੇ ਉਸ ਉੱਪਰ ਪੱਥਰ ਵਗਾਹ ਵਗਾਹ ਮਾਰਦਾ ਹੈ ਅਤੇ ਸਮਝਦਾ ਹੈ ਕਿ ਸ਼ੈਤਾਨ ਨੂੰ ਖਦੇੜ ਦਿੱਤਾ ਹੈ ਜਦ ਕਿ ਅਸਲੀਅਤ ਇਹ ਹੈ ਕਿ ਸ਼ੈਤਾਨ ਉਸ ਦੇ ਅੰਦਰ ਬੈਠਾ ਹੈ । ਇਹੋ ਹਾਲ ਯਹੂਦੀ ਧਰਮ ਦਾ ਹੈ ਜਿੱਥੇ ਚਲਣ ਫਿਰਨ ਲਈ ਵੀ ਉਹ ਨਿਯਮ ਚਾਲੂ ਹਨ ਜੋ ਕਿਸੇ ਮੌਕੇ ਹਜ਼ਰਤ ਮੂਸਾ ਨੇ ਅਪਣਾਏ ਸਨ । ਇਨ੍ਹਾਂ ਨੂੰ ਹਲਾਕਾ (*Halaka)* ਕਿਹਾ ਜਾਂਦਾ ਹੈ। ਅਜਿਹੇ ਹੀ ਕੁਝ ਨਿਯਮ ਮੁਸਲਮਾਨਾਂ ਵਿੱਚ ਵੀ ਪ੍ਰਚਲਤ ਹਨ ਜਿਨ੍ਹਾਂ ਨੂੰ ਸੁੰਨਾ (Sunna) ਕਿਹਾ ਜਾਂਦਾ ਹੈ ।

[211] "We must begin with that which we know directly albeit not intimately and that is our *Self.* If we can ferret out the ultimate nature of our own minds we shall perhaps have the external world."

( Schopenheur) "ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ" ॥ (ਪੰਨਾ 684)

ਸਿੱਖ ਨੂੰ ਹੁਕਮ ਹੈ ਕਿ ਕੇਵਲ ਗੁਰੂ ਦੇ ਕਹੇ ਤੇ ਅਮਲ ਕਰੇ, "**ਗੁਰਿ ਕਹਿਆ ਸਾ ਕਾਰ ਕਮਾਵਹੁ ॥ ਗੁਰ ਕੀ ਕਰਣੀ ਕਾਹੇ ਧਾਵਹੁ" ॥ (ਪੰਨਾ 933), "ਜੋ ਗੁਰੁ ਕਹੈ ਸੋਈ ਭਲ ਮਾਨਹੁ" ॥ (ਪੰਨਾ 667)** ਭਾਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਪੁਰਾਤਨ ਇਤਿਹਾਸਕ ਹਵਾਲੇ ਮਿਲ ਜਾਂਦੇ ਹਨ ਪ੍ਰੰਤੂ ਕਿਸੇ ਵੀ ਪੁਰਾਤਨ ਘਟਨਾ ਨੂੰ ਸਿੱਖ ਧਰਮ ਦਾ ਅੰਗ ਨਹੀਂ ਬਣਾਇਆ ਗਿਆ; ਕੇਵਲ ਉਨ੍ਹਾਂ ਤੋਂ ਜਾਂ ਤਾਂ ਸਿੱਖਿਆ ਲਈ ਗਈ ਹੈ, ਜਾਂ ਉਨ੍ਹਾਂ ਨੂੰ ਇਤਿਹਾਸਕ ਪਰਿਪੇਖ ਵਿੱਚ ਕਿਸੇ ਘਟਨਾ ਨੂੰ ਸਮਝਣ ਲਈ ਵਰਤਿਆ ਗਿਆ ਹੈ ।

ਸਿੱਖ ਧਰਮ ਲਈ ਮੋਟੇ ਤੌਰ ਤੇ ਹੇਠ ਲਿਖਿਆ ਦਿਸ਼ਾ ਨਿਰਦੇਸ਼ ਪੇਸ਼ ਕੀਤਾ ਗਿਆ ਹੈ।

1. "ਸਿਮਰਹੁ ਰਾਮ ਨਾਮੁ ਅਤਿ ਨਿਰਮਲੁ ਅਵਰ ਤਿਆਗਹੁ ਹਉਮੈ ਕਉਰਾ"॥ (ਪੰਨਾ 415)
2. "ਕਰਮ ਕਰਤ ਹੋਵੈ ਨਿਹਕਰਮ" ॥ (ਪੰਨਾ 274)
3. ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ" ॥ (ਪੰਨਾ 610)

## 9.12 ਕਾਨੂੰਨ

ਕਾਨੂੰਨ ਨਿਰਦਈ ਲੋਕਾਂ ਨੂੰ ਰੋਕ ਕੇ ਰੱਖਣ ਵਿੱਚ ਤਾਂ ਸਹਾਈ ਹੋ ਸਕਦਾ ਹੈ ਪਰ ਇਹ ਕਿਸੇ ਦਾ ਦਿਲ ਨਹੀਂ ਬਦਲ ਸਕਦਾ । ਕੁੱਝ ਧਰਮ ਅਜਿਹੇ ਹਨ ਜੋ ਕਾਨੂੰਨ ਨੂੰ ਵੀ ਧਰਮ ਦਾ ਹੀ ਇਕ ਅੰਗ ਬਣਾ ਲੈਂਦੇ ਹਨ ਅਤੇ ਛੋਟੀ ਛੋਟੀ ਗਲਤੀ ਲਈ ਵੀ ਹੱਥ ਕਟਣ ਜਾਂ ਇੱਟਾਂ ਮਾਰ ਕੇ ਮਾਰਨ ਆਦਿਕ ਵਰਗੀਆਂ ਸਜ਼ਾਵਾਂ ਨਿਯਤ ਕਰਦੇ ਹਨ । ਸਿੱਖ ਧਰਮ ਮੰਨਦਾ ਹੈ ਕਿ ਮਨੁੱਖ ਦਾ ਨੈਤਿਕ ਸੁਭਾ ਸਮੇਂ, ਸਥਾਨ ਅਤੇ ਸੱਭਿਆਚਾਰ ਦੀ ਬਦਲੀ ਦੇ ਨਾਲ ਨਾਲ ਬਦਲਦਾ ਰਹਿੰਦਾ ਹੈ ਇਸ ਲਈ ਸਿੱਖ ਧਰਮ ਕਾਨੂੰਨ ਨੂੰ ਮੌਕੇ ਦੀ ਸਰਕਾਰ ਲਈ ਛਡ ਦਿੰਦਾ ਹੈ । ਜਿਵੇਂ ਜਿਵੇਂ ਸਮਾਜਕ ਹਾਲਾਤ ਬਦਲਦੇ ਰਹਿੰਦੇ ਹਨ ਕਾਨੂੰਨ ਉਸੇ ਤਰ੍ਹਾਂ ਬਦਲਦਾ ਰਹਿੰਦਾ ਹੈ । ਇਹੀ ਕਾਰਨ ਹੈ ਕਿ ਸਿੱਖ ਕਿਸੇ ਵੀ ਦੇਸ਼ ਦੇ ਕਿਸੇ ਵੀ ਕਾਨੂੰਨ ਨੂੰ ਸਹਿਜੇ ਹੀ ਮੰਨ ਸਕਦੇ ਹਨ ਜੇ ਕਰ ਉਹ ਕਾਨੂੰਨ ਇਨ੍ਹਾਂ ਦੇ ਧਾਰਮਿਕ ਵਿਸ਼ਵਾਸ ਵਿੱਚ ਕੋਈ ਰੁਕਾਵਟ ਨਾ ਬਣਦਾ ਹੋਵੇ । ਸਿੱਖ ਧਰਮ ਵਿੱਚ ਇਹ ਮੰਨਿਆ ਗਿਆ ਹੈ ਕਿ ਸਮਾਜ ਸੁਧਾਰ ਕਾਨੂੰਨ ਨਾਲ ਨਹੀਂ ਸਗੋਂ ਬੰਦੇ ਦੇ ਦਿਲ ਨੂੰ ਬਦਲਣ ਨਾਲ ਹੀ ਆ ਸਕਦਾ ਹੈ, "**ਜੋ ਕਿਛੁ ਕੀਆ ਸੋ ਮਨ ਕੀਆ ਮੂੰਡੇ ਮੂੰਡ ਅਜਾਇ"** । ਸਿੱਖ ਧਰਮ ਦੀ ਸਾਰੀ



ਸਿਖਸ਼ਾ ਮਨ ਨੂੰ ਸਮਝਾਉਣ ਲਈ ਹੀ ਹੈ ਅਤੇ ਗੁਰੂ ਜੀ ਕਹਿੰਦੇ ਹਨ ਕਿ ਕੋਈ ਵੀ ਸਖ਼ਤ ਤੋਂ ਸਖ਼ਤ ਸਜ਼ਾ ਜਾਂ ਕਾਨੂੰਨ ਸਮਾਜ ਸੁਧਾਰ ਨਹੀਂ ਲਿਆ ਸਕਦੇ ਜਦ ਤਕ ਕਿ ਇਨਸਾਨੀ ਮਨ ਨੂੰ ਨਾ ਸੁਧਾਰਿਆ ਜਾਵੇ, **"ਮਨੁ ਜੀਤੇ ਜਗੁ ਜੀਤਿਆ"** ॥ (ਪੰਨਾ 1103) ਸੁਧਰਿਆ ਹੋਇਆ ਮਨ ਦੁਨਿਆਵੀ ਕਾਨੂੰਨ ਨਾਲੋਂ ਰੱਬੀ ਕਾਨੂੰਨ[212] ਨੂੰ ਪਹਿਲ ਦਿੰਦਾ ਹੈ । ਉਸ ਲਈ ਰੱਬੀ ਕਾਨੂੰਨ ਅਟਲ ਹੈ ਪਰ ਦੁਨਿਆਵੀ ਕਾਨੂੰਨ ਕੇਵਲ ਕੁਝ ਸਮੇਂ ਲਈ ਕੰਮ ਚਲਾਉਣ ਲਈ ਹੈ ਅਤੇ ਲੋੜ ਪੈਣ ਤੇ ਬਦਲਿਆ ਜਾ ਸਕਦਾ ਹੈ ।

## 9.13 ਯੁੱਧ ਤੇ ਸ਼ਾਂਤੀ

"ਇਹ ਇੱਕ ਭੁਲੇਖਾ ਅਤੇ ਖੁਸ਼ਫਹਿਮੀ ਹੀ ਹੈ ਕਿ ਇਨਸਾਨ ਕਦੀ ਲੜਾਈ ਕਰਨੀ ਭੁੱਲ ਜਾਵੇਗਾ"। ਇਹ ਸ਼ਬਦ ਸੰਸਾਰ ਪ੍ਰਸਿੱਧ ਲਿਖਾਰੀ H.G.Wells ਨੇ *The outline of History* ਦੇ ਪੰਨਾ *1005* ਤੇ ਲਿਖੇ ਹਨ । ਭਾਵੇਂ ਮਨੁੱਖ ਵਿਗਿਆਨ ਦਾ ਰਚੇਤਾ ਆਪ ਹੀ ਹੈ, ਪ੍ਰੰਤੂ ਉਹ ਆਪ ਹੀ ਇਸ ਨੂੰ ਵਰਤ ਕੇ ਆਪਣੀ ਹਸਤੀ ਨੂੰ ਨਸ਼ਟ ਕਰਨ ਦਾ ਕਾਰਨ ਵੀ ਬਣ ਸਕਦਾ ਹੈ । ਸੰਸਾਰ ਨੂੰ ਅੱਜ-ਕੱਲ੍ਹ ਸਭ ਤੋਂ ਵੱਡਾ ਖ਼ਤਰਾ ਕਿਸੇ ਬੀਮਾਰੀ ਤੋਂ ਨਹੀਂ ਸਗੋਂ ਢੇਰਾਂ ਦੇ ਢੇਰ ਐਟਮੀ ਹਥਿਆਰਾਂ ਅਤੇ ਰਸਾਇਣਕ ਹਥਿਆਰਾਂ ਤੋਂ ਹੈ, ਜੋ ਇਨਸਾਨ ਨੇ ਬਣਾ ਕੇ ਇਕੱਠੇ ਕਰ ਲਏ ਹਨ ।

ਜਾਪਦਾ ਹੈ ਕਿ ਗੁਰੂ ਸਾਹਿਬ ਨੂੰ ਰਾਜਨੀਤੀ ਦੇ ਇਨ੍ਹਾਂ ਝੁਕਾਵਾਂ ਬਾਰੇ ਪਹਿਲਾਂ ਹੀ ਪਤਾ ਸੀ । ਉਨ੍ਹਾਂ ਨੇ ਘਮੰਡੀ ਰਾਜਨੀਤਕਾਂ ਬਾਰੇ ਕਿਹਾ ਸੀ, "**ਕਿਸਹੀ ਜੋਰੁ ਅਹੰਕਾਰ ਬੋਲਣ ਕਾ ॥ ਕਿਸਹੀ ਜੋਰੁ ਦੀਬਾਨ ਮਾਇਆ ਕਾ" ॥ (ਪੰਨਾ 1071)** ਅਤੇ ਭਾਈ ਗੁਰਦਾਸ ਜੀ ਨੇ ਮੌਕੇ ਦੇ ਸ਼ਾਸ਼ਕਾਂ ਦੀ ਆਪਸੀ ਖਹਿਬਾਜ਼ੀ ਅਤੇ ਲੜਾਈਆਂ ਨੂੰ ਦੇਖ ਕੇ ਇਸੇ ਵਿਚਾਰ ਨੂੰ ਖੋਲ੍ਹ ਕੇ ਲਿਖਿਆ ਸੀ, "**ਰਾਜ ਰੂਪ ਰਾਜੇ ਵੱਡੇ ਮੱਲ ਦੇਸ ਲੜੰਦੇ, ਮੁਲਕ ਅੰਦਰਿ ਪਾਤਿਸਾਹ ਜਾਇ ਜੰਗ ਜੁੜੰਦੇ ॥ ਹਉਮੈ ਕਰਿ ਹੰਕਾਰ ਲਖ ਮਲ ਮਲ ਘੁਲੰਦੇ" ॥ (ਭਾਈ ਗੁਰਦਾਸ ਵਾਰ 38.6)**

ਅੱਜ-ਕੱਲ੍ਹ ਵੱਖੋ ਵੱਖਰੇ ਦੇਸ਼ਾਂ ਵਿੱਚਕਾਰ ਸੰਧੀਆਂ ਅਤੇ ਰਾਜਨੀਤਕ ਸਮਝੌਤੇ ਵੀ ਇਨਸਾਫ ਨੂੰ ਮੁੱਖ ਰੱਖਕੇ ਨਹੀਂ ਸਗੋਂ ਹਥਿਆਰਾਂ ਜਾਂ ਨਿੱਜੀ ਫਾਇਦਿਆਂ ਨੂੰ ਮੁੱਖ

[212] 1945-46 ਵਿੱਚ ਜਰਮਨੀ ਦੇ ਨਾਜ਼ੀਆਂ ਉੱਪਰ ਯਹੂਦੀਆਂ ਨੂੰ ਮਾਰਨ ਤੇ ਨਸ਼ਟ ਕਰਨ ਦਾ ਕੇਸ ਚੱਲਿਆ ਤਾਂ ਉਨ੍ਹਾਂ ਨੇ ਆਪਣੇ ਬਚਾਉ ਲਈ ਕਿਹਾ ਕਿ ਉਹ ਦੇਸ਼ ਦਾ ਕਾਨੂਨ ਮੰਨ ਕੇ ਚੱਲ ਰਹੇ ਸਨ । ਜੱਜਾਂ ਨੇ ਕਿਹਾ ਕਿ ਉਹ "ਰੱਬੀ ਕਾਨੂੰਨ" ਦੀ ਉਲੰਘਣਾ ਕਰ ਰਹੇ ਸਨ ਇਸ ਲਈ "ਇਨਸਾਨੀਅਤ ਤੇ ਜ਼ੁਲਮ" (Crimes against humanity) ਦਾ ਦੋਸ਼ ਲਾ ਕੇ ਉਨ੍ਹਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ।

ਰੱਖ ਕੇ ਹੀ ਕੀਤੇ ਜਾਂਦੇ ਹਨ । ਧੜਿਆਂ ਦੀ ਸਿਆਸਤ ਭਾਰੂ ਹੈ "ਸਕਤੇ ਦਾ ਸਤੀਂ ਵੀਹੀਂ ਸੌ" ਵਾਲੀ ਕਹਾਵਤ ਅੱਜ ਬਿਲਕੁਲ ਸੱਚ ਹੋ ਗਈ ਹੈ ।

ਰਾਜਨੀਤੀ ਜਦੋਂ ਧਰਮ ਉੱਪਰ ਪੂਰੀ ਤਰ੍ਹਾਂ ਭਾਰੂ ਹੋ ਜਾਂਦੀ ਹੈ ਤਾਂ ਆਤੰਕਵਾਦ ਨੂੰ ਜਨਮ ਦਿੰਦੀ ਹੈ । ਲਾਲਚ,[213] ਖੁਦਗ਼ਰਜ਼ੀ, ਵੈਰ ਵਿਰੋਧ, ਈਰਖਾ, ਮਤਲਬ ਪ੍ਰਸਤੀ, ਆਪਾਧਾਪੀ ਅਤੇ ਚੋਧਰ ਵੱਧ ਜਾਂਦੇ ਹਨ । ਧੜਿਆਂ ਦੀ ਇਸ ਰਾਜਨੀਤੀ ਬਾਰੇ ਗੁਰੂ ਜੀ ਨੇ ਅੱਜ ਤੋਂ 500 ਸਾਲ ਪਹਿਲਾਂ ਸਿੱਖਾਂ ਨੂੰ ਆਗਾਹ ਕਰ ਦਿੱਤਾ ਸੀ, "**ਕਿਸ ਹੀ ਧੜਾ ਕੀਆ ਮਿਤ੍ਰ ਸੁਤ ਨਾਲਿ ਭਾਈ ॥ ਕਿਸ ਹੀ ਧੜਾ ਕੀਆ ਕੁੜਮ ਸਕੇ ਨਾਲਿ ਜਵਾਈ ॥ ਕਿਸ ਹੀ ਧੜਾ ਕੀਆ ਸਿਕਦਾਰ ਚਉਧਰੀ ਨਾਲਿ ਆਪਣੈ ਸੁਆਈ ॥ ਹਮਰਾ ਧੜਾ ਹਰਿ ਰਹਿਆ ਸਮਾਈ"॥ (ਪੰਨਾ 366)** ਅੰਤ ਲਿਖਦੇ ਹਨ, "**ਜਿਨ੍ਹ ਸਿਉ ਧੜੇ ਕਰਹਿ ਸੇ ਜਾਹਿ ॥ ਝੂਠੁ ਧੜੇ ਕਰਿ ਪਛੋਤਾਹਿ ॥ ਥਿਰੁ ਨ ਰਹਹਿ ਮਨਿ ਖੋਟੁ ਕਮਾਹਿ" ॥ (ਪੰਨਾ 366)** ਧੜਿਆ ਦੀ ਇਸ ਰਾਜਨੀਤੀ ਨੂੰ ਗੁਰੂ ਜੀ ਨੇ ਮਿਥਿਆ ਕਿਹਾ ਕਿਉਂਕਿ ਅਜਿਹੇ ਧੜੇ ਇਨਸਾਨ ਨੂੰ ਨਿਆਂ ਅਤੇ ਵਾਹਿਗੁਰੂ ਤੋਂ ਦੂਰ ਲੈ ਜਾਂਦੇ ਹਨ, "**ਮਿਥਿਆ ਦੂਜਾ ਭਾਉ ਧੜੇ ਬਹਿ ਪਾਵੈ" ॥ (ਪੰਨਾ 366)**

ਆਪਣੇ ਸਮੇਂ ਦੇ ਰਾਜਨੀਤਕਾਂ ਬਾਰੇ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਜੀ ਨੇ ਜੋ ਵਿਚਾਰ ਦਿੱਤੇ ਹਨ ਉਹ ਸਹਿਜੇ ਹੀ ਅੱਜ ਦੇ ਕਿਸੇ ਰਾਜਨੀਤਕ ਉੱਪਰ ਘਟਾਏ ਜਾ ਸਕਦੇ ਹਨ। ਅਸੀਂ ਪੜ੍ਹਦੇ ਹਾਂ, "**ਟੇਢੀ ਪਾਗ ਟੇਢੇ ਚਲੇ ਲਾਗੇ ਬੀਰੇ ਖਾਨ ॥ ਭਾਉ ਭਗਤਿ ਸਿਉ ਕਾਜੁ ਨ ਕਛੂਐ ਮੇਰੋ ਕਾਮੁ ਦੀਵਾਨ" ॥ (ਪੰਨਾ 1124)** ਇਹ ਲੋਕ ਸਰਾਸਰ ਝੂਠ ਬੋਲਦੇ ਹਨ, ਝੂਠੇ ਵਾਅਦੇ ਕਰਦੇ ਹਨ ਅਤੇ ਲੋਕਾਂ ਨੂੰ ਮੱਤਾਂ ਦਿੰਦੇ ਹਨ । ਆਪ ਡੁੱਬਦੇ ਹਨ ਅਤੇ ਸਾਰੇ ਦੇਸ਼ ਨੂੰ ਵੀ ਨਰਕ ਵੱਲ ਧੂਹ ਲਿਜਾਂਦੇ ਹਨ, "**ਕੂੜੁ ਬੋਲਿ ਮੁਦਾਰੁ ਖਾਇ ॥ ਅਵਰੀ ਨੂੰ ਸਮਝਾਵਣ ਜਾਇ॥ ਮੁਠਾ ਆਪਿ ਮੁਹਾਏ ਸਾਥੈ ॥ ਨਾਨਕ ਐਸਾ ਆਗੂ ਜਾਪੈ"** ॥ ਇਸ ਵਿੱਚ ਕੋਈ ਝੂਠ ਨਹੀਂ ਕਿ ਅੱਜ ਸੰਸਾਰ ਵਿੱਚ ਝੂਠ, ਫਰੇਬ, ਠੱਗੀ, ਅਨਿਆਂ, ਝਗੜੇ, ਬੇਈਮਾਨੀ, ਪਖੰਡ, ਭ੍ਰਿਸ਼ਟਾਚਾਰ, ਅਨੈਤਿਕਤਾ, ਰਾਜਨੀਤਕ ਸ਼ੋਸ਼ਨ ਅਤੇ ਵਿਭਚਾਰ ਦੇ ਕਰਤਾ ਸਾਡੇ ਲੀਡਰ ਆਪ ਹੀ ਬਣ ਗਏ ਹਨ ਜਿਨ੍ਹਾਂ ਨੇ ਇਨ੍ਹਾਂ ਰੋਗਾਂ ਦਾ ਖਾਤਮਾ ਕਰਨਾ ਸੀ ।

ਜਦ ਰਾਜ ਪ੍ਰਬੰਧ ਵਿਗੜ ਜਾਂਦਾ ਹੈ ਤਾਂ ਸਮਾਜਿਕ ਤਾਣਾ ਬਾਣਾ ਵੀ ਵਿਗੜ

[213] "ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ" ॥ (ਪੰਨਾ 411)



ਜਾਂਦਾ ਹੈ ਜੋ ਕਿ ਅੱਜ ਦੀ ਦਸ਼ਾ ਹੈ । ਅਜਿਹੇ ਹਾਲਾਤ ਬਾਰੇ ਹੀ ਗੁਰੂ ਜੀ ਨੇ ਕਿਹਾ ਸੀ, "**ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤੁ ਨਾਉ ॥ ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ॥ ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ" ॥ (ਪੰਨਾ 1288)** ਅੱਜ-ਕੱਲ੍ਹ ਪੰਡਤਾਂ, ਅਖਾਉਤੀ ਵਿਦਵਾਨਾਂ ਅਤੇ ਸਾਧੂਆਂ ਸੰਤਾਂ ਦਾ ਹੜ੍ਹ ਆ ਗਿਆ ਹੈ । ਖੁੰਬਾਂ ਦੇ ਉੱਗਣ ਵਾਂਗ ਥਾਂ ਥਾਂ ਗੁਰੂ ਪੀਰ ਪੈਗੰਬਰ ਉੱਗ ਆਏ ਹਨ ਜੋ ਸਮਾਜ ਦਾ ਜਾਂ ਦੇਸ਼ ਦਾ ਕੁੱਝ ਸੰਵਾਰਨ ਦੀ ਥਾਂ ਸਮਾਜ ਅਤੇ ਦੇਸ਼ ਉੱਪਰ ਬੋਝ ਹਨ।

"**ਘਰ ਘਰ ਹੋਇ ਬਹੈਂਗੇ ਰਾਮਾ ॥ ਤਿਨ ਤੇ ਸਰੇ ਨ ਕੋਊ ਕਾਮਾ" ॥**

ਜੰਗ ਯੁੱਧ ਇਨਸਾਨੀ ਮਨ ਦਾ ਰੋਗ ਹਨ । ਸ਼ੋਪਨਹਾਵਰ ਨੇ ਕਿਹਾ ਸੀ, "ਹੈਰਾਨੀ ਇਸ ਗਲ ਦੀ ਨਹੀਂ ਹੋਵੇਗੀ ਕਿ ਬੰਦਾ ਸਾਰੀ ਧਰਤ ਆਕਾਸ਼ ਦਾ ਮਾਲਿਕ ਬਣ ਗਿਆ, ਹੈਰਾਨੀ ਤਾਂ ਤਦ ਹੋਵੇਗੀ ਜਦ ਇਨਸਾਨ ਆਪਣਾ ਮਨ ਜਿੱਤ ਲਵੇਗਾ" ਸ਼ਾਪਨਹਾਵਰ ਦੇ ਇਹ ਸ਼ਬਦ ਅੱਜ ਥਾਂ ਥਾਂ ਮੋਟੇ ਕਰਕੇ ਲਿਖੇ ਅਤੇ ਪਰਚਾਰੇ ਜਾ ਰਹੇ ਹਨ ਪਰ ਇਹੋ ਸ਼ਬਦ ਗੁਰੂ ਜੀ ਨੇ 500 ਸਾਲ ਪਹਿਲਾਂ ਲਿਖ ਦਿੱਤੇ ਸਨ, "**ਮਨਿ ਜੀਤੈ ਜਗੁ ਜੀਤੁ" ॥** (ਪੰਨਾ 6) ਜਿਨ੍ਹਾਂ ਨੂੰ ਹਰ ਸਿੱਖ ਹਰ ਰੋਜ਼ ਸਵੇਰੇ ਉੱਠ ਕੇ ਦੁਹਰਾਉਂਦਾ ਹੈ । ਭਾਵੇਂ ਗੁਰੂ ਨਾਨਕ ਬਾਰੇ ਸੰਸਾਰ ਦੇ ਲੋਕਾਂ ਨੂੰ ਬਹੁਤਾ ਗਿਆਨ ਨਾ ਵੀ ਹੋਵੇ ਪਰ ਤਾਂ ਵੀ ਗੁਰੂ ਜੀ ਦੇ ਚਮਤਕਾਰੀ ਬੋਲਾਂ ਦੀ ਗੂੰਜ ਅੱਜ ਸੰਸਾਰ ਦੀਆਂ UNESCO ਵਰਗੀਆਂ ਸੰਸਥਾਵਾਂ ਵਿੱਚ ਵੀ ਗੂੰਜ ਰਹੀ ਹੈ । UNESCO ਦੇ ਚਾਰਟਰ ਵਿੱਚ ਲਿਖਿਆ ਹੈ, "ਕਿਉਂਕਿ ਜੰਗ ਯੁੱਧ ਇਨਸਾਨ ਦੇ ਮਨ ਵਿੱਚੋਂ ਉਗਮਦੇ ਹਨ ਇਸ ਲਈ "**ਅਮਨ ਦੀ ਨੀਂਹ ਵੀ ਬੰਦੇ ਦੇ ਮਨ ਵਿੱਚ ਹੀ ਰੱਖਣੀ ਪਵੇਗੀ**"। [214]

ਯੁਨੈਸਕੋ ਦੇ ਵਿਧਾਨ ਦੇ ਮੁੱਢਲੇ ਸ਼ਬਦ ਗੁਰੂ ਨਾਨਕ ਸਾਹਿਬ ਦੇ ਮੁਖਾਰਬਿੰਦ ਤੋਂ ਉਚਰੇ "**ਮਨਿ ਜੀਤੈ ਜਗੁ ਜੀਤੁ**" ਸ਼ਬਦਾਂ ਦਾ ਹੀ ਰੂਪਾਂਤਰ ਹਨ ।

## 9.14 ਪਰਿਆਵਰਣ (Ecology)[215]

ਮਨੁੱਖ ਜਿਸ ਆਲੇ ਦੁਆਲੇ (Environment) ਵਿੱਚ ਰਹਿੰਦਾ ਹੈ ਉਸ ਨਾਲ ਇਸ ਦਾ ਗਹਿਰਾ ਰਿਸ਼ਤਾ ਹੈ । ਕੁੱਝ ਸਮੇਂ ਤੋਂ ਸੰਸਾਰ ਵਿੱਚ ਇਸ ਗੱਲ ਦਾ ਗੋਗਾ

[214] "Since wars begin in the minds of men, it is in the minds of men that defences of peace must be constructed" (Preamble to the constitution of UNESCO.)

[215] "The comprehensive science of the relationship of the organism to the environment". (German biologist Ernst Haeckel )

ਹੈ ਕਿ ਮਨੁੱਖ ਆਪਣੇ ਆਲੇ ਦੁਆਲੇ ਨੂੰ ਦੂਸ਼ਿਤ ਕਰ ਰਿਹਾ ਹੈ । ਇਹ ਕੁਝ ਐਸੇ ਕੰਮ ਕਰ ਰਿਹਾ ਹੈ ਜਿਨ੍ਹਾਂ ਨਾਲ ਸੰਸਾਰ ਦਾ ਪਰਾਕ੍ਰਿਤਕ ਸੰਤੁਲਨ ਵਿਗੜ ਰਿਹਾ ਹੈ । ਵਾਯੂਮੰਡਲ ਵਿੱਚ ਇਨਸਾਨ ਵੱਲੋਂ ਲੱਖਾਂ ਟਨ ਕੋਲਾ, ਤੇਲ ਆਦਿਕ ਬਾਲ ਕੇ ਅਤੇ ਹਵਾਈ ਜਹਾਜ਼ਾਂ ਰਾਹੀਂ ਛੱਡਿਆ ਧੂੰਆਂ ਸੂਰਜ ਵੱਲੋਂ ਆ ਰਹੀਆਂ ਕਿਰਨਾਂ ਨੂੰ ਸਾਡੇ ਤੱਕ ਪਹੁੰਚਣ ਵਿੱਚ ਰੁਕਾਵਟ ਬਣ ਰਿਹਾ ਹੈ । ਇਸ ਨੂੰ (Green House Effect) ਕਿਹਾ ਜਾਂਦਾ ਹੈ । CFC ਗੈਸਾਂ ਸਾਡੇ ਵਾਯੂਮੰਡਲ ਵਿੱਚ ਸਾਡੇ ਲਈ ਓਜ਼ੋਨ ਵਰਗੀਆਂ ਲਾਭਕਾਰੀ ਗੈਸਾਂ ਨੂੰ ਨਸ਼ਟ ਕਰ ਰਹੀਆਂ ਹਨ ਅਤੇ ਸੂਰਜ ਤੋਂ ਆ ਰਹੀਆਂ ਪਰਾ-ਬੈਂਗਣੀ ਕਿਰਨਾਂ ( Ultraviolet Rays) ਨੂੰ ਸਾਡੇ ਤਕ ਪਹੁੰਚਣ ਤੋਂ ਰੋਕਦੀਆਂ ਹਨ । ਸਾਡਾ ਸੰਸਾਰ ਹਰ ਸਾਲ ਗਰਮ ਹੁੰਦਾ ਜਾ ਰਿਹਾ ਹੈ (Global Warming) । ਧਰਤੀ ਦੇ ਧਰੁਵਾਂ ਉਪਰ ਜੰਮੀ ਬਰਫ ਹਰ ਸਾਲ ਪਿਘਲਦੀ ਤੁਰੀ ਜਾ ਰਹੀ ਹੈ । ਇਨ੍ਹਾਂ ਕਾਰਨਾਂ ਕਰ ਕੇ ਸਮੁੰਦਰਾਂ ਦਾ ਪਾਣੀ ਚੜ੍ਹ ਰਿਹਾ ਹੈ ਅਤੇ ਸੂਨਾਮੀ (Tsunami) ਵਰਗੀਆਂ ਘਟਨਾਵਾਂ ਵਾਪਰ ਰਹੀਆਂ ਹਨ ਜਿਨ੍ਹਾਂ ਵਿੱਚ ਲੱਖਾਂ ਲੋਕਾਂ ਦੀ ਜਾਨ ਸਕਿੰਟਾਂ ਵਿੱਚ ਚਲੀ ਜਾਂਦੀ ਹੈ। ਇਨਸਾਨ ਰਸਾਇਣਕ ਤਰਲ, ਉਦਯੋਗਿਕ ਗੰਦਗੀਆਂ, ਮਲ ਪ੍ਰਵਾਹ, ਲੱਖਾਂ ਟਨ ਖਾਦ ਆਦਿਕ ਜ਼ਮੀਨ ਵਿੱਚ ਸੁੱਟੀ ਜਾ ਰਿਹਾ ਹੈ ਜਿਸ ਨਾਲ ਜ਼ਮੀਨ ਹੇਠਲਾ ਅਤੇ ਸਮੁੰਦਰੀ ਪਾਣੀ ਪ੍ਰਦੂਸ਼ਿਤ ਹੋ ਰਹੇ ਹਨ । ਅਜਿਹੇ ਕਾਰਨਾਂ ਕਰਕੇ ਹੀ ਰੂਸ ਦਾ ਅਰਾਲ ਨਾਂ ਦਾ ਸਮੁੰਦਰ ਨਾਕਾਰਾ ਹੋ ਗਿਆ ਹੈ ਅਤੇ ਕੈਲੇਫੋਰਨੀਆ ਦੀ ਮੋਨੋ ਝੀਲ ਵੀ ਇਸੇ ਤਰ੍ਹਾਂ ਲਗਭਗ ਨਿਕੰਮੀ ਹੋ ਚੁੱਕੀ ਹੈ । ਦਰਿਆਵਾਂ ਦੇ ਪਾਣੀਆਂ ਵਿੱਚ ਪਾਰਾ (Mercury) ਅਤੇ ਸਿੱਖੇ (Lead) ਦੀ ਮਾਤਰਾ ਬੇ-ਹੱਦ ਵਧ ਰਹੀ ਹੈ, ਜਿਸ ਨਾਲ ਪਾਣੀ ਦੇ ਜੀਵ ਮਰ ਰਹੇ ਹਨ । ਕਾਰਖਾਨਿਆਂ ਵਿੱਚੋਂ ਹਰ ਰੋਜ਼ ਲੱਖਾਂ ਟਨ ਵਿਸ਼ੈਲੀਆਂ ਗੈਸਾਂ ਵਾਯੂਮੰਡਲ ਵਿੱਚ ਜ਼ਹਿਰ ਬਣ ਕੇ ਪ੍ਰਦੂਸ਼ਨ ਫੈਲਾ ਰਹੀਆਂ ਹਨ । ਇਹ ਗੈਸਾਂ ਕਾਰਬਨ ਮੋਨੋਔਕਸਾਈਡ, ਸਲਫਰ ਡਾਇਔਕਸਾਈਡ ਅਤੇ ਮੀਥੇਨ ਆਦਿਕ ਹਨ, ਜੋ ਮੀਂਹ ਦੇ ਪਾਣੀ ਨਾਲ ਮਿਲ ਕੇ, ਤੇਜ਼ਾਬ ਬਣ ਜਾਂਦੀਆ ਹਨ, ਅਤੇ ਦਰਖਤਾਂ ਆਦਿਕ ਨੂੰ ਤਬਾਹ ਕਰਦੀਆਂ ਹਨ । ਸੰਸਾਰ ਦੇ ਕਈ ਜੰਗਲ ਇਸੇ ਕਾਰਨ ਬਰਬਾਦ ਹੋ ਚੁੱਕੇ ਹਨ ।[216] ਇਸ ਤੋਂ ਇਲਾਵਾ ਆਨਵਕ ਭੱਠੀਆਂ ( Nuclear Plants) ਆਨਵਕ ਪ੍ਰਦੂਸ਼ਨ (Nuclear Pollution) ਫੈਲਾ ਰਹੀਆਂ ਹਨ । ਇਸ ਦੀ ਖ਼ਤਰਨਾਕ ਮਿਸਾਲ ਰੂਸ ਦੀ ਚਰਨੋਬਲ ਦੀ ਦੁਰਘਟਨਾ ਹੈ ਜਿਸ ਨਾਲ ਸੈਂਕੜੇ ਵਰਗਮੀਲਾਂ ਤੱਕ

[216] ਗੈਸਾਂ ਤੋਂ ਬਣੇ ਤੇਜ਼ਾਬੀ ਮੀਂਹ (Sulphurous Rain) ਕਾਰਨ ਅਮਰੀਕਾ ਅਤੇ ਜਰਮਨੀ ਵਿੱਚ ਕਈ ਜੰਗਲ ਨਸ਼ਟ ਹੋ ਗਏ ਹਨ । ਸਮੁੰਦਰਾਂ ਵਿੱਚ ਮੱਛੀਆਂ ਦੇ ਲਿੰਗ ਬਦਲੇ ਦੇਖੇ ਗਏ ਹਨ । ਜਾਨਵਰਾਂ ਦੇ ਮਾਸ ਵਿੱਚ ਗਏ ਰਸਾਇਣਕ ਪਦਾਰਥ ਇਨਸਾਨਾਂ ਲਈ ਖ਼ਤਰਨਾਕ ਬਣ ਗਏ ਹਨ ।



ਜ਼ਮੀਨ ਹਜ਼ਾਰਾਂ ਸਾਲ ਤੱਕ ਨਿਕੰਮੀ ਹੋ ਗਈ ਹੈ ਅਤੇ ਅੰਗਹੀਣ ਬੱਚੇ ਪੈਦਾ ਹੋ ਰਹੇ ਹਨ ।

ਸ੍ਰਿਸ਼ਟੀ ਉੱਪਰ ਉਪ੍ਰੋਕਤ ਪ੍ਰਕਾਰ ਦੇ ਪ੍ਰਭਾਵਾਂ ਬਾਰੇ ਅਤੇ ਵੱਧ ਰਹੇ ਪ੍ਰਦੂਸ਼ਨ ਬਾਰੇ ਸੰਸਾਰ ਨੂੰ ਜਾਗਰੂਕ ਕਰਨ ਲਈ ਸਭ ਤੋਂ ਪਹਿਲਾਂ ਸੰਸਾਰ ਦੇ ਲੀਡਰਾਂ ਦੀ ਮੀਟਿੰਗ 1992 ਵਿੱਚ ਹੋਈ ਪਰ ਇਸ ਦਾ ਕੋਈ ਬਹੁਤਾ ਅਸਰ ਨਾ ਹੋਇਆ । 2001 ਵਿੱਚ ਫੇਰ ਸੰਸਾਰ ਦੇ 180 ਪ੍ਰਤੀਨਿਧੀਆਂ/ ਆਗੂਆਂ ਦੀ ਇੱਕ ਕਾਨਫ੍ਰੰਸ ਹੇਗ ਸ਼ਹਿਰ ਵਿੱਚ ਹੋਈ ਜਿਸ ਵਿੱਚ ਸਾਧਾਰਣ ਪ੍ਰਦੂਸ਼ਨ ਅਤੇ ਸੰਕ੍ਰਾਮਣ (Chemical Pollution) ਉੱਪਰ ਖੁੱਲ੍ਹ ਕੇ ਵਿਚਾਰਾਂ ਕੀਤੀਆਂ ਗਈਆਂ । ਫੇਰ 26-31 ਅਗਸਤ 2002 ਨੂੰ ਜੋਹੰਸਬਰਗ ਵਿੱਚ ਮੀਟਿੰਗ ਕਰਕੇ ਵਿਚਾਰ ਕੀਤਾ ਗਿਆ । 5.6.2003 ਨੂੰ UNO ਵੱਲੋਂ ਪਰਿਆਵਰਣ ਦਿਨ ਮਨਾਇਆ ਗਿਆ। ਇਹ ਮਸਲ੍ਹਾ ਹੁਣ ਗੰਭੀਰ ਮਸਲ੍ਹਾ ਬਣ ਗਿਆ ਹੈ । ਕਈ ਦੇਸ਼ ਸੰਵੇਦਨਸ਼ੀਲ ਹਨ ਅਤੇ ਹਰ ਥਾਂ ਚਰਚਾ ਚਲ ਪਈ ਹੈ ।[217]

ਪੰਦਰ੍ਹਵੀ ਸੋਲ੍ਹਵੀਂ ਸਦੀ ਵਿੱਚ ਇਹ ਮਸਲਾ ਇਤਨਾ ਗੰਭੀਰ ਨਹੀਂ ਸੀ ਅਤੇ ਨਾ ਇਸ ਬਾਰੇ ਕੋਈ ਅੰਤ੍ਰਰਾਸ਼ਟ੍ਰੀ ਵਿਚਾਰ ਵਟਾਂਦਰਾ ਕਰਨ ਦੀ ਲੋੜ ਸੀ । ਇਸ ਦੇ ਬਾਵਜੂਦ ਵੀ ਸਿੱਖ ਗੁਰੂ ਸਾਹਿਬਾਨ ਨੇ ਇਸ ਜ਼ਰੂਰੀ ਮਸਲ੍ਹੇ ਨੂੰ ਅੱਖੋਂ ਪਰੋਖੇ ਨਹੀਂ ਸੀ ਕੀਤਾ ਸਗੋਂ ਕਿਹਾ ਸੀ ਕਿ ਆਲੇ ਦੁਆਲੇ ਦੀ ਸੰਭਾਲ ਵਿੱਚ ਮਨੁੱਖ ਨੂੰ ਅਵੇਸਲਾ ਨਹੀਂ ਹੋਣਾ ਚਾਹੀਦਾ । ਗੁਰੂ ਨਾਨਕ ਸਾਹਿਬ ਜੀ ਨੇ ਤਾਂ ਹਵਾ ਨੂੰ ਗੁਰੂ ਬਰਾਬਰ, ਪਾਣੀ ਨੂੰ ਪਿਤਾ ਬਰਾਬਰ ਅਤੇ ਇਨਸਾਨ ਲਈ ਬਨਸਪਤੀ ਪੈਦਾ ਕਰਕੇ ਜਿਉਂਦਾ ਰੱਖਣ ਵਾਲੀ ਧਰਤੀ ਨੂੰ ਮਾਂ ਬਰਾਬਰ ਦਰਜਾ ਦਿੱਤਾ ਸੀ ਅਤੇ ਕਿਹਾ ਸੀ , **"ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ॥ (ਪੰਨਾ 8)** ਇਨਸਾਨ ਨੂੰ ਚਾਹੀਦਾ ਹੈ ਕਿ ਹਵਾ ਨੂੰ ਗੁਰੂ ਜਿੰਨਾ ਸਤਿਕਾਰ, ਪਾਣੀ ਨੂੰ ਪਿਤਾ ਜਿੰਨਾ ਸਤਿਕਾਰ ਅਤੇ ਧਰਤੀ ਨੂੰ ਮਾਂ ਵਾਂਗ ਸਤਿਕਾਰ ਕਰਕੇ ਇਨ੍ਹਾਂ ਦੀ ਸੁਯੋਗ ਵਰਤੋਂ ਕਰੇ । ਸਿੱਖ ਧਰਮ ਅਨੁਸਾਰ ਇਨਸਾਨ ਹਵਾ, ਪਾਣੀ ਅਤੇ ਅਗਨੀ ਦੇ ਆਸਰੇ ਬਣਿਆ ਹੈ ਅਤੇ ਇਨ੍ਹਾਂ ਦੀ ਇਸ ਨੂੰ ਸਦਾ ਲੋੜ ਰਹਿੰਦੀ ਹੈ, **"ਪਉਣ ਪਾਣੀ ਅਗਨੀ ਕਾ ਬੰਧਨੁ ਕਾਇਆ ਕੋਟੁ ਰਚਾਇੰਦਾ" ॥ (ਪੰਨਾ 1036)**। ਅਗਨੀ (ਗਰਮਾਇਸ਼) ਸਾਡੀ ਖਾਧੀ ਖੁਰਾਕ ਵਿੱਚੋਂ ਹੀ ਪੈਦਾ ਹੁੰਦੀ ਹੈ ਜੋ ਅਸੀਂ ਧਰਤੀ ਤੋਂ ਪ੍ਰਾਪਤ ਕਰਦੇ

[217] ਲੰਡਨ ਯੂਨੀਵਰਸਿਟੀ ਦੇ ਐਂਡਰੀਅਸ ਕੋਰਟਨਕੈਂਪ (Andreas Kortenkamp) ਨੇ ਸੰਸਾਰ ਨੂੰ ਹੋਕਾ ਦੇ ਕੇ ਕਹਿ ਦਿੱਤਾ ਹੈ ਕਿ ਜਾਂ ਤਾਂ ਛੇਤੀ ਹੀ ਪਰਿਆਵਰਣ ਨੂੰ ਸਾਂਭਣ ਵੱਲ ਧਿਆਨ ਦਿਉ ਨਹੀਂ ਤਾਂ ਸਮੂਹਕ ਤੌਰ ਤੇ ਮਰਨ ਲਈ ਤਿਆਰ ਰਹੋ।

ਹਾਂ । ਕਿਸੇ ਵੀ ਕਾਰਨ ਹਵਾ, ਪਾਣੀ ਅਤੇ ਬਨਸਪਤੀ ਵਿੱਚ ਪਿਆ ਬੁਰਾ ਪ੍ਰਭਾਵ ਇਨਸਾਨ ਦੀ ਖ਼ੁਰਾਕ ਰਾਹੀਂ ਸਰੀਰਕ ਬਣਤਰ ਅਤੇ ਸਿਹਤ ਲਈ ਹਾਨੀਕਾਰਕ ਹੋ ਸਕਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ ਰੱਬ ਨੂੰ ਤਾਂ ਕਿਸੇ ਨੇ ਵੇਖਿਆ ਨਹੀਂ ਆਲਾ ਦੁਆਲਾ ਹੀ ਉਸ ਦੀ ਕੁਦਰਤ ਹੈ ਜਿਸ ਦਾ ਲਿਹਾਜ਼ ਸਾਡੇ ਲਈ ਜ਼ਰੂਰੀ ਹੈ "**ਕਾਦਰੁ ਕਿਨੇ ਨਾ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ" ॥ (ਵਾਰ 1:4-3)**[218] ਆਪ ਕਹਿੰਦੇ ਹਨ ਕਿ ਜਦ ਬੰਦੇ ਨੇ ਕੁਦਰਤ ਨੂੰ ਵਿਸਾਰ ਦਿੱਤਾ ਤਾਂ ਸਮਝੋ ਉਸ ਨੇ ਰਬ ਨੂੰ ਵੀ ਵਿਸਾਰ ਦਿੱਤਾ । "**ਕਾਦਰੁ ਮਨਹੁ ਵਿਸਾਰਿਆ ਕੁਦਰਤਿ ਅੰਦਰ ਕਾਦਰੁ ਵਸੈ" ॥ (ਵਾਰ 37-14)** ਭਾਈ ਸਾਹਿਬ ਦਾ ਇਹ ਵਿਚਾਰ ਸਤਿਗੁਰਾਂ ਦੇ ਵਿਚਾਰਾਂ ਦਾ ਹੀ ਅਨੁਵਾਦ ਹੈ । ਸਤਿਗੁਰੂ ਜੀ ਕਹਿੰਦੇ ਹਨ ਕਿ ਵਣ ਤ੍ਰਿਣ ਆਦਿਕ ਪ੍ਰਭੂ ਦਾ ਹੀ ਅੰਗ ਹਨ, "**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ" ॥ (ਪੰਨਾ 134), ਵਣਿ ਤ੍ਰਿਣਿ ਤ੍ਰਿਭਵਣਿ ਪੂਰਨ ਗੋਪਾਲ" ॥ (ਪੰਨਾ 198)** ਪ੍ਰਮਾਤਮਾ ਆਪਣੀ ਕੁਦਰਤ ਵਿੱਚੋਂ ਹੀ ਸਾਨੂੰ ਦਰਸ਼ਨ ਦਿੰਦਾ ਹੈ ।[219]

**"ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥**
**ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ" ॥ (ਪੰਨਾ 537)**

ਅੱਜ ਕੱਲ੍ਹ ਦਰਖਤਾਂ ਨੂੰ ਬੇਤਹਾਸ਼ਾ ਕਟ ਕੇ ਅਤੇ ਹੋਰ ਨਵੇਂ ਦਰਖਤ ਨਾ ਲਾ ਕੇ ਧਰਤੀ ਨੂੰ ਰੰਡੀ ਕੀਤਾ ਜਾ ਰਿਹਾ ਹੈ । ਇਸ ਬਾਰੇ ਸੰਸਾਰ ਦੇ ਆਗੂ ਆਏ ਦਿਨ ਬਿਆਨ ਦੇ ਰਹੇ ਹਨ ਅਤੇ ਦਰਖ਼ਤ ਹੋਰ ਲਾਉਣ ਲਈ ਪ੍ਰੇਰਨਾ ਦਿੰਦੇ ਹਨ । ਗੁਰੂ ਜੀ ਦਾ ਵਿਚਾਰ ਸੀ ਕਿ ਦਰਖ਼ਤ ਇਨਸਾਨੀ ਜੀਵਨ ਲਈ ਬਹੁਤ ਮਹੱਤਵ ਪੂਰਣ ਹਨ। ਇਨ੍ਹਾਂ ਕਰਕੇ ਹੀ ਸੰਸਾਰ ਇੱਕ ਸੂਤਰ ਵਿੱਚ ਪ੍ਰੋਇਆ ਹੋਇਆ ਹੈ, **"ਆਪੇ ਵਣੁ ਤ੍ਰਿਣੁ ਤ੍ਰਿਭਵਣ ਸਾਰੁ । ਜਾ ਕੈ ਸੂਤਿ ਪਰੋਇਆ ਸੰਸਾਰੁ"** ॥ (ਪੰਨਾ 1150) ਹਰ ਪਾਸੇ ਕੁਦਰਤ ਦੀ ਹਰਿਆਵਲ ਹੈ ਪਰ ਇਨਸਾਨ ਨੂੰ ਚਾਹੀਦਾ ਹੈ ਕਿ ਇਸ ਦਾ ਪ੍ਰਯੋਗ ਸਹਿਜ ਭਾਵ ਨਾਲ ਕਰੇ "**ਦਹ ਦਿਸਿ ਸਾਖ ਹਰੀ ਹਰੀਆਵਲ**

[218] ਕਾਦਰੇ ਮੁਤਲਕ ਬ ਕੁਦਰਤ ਜ਼ਾਹਰ ਅਸਤ, ਦਰਮਿਆਨੇ ਕੁਦਰਤੇ ਖੁਦ ਕਾਦਰ ਅਸਤ (ਭਾਈ ਨੰਦ ਲਾਲ ਕੁਲੀਆਤ 290)

[219] "There is no such thing as a solitary organism. The activities of plants and animals and man are inter-related in a vast and complictcated system of life which has superficially the appearance of being in a state of balance, yet which is below the surface seething with perpetual disturbances and readjustments." G.N.Ridley in *The verdict of Science)* ਸਾਕਾ ਨੀਲਾ ਤਾਰਾ ਦੀ ਸਤਾਰ੍ਹਵੀਂ ਯਾਦਗਾਰ ਵੱਜੋਂ ਸ਼੍ਰੋਮਣੀ ਗੁਰਦਵਾਰਾ ਕਮੇਟੀ ਵੱਲੋਂ ਪਰਿਆਵਰਣ ਦੀ ਰਾਖੀ ਲਈ ਦਰਖ਼ਤ ਲਗਵਾਉਣ ਦਾ ਉਪਰਾਲਾ ਸ਼ਲਾਘਾਯੋਗ ਹੈ ਅਤੇ ਗੁਰਮਤ ਅਨੁਸਾਰ ਹੈ ।



**ਸਹਜਿ ਪਕੈ ਸੋ ਮੀਠਾ**" ॥ (ਪੰਨਾ 1109)

ਅੱਜ ਦੇ ਵਿਗਿਆਨੀਆਂ ਨੇ ਧੁਨੀ ਪ੍ਰਦੂਸ਼ਨ ਦੀ ਖੋਜ ਵੀ ਕਰ ਲਈ ਹੈ ਅਤੇ ਸਮਝ ਲਿਆ ਹੈ ਕਿ ਆਵਾਜਾਈ, ਹਵਾਈ ਸਫਰ, ਉਦਯੋਗਿਕ ਖੜਾਕ, ਲਾਊਡ ਸਪੀਕਰ ਆਦਿਕ, ਫਜ਼ੂਲ ਰੌਲਾ ਰੱਪਾ ਅਤੇ ਬੇਲੋੜੀਆਂ ਮਸ਼ੀਨੀ ਆਵਾਜ਼ਾਂ ਅਤੇ ਮੋਬਾਈਲ ਫੋਨਾਂ ਆਦਿਕ ਦੀਆਂ ਬਿਜਲਈ ਲਹਿਰਾਂ ਵੀ ਸਾਡੇ ਵਾਯੂਮੰਡਲ ਤੇ ਆਪਣਾ ਕੁੱਝ ਨ ਕੁੱਝ ਪ੍ਰਭਾਵ ਜ਼ਰੂਰ ਪਾ ਰਹੀਆਂ ਹਨ । ਇਹ ਮਨੁੱਖ ਦੇ ਵਿਵਹਾਰ ਵਿੱਚ ਅਤੇ ਸਰੀਰ ਦੇ ਰਸਾਇਣਕ ਸਮਤੋਲ ਵਿੱਚ ਗੜਬੜ ਕਰਦੀਆਂ ਹਨ । ਮਨੁੱਖ ਹੀ ਸੰਸਾਰ ਵਿੱਚ ਸਭ ਤੋਂ ਸਿਆਣਾ ਅਤੇ ਵਿਕਾਸ-ਸ਼ੀਲ ਜੀਵ ਹੈ ਅਤੇ ਇਸ ਦੀ ਜ਼ਿੰਮੇਦਾਰੀ ਬਣਦੀ ਹੈ ਕਿ ਇਹ ਕੁਦਰਤੀ ਦਾਤਾਂ ਨੂੰ ਸੰਕੋਚ ਨਾਲ ਅਤੇ ਕੁਦਰਤੀ ਨਿਯਮਾਂ ਅਨੁਸਾਰ ਹੀ ਵਰਤੇ । "**ਬਹੁਤਾ ਬੋਲਣੁ ਝਖਣੁ ਹੋਇ**" ॥ (ਪੰਨਾ 661)

## 9.15 ਲੋਕਤੰਤਰ (Democracy)

ਲੋਕਤੰਤਰ ਬਾਰੇ ਭਾਵੇਂ ਲਾਰਡ ਬਾਇਰਨ[220] ਵਰਗੇ ਲੋਕਾਂ ਨੇ ਕੋਈ ਚੰਗੇ ਸ਼ਬਦ ਨਹੀਂ ਵਰਤੇ ਪਰ ਤਾਂ ਵੀ ਇਸ ਨੂੰ ਸੰਸਾਰ ਵਿੱਚ ਰਾਜਪ੍ਰਬੰਧ ਦਾ ਇੱਕ ਉੱਨਤ ਅਤੇ ਵਧੀਆ ਢੰਗ ਮੰਨਿਆ ਜਾਂਦਾ ਹੈ । ਸਿੱਖ ਧਰਮ ਵਿੱਚ ਲੋਕਤੰਤਰ ਪ੍ਰਵਾਣ ਹੈ ਪਰ ਉਹ ਲੋਕਤੰਤਰ ਜਿਸ ਵਿੱਚ ਵਿਕਾਊ ਵੋਟਾਂ, ਫੋਕੇ ਨਾਹਰੇ ਅਤੇ ਬਨਾਉਟੀ ਪ੍ਰਤੀਨਿੱਧਤਾ ਨਾ ਹੋਵੇ । ਕੇਵਲ ਅਜਿਹਾ ਲੋਕਤੰਤਰ ਹੀ ਸੰਸਾਰ ਵਿੱਚ ਸਫਲ ਹੋ ਸਕਦਾ ਹੈ ਅਤੇ ਚੰਗੇ ਨਤੀਜੇ ਪੈਦਾ ਕਰ ਸਕਦਾ ਹੈ । ਲੀਡਰ ਜਾਂ ਆਗੂ ਬਾਰੇ (ਜੋ ਉਦੋਂ ਰਾਜੇ ਹੀ ਹੁੰਦੇ ਸਨ) ਗੁਰੂ ਜੀ ਸਪੱਸ਼ਟ ਕਰਦੇ ਹਨ ਕਿ "**ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ"॥ (ਪੰਨਾ 992), ਜਾਂ "ਰਾਜੇ ਧਰਮੁ ਕਰਹਿ ਪਰਥਾਏ" ॥ (ਪੰਨਾ 1024)** ਆਗੂ ਧਰਮੀ ਹੋਣ, ਇਨਸਾਫ ਕਰਨ ਅਤੇ ਵਾਹਿਗੁਰੂ ਦਾ ਭੈ ਦਿਲ ਵਿੱਚ ਰੱਖਣ ਵਾਲੇ ਹੋਣ ।[221]

ਅੱਜ ਦੇ ਲੋਕਤੰਤਰ ਵਿੱਚ ਆਏ ਨਿਘਾਰ ਬਾਰੇ ਸ੍ਰੀ ਮੈਨਕਿਨ (H.L. Mencken) ਜੀ ਕਹਿੰਦੇ ਹਨ, "ਅੱਜ ਕੱਲ੍ਹ ਇੱਕ ਨੇਕ ਰਾਜਨੀਤਕ ਨੂੰ ਲੱਭਣਾ ਉਨਾਂ ਹੀ ਕਠਨ ਹੈ ਜਿੰਨਾਂ ਕਿਸੇ ਈਮਾਨਦਾਰ ਚੋਰ ਨੂੰ ਲੱਭਣਾ" ਭਾਰਤ ਵਰਗੇ ਦੇਸ਼ ਵਿੱਚ ਜਿੱਥੇ ਭ੍ਰਿਸ਼ਟ ਰਾਜਨੀਤਕ ਆਪਣੀਆਂ ਹੀ ਜੇਬਾਂ ਭਰਦੇ ਹਨ ਉਪ੍ਰੋਕਤ ਸ਼ਬਦ ਇੰਨ ਬਿੰਨ ਠੀਕ ਢੁੱਕਦੇ ਹਨ ਅਤੇ ਲੌਰਡ ਬਾਇਰਨ ਦੇ ਵਿਚਾਰ ਦੀ ਹੀ ਪੁਸ਼ਟੀ ਕਰਦੇ ਹਨ ।

[220] "Democray is the aristocracy of scoundrels" (Lord Byron)

[221] "ਖ਼ੁਦਾ ਤਰਸ ਬਾਇਦ ਅਮਾਨਤ ਗੁਜ਼ਾਰ"(ਸ਼ੇਖ ਸ਼ਾਅਦੀ)= ਜਿਸ ਪਾਸ ਕੌਮ ਦੀ, ਧਨ ਦੀ ਜਾ ਆਪਣੀ ਅਮਾਨਤ ਰੱਖਣੀ ਹੈ ਉਸ ਦਾ ਖ਼ੁਦਾ ਤਰਸ (ਧਰਮੀ) ਹੋਣਾ ਲਾਜ਼ਮੀ ਹੈ ।

ਲੋਕਤੰਤਰ ਤਾਂ ਹੀ ਸਫ਼ਲ ਹੈ ਜੇ ਕਰ ਲੋਕ ਪੜ੍ਹੇ ਲਿਖੇ ਹੋਣ ਅਤੇ ਨਿਪੁੰਨ, ਧਰਮੀ, ਈਮਾਨਦਾਰ ਅਤੇ ਰੱਬ ਦਾ ਭੈ ਰੱਖਣ ਵਾਲੇ ਲੋਕਾਂ ਨੂੰ ਹੀ ਅੱਗੇ ਲਿਆਉਣ । ਅਜਿਹੇ ਲੋਕਾਂ ਲਈ ਗੁਰੂ ਜੀ ਨੇ ਸ਼ਬਦ "ਪੰਚ" ਜਾਂ "ਗੁਰਮੁਖ" ਵਰਤਿਆ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅਜਿਹੇ ਹੀ ਪੰਜ "ਪੰਚ" ਚੁਣ ਕੇ ਖਾਲਸਾ ਪੰਥ ਦੀ ਨੀਂਹ ਰੱਖੀ ਸੀ । ਅਜਿਹੇ ਲੋਕਾਂ ਬਾਰੇ ਹੀ ਗੁਰੂ ਜੀ ਦਾ ਫੁਰਮਾਨ ਹੈ "**ਗੁਰਮੁਖਿ ਕੂੜੁ ਨ ਭਾਵਈ ਸਚਿ ਰਤੇ ਸਚ ਭਾਇ" ॥** ਭਾਈ ਗੁਰਦਾਸ ਜੀ ਗੁਰੂ ਜੀ ਦੇ ਇਸ ਸਿਧਾਂਤ ਦੀ ਵਿਆਖਿਆ ਕਰਦੇ ਹੋਰ ਸਰਲ ਭਾਸ਼ਾ ਵਿੱਚ ਕਹਿੰਦੇ ਹਨ, "**ਗੁਰਮੁਖ ਹੈ ਨਿਵੈਰ ਨ ਵੈਰ ਵਿਰੋਧੀਐ" ॥ (ਪਉੜੀ 18)** ਅਜਿਹਾ ਮਨੁੱਖ ਪਾਰਟੀਬਾਜ਼ ਨਹੀਂ ਹੁੰਦਾ, ਸੱਚ ਦਾ ਪੱਲਾ ਫੜੀ ਰੱਖਦਾ ਹੈ ਅਤੇ ਰੱਬ ਦੇ ਭੈ ਵਿੱਚ ਹਰ ਕਿਸੇ ਦਾ ਭਲਾ ਸੋਚਦਾ ਹੈ । ਅਜਿਹੇ "ਪੰਚ" ਹੀ ਰਾਜ ਦਰਬਾਰਾਂ ਵਿੱਚ ਸੋਹੰਦੇ ਹਨ, **"ਪੰਚੇ ਸੋਹਹਿ ਦਰਿ ਰਾਜਾਨੁ"॥ (ਪੰਨਾ 3)**

## 9.16 ਸਹਿਨਸ਼ੀਲਤਾ

ਨਿਮਰਤਾ ਅਤੇ ਸਹਿਨਸ਼ੀਲਤਾ ਸਿੱਖੀ ਦਾ ਆਧਾਰ ਮੰਨੇ ਗਏ ਹਨ । ਇਨ੍ਹਾਂ ਦੀ ਕਮੀ ਸਮਾਜ ਵਿੱਚ ਅਹਿੰਸਾ, ਲੜਾਈ ਝਗੜੇ ਅਤੇ ਭੇਦ ਭਾਵ ਪੈਦਾ ਕਰਦੀ ਹੈ। ਸਿੱਖ ਧਰਮ ਮਨੁੱਖ ਦੁਆਰਾ ਕੀਤੇ ਜਾਣ ਵਾਲੇ ਨਸਲੀ ਵਿਤਕਰੇ, ਜਾਤ-ਪਾਤ, ਲਿੰਗ ਭੇਦ ਅਤੇ ਰੰਗ ਆਦਿਕ ਦੇ ਆਧਾਰ ਤੇ ਕਲਪੇ ਵਖੇਵਿਆਂ ਦਾ ਜ਼ੋਰਦਾਰ ਖੰਡਨ ਕਰਦਾ ਹੈ । ਗੁਰੂ ਜੀ ਦਾ ਉਪਦੇਸ਼ ਹੈ, "**ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ" ॥ (ਪੰਨਾ 97), "ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ" ॥ (ਪੰਨਾ 1299)** ਇਸ ਤਰ੍ਹਾਂ ਸਿੱਖ ਧਰਮ ਵਿੱਚ ਸਮਾਜਕ ਬਰਾਬਰੀ ਅਤੇ ਨਿਆਂ ਨੂੰ ਵਿਸ਼ੇਸ਼ ਥਾਂ ਦਿਤੀ ਗਈ ਹੈ, **"ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ॥ (ਪੰਨਾ 671)** ਇੱਥੋਂ ਤੱਕ ਕਿ ਔਰਤ ਨੂੰ ਵੀ ਕਿਸੇ ਪ੍ਰਕਾਰ ਮਰਦ ਨਾਲੋਂ ਘਟੀਆ ਨਹੀਂ ਸਮਝਿਆ ਜਾਂਦਾ । ਇਸ ਸੋਚ ਦੀ ਆਧਾਰ-ਸ਼ਿਲਾ ਹੈ, "**ਏਕ ਪਿਤਾ ਏਕਸ ਕੇ ਹਮ ਬਾਰਿਕ" ॥ (ਪੰਨਾ 611)**

ਆਜ਼ਾਦੀ, ਬਰਾਬਰੀ ਅਤੇ ਸਹਿਨਸ਼ੀਲਤਾ (Liberty, Equality and Fraternity) ਦਾ ਜੋ ਨਾਹਰਾ ਫ੍ਰੈਂਚ ਕ੍ਰਾਂਤੀ (French Revolution) ਵੇਲੇ 1789 ਵਿੱਚ ਸਾਰੇ ਯੋਰਪ ਵਿੱਚ ਗੂੰਜ ਉਠਿਆ ਸੀ ਉਹ ਕੋਈ ਨਵਾਂ ਸਿਧਾਂਤ ਨਹੀਂ ਸੀ ਸਗੋਂ ਇਹੋ ਨਾਹਰਾ ਸਿੱਖ ਗੁਰੂ ਸਾਹਿਬਾਨ ਵੱਲੋਂ 500 ਸਾਲ ਪਹਿਲਾਂ ਲਾਇਆ ਗਿਆ ਸੀ ਅਤੇ ਖਾਲਸਾ ਪੰਥ ਦੀ ਆਧਾਰ-ਸ਼ਿਲਾ ਬਣਿਆ ਸੀ । ਅੱਜ ਦੇ ਸੰਸਾਰ ਵਿੱਚ ਇਹੋ ਨਾਹਰਾ



ਇਹ ਕਹਿ ਕੇ ਲਾਇਆ ਜਾ ਰਿਹਾ ਹੈ ਕਿ **"ਜੀਓ ਅਤੇ ਜਿਉਣ ਦਿਓ"**। ਸ਼ਬਦ ਬਦਲ ਗਏ ਹਨ ਪ੍ਰੰਤੂ ਸਿਧਾਂਤ ਉਹੀ ਹੈ । ਸੰਸਾਰ ਵਿੱਚ ਸਿੱਖ ਧਰਮ ਅਸਥਾਨ ਹੀ ਇੱਕੋ ਇੱਕ ਐਸੀ ਜਗ੍ਹਾ ਹੈ ਜਿੱਥੇ ਹਰ ਧਰਮ, ਨਸਲ, ਜਾਤ, ਸਮਾਜੀ ਰੁਤਬੇ ਅਤੇ ਹਰ ਵਿਚਾਰ ਦਾ ਧਾਰਨੀ ਬੰਦਾ ਜਦੋਂ ਚਾਹੇ ਆ ਜਾ ਸਕਦਾ ਹੈ।[222] ਸਿੱਖ ਧਰਮ ਗ੍ਰੰਥ ਹੀ ਇੱਕ ਐਸਾ ਧਰਮ ਗ੍ਰੰਥ ਹੈ ਜਿਸ ਵਿੱਚ ਸਿੱਖਾਂ ਤੋਂ ਇਲਾਵਾ ਹੋਰ ਧਰਮਾਂ ਦੇ ਮਹਾਂਪੁਰਖਾਂ ਨੂੰ ਵੀ ਸਤਿਕਾਰਿਆ ਗਿਆ ਹੈ । ਇਹੋ ਇੱਕ ਧਰਮ ਹੈ ਜਿਥੇ ਸਭ ਨੂੰ ਧਰਮ ਪ੍ਰਵੇਸ਼ ਕਰਨ ਵੇਲੇ ਬਿਨਾ ਭਿੰਨ-ਭੇਦ ਇੱਕੋ ਬਾਟੇ ਵਿੱਚੋਂ ਅੰਮ੍ਰਿਤ ਛਕਾਇਆ ਜਾਂਦਾ ਹੈ । ਇਹੋ ਇੱਕ ਧਰਮ ਹੈ ਜਿਸ ਦੇ ਲੰਗਰ ਵਿੱਚ ਗਰੀਬ ਅਮੀਰ, ਮੋਮਨ ਅਤੇ ਕਾਫ਼ਰ ਸਭ ਇੱਕੋ ਪੰਗਤੀ ਵਿੱਚ ਬੈਠ ਕੇ ਭੁੱਖ ਮਿਟਾਉਂਦੇ ਹਨ । ਸੰਸਾਰ ਦੇ ਕਿਸੇ ਵੀ ਹੋਰ ਧਰਮ ਵਿੱਚ ਅਜੇ ਤੱਕ ਵੀ ਅਜਿਹੀ ਖੁੱਲ੍ਹ ਦੇਖਣ ਨੂੰ ਨਹੀਂ ਮਿਲਦੀ ।[223] ਇੱਥੇ ਤਾਂ ਸਗੋਂ ਇਹ ਸਿਖਸ਼ਾ ਦਿੱਤੀ ਜਾਂਦੀ ਹੈ ਕਿ ਦੂਸਰਿਆਂ ਨੂੰ ਆਪਣੇ ਨਾਲੋਂ ਉੱਤਮ ਸਮਝਣਾ ਹੈ, "**ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ" ॥, "ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ" ॥ (ਪੰਨਾ 473)** ਚੰਗੇ ਵਿਚਾਰਾਂ ਨੂੰ ਸਭ ਕੋਈ ਆਪਣਾ ਕਹਿੰਦਾ ਹੈ ਪਰ ਸਫਲਤਾ ਲਈ ਵਿਚਾਰਾਂ ਦਾ ਵਰਤੋਂ ਵਿੱਚ ਆਉਣਾ ਜ਼ਰੂਰੀ ਹੈ ਅਤੇ ਇਹ ਕੰਮ ਅੱਜ ਤੱਕ ਕੇਵਲ ਸਿੱਖ ਧਰਮ ਵੱਲੋਂ ਹੀ ਕੀਤਾ ਗਿਆ ਹੈ ਅਤੇ ਕੀਤਾ ਜਾ ਰਿਹਾ ਹੈ । ਅੰਤ ਇਨ੍ਹਾਂ ਵਿਚਾਰਾਂ ਨੇ ਹੀ ਸੰਸਾਰ ਦਾ ਕਲਿਆਣ ਕਰਨਾ ਹੈ ।

**ਪੜ੍ਹਨ ਇਲਮ ਤੇ ਕਰਨ ਨਾ ਅਮਲ ਜਿਹੜੇ, ਵਾਂਗ ਢੋਲ ਦੇ ਪੋਲ ਹੈ ਸੱਖਣਾ ਜੀ ॥**

ਅੱਜ ਕੱਲ੍ਹ ਦੇ ਵਿਦਵਾਨ ਮੰਨਦੇ ਹਨ ਕਿ ਸ਼ਹਿਨਸ਼ੀਲਤਾ ਲਈ ਇਹ ਵੀ ਜ਼ਰੂਰੀ ਹੈ ਕਿ ਕਿਸੇ ਦੇ ਸਾਰਥਕ ਵਿਚਾਰਾਂ ਤੇ ਰੋਕ ਨਾ ਲਾਈ ਜਾਵੇ ਭਾਵੇਂ ਕਿ ਤੁਸੀਂ ਉਸ ਦੇ ਵਿਚਾਰਾਂ ਦੇ ਵਿਰੋਧੀ ਹੀ ਹੋਵੋ । ਵਾਲਟੇਅਰ ਨੇ ਠੀਕ ਹੀ ਕਿਹਾ ਹੈ, "ਭਾਵੇਂ ਮੈਂ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਾਂ ਵੀ ਹੋਵਾਂ ਮੈਂ ਮਰਦੇ ਦਮ ਤੱਕ ਤਹਾਨੂੰ ਆਪਣੇ

[222] ਯਾਦ ਰਹੇ ਕਿ ਗ਼ੈਰ ਮੁਸਲਮਾਨ ਨੂੰ ਮੱਕੇ ਵਿੱਚ ਜਾਣ ਦੀ ਆਗਿਆ ਨਹੀਂ ਹੈ । ਹਿੰਦੂ ਅਖਾਉਤੀ ਨੀਚ ਜ਼ਾਤਾਂ ਨੂੰ ਮੰਦਰ ਵਿੱਚ ਵੜਨ ਤੋਂ ਰੋਕ ਦਿੰਦੇ ਹਨ । ਸਰਬਤ ਖਾਲਸਾ ਅਤੇ ਗੁਰਦਵਾਰਿਆਂ ਦੇ ਸੇਵਾਦਾਰਾਂ ਪ੍ਰਤੀ ਸ੍ਰੀ ਅਕਾਲ ਤਖਤ ਸਾਹਿਬ ਜੀ ਦਾ ਹੁਕਮ ਹੈ ਜੋ ਅੰਮ੍ਰਿਤਧਾਰੀ ਪ੍ਰਾਣੀ ਮਾਤਰ ਨਾਲ ਸੰਗਤ ਪੰਗਤ ਵਿੱਚ ਇੱਕੋ ਜਿਹਾ ਵਿਹਾਰ ਕਰਨਾ, ਪਿਛਲੀ ਜ਼ਾਤ ਨਹੀਂ ਪੁੱਛਣੀ, ਭਰਮ ਨਹੀਂ ਕਰਨਾ। ਇਹੋ ਹੀ ਗੁਰੂ ਘਰ ਦੀ ਆਗਿਆ ਹੈ । ਜੋ ਸਿਰ ਨਿਵਾਏਗਾ ਗੁਰੂ ਜੀ ਉਸ ਦੀ ਬਾਹੁੜੀ ਕਰਨਗੇ" (ਹੁਕਮਨਾਮਾ 13 ਜੂਨ 1936)

[223] The seven fundamental principles of the Red Cross and Red Crescent are humanity, impartiality, neutrality, independance, voluntary service, unity, and universality.

ਵਿਚਾਰ ਰੱਖਣ ਲਈ ਪੂਰਾ ਹੱਕ ਦੇਵਾਂਗਾ"[224] । ਇਹ ਵਿੱਚਾਰ ਅਸਲ ਵਿੱਚ ਉਹੀ ਹੈ ਜਿਸ ਦੀ ਖਾਤਰ ਵਾਲਟੇਅਰ ਤੋਂ ਸੌ ਕੁ ਵਰ੍ਹੇ ਪਹਿਲਾਂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਜਾਨ ਦੀ ਬਾਜ਼ੀ ਲਾ ਦਿੱਤੀ ਸੀ । ਉਹ ਹਿੰਦੂ ਧਰਮ ਨੂੰ ਨਹੀਂ ਮੰਨਦੇ ਸਨ ਪਰ ਤਾਂ ਵੀ ਹਿੰਦੂਆਂ ਦੀ ਵਿਚਾਰਧਾਰਾ ਨੂੰ ਨਸ਼ਟ ਕਰਨ ਵਾਲੇ ਔਰੰਗਜ਼ੇਬ ਦੇ ਵਿਰੁਧ ਡੱਟ ਗਏ ਤੇ ਜਾਨ ਤੇ ਖੇਲ੍ਹ ਗਏ ।**"ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ" । (ਪੰਨਾ 579)**

## 9.17 ਨਿਰਸਵਾਰਥ ਸੇਵਾ (Voluntary Service)

1859 ਵਿੱਚ ਸੋਲਫ੍ਰੀਨੋ ਦੀ ਜੰਗ (Battle of Solferno) ਵਿੱਚ ਹਜ਼ਾਰਾਂ ਜ਼ਖਮੀਆਂ ਨੂੰ ਬਿਨਾਂ ਇਲਾਜ ਮਰਦੇ ਵੇਖ ਕੇ ਸਵਿਟਜ਼ਰਲੈਂਡ ਦੇ ਨਿਵਾਸੀ ਹੈਨਰੀ ਡੂਨਾਂਟ ਨੂੰ ਵਿਚਾਰ ਆਇਆ ਕਿ ਕੋਈ ਐਸੀ ਸੰਸਥਾ ਹੋਵੇ ਜੋ ਨਿਰਪੱਖ ਰਹਿ ਕੇ ਜ਼ਖਮੀਆਂ ਦੀ ਨਿਰਸੁਆਰਥ ਸੇਵਾ ਕਰੇ । ਉਸ ਦਾ ਇਹ ਵਿਚਾਰ ਸਾਕਾਰ ਹੋ ਗਿਆ ਜਦੋਂ ਸੰਸਾਰ ਦੇ ਆਗੂਆ ਵੱਲੋਂ 1863 ਵਿੱਚ ਜਨੇਵਾ ਵਿਖੇ ਇੰਟਰਨੈਸ਼ਨਲ ਰੈਡ ਕਰਾਸ ਸੋਸਾਇਟੀ ਦੀ ਨੀਂਹ ਰੱਖ ਦਿੱਤੀ ਗਈ । ਅੱਜ ਸੰਸਾਰ ਦਾ ਹਰ ਇਨਸਾਨ ਇਹੋ ਸਮਝਦਾ ਹੈ ਕਿ ਰੈਡ ਕਰਾਸ ਹੈਨਰੀ ਡੂਨਾਂਟ ਦੀ ਸੋਚ ਦਾ ਹੀ ਨਤੀਜਾ ਹੈ । ਬਹੁਤ ਘੱਟ ਲੋਕ ਜਾਣਦੇ ਹਨ ਕਿ ਇਹੋ ਜਿਹੀ ਸੰਸਥਾ ਦੀ ਨੀਂਹ ਗੁਰੂ ਗੋਬਿੰਦ ਸਿੰਘ ਜੀ ਦੇ ਅਨਿਨ ਭਗਤ ਭਾਈ ਘਨਈਆ ਜੀ ਨੇ 1700 ਦੇ ਨੇੜੇ ਤੇੜੇ ਰੱਖ ਦਿੱਤੀ ਸੀ, ਅਤੇ ਇਸ ਤੋਂ ਵੀ ਪਹਿਲਾਂ, ਸਿੱਖਾਂ ਦੇ ਪੰਜਵੇਂ ਗੁਰੂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਰਨ ਤਾਰਨ ਵਿੱਚ ਕੋੜ੍ਹੀਆਂ ਲਈ ਇੱਕ ਆਸ਼੍ਰਮ ਖੋਲ੍ਹ ਕੇ ਇਹੋ ਕੰਮ ਆਰੰਭ ਕਰ ਦਿੱਤਾ ਸੀ । ਗੁਰੂ ਹਰਿ ਰਾਏ ਸਾਹਿਬ ਨੇ ਨਿਰਸਵਾਰਥ ਸੇਵਾ ਲਈ ਆਪ ਇੱਕ ਡਿਸਪੈਂਸਰੀ ਖੋਲ੍ਹ ਛੱਡੀ ਸੀ । ਸਿੱਖ ਗੁਰੂ ਸਾਹਿਬਾਨ ਦਾ ਤਾਂ ਹੁਕਮ ਹੀ ਇਹ ਸੀ ਕਿ ਸਿੱਖ ਸਾਰੀ ਉਮਰ ਨਿਸ਼ਕਾਮ ਸੇਵਾ ਵਿੱਚ ਲੱਗਾ ਰਹੇ, **"ਜਿਚਰੁ ਅੰਦਰਿ ਸਾਸੁ ਤਿਚਰੁ ਸੇਵਾ ਕੀਚੈ ਜਾਇ ਮਿਲੀਐ ਰਾਮ ਮੁਰਾਰੀ" ॥ (ਪੰਨਾ 911)**

ਸਵਾਰਥ ਰਹਿਤ ਸੇਵਾ ਸਿੱਖ ਧਰਮ ਦਾ ਇੱਕ ਬਹੁਤ ਜ਼ਰੂਰੀ ਅੰਗ ਹੈ, **"ਸੇਵਾ ਕਰਤ ਹੋਇ ਨਿਹਕਾਮੀ" ॥ (ਪੰਨਾ 286)** ਗੁਰੂ ਸਾਹਿਬ ਅਨੁਸਾਰ ਇਸ ਤਰ੍ਹਾਂ ਦੀ ਨਿਸ਼ਕਾਮ ਸੇਵਾ ਪ੍ਰਮਾਤਮਾ ਦੇ ਦਰਬਾਰ ਵਿੱਚ ਇਨਸਾਨ ਲਈ ਸੋਭਾ ਦਾ ਕਾਰਨ ਬਣਦੀ ਹੈ, **"ਵਿਚਿ ਦੁਨੀਆ ਸੇਵ ਕਮਾਈਐ ॥ ਤਾਂ ਦਰਗਹ ਬੈਸਣੁ**

[224] "I may not agree with what you say, but I will defend to the death your right to say it."(Voltaire)



**ਪਾਈਐ" ॥ (ਪੰਨਾ 26)** ਗੁਰੂ ਜੀ ਦੇ ਵਿਚਾਰ ਅਨੁਸਾਰ ਜੋਗੀ ਜੰਗਮ ਅਤੇ ਸੰਨਿਆਸੀ ਭਾਵੇਂ ਘਰ ਬਾਰ ਛੱਡ ਕੇ ਨਾਮ ਜਪਦੇ ਹਨ ਪਰ ਉਹ ਐਸੀ ਉੱਤਮ ਪ੍ਰਾਪਤੀ ਨਹੀਂ ਕਰ ਸਕਦੇ ਜਿਹੋ ਜਿਹੀ ਸੇਵਾ ਕਰਨ ਵਾਲਾ ਮਾਣ ਸਕਦਾ ਹੈ, **"ਜੰਗਮ ਜੋਧ ਜਤੀ ਸੰਨਿਆਸੀ ਗੁਰਿ ਪੂਰੈ ਵੀਚਾਰੀ ॥ ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ" ॥ (ਪੰਨਾ 992)**

## 9.18 ਪਦਾਰਥਵਾਦ (Materialism)

ਬੰਦੇ ਦੀਆਂ ਬੁਨਿਆਦੀ ਲੋੜਾਂ ਹਨ ਰੋਟੀ, ਕਪੜਾ ਅਤੇ ਮਕਾਨ । ਇਨ੍ਹਾਂ ਲੋੜਾਂ ਦੀ ਪੂਰਤੀ ਲਈ ਕੁਦਰਤ ਵਿੱਚ ਲੋੜ ਤੋਂ ਕਿਤੇ ਵੱਧ ਵਸੀਲੇ ਪ੍ਰਾਪਤ ਹਨ ਪ੍ਰੰਤੂ ਤਾਂ ਵੀ ਸੰਸਾਰ ਦੇ ਇਨਸਾਨ ਇਨ੍ਹਾਂ ਦੀ ਖਾਤਰ ਇੱਕ ਦੂਜੇ ਦਾ ਆਰਥਕ ਸ਼ੋਸ਼ਨ ਕਰ ਰਹੇ ਹਨ।[225] ਵੱਡਾ ਜਾਂ ਤਾਕਤਵਰ ਉਹ ਹੈ ਜਿਸ ਪਾਸ ਮਾਇਆ ਬਹੁਤੀ ਹੈ, **"ਕਉਨ ਵਡਾ ਮਾਇਆ ਵਡਿਆਈ" ॥ (ਪੰਨਾ 188)** ਅਮੀਰ ਦੇਸ਼ ਗਰੀਬ ਦੇਸ਼ਾਂ ਨੂੰ ਲੁੱਟ ਰਹੇ ਹਨ । ਅਮੀਰ ਦੇਸ਼ਾਂ ਵੱਲੋਂ ਗਰੀਬ ਦੇਸ਼ਾਂ ਨੂੰ ਦਿਖਾਵੇ ਲਈ ਮਦਦ ਦੇਣਾ ਕੁੱਝ ਇਸ ਤਰ੍ਹਾਂ ਹੈ ਜਿਵੇਂ ਇੱਕ ਸ਼ੇਰ ਕਿਸੇ ਗਊ ਨੂੰ ਮੋਟਾ ਤਾਜ਼ਾ ਕਰਨ ਵਿੱਚ ਸਹਾਇਤਾ ਕਰੇ , **"ਗਊ ਕਉ ਚਾਰੇ ਸਾਰਦੂਲ" ॥ (ਪੰਨਾ 898)** ਇਹੋ ਹਾਲ ਵਿਅਕਤੀਗਤ ਲੋਕਾਂ ਦਾ ਹੈ । ਸਭ ਮਾਇਆ ਦੀ ਲੁੱਟ ਵਿੱਚ ਲੱਗੇ ਹੋਏ ਹਨ । ਬਾਪ ਬਾਪ ਨਹੀਂ ਰਿਹਾ ਅਤੇ ਭਰਾ ਭਰਾ ਨਹੀਂ ਰਿਹਾ; ਖੁਦਗਰਜ਼ੀ ਦਾ ਰਾਜ ਹੈ । ਵਪਾਰ ਵਿੱਚ ਮੁਕਾਬਲੇ ਬਾਜ਼ੀ ਲੱਗੀ ਹੋਈ ਹੈ । ਹਰ ਤਰ੍ਹਾਂ ਦੀ ਬੇਈਮਾਨੀ, ਠੱਗੀ ਅਤੇ ਭ੍ਰਿਸ਼ਟਤਾ ਵਰਤ ਕੇ ਵੀ ਕਿਸੇ ਦੀ ਤਸੱਲੀ ਨਹੀਂ ਹੁੰਦੀ । ਮਾਇਆ ਦੀ ਭੁੱਖ ਹੋਰ ਹੋਰ ਵਧਦੀ ਜਾਂਦੀ ਹੈ, **"ਸਹਸ ਖਟੇ ਲਖ ਕਉ ਉਠਿ ਧਾਵੈ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ" ॥ (ਪੰਨਾ 279)** ਗੁਰੂ ਜੀ ਨੇ ਇਸ ਪ੍ਰਕਾਰ ਦੇ ਸਾਜਕ ਸ਼ੋਸ਼ਨ ਨੂੰ ਜੋਕਾਂ ਦੇ ਰਤ ਪੀਣ ਨਾਲ ਤਸ਼ਬੀਹ ਦਿੰਦਿਆ ਲਿਖਿਆ ਸੀ, **"ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ" ॥ (ਪੰਨਾ 140)** ਅਜਿਹਾ ਸਮਾਜ ਅੰਤ ਵਿੱਚ ਨਿੱਘਰ ਜਾਂਦਾ ਹੈ, ਸਮਾਜੀ ਕਦਰਾਂ ਕੀਮਤਾਂ ਪਲਟ ਜਾਂਦੀਆਂ ਹਨ ਅਤੇ ਅਰਾਜਕਤਾ ਨੂੰ ਆਉਂਦਿਆਂ ਦੇਰ ਨਹੀਂ ਲਗਦੀ, **"ਅੰਤਰਿ ਲੋਭੁ ਮਨਿ ਮੈਲੈ ਮਲੁ ਲਾਏ ॥ ਮੈਲੇ ਕਰਮ ਕਰੇ ਦੁਖੁ ਪਾਏ॥ ਕੂੜੋ ਕੂੜੁ ਕਰੇ ਵਾਪਾਰਾ ਕੂੜੁ ਬੋਲਿ ਦੁਖੁ ਪਾਇਦਾ"** ॥ (ਪੰਨਾ 1062)

[225] ਕੁਦਰਤ ਨੇ ਪਦਾਰਥ ਸਭ ਲਈ ਪੈਦਾ ਕੀਤਾ ਹੈ । ਉਸ ਦੇ ਘਰ (ਸੁਹਰੇ ਘਰ) ਸਭ ਕੁੱਛ (ਹਵਾ, ਪਾਣੀ, ਧੁੱਪ ਆਦਿਕ) ਸਾਂਝਾ ਹੈ ਪਰ ਬੰਦੇ ਨੇ ਸੰਸਾਰ ਵਿੱਚ (ਪੇਕੇ ਘਰ) ਵੰਡੀਆਂ ਪਾ ਛੱਡੀਆਂ ਹਨ, "ਸਾਹੁਰੜੀ ਵਥ ਸਭੁ ਕਿਛੁ ਸਾਝੀ ਪੇਵਕੜੇ ਧਨ ਵਖੇ" (ਪੰਨਾ 1171)

ਅੱਜ-ਕੱਲ੍ਹ ਲੋਕ ਟੌਮਸ ਹਕਸਲੇ ਦੀ ਪੁਸਤਕ Methods and Results ਦਾ ਹਵਾਲਾ ਦੇ ਕੇ ਕਹਿੰਦੇ ਹਨ ਕਿ ਪਦਾਰਥਵਾਦ ਦਾ ਦੈਂਤ ਸਮਾਜ ਨੂੰ ਨਿਗਲ ਰਿਹਾ ਹੈ । ਜੇ ਕਰ ਛੇਤੀ ਹੀ ਕੋਈ ਸਾਰਥਕ ਕਦਮ ਨਾ ਚੁੱਕੇ ਗਏ ਤਾਂ ਸੰਸਾਰ ਵਿੱਚ ਐਸੀ ਪ੍ਰਸਥਿਤੀ ਆ ਜਾਵੇਗੀ ਕਿ ਬੰਦਾ ਹੀ ਬੰਦੇ ਨੂੰ ਖਾਵੇਗਾ । ਗੁਰੂ ਜੀ ਨੇ ਇਸ ਰੋਗ ਦਾ ਜ਼ਿਕਰ ਕਰਦਿਆਂ ਲਿਖਿਆ ਸੀ, "**ਕਿਸ ਹੀ ਵਾਧਿ ਘਾਟਿ ਕਿਸ ਹੀ ਪਹਿ ਸਗਲੇ ਲਰਿ ਲਰਿ ਮੂਆ" ॥ (ਪੰਨਾ 673)** ਗੁਰੂ ਜੀ ਨੇ ਬੰਦੇ ਦੇ ਇਸ ਅਸਾਧ ਰੋਗ ਨੂੰ ਹਕਸਲੇ ਤੋਂ ਕਿਤੇ ਪਹਿਲਾਂ ਭਾਂਪ ਲਿਆ ਸੀ; ਤੇ ਆਪਣੇ ਸਿੱਖਾਂ ਨੂੰ ਉਪਦੇਸ਼ ਦਿੱਤਾ ਸੀ ਕਿ ਬਹੁਤੀ ਮਾਇਆ ਚਿੰਤਾ ਤਾਂ ਪੈਦਾ ਕਰ ਸਕਦੀ ਹੈ ਪਰ ਪ੍ਰਸੰਨਤਾ ਪ੍ਰਦਾਨ ਨਹੀਂ ਕਰ ਸਕਦੀ[226] ਅਤੇ ਥੋੜ੍ਹੀ ਮਾਇਆ ਇੱਕ ਲਾਹਨਤ ਹੈ। "**ਜਿਸੁ ਗ੍ਰਿਹਿ ਬਹੁਤੁ ਤਿਸੈ ਗ੍ਰਿਹਿ ਚਿੰਤਾ ॥ ਜਿਸੁ ਗ੍ਰਿਹਿ ਥੋਰੀ ਸੁ ਫਿਰੈ ਭ੍ਰਮੰਤਾ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ" ॥ (ਪੰਨਾ 1019)** ਸੰਸਾਰ ਵਿੱਚ ਵਸੀਲਿਆਂ ਦਾ ਕੋਈ ਘਾਟਾ ਨਹੀਂ ਹੈ । ਨਾਮ ਜਪਣਾ, ਵੰਡ ਕੇ ਛਕਣਾ ਅਤੇ ਧਰਮ ਦੀ ਕਿਰਤ ਕਰਨਾ ਹੀ ਇਸ ਮਸਲੇ ਦਾ ਹਲ ਹਨ । ਅੰਤ **'ਸਰਬਤ ਦਾ ਭਲਾ'** ਮੰਗਣ ਵਿੱਚ ਹੀ ਇਸ ਰੋਗ ਦਾ ਹੱਲ ਲੱਭਿਆ ਜਾ ਸਕੇਗਾ ਜਿਸ ਦਾ ਪ੍ਰਚਾਰ ਗੁਰੂ ਨਾਨਕ ਸਾਹਿਬ ਨੇ 500 ਸਾਲ ਪਹਿਲਾਂ ਆਰੰਭ ਕਰ ਦਿੱਤਾ ਸੀ।

## 9.19 ਸਾਮਵਾਦ (Communism)

**"ਮਾਰਕਸਵਾਦ 19ਵੀਂ ਸਦੀ ਦੇ ਉਦਾਰਵਾਦ ਦੀ ਹਰਾਮੀ ਅਤੇ ਝਗੜਾਲੂ ਔਲਾਦ ਹੈ"। (ਇਸਕ ਡੈਂਸ਼ਰ)**

ਸਾਮਵਾਦ ਦੇ ਬੀਜ ਪਲੈਟੋ ਦੀ ਰੀਪਬਲਿਕ ਨਾਂ ਦੀ ਪੁਸਤਕ ਵਿੱਚੋਂ ਹੀ ਨਮੂਦਾਰ ਹੋਣੇ ਆਰੰਭ ਹੋ ਗਏ ਸਨ ਪਰ ਸਾਡੇ ਸਮੇਂ ਦਾ ਮਾਰਕਸਵਾਦ 1847 ਵਿੱਚ ਕਾਰਲ ਮਾਰਕਸ ਵੱਲੋਂ ਦਿੱਤੇ ਸਿਧਾਂਤ ਤੋਂ ਸ਼ੁਰੂ ਹੁੰਦਾ ਮੰਨਿਆ ਜਾਂਦਾ ਹੈ । ਮਾਰਕਸ ਨੇ ਕਿਹਾ ਸੀ, "ਹਰ ਕੋਈ ਕੰਮ ਕਰੇ ਅਤੇ ਹਰ ਕਿਸੇ ਦੀ ਲੋੜ ਪੂਰੀ ਹੋਵੇ" । ਅਸਲ ਵਿੱਚ ਇਹ ਨਾਹਰਾ ਵੀ ਲੂਈ ਬਲਾਂਕ ਦੀ ਸੋਸ਼ਲਿਸਟ ਪਾਰਟੀ ਦੇ ਮਾਟੋ ਦੀ ਹੀ ਨਕਲ ਸੀ ਜੋ ਕਿ ਮਾਰਕਸ ਵੇਲੇ ਫਰਾਂਸ ਵਿੱਚ ਹਰਮਨ ਪਿਆਰਾ ਹੋ ਗਿਆ ਸੀ ।

[226] ਜਦੋਂ ਰੋਮ ਦਾ ਬਾਦਸ਼ਾਹ ਕਨਸਟੈਨਟਾਈਨ ਇਸਾਈ ਹੋ ਗਿਆ ਤਾਂ ਉਸ ਨੇ ਬਹੁਤ ਸਾਰਾ ਧਨ ਪੋਪ ਸਿਲਵੈਸਟਰ ਨੂੰ ਦਿੱਤਾ । ਉਸ ਵੇਲੇ ਪੋਪ ਦੁਨੀਆਂ ਦਾ ਸਭ ਤੋਂ ਅਮੀਰ ਆਦਮੀ ਬਣ ਗਿਆ । ਇਸ ਘਟਨਾ ਬਾਰੇ ਡਾਂਟੇ (Dante) ਨੇ ਇਨਫਰਨੋ (Inferno) ਵਿੱਚ ਲਿਖਿਆ, "Alas! Constantine, how much misfortune you caused, not by becoming Christian, but by the dowry which the first rich father accepted from you."



ਮਾਰਕਸ ਉੱਪਰ ਇਸ ਤੋਂ ਇਲਾਵਾ ਲੁਡਵਿਗ, ਫੇਵਰਬੈਚ, ਐਂਜਲਜ਼ ਅਤੇ ਹੀਗਲ ਵਰਗਿਆਂ ਦਾ ਵੀ ਪ੍ਰਭਾਵ ਪਿਆ, ਜਿਸ ਅਧੀਨ ਉਸ ਨੇ ਆਪਣੀ ਜੀਵਨ ਫਿਲਾਸਫੀ ਦਾ ਪ੍ਰਚਾਰ ਕੀਤਾ, ਜਿਸ ਨੂੰ ਕਮਿਊਨਿਜ਼ਮ ਦਾ ਨਾਂ ਦਿੱਤਾ ਗਿਆ ।

ਮਾਰਕਸ ਨੇ ਕਿਹਾ ਸੀ ਕਿ ਹਰ ਪ੍ਰਕਾਰ ਦਾ ਗਿਆਨ ਅਸਲ ਵਿੱਚ ਰਾਜਪ੍ਰਬੰਧ ਨਾਲ ਹੀ ਜਾ ਜੁੜਦਾ ਹੈ । ਗਿਆਨ ਦੀ ਗੱਲ ਕਰਦਿਆ ਮਾਰਕਸ ਨੇ ਧਰਮ ਨੂੰ ਇਸ ਵਿੱਚੋਂ ਬਿਲਕੁਲ ਹੀ ਖ਼ਾਰਜ ਕਰ ਦਿੱਤਾ ਅਤੇ ਕਿਹਾ ਕਿ ਧਰਮ ਵੀ ਮਨੁੱਖ ਦੀਆਂ ਭੌਤਿਕ ਪ੍ਰਸਥਿਤੀਆਂ ਵਿੱਚੋਂ ਹੀ ਉਪਜਿਆ ਹੈ । ਨਾਸਤਿਕਤਾ ਉਸ ਦਾ ਹਥਿਆਰ ਹੋ ਨਿਬੜੀ ਅਤੇ ਮਾਰਕਸਵਾਦ ਦਵੰਦਆਤਮਕ ਭੌਤਿਕਵਾਦ (Dialectic materialism) ਅਤੇ ਗਰੀਬੀ ਅਮੀਰੀ ਦੀ ਚੀਰ ਫਾੜ ਵਿੱਚ ਫਸ ਗਿਆ। ਹੌਲੀ ਹੌਲ਼ੀ ਇਸ ਦਾ ਨਿਸ਼ਾਨਾ ਕ੍ਰਾਂਤੀ ਰਾਹੀਂ ਰਾਜ ਪ੍ਰੀਵਰਤਣ ਕਰਨਾ ਬਣ ਗਿਆ। ਮਾਰਕਸਵਾਦ ਵਿੱਚ ਧਰਮ ਦੀ ਥਾਂ ਪਦਾਰਥਵਾਦ ਨੇ ਮੱਲ ਲਈ ਅਤੇ ਧੱਕੇ ਨਾਲ ਉੱਤਪਤੀ ਸਾਧਨਾਂ ਤੇ ਕਬਜ਼ਾ ਕਰਨਾ ਇਸ ਦਾ ਮੁੱਖ ਨਿਯਮ ਬਣ ਗਿਆ, ਜਿਸ ਕਾਰਨ ਸਮਾਜ ਵਿੱਚ ਸ਼੍ਰੇਣੀ ਸ਼ੰਘਰਸ਼ ਦਾ ਮੁੱਢ ਬੱਝ ਗਿਆ ।

ਸਿੱਖ ਧਰਮ ਮਾਰਕਸਵਾਦ ਦੇ ਮੁੱਢਲੇ ਨਿਯਮ "ਹਰ ਕੋਈ ਕੰਮ ਕਰੇ ਅਤੇ ਹਰ ਕਿਸੇ ਦੀ ਲੋੜ ਪੂਰੀ ਹੋਵੇ" ਨਾਲ ਪੂਰੀ ਤਰ੍ਹਾਂ ਸਹਿਮਤ ਹੈ । ਇਹੋ ਸਿਧਾਂਤ ਗੁਰੂ ਨਾਨਕ ਸਾਹਿਬ ਨੇ ਪੇਸ਼ ਕੀਤਾ ਸੀ । ਪਰ ਸਿੱਖ ਧਰਮ ਮਾਰਕਸਵਾਦ ਦੇ ਕ੍ਰਾਂਤੀ ਸਿਧਾਂਤ ਨਾਲ ਮੇਲ ਨਹੀਂ ਖਾਂਦਾ । ਗੁਰੂ ਸਾਹਿਬ ਵੱਲੋਂ ਅਮੀਰੀ ਗ਼ਰੀਬੀ ਦੇ ਫਰਕ ਨੂੰ ਮੇਟਣ ਲਈ "**ਘਾਲਿ ਖਾਇ ਕਿਛੁ ਹਥਹੁ ਦੇਇ"** ॥ (ਪੰਨਾ 1245) ਦਾ ਸਿਧਾਂਤ ਪੇਸ਼ ਕੀਤਾ ਗਿਆ ਸੀ ਜਿਸ ਵਿੱਚ ਇਨਸਾਨ ਦੇ ਮਨ ਨੂੰ ਪ੍ਰੇਰ ਕੇ ਸਮਾਜਕ ਨਿਆਂ ਪਰਾਪਤ ਕਰਨ ਤੇ ਜ਼ੋਰ ਸੀ । ਸਮਾਜ ਵਿੱਚਲੇ ਭੇਦ ਭਾਵ ਨੂੰ ਨੈਤਿਕਤਾ ਅਤੇ ਉੱਚੀ ਅਧਿਆਤਮਿਕ ਸੋਚ ਨਾਲ ਖਤਮ ਕਰਨਾ ਸਿੱਖ ਧਰਮ ਦਾ ਨਿਸ਼ਾਨਾ ਸੀ । ਮਾਨਸਿਕ ਪ੍ਰੇਰਨਾ ਅਤੇ ਨੈਤਿਕਤਾ ਲਈ ਧਰਮ ਜ਼ਰੂਰੀ ਹੈ । ਰਾਜਨੀਤੀ ਜੇ ਧਰਮ ਅਤੇ ਸਮਾਜਕ ਨਿਆਂ ਨੂੰ ਰਲਾ ਕੇ ਨਾ ਚੱਲੇ ਤਾਂ ਸਮਾਜ ਨੂੰ ਲਹੂ ਲੁਹਾਣ ਕਰ ਦਿੰਦੀ ਹੈ । ਇਹ ਹਾਲਤ ਗੁਰੂ ਨਾਨਕ ਸਾਹਿਬ ਵੇਲੇ ਹੋ ਗਈ ਸੀ ਜਦ ਆਪ ਨੇ ਕਿਹਾ ਸੀ, "**ਰਾਜੇ ਸੀਹ ਮੁਕਦਮ ਕੁਤੇ ॥ ਜਾਇ ਜਗਾਇਨਿ ਬੈਠੇ ਸੁਤੇ ॥ ਚਾਕਰ ਨਹਦਾ ਪਾਇਨਿ ਘਾਉ ॥ ਰਤੁ ਪਿਤੁ ਕੁਤਿਹੋ ਚਟਿ ਜਾਹੁ ॥** (ਪੰਨਾ 1288)[227] ਮਨੁੱਖ ਦਾ ਸੁਭਾਅ ਸੁਵਾਰਥ ਵਾਲਾ ਹੈ । ਉਹ ਹਮੇਸ਼ਾ ਉਨ੍ਹਾਂ

[227] "ਜੁਦਾ ਹੋ ਦੀਂ ਸਿਆਸਤ ਸੇ ਤੋ ਰਹਿ ਜਾਤੀ ਹੈ ਚੰਗੇਜ਼ੀ" (ਸਰ ਮੁਹੰਮਦ ਇਬਾਲ)। ਗੁਰੂ ਨਾਨਕ ਵੱਲੋਂ ਬਾਬਰ ਨੂੰ ਦਿੱਤਾ ਗਿਆ ਉਪਦੇਸ਼ ਸੀ, "ਧਰਮ ਦਾ ਨਿਆਉਂ ਕਰਨਾ, ਬਜ਼ੁਰਗਾਂ ਦੀ ਖਿਦਮਤ ਕਰਨੀ, ਗਰੀਬਾਂ ਨਾਲ ਵੰਡ ਖਾਣਾ ਅਰ ਖਦਾਇ ਦੀ ਬੰਦਗੀ ਕਰਨੀ, ਤਾਂ ਤੁਹਾਡਾ ਰਾਜ ਥਿਰ ਰਹੇਗਾ" (ਗਿਯਾਨ ਰਤਨਾਵਲੀ

ਲੋਕਾਂ ਤੇ ਆਪਣਾ ਹੁਕਮ ਥੋਪਦਾ ਹੈ ਤੇ ਸ਼ੋਸ਼ਨ ਕਰਦਾ ਹੈ ਜੋ ਕਮਜ਼ੋਰ ਅਤੇ ਉਸ ਦੇ ਅਧੀਨ ਹੁੰਦੇ ਹਨ । ਕਮਿਊਨਿਜ਼ਮ ਵਿੱਚ ਸਾਰੇ ਅਖਤਿਆਰ ਅਤੇ ਅਧਿਕਾਰ ਰਾਜ ਅਧੀਨ ਹੋ ਜਾਂਦੇ ਹਨ ਅਤੇ ਰਾਜਸੀ ਤਾਕਤ ਜ਼ਾਲਮ ਬਣ ਜਾਂਦੀ ਹੈ । ਧਰਮ ਇਸੇ ਪਰਵਿਰਤੀ ਦੀ ਵਿਰੋਧਤਾ ਕਰਦਾ ਹੈ ਅਤੇ ਇੱਛਾਵਾਂ ਨੂੰ ਕਾਬੂ ਕਰਨ ਦਾ ਉਪਦੇਸ਼ ਦਿੰਦਾ ਹੈ । ਜਦ ਵੀ ਇਹ ਪਰਵਿਰਤੀ ਜ਼ੋਰ ਫੜਦੀ ਹੈ ਇਨਸਾਨ "ਪਸ਼ੂ ਬ੍ਰਿਤੀ" ਧਾਰਨ ਕਰ ਜਾਂਦਾ ਹੈ । ਕੋਈ ਵੀ ਸਰਕਾਰ ਇਨਸਾਨ ਨੂੰ ਸਮਾਜਕ ਨਿਆਂ, ਸਮਾਜਕ ਕਦਰਾਂ ਕੀਮਤਾਂ ਅਤੇ ਭਰਾਤ੍ਰੀ ਭਾਵ ਨਹੀਂ ਸਿਖਾ ਸਕਦੀ ਅਤੇ ਨਾ ਹੀ ਮਨੁੱਖ ਦੀ ਅੰਤ੍ਰਾਤਮਾ ਨੂੰ ਬਦਲ ਸਕਦੀ ਹੈ । ਇਹ ਕੰਮ ਧਰਮ ਦਾ ਹੈ । ਸਿੱਖ ਧਰਮ ਨੇ ਕਿਮਿਊਨਿਜ਼ਮ ਦੇ ਉੱਤਮ ਸਿਧਾਂਤ ਨੂੰ ਧਾਰਮਿਕ ਸਦਾਚਾਰ ਨਾਲ ਜੋੜ ਕੇ ਪੇਸ਼ ਕੀਤਾ ਹੈ ਅਤੇ ਸਿੱਖਿਆ ਦਿੱਤੀ ਹੈ ਕਿ "**ਨਾਮ ਜਪੋ, ਧਰਮ ਦੀ ਕਿਰਤ ਕਰੋ ਅਤੇ ਵੰਡ ਕੇ ਛਕੋ**" ।

ਸਿੱਖ ਧਰਮ ਵਿੱਚ ਕ੍ਰਾਂਤੀ ਸਿਰਫ ਆਖਰੀ ਹਥਿਆਰ ਹੈ ਤੇ ਹੁਕਮ ਹੈ ਕਿ ਪਹਿਲਾਂ ਹਰ ਸੰਭਵ ਤਰੀਕਾ ਸ਼ਾਂਤੀ ਲਈ ਵਰਤ ਕੇ ਵੇਖ ਲਿਆ ਜਾਵੇ "**ਚੂੰ ਕਾਰ ਅਜ਼ ਹਮਾ ਹੀਲਤੇ ਦਰਗੁਜਸ਼ਤ, ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ**"। ਰੂਸ ਵਿੱਚ ਕਮਿਊਨਿਜ਼ਮ ਦੇ ਫੇਲ੍ਹ ਹੋਣ ਨਾਲ ਮਾਰਕਸ ਦੇ ਸਿਧਾਂਤ ਦੀ ਇਸ ਕਮਜ਼ੋਰੀ ਦਾ ਗਿਆਨ ਹੋ ਗਿਆ ਹੈ ਕਿ ਸੰਘਰਸ਼ ਹਮੇਸ਼ਾ ਦ੍ਰਿੜ ਰਾਸ਼ਟਰ ਦਾ ਨਿਰਮਾਣ ਨਹੀਂ ਕਰ ਸਕਦਾ । ਸਿੱਖ ਧਰਮ ਸ਼੍ਰੇਣੀ-ਸੰਘਰਸ਼ ਨੂੰ ਹਾਨੀਕਾਰਕ ਸਮਝਦਾ ਹੈ ਅਤੇ ਸਭ ਨੂੰ ਭਰਾ ਭਰਾ ਬਣ ਕੇ ਰਹਿਣ ਲਈ ਪ੍ਰੇਰਦਾ ਹੈ "**ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ" ॥ (ਪੰਨਾ 671)**

ਰਾਜ ਦਾ ਕਰਤਵ ਹੈ ਕਾਨੂੰਨ ਅਤੇ ਨਿਯਮ ਬਣਾਈ ਰਖਣਾ, ਸਭ ਦੇ ਹਿਤਾਂ ਦੀ ਰਾਖੀ ਕਰਨਾ ਅਤੇ ਸਮਾਜ ਕਲਿਆਣ ਲਈ ਤੱਤਪਰ ਰਹਿਣਾ । ਉਗਰਵਾਦ (Violence) ਅਤੇ 'ਸਮਾਜ ਕਲਿਆਣ' (Social Uplift) ਦੋ ਵਿਰੋਧੀ ਤਾਕਤਾਂ ਹਨ ਅਤੇ ਧਰਮ ਇਨ੍ਹਾਂ ਦੇ ਵਿਚਕਾਰ ਪ੍ਰੇਮ ਬਣ ਕੇ ਵਿਚਰਦਾ ਹੈ । ਰੂਸ ਵਿੱਚ ਕਮਿਊਨਿਜ਼ਮ ਦੇ ਫੇਲ੍ਹ ਹੋਣ ਦੇ ਕਈ ਕਾਰਨ ਹਨ ਪ੍ਰੰਤੂ ਇਹ ਵੀ ਸੱਚ ਹੈ ਕਿ ਨਿਰੰਕੁਸ਼ ਹਾਕਮਾਂ ਨੇ ਅਨਿਆਪੂਰਣ ਰਵਈਆ ਅਖ਼ਤਿਆਰ ਕਰਕੇ ਜੰਤਾ ਨੂੰ ਆਪਣੇ ਨਾਲੋਂ ਤੋੜ ਲਿਆ ।

ਭਾਈ ਮਨੀ ਸਿੰਘ) । "ਰਾਜੇ ਕੋ ਚਾਹੀਏ ਜੋ ਨਿਆਉਂ ਸਮਝ ਕਰ ਭੈ ਸਾਥ ਕਰੈ, ਕੋਈ ਇਸ ਕੇ ਰਾਜ ਮੇਂ ਦੁਖਤ ਨਾ ਹੋਏ । ਰਾਜੇ ਕੋ ਚਾਹੀਏ ਜੋ ਬਿਨਾਂ ਕਿਰਤ ਰੋਜ਼ਗਾਰ ਕੋਈ ਪ੍ਰਾਣੀ ਨਾ ਰਹੇ । ਖ਼ਬਰ ਪਰਜਾ ਕੀ ਲੇਤਾ ਰਹੇ ਜੀਓ ਕੀ । ਰਾਜਾ ਇਸ ਬਾਤ ਕੋ ਸਿਰਜਿਆ ਹੈ ਜੋ ਬੰਦੋਬਸਤ ਪ੍ਰਜਾ ਕਾ ਭਲੀ ਭਾਂਤ ਕਰੇ ਪ੍ਰਜਾ ਸੁਖੀ ਰਹੈ"( ਪਰੇਮ ਸੁਮਾਰਗ ਵਿੱਚੋਂ - ਭਾਈ ਕਾਨ੍ਹ ਸਿੰਘ ਨਾਭਾ ਗੁਰਮਤ ਸੁਧਾਕਰ ਪੰਨਾ 274-276 )



# ਅਧਿਆਇ 10
## ਅਧਿਆਤਮਕ ਵਿਸ਼ੇ

### 10.1 ਧਾਰਮਿਕ ਏਕਾਧਿਕਾਰ (Bigotry)

ਕੇਵਲ ਆਪਣੇ ਧਰਮ ਨੂੰ ਹੀ ਸਹੀ ਅਤੇ ਸਰਬ ਸ਼ਰੇਸ਼ਟ ਮੰਨਣਾ ਅਤੇ ਬਾਕੀ ਧਰਮਾਂ ਨੂੰ ਕੁਫ਼ਰ ਕਹਿਣਾ ਧਰਮ ਦੀ ਅਸਲੀ ਪਰੀਭਾਸ਼ਾ ਨਾਲ ਮੇਲ ਨਹੀਂ ਖਾਂਦਾ। ਇਸ ਨਾਲ ਨਫਰਤ, ਹੱਠਧਰਮੀ ਤੇ ਧਰਮਅੰਧਤਾ ਦਾ ਜਨਮ ਹੁੰਦਾ ਹੈ ।[228] ਇਹ ਵੀ ਸੱਚ ਹੈ ਕਿ ਸੰਸਾਰ ਦੇ ਬਹੁਤੇ ਧਰਮ ਜਾਂ ਉਨ੍ਹਾਂ ਦੇ ਅਨੁਯਾਈ ਇਸ ਕਮਜ਼ੋਰੀ ਦਾ ਸ਼ਿਕਾਰ ਹਨ । ਕੁੱਝ ਮਿਸਾਲਾਂ ਹੇਠਾਂ ਦੇ ਰਹੇ ਹਾਂ:-

1. ਆਰਚ ਬਿਸ਼ਫ ਆਫ ਕੈਂਟਰਬਰੀ ਨੇ ਅਮਰੀਕਾ ਦੇ ਕਾਰਡੀਨਲ ਗਿਬਨਜ਼ ਵਲੋਂ ਸੱਦੀ ਸੰਸਾਰ ਦੇ ਸਰਬ ਧਰਮਾਂ ਦੀ ਇਕੱਤਰਤਾ (1893) ਵਿੱਚ ਜਾਣੋਂ ਇਹ ਕਹਿ ਕੇ ਇਨਕਾਰ ਕਰ ਦਿੱਤਾ ਸੀ ਕਿ ਸੰਸਾਰ ਦੇ ਧਰਮਾਂ ਨੂੰ ਈਸਾਈ ਧਰਮ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ । ਦੁਨੀਆ ਦੇ ਸਭ ਪ੍ਰਤੀਨਿਧੀ ਆਏ ਪਰ ਆਰਚ ਬਿਸ਼ਪ ਇਕੱਤਰਤਾ ਵਿੱਚ ਨਾ ਆਇਆ । ਇਸੇ ਤਰ੍ਹਾਂ Church of World Creator ਵਾਲੇ ਕੇਵਲ ਗੋਰੀ ਚਮੜੀ ਵਾਲਿਆਂ ਨੂੰ ਹੀ ਵੜਨ ਦਿੰਦੇ ਹਨ ਅਤੇ ਗ਼ੈਰ-ਈਸਾਈ ਧਰਮਾਂ ਨੂੰ ਕੁਫ਼ਰ ਕਹਿੰਦੇ ਹਨ। "*ਗ਼ੈਰ ਈਸਾਈ ਧਰਮ ਗ੍ਰੰਥਾਂ ਦਾ ਵਿਕਾਸ ਗ਼ਲਤ ਦਿਸ਼ਾ ਵੱਲ ਹੋਇਆ ਹੈ*"। (ਪਰੋਫੈਸਰ ਮੋਨੀਅਰ ਵਿਲੀਅਮਜ਼)[229]
2. ਇਨਸਾਨੀਅਤ ਦੀ ਸੰਭਾਲ ਦਾ ਤੱਤ ਕੇਵਲ ਹਿੰਦੂ ਧਰਮ ਦੇ ਆਚਾਰੀਆਂ ਵੱਲੋਂ ਰਚੇ ਸਿਧਾਂਤਾਂ ਵਿੱਚ ਹੀ ਹੈ । (ਸ੍ਰੀ ਆਰੋਬਿੰਦੋ) [230]

[228] "Never can true reconcilement grow where wounds of deadly hate have pierced so deep" (Paradise Lost)

[229] " I am the way, the truth, and the life. No one comes to the Father except through me "(John14:6)

[230] ਯੋ ਏਵਮ ਵੇਦਾ, ਸਤਿਅਮ ਵੇਦਾ= ਜੋ ਵੇਦ ਦਾ ਗਿਆਤਾ ਹੈ ਉਹੀ ਸੱਚ ਦਾ ਗਿਆਤਾ ਹੈ ।**"ਜੋ ਵੇਦ ਮਗਰ** ਨਹੀਂ ਲਗਦਾ ਉਸ ਨੂੰ ਮਾਰ ਸੁਟ, ਕੱਟ ਸੁਟ ਅਤੇ ਸਾੜ ਦੇ **(**ਅਥਰਵ ਵੇਦ ਅਧਿਆਇ 12 ਸੂਕਤ 5 ਮੰਤਰ 62), **"ਸ਼ੂਦਰ ਨੂੰ ਕਦੀ ਵੀ ਧਾਰਮਿਕ ਵਿਦਿਆ ਨਾ ਦਿਓ" (**ਮਨੂੰ ਸਿਮਰਤੀ ਅਧਿਅਇ 4 ਮੰਤਰ 80)

3. ਇਸਲਾਮ ਤੋਂ ਬਿਨਾਂ ਹੋਰ ਕੋਈ ਵੀ ਧਰਮ ਪਰਵਾਨਗੀ ਯੋਗ ਨਹੀਂ । (ਕੁਰਾਨ 3:19, 3:85)[231] । ਔਰੰਗਜ਼ੇਬ ਸਿੱਖਾਂ ਨੂੰ "ਫਿਰਕਾ-ਏ-ਮਕਰੂਹ" (Hateful Tribe) ਆਖਿਆ ਕਰਦਾ ਸੀ ।

ਸਿੱਖ ਧਰਮ ਵਿੱਚ ਏਕਾਧਿਕਾਰ (Monoply) ਦੀ ਗਲ ਨਹੀਂ ਕੀਤੀ ਗਈ ਅਤੇ ਕਿਸੇ ਵੀ ਹੋਰ ਧਰਮ ਬਾਰੇ ਇਹ ਨਹੀਂ ਕਿਹਾ ਗਿਆ ਕਿ ਉਹ ਮਾੜਾ/ਝੂਠਾ ਹੈ। ਇਹ ਤਾਂ ਸਗੋਂ ਇਹ ਪ੍ਰਚਾਰ ਕਰਦਾ ਹੈ ਕਿ ਬੰਦਾ ਕਿਸੇ ਵੀ ਧਰਮ ਰਾਹੀਂ ਰੱਬ ਤੱਕ ਪਹੁੰਚੇ ਪ੍ਰਵਾਣ ਹੈ, **"ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥ ਜਿਤੁ ਦੁਆਰੈ ਉਬਰੈ ਤਿਤੈ ਲੈਹੁ ਉਬਾਰਿ" ॥ (ਪੰਨਾ 853)** ਸਿੱਖ ਧਰਮ ਸਾਰੇ ਹੀ ਧਰਮਾਂ ਦਾ ਆਦਰ ਕਰਨਾ ਸਿਖਾਉਂਦਾ ਹੈ ਅਤੇ ਹਰ ਇੱਕ ਗੱਲ ਨੂੰ ਦਲੀਲ ਦੀ ਕਸਵਟੀ ਉੱਪਰ ਪਰਖਣ ਦੀ ਸਿੱਖਿਆ ਦਿੰਦਾ ਹੈ **"ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ" ॥ (ਪੰਨਾ 1350)**[232] ਕਿਸੇ ਧਰਮ ਨੂੰ ਘਟੀਆ ਜਾਂ ਮੰਦਾ ਆਖਣਾ ਸਿੱਖ ਧਰਮ ਵਿੱਚ ਪਰਵਾਣ ਨਹੀਂ ਕਿਉਂਕਿ ਅਜਿਹਾ ਵਿਚਾਰ ਕੇਵਲ ਝਗੜੇ ਖੜ੍ਹੇ ਕਰਦਾ ਹੈ, "**ਮੰਦਾ ਕਿਸੈ ਨ ਆਖਿ ਝਗੜਾ ਪਾਵਣਾ**" ॥ (ਪੰਨਾ 566) ਸਿੱਖ ਧਰਮ ਇਹ ਸਿਖਸ਼ਾ ਜ਼ਰੂਰ ਦਿੰਦਾ ਹੈ ਕਿ ਕਿਸੇ ਵੀ ਧਰਮ ਨੂੰ ਬਗੈਰ ਚੰਗੀ ਤਰ੍ਹਾਂ ਸੋਚੇ ਪਰਖੇ ਕਬੂਲ ਨਾ ਕਰੋ ।

## 10.2 ਮੁਕਤੀ (ਨਿਰਵਾਣ/ਕੈਵਲਯਾ)

ਮੋਖਸ਼, ਮੁਕਤੀ ਜਾਂ ਨਿਰਵਾਣ ਬਾਰੇ ਲਗਭਗ ਸਾਰੇ ਧਰਮ ਹੀ ਕੁੱਝ ਨਾ ਕੁੱਝ ਕਹਿੰਦੇ ਹਨ,[233] ਪ੍ਰੰਤੂ ਸਿੱਖ ਧਰਮ ਕਹਿੰਦਾ ਹੈ ਕਿ ਮੌਤ ਉਪਰੰਤ ਮਿਲਣ ਵਾਲੀ ਕਿਸੇ ਕਪਲਪਤ ਮੁਕਤੀ ਦੀ ਸਿੱਖ ਨੂੰ ਕੋਈ ਲੋੜ ਨਹੀਂ, **"ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ" ॥ (ਪੰਨਾ 534)** ਸਿੱਖ ਧਰਮ ਵਿੱਚ ਇੱਥੇ ਸੰਸਾਰ ਵਿੱਚ ਹੀ "ਸਚਿਆਰੇ" ਹੋ ਕੇ ਵਿੱਚਰਨ ਦੀ ਸਿੱਖਿਆ ਹੈ ਅਤੇ ਇਹੋ ਪ੍ਰਸ਼ਨ ਹੈ ਜੋ ਗੁਰੂ ਨਾਨਕ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਇਨਸਾਨ ਲਈ ਖੜ੍ਹਾ ਕੀਤਾ ਹੈ, **"ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ"॥ (ਪੰਨਾ 1)** ਨਿਰਭਉ ਹੋ ਕੇ ਅਧਿਆਤਮਿਕ ਗੁਣਾਂ ਸਹਿਤ ਜੀਵਨ ਬਤੀਤ ਕਰਨਾ ਹੀ ਸਿੱਖ ਧਰਮ ਦਾ ਨਿਸ਼ਾਨਾ ਹੈ । ਸਿੱਖ ਲਈ ਮੁਕਤੀ ਦਾ ਅਰਥ ਹੈ ਭੈ ਮੁਕਤ ਹੋਣਾ, **"ਭੈ ਕਾਹੂ ਦੇਤ ਨਹਿ ॥ ਨਹਿ ਭੈ ਮਾਨਤ ਆਨ" ॥ (ਪੰਨਾ 1427)** ਦੂਸਰਾ

[231] **"ਹੈ ਫਕਤ ਤੌਹੀਦ ਓ ਸੁੰਨਤ ਹੀ ਅਮਨ ਓ ਰਾਹਤ ਕਾ ਤ੍ਰੀਕ" (ਸਰ ਮੁਹੰਦ ਇਕਬਾਲ)**

[232] "Many roads thou has fashioned, all of them lead to light" (Rudyard Kipling)

[233] "Outside the Church there is no salvation" say the Chistians



ਅਰਥ ਹੈ ਆਪਣੀਆਂ ਇਨਸਾਨੀ ਕਮਜ਼ੋਰੀਆਂ ਉੱਪਰ ਕਾਬੂ ਪਾਉਣਾ, **"ਕਾਮੁ ਕ੍ਰੋਧ ਲੋਭੁ ਮੋਹੁ ਅਭਿਮਾਨੁ ਬਿਖੈ ਰਸ ਇਨ ਸੰਗਤਿ ਤੇ ਤੂ ਰਹੁ ਰੇ"॥ (ਪੰਨਾ 1118)** ਜੋ ਇਨਸਾਨ ਨਿੱਡਰ ਹੋ ਕੇ ਜਿਉਂਦਾ ਹੈ ਅਤੇ ਮਨੁੱਖੀ ਕਮਜ਼ੋਰੀਆਂ ਤੇ ਫਤਹਿ ਪਾ ਲੈਂਦਾ ਹੈ ਉਹੀ ਮੁਕਤ ਮੰਨਿਆ ਜਾ ਸਕਦਾ ਹੈ । ਅਜਿਹੇ ਮਨੁੱਖ ਲਈ ਗੁਰੂ ਅਰਜਨ ਦੇਵ ਜੀ ਸ਼ਬਦ "ਜੀਵਨ ਮੁਕਤ" ਵਰਤਦੇ ਹਨ, **"ਲੋਭ ਮੋਹ ਮਾਇਆ ਮਮਤਾ ਫੁਨਿ ਅਉ ਬਿਖਿਅਨ ਕੀ ਸੇਵਾ ॥ ਹਰਖ ਸੋਗ ਪਰਸੈ ਜਿਹ ਨਾਹਨਿ ਸੋ ਮੂਰਤਿ ਹੈ ਦੇਵਾ ॥1॥ ਸੁਰਗ ਨਰਕ ਅੰਮ੍ਰਿਤ ਬਿਖੁ ਏ ਸਭ ਤਿਉ ਕੰਚਨ ਅਰੁ ਪੈਸਾ ॥ ਉਸਤਤਿ ਨਿੰਦਾ ਏ ਸਮ ਜਾ ਕੈ ਲੋਭੁ ਮੋਹੁ ਫੁਨਿ ਤੈਸਾ ॥ 2 ॥ ਦੁਖੁ ਸੁਖੁ ਏ ਬਾਧੇ ਜਿਹ ਨਾਹਨਿ ਤਿਹ ਤੁਮ ਜਾਨਉ ਗਿਆਨੀ ॥ ਨਾਨਕ ਮੁਕਤਿ ਤਾਹਿ ਤੁਮ ਮਾਨਉ ਇਹ ਬਿਧਿ ਕੋ ਜੋ ਪ੍ਰਾਨੀ ॥3॥ (ਪੰਨਾ 220)** ਅਜਿਹਾ ਮਨੁੱਖ ਆਪੇ ਦੀ ਪਛਾਣ ਕਰ ਲੈਂਦਾ ਹੈ,[234] ਕਮਜ਼ੋਰੀਆ ਤੇ ਕਾਬੂ ਪਾ ਲੈਂਦਾ ਹੈ ਅਤੇ ਨਿਰਭਉ ਹੋ ਕੇ ਸ਼ਬਦ ਕਮਾਉਂਦਾ ਅਤੇ ਪ੍ਰਭੂ ਦੇ ਨੇੜੇ ਹੁੰਦਾ ਤੁਰਿਆ ਜਾਂਦਾ ਹੈ, **"ਆਪੁ ਪਛਾਣੈ ਮਨੁ ਨਿਰਮਲੁ ਹੋਇ ॥ ਜੀਵਨ ਮੁਕਤਿ ਹਰਿ ਪਾਵੈ ਸੋਇ" ॥** (ਪੰਨਾ 161), **"ਜੀਵਨ ਮੁਕਤਿ ਗੁਰ ਸਬਦ ਕਮਾਏ" ॥ (ਪੰਨਾ 1058)**

ਆਮ ਤੌਰ ਤੇ ਮੁਕਤੀ ਨੂੰ ਮਰਨ ਉਪ੍ਰੰਤ ਮਿਲੀ ਮੰਨਿਆ ਜਾਂਦਾ ਹੈ ਜਿਸ ਦਾ ਅੱਜ ਤੱਕ ਕਿਸੇ ਨੇ ਕੋਈ ਸਬੂਤ ਨਹੀਂ ਦਿੱਤਾ । **"ਮੂਏ ਹੂਏ ਜਉ ਮੁਕਤਿ ਦੇਹੁਗੇ ਮੁਕਤਿ ਨ ਜਾਨੈ ਕੋਇਲਾ"** ॥ (ਪੰਨਾ 1292) **"ਬੇਣੀ ਕਹੈ ਸੁਨਹੁ ਰੇ ਭਗਤਹੁ ਮਰਨ ਮੁਕਤਿ ਕਿਨਿ ਪਾਈ"** ॥ (ਪੰਨਾ 93) ਸਤਿਗੁਰੂ ਜੀ ਸਿੱਖ ਨੂੰ ਅਜਿਹੀ ਮੁਕਤੀ ਲੱਭਣ ਦੀ ਥਾਂ ਸਿੱਖਿਆ ਦਿੰਦੇ ਹਨ ਕਿ ਉਹ ਆਜ਼ਾਦੀ ਨਾਲ ਨਿਰਭਉ ਹੋ ਕੇ ਰੱਜ ਕੇ ਜੀਵੇ, ਜੀਵਨ ਦੀਆਂ ਸਭ ਖੁਸ਼ੀਆਂ ਮਾਣੇ ਅਤੇ ਵਾਹਿਗੁਰੂ ਨੂੰ ਯਾਦ ਰੱਖੇ ਇਹੋ ਸਭ ਤੋਂ ਉਤਮ ਮੁਕਤੀ ਹੈ, **"ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥ ਹਸੰਦਿਆ ਖੇਲੰਦਿਆ ਪੈਨੰਦਿਆਂ ਖਾਵੰਦਿਆ ਵਿਚੇ ਹੋਵੈ ਮੁਕਤਿ" ॥ (ਪੰਨਾ 522)** ਗੁਰੂ ਜੀ ਅਨੁਸਾਰ ਅਜਿਹੇ ਮਨੁੱਖ ਵਿੱਚੋਂ ਹਉਮੈ ਦਾ ਅਭਾਵ ਹੋਣਾ ਅਤੀ ਜ਼ਰੂਰੀ ਹੈ ਤਾਂ ਹੀ ਉਹ ਜੀਵਨਮੁਕਤ ਹੋ ਸਕਦਾ ਹੈ । ਆਪ ਕਹਿੰਦੇ ਹਨ, **"ਜੀਵਨਮੁਕਤੁ ਸੋ ਆਖੀਐ ਜਿਸੁ ਵਿੱਚਹੁ ਹਉਮੈ ਜਾਇ" ॥**

[234] "Everyone thinks of changing the world but not one thinks of changing himself (Leo Tolstoy)

## 10.3 ਧਰਮ ਪ੍ਰੀਵਰਤਨ

ਇਹੋ ਗੱਲ ਪ੍ਰਸਿੱਧ ਸਾਇੰਸਦਾਨ ਆਈਨਸਟਨ ਕਹਿੰਦਾ ਹੈ ।[235]

ਸੰਸਾਰ ਦੇ ਕੁਝ ਧਰਮਾਂ ਵਿੱਚ ਕਿਸੇ ਦੂਸਰੇ ਧਰਮ ਦੇ ਬੰਦੇ ਨੂੰ ਭੁਸਲਾ ਕੇ ਆਪਣੇ ਧਰਮ ਵਿੱਚ ਲਿਆਉਣ ਨੂੰ ਇੱਕ ਵੱਡਾ ਪੁੰਨ ਦਾ ਕੰਮ ਸਮਝਿਆ ਜਾਂਦਾ ਹੈ ਜਿਸ ਦਾ ਸਿਲਾ (ਸਵਾਬ) ਅਗਲੇ ਜਹਾਨ ਵਿੱਚ ਮਿਲਦਾ ਹੈ ।[236] ਕਿਸੇ ਧਰਮ ਦੇ ਅਸੂਲਾਂ ਨੂੰ ਚੰਗਾ ਸਮਝ ਕੇ ਉਸ ਨੂੰ ਅਪਣੀ ਮਰਜ਼ੀ ਨਾਲ ਅਪਣਾ ਲੈਣਾ ਕੋਈ ਮਾੜੀ ਗਲ ਨਹੀਂ, ਪ੍ਰੰਤੂ ਕਿਸੇ ਨੂੰ ਧੋਖੇ ਵਿੱਚ ਰੱਖ ਕੇ, ਸਬਜ਼ ਬਾਗ ਦਿਖਾ ਕੇ, ਜਾਂ ਡਰਾ-ਧਮਕਾ ਕੇ ਧਰਮ ਬਦਲੀ ਕਰਵਾਉਣਾ, ਸਿੱਖ ਧਰਮ ਦੇ ਉਲਟ ਹੈ । ਕੁਦਰਤੀ ਨਿਯਮ ਹੈ ਕਿ ਹਰ ਬੰਦਾ ਵੱਖੋ ਵੱਖ ਸੋਚਦਾ ਹੈ ਇੱਥੋਂ ਤੱਕ ਕਿ ਇੱਕੋ ਧਰਮ ਵਿੱਚ ਵੀ ਅਕਸਰ ਅਨੇਕਾਂ ਵੱਖੋ ਵੱਖਰੇ ਫਿਰਕੇ ਬਣ ਜਾਂਦੇ ਹਨ ।[237] ਧਰਮ ਪ੍ਰੀਵਰਤਨ ਇਨਸਾਨ ਦੀ ਆਜ਼ਾਦ ਸੋਚ ਉੱਪਰ ਪਾਬੰਦੀਆਂ ਲਾਉਂਦਾ ਹੈ । ਜੇ ਕਰ ਸੰਸਾਰ ਦੇ ਸਾਰੇ ਲੋਕ ਇੱਕੋ ਤਰ੍ਹਾਂ ਸੋਚਣ ਲੱਗ ਜਾਣ ਤਾਂ ਸੰਸਾਰ ਦੀ ਪ੍ਰਗਤੀ ਹੀ ਖ਼ਤਮ ਹੋ ਜਾਵੇਗੀ । ਕੋਈ ਨਵਾਂ ਵਿਚਾਰ ਸੰਸਾਰ ਵਿੱਚ ਨਹੀਂ ਜਨਮੇਗਾ । ਸਿੱਖ ਧਰਮ ਅਨੁਸਾਰ ਸਾਡੇ ਉੱਪਰ ਰਵਾਇਤੀ ਧਰਮ ਦਾ ਲੱਗਾ ਲੇਬਲ ਫਜ਼ੂਲ ਹੈ ਅਸਲ ਧਰਮ ਸਾਡਾ ਚਰਿਤਰ ਹੈ । ਚੋਰ ਦਾ ਧਰਮ ਚੋਰੀ ਹੀ ਹੈ ਭਾਵੇਂ ਉਹ ਕਿਸੇ ਵੀ ਰਵਾਇਤੀ ਧਰਮ ਨਾਲ ਸਬੰਧ ਰੱਖਦਾ ਹੋਵੇ । ਧਰਮ ਬਦਲਣ ਵਾਲੇ ਨੂੰ ਇਹ ਖਿਆਲ ਰੱਖਣ ਦੀ ਲੋੜ ਹੁੰਦੀ ਹੈ ਕਿ ਉਹ ਧਰਮ ਬਦਲਣ ਤੋਂ ਪਹਿਲਾਂ ਇਹ ਦੇਖ ਲਵੇ ਕਿ ਜਿਸ ਧਰਮ ਵਿੱਚ ਉਹ ਜਾਣਾ ਚਾਹੁੰਦਾ ਹੈ ਕੀ ਉਹ ਉਸ ਦੇ ਪਹਿਲੇ ਧਰਮ ਨਾਲੋਂ ਕਿਸੇ ਗਲੋਂ ਚੰਗਾ ਵੀ ਹੈ ਕਿ ਨਹੀਂ ਅਤੇ ਉਸ ਦੀ ਵਿਚਾਰਧਾਰਾ ਕੀ ਹੈ ।**"ਖੋਜਤ ਖੋਜਤ ਬਹੁ ਪਰਕਾਰੇ ਸਰਬ ਅਰਥ ਬੀਚਾਰੇ" ॥ (ਪੰਨਾ 714)** ਪੈਸੇ, ਨੌਕਰੀ, ਧੜੇਬਾਜ਼ੀ, ਡਰ ਜਾਂ ਸੁਰਗ ਦੇ ਲਾਲਚ ਅਧੀਨ ਧਰਮ ਬਦਲੀ ਕਰਨਾ ਬੇਵਕੂਫੀ ਹੈ ।

---

[235] The true value of a human being is determined by the measure and the sense in which they have obtained liberation from the self. We shall require a substantially new manner of thinking if humanity is to survive. (**Albert Einstein**, 1954)

[236] ਈਸਾਈ ਧਰਮ ਵਿੱਚ ਇਹ ਪਰਵਿਰਤੀ ਆਮ ਹੈ । "Go to all the nations and make disciples. Baptize them and teach them my commands."(Gospel of Matthew) । ਯਹੂਦੀ ਧਰਮ ਬਦਲੀ ਨੂੰ Qiur ਕਹਿੰਦੇ ਹਨ ਪਰ ਧਰਮ ਬਦਲਣ ਲਈ ਸੁੰਨਤ ਕਰਵਾਉਣੀ ਅਤੇ ਲਗਭਗ 613 ਸ਼ਰਤਾਂ ਮੰਨਣੀਆਂ ਪੈਂਦੀਆਂ ਹਨ । ਇਸਲਾਮ ਵਿੱਚ ਧਰਮ ਪ੍ਰੀਵਰਤਣ ਨੂੰ ਦਾਅਵਾ ਜਾਂ ਦਿਕਰ ਕਿਹਾ ਜਾਂਦਾ ਹੈ । ਇਸ ਵਿੱਚ ਸੁੰਨਤ ਕਰਵਾਉਣੀ ਲਾਜ਼ਮੀ ਹੈ ਤੇ ਕਲਮਾ ਪੜ੍ਹਨਾ ਪੈਂਦਾ ਹੈ । ਇੱਕ ਵਾਰ ਬਣਿਆ ਮੁਸਲਮਾਨ ਮੁੜ ਇਸਲਾਮ ਨੂੰ ਨਹੀਂ ਛੱਡ ਸਕਦਾ (ਇਸ ਦੀ ਸਜ਼ਾ ਮੌਤ ਹੈ) ।

[237] "We must learn that the same thing can be viewed from a hundred different standpoints, and yet be the same thing .... " (Swami Vivekananda)



ਸਿੱਖੀ ਲੇਬਲ ਲਾਉਣ ਵਿੱਚ ਨਹੀਂ ਸਗੋਂ ਗੁਰੂ ਦੇ ਹੁਕਮਾਂ ਦੀ ਪਾਲਣਾ ਕਰਨ ਵਿੱਚ ਹੈ । **"ਗੁਰ ਕਹਿਆ ਸਾ ਕਾਰ ਕਮਾਵਹੁ" ॥ (ਪੰਨਾ 933)**[238] ਜੇ ਕਰ ਸਿੱਖ ਅੰਮ੍ਰਿਤ ਛਕਣ ਵੇਲੇ ਗੁਰੂ ਦੇ ਹੁਕਮ ਹੀ ਨਹੀਂ ਜਾਣਦਾ ਤਾਂ ਉਹ ਗੁਰੂ ਦੇ ਹੁਕਮਾਂ ਉੱਪਰ ਅਮਲ ਨਹੀਂ ਕਰ ਸਕੇਗਾ ਅਤੇ ਬਗੈਰ ਅਮਲ ਕੀਤਿਆਂ ਲਾਹਾ ਨਹੀਂ ਮਿਲਦਾ, **"ਗੁਰ ਕੀ ਕਾਰ ਕਮਾਇ ਲਾਹਾ ਘਰਿ ਆਣਿਆ"॥ (ਪੰਨਾ 752)** ਪਹਿਲਾਂ ਆਪਾ ਤਿਆਗ ਕੇ ਗੁਰੂ ਦਾ ਬਣ ਜਾਣਾ ਅਤੇ ਹਉਮੈ ਨੂੰ ਤਿਆਗਣਾ ਜ਼ਰੂਰੀ ਕਰਮ ਹੈ, **"ਗੁਰ ਕੀ ਕਾਰ ਕਮਾਵਣੀ ਭਾਈ ਆਪੁ ਛੋਡਿ ਚਿਤੁ ਲਾਇ" ॥ (ਪੰਨਾ 639)** ਇਸ ਤਰ੍ਹਾਂ ਅੰਮ੍ਰਿਤ ਧਾਰੀ ਹੋਣ ਵਾਲਾ ਵਿਅਕਤੀ ਧਰਮ ਪ੍ਰੀਵਰਤਣ ਦਾ ਆਪਣਾ ਅਸਲੀ ਪ੍ਰਯੋਜਨ ਸਮਝ ਲੈਂਦਾ ਹੈ ਅਤੇ ਧਰਮ ਬਦਲਣ ਉਪ੍ਰੰਤ ਪਛਤਾਉਂਦਾ ਨਹੀਂ, **"ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ"॥ (ਪੰਨਾ 420)** ਉਹ ਗੁਰੂ ਦੇ ਹੁਕਮਾਂ ਤੇ ਚੱਲ ਕੇ ਆਪਣਾ ਜੀਵਨ ਸੁਧਾਰ ਲੈਂਦਾ ਹੈ ਅਤੇ ਦੂਜਿਆਂ ਲਈ ਪ੍ਰੇਰਨਾ-ਸ੍ਰੋਤ ਬਣ ਜਾਂਦਾ ਹੈ । ਸੋ ਸਿੱਖ ਦੀ ਪਰੀਭਾਸ਼ਾ ਸਮਝ ਕੇ ਸਿੱਖੀ ਕਿਰਦਾਰ ਅਪਣਾ ਲੈਣਾ ਹੀ ਸਿੱਖ ਸਜਣਾ ਕਿਹਾ ਜਾ ਸਕਦਾ ਹੈ ਕੇਵਲ ਬਾਹਰੋਂ ਸ਼ਕਲ ਬਦਲਣ ਨਾਲ ਸਿੱਖੀ ਦੀ ਦਾਤ ਤੋਂ ਵਾਂਝੇ ਰਹਿ ਜਾਈਦਾ ਹੈ । ਧਰਮ ਧੱਕਾ, ਸਵਰਗ ਦੇ ਲਾਲਚ, ਅਗਲੇ ਜਨਮ ਵਿੱਚ ਮਿਲਦੇ ਪੁੰਨ ਤੇ ਹੂਰਾਂ ਆਦਿਕ ਦੇ ਲਾਲਚ ਅਧੀਨ ਸਿੱਖ ਨਹੀਂ ਸਜਿਆ ਜਾ ਸਕਦਾ ਕਿਉਂਕਿ ਸਿੱਖ ਧਰਮ ਅਨੁਸਾਰ ਵਿਵਹਾਰ ਅਤੇ ਸਲੀਕਾ ਬਦਲਣ ਵਿੱਚ ਹੀ ਸਿੱਖੀ ਹੈ ।

ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਵਾਲੇ ਨੂੰ ਦੋਵੇਂ ਹੱਥ ਜੋੜ ਕੇ ਅੰਮ੍ਰਿਤ ਦੀ ਦਾਤ ਪੰਜਾਂ ਸਿੰਘਾਂ ਪਾਸੋਂ ਮੰਗਣੀ ਪੈਂਦੀ ਹੈ ਅਤੇ ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰੇ ਪੰਜ ਵਾਰੀ ਉਸ ਨੂੰ ਵਾਹਿਗੁਰੂ ਜੀ ਕੀ ਫਤਿਹ ਕਹਿ ਕੇ ਸਾਰੀ ਉਮਰ ਲਈ ਪ੍ਰਮਾਤਮਾ ਦਾ ਬਣ ਕੇ ਰਹਿਣ ਲਈ ਕਹਿੰਦੇ ਹਨ । ਅਜਿਹੇ ਮੌਕੇ ਵੀ ਆਏ ਹਨ ਜਦ ਪੰਜ ਪਿਆਰਿਆਂ ਨੇ ਅਭਿਲਾਖੀ ਨੂੰ ਇਹ ਕਹਿ ਕੇ ਅੰਮ੍ਰਿਤ ਛਕਾਉਣ ਤੋਂ ਇਨਕਾਰ ਕਰ ਦਿਤਾ ਸੀ ਕਿ ਉਸ ਨੂੰ ਸਿੱਖ ਸਜਣ ਲਈ ਅਜੇ ਹੋਰ ਅਭਿਆਸ ਕਰਨ ਦੀ ਲੋੜ ਹੈ।[239] ਇਸ ਦੇ ਉਲਟ ਕਈ ਧਰਮਾਂ ਵਿੱਚ ਰਵਾਜ ਹੈ ਕਿ ਬੱਚੇ ਨੂੰ ਜਨਮ ਵੇਲੇ ਹੀ ਧਰਮ ਪ੍ਰਵੇਸ਼ ਕਰਵਾ ਦਿੱਤਾ ਜਾਂਦਾ ਹੈ । ਸਿੱਖ ਧਰਮ ਇਸ ਦੀ ਆਗਿਆ ਨਹੀਂ ਦਿੰਦਾ । ਸਿੱਖ ਧਰਮ ਵਿੱਚ ਅੰਮ੍ਰਿਤ ਛਕਣ ਵਾਲੇ ਨੇ ਆਪ ਫੈਸਲਾ ਕਰਨਾ ਹੁੰਦਾ ਹੈ

---

[238] "ਦਰ ਸੁਖਨ ਪਿਨਹਾਂ ਸ਼ੁਦਮ ਮਾਨਿੰਦੇ ਬੂ ਦਰ ਬਰਗੇ ਗ਼ੁਲ, ਹਰ ਕਿ ਦੀਦਨ ਮੈਲ ਦਾਰਦ ਦਰ ਸੁਖਨ ਬੀਨਦ ਮਰਾ । {ਮੇਰੇ ਦਰਸ਼ਨ ਕਰਨ ਦੇ ਚਾਹਵਾਨ ਮੇਰੇ ਸ਼ਬਦਾਂ ਵਿੱਚ ਮੈਨੂੰ ਵੇਖਣ ਕਿਉਂਕਿ ਫੁੱਲਾਂ ਵਿੱਚ ਸਮਾਈ ਸੁਗੰਧੀ ਵਾਂਗ ਮੈਂ ਵੀ ਆਪਣੇ ਬਚਨਾਂ ਵਿੱਚ ਲੁਕਿਆ ਹੋਇਆ ਹਾਂ "}

[239] ਅਜਿਹਾ ਇਕ ਵਾਕਿਆ ਭਾਈ ਰਣਧੀਰ ਸਿੰਘ ਦੇ ਜੱਥੇ ਵੱਲੋਂ ਲੁਧਿਆਣਾ ਸ਼ਹਿਰ ਵਿਖੇ ਅੰਮ੍ਰਿਤ ਛਕਾਉਣ ਵੇਲੇ ਵਾਪਰਿਆ ਸੀ ।

ਕਿ ਉਹ ਸਿੱਖ ਬਣੇ ਜਾ ਨਾਂ ਬਣੇ । ਸੋਚ ਸਮਝ ਕੇ ਕੀਤੇ ਫੈਸਲੇ ਉਪਰੰਤ ਪੰਜਾਂ ਪਿਆਰਿਆਂ ਅੱਗੇ ਨਿਮਰਤਾ ਸਹਿਤ ਹੱਥ ਜੋੜ ਕੇ ਬੇਨਤੀ ਰੂਪ ਵਿੱਚ ਪੇਸ਼ ਹੋਣਾ ਪੈਂਦਾ ਹੈ । ਅੱਜ ਦਾ ਵਿਗਿਆਨਕ ਮਨ ਵੀ ਕੇਵਲ ਅਜਿਹੇ ਧਰਮ ਪ੍ਰੀਵਰਤਣ ਨੂੰ ਹੀ ਮੰਨ ਸਕੇਗਾ ਜੋ ਪੂਰੇ ਵਿਸ਼ਲੇਸ਼ਣ ਅਤੇ ਨਿਰੀਖਸ਼ਣ ਤੋਂ ਬਾਦ ਹੀ ਅਪਣਾਇਆ ਗਿਆ ਹੋਵੇ। ਗੁਰੂ ਜੀ ਦਾ ਆਪਣਾ ਫੁਰਮਾਣ ਵੀ ਇਹੋ ਹੈ ਕਿ, **"ਪਹਿਲਾ ਵਸਤੁ ਸਿਞਾਣਿ ਕੈ ਤਾਂ ਕੀਚੈ ਵਾਪਾਰੁ" ॥ (ਪੰਨਾ 1410)**

## 10.4 ਪ੍ਰਾਰਥਨਾ (Prayer)

ਮਨੁੱਖੀ ਮਨ ਦਾ ਪ੍ਰਮਾਤਮਾ ਅੱਗੇ ਤਰਲਾ ਪ੍ਰਾਰਥਨਾ ਹੈ । ਅੱਜ-ਕੱਲ੍ਹ ਦੇ ਵਿਗਿਆਨੀ ਅਤੇ ਖਾਸ ਕਰਕੇ ਨਾਸਤਕ, ਇਸ ਨੂੰ ਸਵਾਰਥੀ ਧੰਦਾ ਕਹਿੰਦੇ ਹਨ।[240] ਉਨ੍ਹਾਂ ਅਨੁਸਾਰ ਪ੍ਰਾਰਥਨਾ ਇਨਸਾਨੀ ਜ਼ਿੰਮੇਵਾਰੀਆਂ ਤੋਂ ਭਾਂਜ ਦਾ ਨਾਂ (Escapeism) ਹੈ । ਦੂਜੇ ਪਾਸੇ ਮਨੋਵਿਗਿਆਨੀ ਅਤੇ ਦਾਰਸ਼ਨਿਕ ਕਹਿੰਦੇ ਹਨ, "ਸੰਸਾਰ ਤਾਂ ਉਨ੍ਹਾਂ ਗੱਲਾਂ ਦਾ ਸੁਪਨਾ ਵੀ ਨਹੀਂ ਲੈ ਸਕਦਾ ਜੋ ਗੱਲਾਂ ਪ੍ਰਾਰਥਨਾ ਨਾਲ ਸੰਭਵ ਹੋ ਜਾਂਦੀਆਂ ਹਨ" ।[241] ਪੋਪ ਦੇ ਵਿਚਾਰ ਅਨੁਸਾਰ "ਦੁਨੀਆਂ ਦੇ ਖੋਟੇ ਸਿੱਕਿਆਂ ਵਾਂਗ ਪ੍ਰਾਰਥਨਾ ਨੂੰ ਵੀ ਵਰਤਮਾਨ ਸਮੇਂ ਖੋਟਾ ਸਿੱਕਾ ਹੀ ਸਮਝ ਲਿਆ ਗਿਆ ਹੈ ।[242] ਪ੍ਰਸਿੱਧ ਸਾਇੰਸਦਾਨ, ਐਲਬਰਟ ਆਈਨਸਟਾਈਨ, ਮੰਨਦਾ ਹੈ ਕਿ ਪ੍ਰਾਰਥਨਾ ਮਾਨਸਿਕ ਸ਼ਾਂਤੀ ਪਰਦਾਨ ਕਰਦੀ ਹੈ ਅਤੇ ਉਨੰਤ ਹੋ ਰਹੇ ਮਨ ਦਾ ਸਹਾਰਾ ਬਣਦੀ ਹੈ ।[243]

ਸਿੱਖ ਧਰਮ ਅਨੁਸਾਰ ਪਰਮਾਤਮਾ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਪ੍ਰਾਰਥਨਾ ਕੋਈ ਮੰਤਰ ਨਹੀਂ ਸਗੋਂ ਇਨਸਾਨ ਦਾ ਸਰਬਸ਼ਕਤੀਮਾਨ ਪ੍ਰਭੂ ਅਗੇ ਸੱਚੇ ਦਿਲੋਂ ਉਪਜਿਆ ਤਰਲਾ ਹੈ । ਮਨੁੱਖੀ ਮਨ ਸਰਬਸ਼ਕਤੀਮਾਨ ਚੇਤਨਾ

[240] Scientific research is based on the idea that everything that takes place is determined by laws of nature, and therefore this holds for the action of people. For this reason, a research scientist will hardly be inclined to believe that events could be influenced by a prayer, i.e. by a wish addressed to a Supernatural Being. (Albert Einstein, 1936, The Human Side). (In response to a child who wrote and asked if scientists pray.)

[241] "More things are wrought by prayer than this world dreams of" (Tennyson)

[242] "The power of preayer has been devalued along with many of the world's currencies in recent years.(Pope John Paul I)

[243] "Nobody will deny that the idea of the existence of an omnipotent, just, omnibeneficent personal God is able to accord man solace, help and guidance; also by virtue of its simplicity it is accessible to the most undeveloped mind".(*Science Philosophy & Religion: A symposium. New York 1941)*



ਦਾ ਹੀ ਇੱਕ ਭਾਗ ਹੈ ਅਤੇ ਇੱਕ ਪੁੱਤਰ ਦੇ ਆਪਣੇ ਪਿਤਾ ਅੱਗੇ ਮਿੰਨਤ ਤਰਲਾ ਕਰਨ ਵਾਂਗ ਇਸ ਦਾ ਪ੍ਰਮਾਤਮਾ ਅੱਗੇ ਨਤਮਸਤਕ ਹੋਣਾ ਇਸ ਦੀ ਮਾਨਸਿਕ ਪ੍ਰਵਿਰਤੀ ਹੈ । ਇੰਜ ਕਰਕੇ ਹੀ ਇਹ ਅਪਣੇ ਅਸਲੇ ਦੀ ਪਛਾਣ ਕਰ ਸਕਦਾ ਹੈ, **"ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ" ॥ (ਪੰਨਾ 441)** ਅਜਿਹਾ ਕੁੱਝ ਮੂਰਤੀ ਪੂਜਾ [244] ਆਦਿਕ ਨਾਲ ਸੰਭਵ ਨਹੀਂ ਇਸੇ ਲਈ ਸਿੱਖ ਧਰਮ ਵਿੱਚ ਮੂਰਤੀਆਂ, ਹਵਾ, ਸੂਰਜ ਆਦਿਕ ਵਰਗੀਆਂ ਕੁਦਰਤੀ ਸ਼ਕਤੀਆਂ, ਜਾਨਵਰਾਂ (ਸ਼ੇਸਨਾਗ ਆਦਿਕ) ਅਤੇ ਬੁੱਤਾਂ ਅੱਗੇ ਪੂਜਾ ਕਰਨੀ ਮਨ੍ਹਾ ਹੈ **"ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ" ॥ (ਪੰਨਾ 637)** ਸਿੱਖ ਪ੍ਰਾਰਥਨਾ ਵਿੱਚ ਕਿਸੇ ਪ੍ਰਕਾਰ ਦੇ ਸੰਖ ਆਦਿਕ ਦਾ ਬਜਾਉਣਾ, ਮੋਮਬਤੀਆਂ ਜਗਾਉਣਾ, ਧੂਪ ਲਾਉਣੀ, ਖ਼ਾਸ ਤਰ੍ਹਾਂ ਦੇ ਕੱਪੜੇ ਆਦਿਕ ਪਹਿਨਣੇ, ਕਿਸੇ ਖਾਸ ਪਾਸੇ ਵੱਲ ਮੂੰਹ ਕਰਕੇ ਪ੍ਰਾਰਥਨਾ ਕਰਨਾ ਜਾਂ ਪ੍ਰਾਰਥਨਾਂ ਚੱਕਰਾਂ ਆਦਿਕ ਦਾ ਘੁਮਾਉਣਾ ਜ਼ਰੂਰੀ ਨਹੀਂ । ਲੋੜ ਹੈ ਤਾਂ ਕੇਵਲ ਮਨ ਨੂੰ ਇਕਾਗਰ ਕਰਕੇ ਪ੍ਰਭੂ ਅੱਗੇ ਸੱਚੇ ਦਿਲੋਂ ਤਰਲਾ ਕਰਨ ਦੀ ਹੈ । ਅਜਿਹੀ ਪ੍ਰਾਰਥਨਾ ਸਿੱਖ ਕਿਸੇ ਵੇਲੇ ਅਤੇ ਕਿਸੇ ਵੀ ਥਾਂ ਕਰ ਸਕਦਾ ਹੈ, ਇਹ ਕੰਮ ਧੰਦੇ ਵਿੱਚ ਖੱਚਿਤ ਹੋਣ ਵੇਲੇ ਵੀ ਕਰ ਸਕਦਾ ਹੈ **"ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ" ॥ (ਪੰਨਾ 1376)** ਸਿੱਖ ਧਰਮ ਵਿੱਚ ਪ੍ਰਾਰਥਨਾ ਲਈ ਕਿਸੇ ਸਮੇਂ ਦੀ ਬੰਦਸ਼ ਵੀ ਨਹੀਂ ਹੈ ਅਤੇ ਨਾ ਹੀ ਇਸ ਦਾ ਕਿਸੇ ਖਾਸ ਮੰਤਰ, ਸਿਆਸਤ ਜਾਂ ਕਰਮ-ਕਾਂਡ ਨਾਲ ਸਬੰਧ ਹੈ ।[245]

## 10.5 ਇਕੀਸ਼ਵਰਵਾਦ (Monotheism)

ਪ੍ਰਮਾਤਮਾ ਇੱਕ ਹੈ ਅਤੇ ਸਭ ਦਾ ਸਾਂਝਾ ਪਿਤਾ ਹੈ, "**ਤੂੰ ਸਾਝਾ ਸਾਹਿਬੁ ਬਾਪੁ ਹਮਾਰਾ**" ॥ (ਪੰਨਾ 97) ਸਿੱਖ ਧਰਮ ਇੱਕ ਪ੍ਰਭੂ ਤੋਂ ਬਿਨਾਂ ਹੋਰ ਕਿਸੇ ਦੀ ਪੂਜਾ ਪ੍ਰਤਿਸ਼ਠਾ ਨਹੀਂ ਕਰਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਪਹਿਲਾਂ ੧ੴ ਲਿਖ ਕੇ ਇਹ ਦਰਸਾ ਦਿੱਤਾ ਗਿਆ ਹੈ ਕਿ ਸਭ ਇੱਕੋ ਦਾ ਪਸਾਰਾ ਹੈ । ਇਹ ਵਿਚਾਰ ਪੂਰੀ ਤਰ੍ਹਾਂ ਵਿਗਿਆਨਕ ਹੈ ਅਤੇ ਅੱਜ ਦਾ ਸਾਇੰਸਦਾਨ ਵੀ ਇਸ ਵਿਚਾਰ ਨਾਲ ਸਹਿਮਤ ਹੈ ।

[244] ਹਿੰਦੂ ਧਰਮ ਵਿੱਚ ਪ੍ਰਾਨਾਪ੍ਰਤਿਸ਼ਟਾ ਕਿਸੇ ਬੁੱਤ ਅੱਗੇ ਕੀਤੀ ਜਾਂਦੀ ਹੈ ਅਤੇ ਇਸ ਤੋਂ ਬਾਅਦ ਬੁੱਤ ਨੂੰ ਭੋਗ ਲਵਾਇਆ ਜਾਂਦਾ ਹੈ ।

[245] John Carey, a professor of English in Oxford in his introduction to Faber book of science writes, "The real antithesis of science appears to be not theology but politics. Whereas science is a sphere of knowledge and understanding, politics is a sphere of opinion.

ਐਨਸਾਈਕਲੋਪੀਡੀਆ ਬ੍ਰਿਟੈਨੀਕਾ ਵਿੱਚ ਸਾਫ ਲਿਖਿਆ ਹੋਇਆ ਹੈ ਕਿ "ਇਕਈਸ਼ਵਰਵਾਦ ਪ੍ਰੌੜ੍ਹ ਧਾਰਮਿਕ ਚੇਤਨਾ ਦਾ ਪੱਕਿਆ ਹੋਇਆ ਪ੍ਰਗਟਾਵਾ ਹੈ"।[246]

## 10.6 ਪੈਗੰਬਰ ਦੀ ਵਾਪਸੀ

ਯਹੂਦੀਆਂ ਦਾ ਵਿਸ਼ਵਾਸ਼ ਹੈ ਕਿ ਹੈਮਿਸਟਿਚ (ਡੇਵਿਡ ਦੇ ਪਰਿਵਾਰ ਦਾ ਇੱਕ ਵਿਅਕਤੀ) ਆਵੇਗਾ ਅਤੇ ਸਭ ਥਾਂ ਇੱਕ ਦਮ ਸ਼ਾਂਤੀ ਫੈਲ ਜਾਵੇਗੀ । ਸ਼ੇਰ ਬੱਕਰੀ ਇੱਕੋ ਘਾਟ ਪਾਣੀ ਪੀਣਗੇ[247] ਅਤੇ ਉਹ ਆ ਕੇ ਯਹੂਦੀ ਮੰਦਰ ਦੀ ਉਸਾਰੀ ਫੇਰ ਕਰੇਗਾ । ਮੁਸਲਮਾਨਾਂ ਦਾ ਵਿਚਾਰ ਹੈ ਕਿ ਮਹਿਦੀ ਨਾਂ ਦਾ ਇੱਕ ਪੈਗੰਬਰ ਆਵੇਗਾ ਅਤੇ ਸੰਸਾਰ ਤੇ ਰਾਜ ਕਰੇਗਾ ।[248] ਮੁਰਦੇ ਕਬਰਾਂ ਵਿੱਚੋਂ ਉੱਠ ਖੜੋਣਗੇ। ਈਸਾਈ ਲੋਕ ਵੀ ਵਿਸ਼ਵਾਸ਼ ਕਰਦੇ ਹਨ ਕਿ ਈਸਾ ਜੀ ਮੁੜ ਪੈਦਾ ਹੋਣਗੇ ।[249] ਪਾਰਸੀਆਂ ਦਾ ਖ਼ਿਆਲ ਹੈ ਕਿ ਜ਼ਰਤੁਸਟ ਆਪਣੇ ਹੀ ਵੀਰਜ ਤੋਂ ਇੱਕ ਕੁਆਰੀ ਕੁੜੀ ਨੂੰ ਸ਼ਾਓਸ਼ਿਅੰਟ ਬਣਕੇ ਪੈਦਾ ਹੋਣਗੇ । ਉਹ ਮੁਰਦਿਆਂ ਨੂੰ ਜੀਵਤ ਕਰ ਲੈਣਗੇ, ਪਾਰਸੀਆਂ ਨੂੰ ਸੁਰਗ ਵਿੱਚ ਲੈ ਜਾਣਗੇ ਅਤੇ ਬਾਕੀਆਂ ਨੂੰ ਨਰਕ ਵਿੱਚ ਲਿਜਾਕੇ ਉਨ੍ਹਾਂ ਉੱਪਰ ਢਲਿਆ ਸਿੱਕਾ ਪੁਆਇਆ ਜਾਵੇਗਾ । ਹਿੰਦੂ ਲੋਕ ਕਲਕੀ ਅਵਤਾਰ ਦੇ ਪੁਨਰ ਜਨਮ ਦੀ ਉਡੀਕ ਕਰ ਰਹੇ ਹਨ ।

ਸਿੱਖ ਧਰਮ ਦਾ ਵਿਸ਼ਵਾਸ਼ ਹੈ ਕਿ ਮਰ ਗਏ ਪ੍ਰਾਣੀ ਮੁੜ ਕੇ ਵਾਪਸ ਨਹੀਂ ਆਉਂਦੇ । ਮਰ ਗਿਆ ਪ੍ਰਾਣੀ ਉਸ ਫ਼ਲ ਵਾਂਗ ਹੈ ਜੋ ਦਰਖ਼ਤ ਤੋਂ ਡਿਗ ਪਿਆ ਹੈ ਹੁਣ ਉਸਦਾ ਦੋਬਾਰਾ ਟਾਹਣੀ ਨੂੰ ਜਾ ਲੱਗਣਾ ਅਸੰਭਵ ਹੈ ।**"ਜਿਉ ਬਨ ਫਲ ਪਾਕੇ ਭੁਇ ਗਿਰਹਿ ਬਹੁਰਿ ਨ ਲਾਗਹਿ ਡਾਰ" ॥ (ਪੰਨਾ 1366)** ਸਿੱਖ ਧਰਮ ਅਨੁਸਾਰ ਕਿਸੇ ਖਾਸ ਵਿਅਕਤੀ ਦੇ ਸਰੀਰ ਦਾ ਨਹੀਂ ਸਗੋਂ ਉਸ ਵੱਲੋਂ ਪਰਚਾਰੇ ਮਾਰਗ ਦਰਸ਼ਨ ਦਾ ਮਹੱਤਵ ਹੈ ਜਿਸ ਤੇ ਅਮਲ ਕਰਕੇ ਇਨਸਾਨ ਸੁਹਣਾ ਸੁਚੱਜਾ ਜੀਵਨ ਬਿਤਾ ਸਕਦਾ ਹੈ ਅਤੇ ਪ੍ਰਮਾਤਮਾ ਦੇ ਦਰਬਾਰ ਵਿੱਚ ਸੁਰਖਰੂ ਹੋ ਕੇ ਜਾ

[246] "Montheism is the ripest expression of religious consciousness" (Encyclopaedia Britannica). The opponents of monotheism argue, ""when one person suffers from a delusion it is called insanity. When many people suffer from a delusion it is called religion." (Richard dawkins in *The God Delusion*)

[247] "Each man will sit under his own vine and the wolf will lie down with the lamb"

[248] "And He will break the cross, kill the pig, and abolish the Jazya and wealth will be so abundant that no one will accept it". (Sahi Al-Bukhari)

[249] "Behold, I will send you Elijah the prophet before the coming of the great and dreadful day of the LORD" -Malachi 4:1-5 Christ will come after Elijah. The Muslims however believe that Muhammad was the last prophet and neither Elijah nor Christ will return to earth.



ਸਕਦਾ ਹੈ । ਕਿਸੇ ਪੀਰ ਪੈਗ਼ੰਬਰ ਦਾ ਮਰ ਕੇ ਫੇਰ ਮੁੜ ਆਉਣਾ ਅਤੇ ਸੁਰਗ ਪੈਦਾ ਕਰ ਦੇਣਾ ਸਿੱਖ ਧਰਮ ਵਿੱਚ ਪਰਵਾਣ ਨਹੀਂ ।[250] ਸਿੱਖ ਧਰਮ ਅਨੁਸਾਰ ਹਰ ਕਿਸੇ ਨੇ ਆਪਣੇ ਕੀਤੇ ਕਰਮਾਂ ਅਨੁਸਾਰ ਹੀ ਤਰਨਾਂ ਜਾ ਡੁੱਬਣਾ ਹੈ, **"ਅਹਿ ਕਰੁ ਕਰੇ ਸੁ ਅਹਿ ਕਰੁ ਪਾਏ ਕੋਈ ਨ ਪਕੜੀਐ ਕਿਸੈ ਥਾਇ" ॥ (ਪੰਨਾ 406)** ਕੋਈ ਵੀ ਵਿੱਚੋਲਾ ਬਣ ਕੇ ਕਿਸੇ ਦੀ ਕੋਈ ਸਹਾਇਤਾ ਨਹੀਂ ਕਰ ਸਕਦਾ, **"ਵਿੱਚ ਨ ਕੋਈ ਕਰ ਸਕੈ ਕਿਸ ਥੈ ਰੋਵਹਿ ਰੋਜ" ॥ (ਪੰਨਾ 135)** ਸਾਡੇ ਕੀਤੇ ਚੰਗੇ ਮੰਦੇ ਕੰਮ ਹੀ ਸਾਡੇ ਗਲੀ ਪਾਈਆਂ ਜ਼ੰਜ਼ੀਰੀਆਂ ਹਨ, **"ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ"॥ (ਪੰਨਾ 595)**

ਆਧੁਨਿਕ ਵਿਦਵਾਨ ਅਤੇ ਵਿਗਿਆਨੀ ਇਹ ਮੰਨਣ ਤੋਂ ਆਕੀ ਹਨ ਕਿ ਬੰਦਾ ਸਾਰੀ ਉਮਰ ਭ੍ਰਿਸ਼ਟਾਚਾਰ ਵਿੱਚ ਖੁਭਿਆ ਰਹੇ ਤੇ ਅੰਤ ਨੂੰ ਕਿਸੇ ਕਲਪਤ ਸੁਰਗ ਵਿੱਚ ਲਿਜਾਇਆ ਜਾਵੇ ।[251] ਉਹ ਇਸ ਗੱਲ ਨਾਲ ਸਹਿਮਤ ਹਨ ਕਿ "ਜੈਸਾ ਕੋਈ ਕਰੇਗਾ ਤੈਸਾ ਭਰੇਗਾ" ।[252]

## 10.7 ਸਵਰਗ ਅਤੇ ਨਰਕ

ਸੰਸਾਰ ਦੇ ਬਹੁਤੇ ਧਰਮਾਂ ਵਿੱਚ ਇਹ ਵਿਸ਼ਵਾਸ਼ ਪਾਇਆ ਜਾਂਦਾ ਹੈ ਕਿ ਮਰਨ ਉਪਰੰਤ ਹਰ ਪ੍ਰਾਣੀ ਜਾਂ ਤਾਂ ਸਵਰਗ ਵਿੱਚ ਜਾਂਦਾ ਹੈ ਅਤੇ ਜਾਂ ਨਰਕ ਵਿੱਚ ਧੱਕਿਆ ਜਾਂਦਾ ਹੈ ਜਿਥੇ ਤਰ੍ਹਾਂ ਤਰ੍ਹਾਂ ਦੇ ਦੁੱਖ ਤਕਲੀਫ਼ਾਂ ਸਹਿਣੀਆਂ ਪੈਂਦੀਆਂ ਹਨ । ਸਵਰਗ ਵਿੱਚ ਹਰ ਪ੍ਰਕਾਰ ਦਾ ਆਰਾਮ ਮਿਲਦਾ ਹੈ ਅਤੇ ਲਿੰਗ ਤ੍ਰਿਸ਼ਨਾ ਦੀ ਪੂਰਤੀ ਲਈ ਵੀ ਸਾਧਨ ਪ੍ਰਾਪਤ ਹੁੰਦੇ ਹਨ । ਪਰ ਕਿਸੇ ਵੀ ਧਰਮ ਨੇ ਅਜੇ ਤੱਕ ਇਹ ਨਹੀਂ ਦੱਸਿਆ ਕਿ ਸੁਰਗ ਅਤੇ ਨਰਕ ਹਨ ਕਿੱਥੇ ਅਤੇ ਉੱਥੇ ਜਾ ਕੇ ਮੁੜਨ ਤੋਂ ਬਿਨਾਂ ਉਨ੍ਹਾਂ ਬਾਰੇ ਗਿਆਨ ਕਿਵੇਂ ਪ੍ਰਾਪਤ ਹੋਇਆ। ਇਸ ਵਿਸ਼ੇ ਤੇ ਸਿੱਖ ਧਰਮ ਦਾ ਮੱਤ ਹੈ ਕਿ, **"ਨਾ ਜਾਨਉ ਬੈਕੁੰਠ ਹੈ ਕਹਾਂ" ॥ (ਪੰਨਾ 1161), "ਨਾ ਜਾਨਾ ਬੈਕੁੰਠ ਕਹਾ ਹੀ"॥ (ਪੰਨਾ 325), "ਅਗਲੀ ਕਿਛੁ ਖ਼ਬਰਿ ਨ ਪਾਈ" ॥**

ਕੁਝ ਹਿੰਦੂ ਵਿਦਵਾਨ ਕਹਿੰਦੇ ਹਨ ਕਿ ਸੁਰਗ ਮੇਰੂ ਪਰਬਤ ਉੱਪਰ ਹੈ । ਕੁੱਝ ਹੋਰ ਹਿੰਦੂ ਵਿਦਵਾਨ ਇਸ ਦੇ ਸੂਰਜ ਅਤੇ ਧਰੂ ਤਾਰੇ ਵਿੱਚਕਾਰ ਹੋਣ ਬਾਰੇ ਦੱਸਦੇ

[250] ਕੁਰਾਨ ਵਿੱਚ ਇਸ ਦਾ ਜ਼ਿਕਰ 99-7 ਵਿੱਚ ਕੀਤਾ ਗਿਆ ਹੈ ਅਤੇ ਯਹੂਦੀ ਪੁਸਤਕ ਮਦਰਾਸ਼ ਵਿੱਚ ਇਸ ਦਾ ਜ਼ਿਕਰ ਚੌਧਵੀਂ ਪੁਸਤਕ ਦੇ ਅਧਿਆਏ 7 ਵਿੱਚ ਕੀਤਾ ਗਿਆ ਹੈ ।

[251] ਪਹਾੜ ਜਿੱਡੇ ਗੁਨਾਹ ਕਰਨ ਵਾਲੇ ਮੁਸਲਮਾਨਾਂ ਨੂੰ ਵੀ ਅੱਲਾ ਮੁਆਫ ਕਰ ਦੇਵੇਗਾ ਅਤੇ ਉਨ੍ਹਾਂ ਦੀ ਥਾਂ ਯਹੂਦੀਆਂ ਅਤੇ ਈਸਾਈਆਂ ਨੂੰ ਨਰਕ ਵਿੱਚ ਸੁਟ ਦੇਵੇਗਾ" (ਸਹੀ ਮੁਸਲਿਮ ਪੰਨਾ 6665-6669)

[252] "As you sow, so shall you reap"

ਹਨ । ਇੱਥੇ ਇੰਦਰ ਦੇਵਤੇ ਦਾ ਰਾਜ ਹੈ ਅਤੇ ਨੰਦਨ ਬਾਗ ਵਰਗੇ ਸੁਹਣੇ ਬਾਗ ਬਗੀਚਿਆਂ ਨਾਲ ਸ਼ਿੰਗਾਰੀ ਹੋਈ ਜਗਾ ਹੈ ਜਿੱਥੇ ਅਪਸਰਾਂ (ਖ਼ੂਬਸੂਰਤ ਜਨਾਨੀਆਂ) ਮਿਲਦੀਆਂ ਹਨ। ਇੱਥੇ ਹਿੰਦੂ ਹੀ ਜਾ ਸਕਦੇ ਹਨ । ਇਸਲਾਮ ਵਿੱਚ ਵੀ ਅਜਿਹੀ ਹੀ ਕਲਪਣਾ ਕੀਤੀ ਗਈ ਹੈ ਜਿੱਥੇ ਸੁੰਦਰ ਮਹਿਲਾਂ ਵਿੱਚ ਹੂਰਾਂ (ਅਤੀ ਸੁੰਦਰ ਇਸਤ੍ਰੀਆਂ-ਪਰੀਆਂ) ਪ੍ਰਾਪਤ ਹਨ ਅਤੇ ਸ਼ਹਿਦ ਅਤੇ ਦੁੱਧ ਦੇ ਦਰਿਆ ਵਗਦੇ ਹਨ। ਵਧੀਆ ਤੋਂ ਵਧੀਆ ਸ਼ਰਾਬ (ਤਹੂਰਨ) ਅਤੇ 72 ਪ੍ਰਕਾਰ ਦੇ ਭੋਜਨ ਇੱਥੇ ਮਿਲਦੇ ਹਨ । (ਦੇਖੋ ਕੁਰਾਨ 77, 41-44, 47-15)।[253]

ਨਰਕ ਇੱਕ ਬਹੁਤ ਭਿਆਨਕ ਅਤੇ ਡਰਾਉਣੀ ਥਾਂ ਹੈ ਜਿੱਥੇ ਇਨਸਾਨੀ ਪਾਪੀਆਂ ਨੂੰ ਤਸੀਹੇ ਦਿੱਤੇ ਜਾਂਦੇ ਹਨ, ਬਲਦੀ ਅੱਗ ਵਿੱਚ ਸੁੱਟਿਆ ਜਾਂਦਾ ਹੈ, ਬੇਲਣਿਆਂ ਵਿੱਚ ਪੀੜਿਆ ਜਾਂਦਾ ਹੈ, ਉਬਲਦਾ ਪਾਣੀ ਪੀਣ ਲਈ ਦਿੱਤਾ ਜਾਂਦਾ ਹੈ ਅਤੇ ਤੇਲ ਦੇ ਤਪਦੇ ਕੜਾਹਿਆਂ ਵਿੱਚ ਉਬਾਲਿਆ ਜਾਂਦਾ ਹੈ ।[254]

ਅੱਜ ਦਾ ਮਨੁੱਖ ਸਬੂਤ ਮੰਗਦਾ ਹੈ ਅਤੇ ਅਜਿਹੀਆਂ ਥਾਵਾਂ ਦੇ ਹੋਣ ਤੋਂ ਇਨਕਾਰੀ ਹੈ ।[255] ਸਿੱਖ ਗੁਰੂ ਸਾਹਿਬਾਨ ਨੇ ਨਾਂ ਤਾਂ ਸੁਰਗ ਨਰਕ ਦੀ ਹੋਂਦ ਬਾਰੇ

---

[253] ਕਿਸੇ ਮਨਚਲੇ ਕਵੀ ਨੇ ਇਸ ਉਪਰ ਉਟੰਕਣ ਕਰਦਿਆਂ ਲਿਖਿਆ ਹੈ , "ਜੰਨਤ ਮੇਂ ਜਾ ਕਰ ਤਹੂਰਨ ਪਓਗੇ, ਜਹਾਂ ਪੀਨਾਂ ਕਿਉਂਕਰ ਗੁਨਾਹ ਹੋ ਗਿਆ ॥ ਵਹਾਂ ਹੂਰੇਂ ਮਿਲਨੇ ਕਾ ਹੈ ਵਾਅਦਾ ਰੱਬੀ ਜਹਾਂ ਕਿਉਂ ਜਨਾਹ ਵੀ ਗੁਨਾਹ ਹੋ ਗਿਆ"(ਸੁਰਗ ਵਿੱਚ ਤਹੂਰਨ ਵਰਗੀ ਵਧੀਆ ਸ਼ਰਾਬ ਪੀਣ ਨੂੰ ਮਿਲਦੀ ਹੈ ਫੇਰ ਐਥੇ ਕਿਉਂ ਮੁਸਲਮਾਨ ਲਈ ਸ਼ਰਾਬ ਪੀਣੀ ਮਨ੍ਹਾਂ ਹੈ? ਸੁਰਗ ਵਿੱਚ ਹੂਰਾਂ ਮਿਲਦੀਆਂ ਹਨ ਪਰ ਇੱਥੇ ਜ਼ਨਾਨੀ ਫੜ ਲਈ ਤਾਂ ਹੱਥਕੜੀਆਂ ਕਿਉਂ ਲੱਗ ਜਾਂਦੀਆਂ ਹਨ ?)

[254] ਸੁਰਗ ਦੀਆਂ ਮੌਜਾਂ ਦੀ ਤਸਵੀਰ ਥੋੜ੍ਹੇ ਥੋੜ੍ਹੇ ਫਰਕ ਨਾਲ ਲਗਭਗ ਹਰ ਧਰਮ ਵਿੱਚ ਇੱਕੋ ਜਿਹੀ ਹੀ ਹੈ ਪਰ ਨਰਕ ਦੀਆਂ ਸਜ਼ਾਵਾਂ ਅਤੇ ਨਰਕਾਂ ਦੀ ਗਿਣਤੀ ਵਿੱਚ ਬਹੁਤ ਫਰਕ ਹੈ ।ਮੁਸਲਮਾਨਾਂ ਦਾ ਦੋਜ਼ਖ, ਹਿੰਦੂਆਂ ਦਾ ਨਰਕ ਅਤੇ ਪਾਰਸੀਆਂ ਦਾ ਦਜੋਤਮਾਨ ਇੱਕੋ ਨਹੀਂ ਮੰਨੇ ਜਾ ਸਕਦੇ । ਮਨੂੰ ਸਿਮਰਤੀ ਅਨੁਸਾਰ ਨਰਕ ਗਿਣਤੀ ਵਿੱਚ 21 ਹਨ ਭਾਗਵਤ ਅਨੁਸਾਰ 28 ਹਨ ਅਤੇ ਬ੍ਰਹਮ ਵਰਤ ਅਨੁਸਾਰ 86 ਹਨ । ਮੁਸਲਮਾਨਾਂ ਅਨੁਸਾਰ ਨਰਕ ਕੇਵਲ 7 ਹੀ ਹਨ । ਜਹੱਨਮ ਪਾਪੀ ਮੁਸਲਮਾਨਾਂ ਲਈ, ਨਤੀ ਈਸਾਈਆਂ ਲਈ, ਅਜ਼ਮਾ ਯਹੂਦੀਆਂ ਲਈ, ਮੀਰ ਆਬੀ ਤਾਰਿਆਂ ਨੂੰ ਪੂਜਣ ਵਾਲਿਆ ਲਈ ਅਤੇ ਸਾਕਾਰ ਅੱਗ ਦੀ ਪੂਜਾ ਕਰਨ ਵਾਲਿਆ ਲਈ । ਬੁੱਤ ਪੂਜਕਾਂ ਨੂੰ ਹਾਜੀਮ ਵਿੱਚ ਲਿਜਾਇਆ ਜਾਂਦਾ ਹੈ ਅਤੇ ਮੁਹੰਮਦ ਨੂੰ ਨਾ ਮੰਨਣ ਵਾਲਿਆ ਨੂੰ ਹਾਵੀਆ ਵਿੱਚ ਭੇਜਿਆ ਜਾਂਦਾ ਹੈ । ਈਸਾਈ ਮੱਤ ਅਨੁਸਾਰ ਨਰਕ ਦਾ ਨਕਸ਼ਾ ਇਸ ਤਰ੍ਹਾਂ ਹੈ, "The lake of burning sulphur,where the beast and the false prophet had been thrown.They will be tormented day and night for ever and ever."(Bible Re 20:10,14:10-11)

ਈਸਾਈ ਕਹਿੰਦੇ ਹਨ ਕਿ ਪਾਪ ਜਿੰਨੇ ਮਰਜ਼ੀ ਕਰੋ ਪਰ ਈਸਾ ਵਿੱਚ ਵਿਸ਼ਵਾਸ਼ ਲਿਆਉ, ਬਸ ਸੁਰਗ ਪ੍ਰਾਪਤ ਹੋ ਜਾਵੇਗਾ "Be a sinner and sin strongly,but yet more strongly believe and rejoice in Christ,who is the conquerer of sin,death and the world." (Letter to Luther). This has led somebody to remark, "The assumed fires of hell have kept the Church warm."

[255] Heaven is no longer considered to be somewhere "*up there.*" Hell is no longer believed to exist inside the earth. Torture methods inflicted on Hell's inhabitants (worms, pain, flogging, heat, thirst, darkness, unbearable heat and flames etc) are no longer believed as true.



ਕੁੱਝ ਲਿਖਿਆ ਹੈ ਅਤੇ ਨਾ ਹੀ ਇਨ੍ਹਾਂ ਦੀ ਅਣਹੋਂਦ ਬਾਰੇ ਕੁੱਝ ਕਿਹਾ ਹੈ । ਉਹ ਇਸ ਨੂੰ ਇੱਕ ਲੋਕਕਤੀ ਨਾਲ ਤਸ਼ਬੀਹ ਦਿੰਦੇ ਕਹਿੰਦੇ ਹਨ, "**ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ" ॥ (ਪੰਨਾ 292)** ਕੌਣ ਜਾਣ ਸਕਦਾ ਹੈ ਕਿ ਅੱਗੇ ਕੀ ਹੋਵੇਗਾ?, "**ਕਿਆ ਜਾਣਾ ਕਿਆ ਆਗੈ ਹੋਇ"॥ (ਪੰਨਾ 154)** ਇਹ ਸਭ ਉਪਜਾਊ ਮਨੁੱਖੀ ਮਨ ਦੀਆਂ ਕਲਪਨਾਵਾਂ ਦੀ ਉਪਜ ਹੈ। ਗੁਰੂ ਜੀ ਨੇ ਸੁਰਗ ਬਾਰੇ ਸਪੱਸ਼ਟ ਕਰਦਿਆਂ ਲਿਖਿਆ ਹੈ ਕਿ ਸੁਰਗ ਜੇ ਕਿਧਰੇ ਹੈ ਤਾਂ ਉਹ ਵਾਹਿਗੁਰੂ ਦੀ ਹਾਜ਼ਰੀ ਵਿੱਚ ਹੈ, "**ਤਹਾ ਬੈਕੁੰਠੁ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ**" ॥ (ਪੰਨਾ 749) ਉਨ੍ਹਾਂ ਨੇ ਕਿਹਾ ਕਿ ਰਵਾਇਤੀ ਸੁਰਗ ਦੀ ਆਸ ਰੱਖਣਾ ਹੀ ਖੁਦਗ਼ਰਜ਼ੀ ਅਤੇ ਸਵਾਰਥਕ ਸੋਚ ਹੈ । ਜਿਨ੍ਹਾਂ ਚਿਰ ਬੰਦਾ ਅਜਿਹੀ ਆਸ ਰੱਖੀ ਬੈਠਾ ਹੈ ਉਹ ਕਿਸੇ ਵੀ ਸੁਰਗ ਦਾ ਅਧਿਕਾਰੀ ਨਹੀਂ ਹੋ ਸਕਦਾ ਕਿਉਂਕਿ ਉਸ ਦੇ ਮਨ ਵਿੱਚ ਪ੍ਰਮਾਤਮਾ ਦਾ ਵਾਸਾ ਹੋਣਾ ਅਸੰਭਵ ਹੋ ਜਾਂਦਾ ਹੈ, "**ਜਬ ਲਗੁ ਮਨਿ ਬੈਕੁੰਠ ਕੀ ਆਸ ॥ ਤਬ ਲਗ ਹੋਇ ਨਹੀਂ ਚਰਨ ਨਿਵਾਸੁ**" ॥ (ਪੰਨਾ 325)

ਸਿੱਖ ਧਰਮ ਅਨੁਸਾਰ ਵਾਹਿਗੁਰੂ ਨੂੰ ਹਿਰਦੇ ਵਿੱਚ ਵਸਾ ਲੈਣ ਵਾਲੇ ਬੰਦੇ ਨੂੰ ਕਿਸੇ ਸੁਰਗ ਨਰਕ ਆਦਿਕ ਦਾ ਵਿਚਾਰ ਹੀ ਨਹੀਂ ਫੁਰ ਸਕਦਾ, "**ਨਰਕ ਨ ਡੀਠੜਿਆ ਸਿਮਰਤ ਨਾਰਾਇਣ" ॥ (ਪੰਨਾ 460)** ਕਿਉਂਕਿ ਵਾਹਿਗੁਰੂ ਦੇ ਭਗਤ ਸਦਾ ਹੀ ਵਾਹਿਗੁਰੂ ਦੀ ਹਾਜ਼ਰੀ ਵਿੱਚ ਰਹਿੰਦੇ ਹਨ । ਕੋਈ ਸੁਰਗ ਵਾਹਿਗੁਰੂ ਦੀ ਹਜ਼ੂਰੀ ਤੋਂ ਬਿਨਾਂ ਕਲਪਿਆ ਵੀ ਕਿਵੇਂ ਜਾ ਸਕਦਾ ਹੈ, "**ਨਾਨਕ ਨਰਕਿ ਨ ਜਾਹਿ ਕਬਹੂੰ ਹਰਿ ਸੰਤ ਹਰਿ ਕੀ ਸਰਣੀ" ॥ (ਪੰਨਾ 460)** ਅਸਲ ਵਿੱਚ ਗੁਰੂ ਦੇ ਸਿੱਖ ਨਾਂ ਤਾਂ ਦੁਨਿਆਵੀ ਸੁੱਖ (ਧਨ ਆਦਿਕ) ਦਾ ਲਾਲਚ ਰੱਖਦੇ ਹਨ ਅਤੇ ਨਾਂ ਹੀ ਸੁਰਗ ਦੇ ਸੁੱਖਾਂ ਦੀ ਝਾਕ ਵਿੱਚ ਜਿਉਂਦੇ ਹਨ, "**ਧਨੁ ਨਹੀ ਬਾਛਹਿ ਸੁਰਗ ਨ ਆਛਹਿ" ॥ (ਪੰਨਾ 251)** ਉਹ ਸੁਰਗ ਅਤੇ ਨਰਕ ਦੋਹਾਂ ਨੂੰ ਹੀ ਰੱਦ ਕਰ ਦਿੰਦੇ ਹਨ, "**ਕਵਨੁ ਨਰਕੁ ਕਿਆ ਸੁਰਗੁ ਬਿਚਾਰਾ ਸੰਤਨ ਦੋਊ ਰਾਦੇ" ॥ (ਪੰਨਾ 969)**

**"ਗੁਫਤੀ ਕਿ ਤੂ ਰਾ ਅਜ਼ਾਬ ਖੁਆਹਮ ਬੂਦ, ਮਨ ਦਰ ਅਜਮ ਕਿ ਦਰ ਕੁਜਾ ਖੁਆਹਦ ਬੂਦ ॥ ਆਂ ਜਾ ਕਿ ਤੂਈ ਅਜ਼ਾਬ ਨ ਬੂਦ ਆਂ ਜ਼ਾ, ਆਂ ਜਾ ਕਿ ਤੂ ਨੇਸਤੀ ਕੁਜਾ ਖੁਆਹਦ ਬੂਦ" ॥**

*{ਹੇ ਪ੍ਰਮਾਤਮਾ ਮੈਨੂੰ ਮੁੱਲਾਂ ਜੀ ਕਹਿੰਦੇ ਹਨ ਤੂੰ ਅਜ਼ਾਬ (ਨਰਕ) ਵਿੱਚ ਜਾਏਂਗਾ ਮੈਂ ਹੈਰਾਨ ਹੋ ਜਾਂਦਾ ਹਾਂ ਕਿ ਐਸੀ ਜਗਾ ਕਿੱਥੇ ਹੋਵੇਗੀ ? ਜਿਥੇ ਤੂੰ ਹੈ ਉੱਥੇ ਨਰਕ*

*ਨਹੀਂ ਹੋ ਸਕਦਾ, ਜਿੱਥੇ ਤੂੰ ਨਹੀਂ ਐਸੀ ਜਗਾ ਹੀ ਕੋਈ ਨਹੀਂ ॥}*

ਸਿੱਖ ਨੂੰ ਗੁਰੂ ਜੀ ਵੱਲੋਂ ਆਦੇਸ਼ ਹੈ ਕਿ ਗੁਰੂ ਦਾ ਸਿੱਖ ਨਰਕਾਂ ਸੁਰਗਾਂ ਦੇ ਚੱਕਰਾਂ ਤੋਂ ਆਜ਼ਾਦ ਹੋ ਕੇ ਜੀਵੇ ਅਤੇ ਸਦਾ ਵਾਹਿਗੁਰੂ ਨੂੰ ਹਿਰਦੇ ਵਿੱਚ ਵਸਾਈ ਰੱਖੇ। "**ਸੁਰਗ ਬਾਸੁ ਨ ਬਾਛੀਐ ਡਰੀਐ ਨ ਨਰਕਿ ਨਿਵਾਸੁ" ॥ (ਪੰਨਾ 337)**

ਜੇ ਕਰ ਨਰਕਾਂ ਤੋਂ ਡਰ ਕੇ ਜਿਉਣਾ ਹੈ ਜਾਂ ਮੌਤ ਉਪ੍ਰੰਤ ਕਿਸੇ ਸੁੱਖ ਦੀ ਆਸ ਨਾਲ ਜਿਉਣਾ ਹੈ ਤਾਂ ਮਨੁੱਖ ਦਾ ਜਿਉਣਾ ਵਪਾਰਕ ਜੀਵਨ ਹੈ ਅਤੇ ਧ੍ਰਿਗ ਹੈ ।[256]

## 10.8 ਪਵਿੱਤਰ ਸਮਾਂ ਅਤੇ ਦਿਨ ਤਿਉਹਾਰ

ਬਹੁਤੇ ਧਰਮਾਂ ਵਿੱਚ ਕੁੱਝ ਦਿਨਾਂ ਅਤੇ ਮਹੀਨਿਆਂ ਆਦਿਕ ਨੂੰ ਪਵਿੱਤਰ ਸਮਝਿਆਂ ਜਾਂਦਾ ਹੈ ਅਤੇ ਇਨ੍ਹਾਂ ਵਿੱਚ ਕਈ ਪ੍ਰਕਾਰ ਦੀਆਂ ਧਾਰਮਿਕ ਪ੍ਰਕਿਰਿਆਵਾਂ ਅਤੇ ਰੀਤਾਂ ਰਸਮਾਂ ਕੀਤੀਆ ਜਾਂਦੀਆ ਹਨ । ਮੁਸਲਮਾਨ ਰਮਜ਼ਾਨ ਦੇ ਮਹੀਨੇ ਅਤੇ ਹਫ਼ਤੇ ਵਿੱਚ ਹਰ ਜੁਮ੍ਹਾਂ ਦੇ ਦਿਨ ਨੂੰ ਪਵਿਤਰ ਮੰਨਦੇ ਹਨ । ਯਹੂਦੀ ਸਨਿੱਚਰਵਾਰ ਨੂੰ ਸੈਬਥ ਕਹਿੰਦੇ ਹਨ ਅਤੇ ਸਨਿੱਚਰ ਐਤਵਾਰ ਨੂੰ ਕੋਈ ਕੰਮ ਕਰਨਾ ਪਾਪ ਮੰਨਿਆ ਜਾਂਦਾ ਹੈ। ਹਿੰਦੂ ਲੋਕ ਅਨੇਕਾਂ ਦਿਨਾਂ ਨੂੰ ਪਵਿੱਤਰ ਮੰਨਦੇ ਹਨ ਜਿਵੇਂ ਕਿ ਰਾਮ ਨੌਵੀਂ ਅਤੇ ਸ਼ਿਵਰਾਤ੍ਰੀ ਆਦਿਕ ।[257] ਸਿੱਖ ਗੁਰੂ ਸਾਹਿਬਾਨ ਨੇ ਸਾਰੇ ਹੀ ਦਿਨਾਂ ਨੂੰ ਇੱਕੋ ਜਿਹੇ ਮੰਨਿਆਂ ਹੈ ਅਤੇ ਕਿਹਾ ਹੈ ਕਿ ਕਿਸੇ ਇੱਕ ਸਮੇਂ ਨੂੰ ਹੀ ਪਵਿੱਤਰ ਮੰਨ ਬੈਠਣਾ ਮੂਰਖਤਾ ਹੈ, "**ਥਿਤੀ ਵਾਰ ਸੇਵਹਿ ਮੁਗਧ ਗਵਾਰ" ॥ (ਪੰਨਾ 843)** ਦਿਨ ਮਹੀਨੇ ਆਦਿਕ ਆਉਂਦੇ ਜਾਂਦੇ ਰਹਿੰਦੇ ਹਨ "**ਥਿਤੀ ਵਾਰ ਸਭਿ ਆਵਹਿ ਜਾਹਿ" ॥ (ਪੰਨਾ 842)** ਤੇ ਸੰਸਾਰ ਦੇ ਹਰ ਕੋਨੇ ਵਿੱਚ ਇੱਕੋ ਮੌਕੇ ਦਿਨ ਨਹੀਂ ਹੁੰਦਾ ।

ਅੱਜ-ਕੱਲ੍ਹ ਜੋਤਸ਼ ਆਦਿਕ ਵੱਲ ਵੀ ਲੋਕ ਬਹੁਤ ਪ੍ਰੇਰੇ ਜਾ ਰਹੇ ਹਨ ਅਤੇ ਪ੍ਰਾਰਥਨਾ ਨਾਲੋਂ ਜੋਤਿਸ਼ ਉੱਪਰ ਵਧੇਰੀ ਸ਼ਰਧਾ ਰੱਖਣ ਲੱਗ ਪਏ ਹਨ । ਗੁਰੂ ਜੀ

[256] "Man would indeed be in a poor way if he had to be restrained by fear of punishment and hope of reward after death (*Religion & Sceince* New York Times)

[257] ਵਿਆਹਾਂ ਸ਼ਾਦੀਆਂ ਤੇ ਪੰਡਤ ਪਾਸੋਂ ਲਗਨ ਕਢਾਏ ਬਿਨਾਂ ਅਤੇ ਜਨਮ ਪੱਤ੍ਰੀਆਂ ਮਿਲਾਏ ਬਿਨਾਂ ਤੇ ਸ਼ੁਭ ਦਿਨ ਕੱਢੇ ਬਿਨਾਂ, ਵਿਆਹ ਨਹੀਂ ਕੀਤਾ ਜਾਂਦਾ ਪ੍ਰੰਤੂ ਜਦ ਓਹੀ ਜੋੜਾ ਰੰਡਾ ਹੋ ਜਾਂਦਾ ਹੈ ਤਾਂ ਕੋਈ ਪੰਡਤ ਨੂੰ ਨਹੀਂ ਪੁੱਛਦਾ ਕਿ ਕਿਉਂ ਹੋਇਆ । ਪੰਡਤ ਜੀ ਜਾਣਦੇ ਹੁੰਦੇ ਹਨ ਕਿ ਇਹ ਪਾਖੰਡ ਹੈ ਤਾਂ ਵੀ ਲੁੱਟੀ ਜਾਂਦੇ ਹਨ, "ਕਬੀਰ ਮਨੁ ਜਾਨੈ ਸਭ ਬਾਤ ਜਾਨਤ ਹੀ ਅਉਗਨੁ ਕਰੈ ॥ ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ" ॥ (ਪੰਨਾ 1376)



ਨੇ ਸਿੱਖ ਨੂੰ ਕਿਹਾ ਹੈ ਕਿ ਇਸ ਰਾਹ ਬਿਲਕੁਲ ਨਾ ਪੈਣਾ । ਜੋਤਸ਼ੀ ਕੁੱਝ ਨਹੀਂ ਜਾਣਦਾ, "**ਗਣਿ ਗਣਿ ਜੋਤਕੁ ਕਾਂਡੀ ਕੀਨੀ ॥ ਪੜੇ ਸੁਣਾਵੈ ਤਤੁ ਨ ਚੀਨੀ"** ॥ (ਪੰਨਾ 904) ਜੋਤਸ਼ੀ ਜਾਂ ਪੰਡਤ ਨਿਰਾ ਪਾਖੰਡ ਕਰਦੇ ਹਨ ਅਤੇ ਵਹਿਮਾਂ ਭਰਮਾਂ ਵਿੱਚ ਪਾ ਕੇ ਲੋਕਾਂ ਨੂੰ ਲੁੱਟਦੇ ਹਨ, **"ਪੜਿ ਪੜਿ ਪੰਡਿਤ ਜੋਤਕੀ ਵਾਦ ਕਰਹਿ ਬੀਚਾਰੁ" ॥ (**ਸ੍ਰੀ ਰਾਗ ਮ:3) ਇਨ੍ਹਾਂ ਦਾ ਦੱਸਿਆ ਕੋਈ ਵੀ ਸ਼ਗਨ ਅਪਸ਼ਗਨ ਨਹੀਂ ਮੰਨਣਾ । ਇਹ ਸ਼ਗਨ ਅਪਸ਼ਗਨ ਤਾਂ ਲੱਗਦੇ ਹੀ ਉਸ ਨੂੰ ਹਨ ਜੋ ਵਾਹਿਗੁਰੂ ਨੂੰ ਭੁੱਲ ਜਾਂਦਾ ਹੈ," **ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ" (ਪੰਨਾ 401)** ਉਨਾਂ ਨੇ ਸਿੱਖ ਨੂੰ 'ਬਿਬੇਕ' ਬੁੱਧੀ ਵਾਲਾ ਬਨਣ ਦਾ ਉਪਦੇਸ਼ ਦਿੱਤਾ ਹੈ ਤੇ ਕਿਹਾ ਹੈ ਕਿ ਅੰਨ੍ਹੀ ਸ਼ਰਧਾ ਅਧੀਨ ਕੋਈ ਵੀ ਗੱਲ ਨਹੀਂ ਮੰਨਣੀ, ਸਗੋਂ ਹਰ ਗੱਲ ਨੂੰ ਦਲੀਲ ਦੀ ਕਸਵੱਟੀ ਉੱਪਰ ਤੋਲ ਪਰਖ ਕੇ ਹੀ ਮੰਨਣਾ ਹੈ । ਸਿੱਖ ਤਾਂ ਸਿੱਖ ਬਣ ਹੀ ਤਦ ਸਕਦਾ ਹੈ ਜਦ ਬੁੱਧ ਬਿਬੇਕ ਹੋਵੇ, **"ਗੁਰਮੁਖਿ ਗਿਆਨੁ ਬਿਬੇਕ ਬੁਧਿ ਹੋਇ" ॥ (ਪੰਨਾ 317)** ਅਜਿਹੀ ਬਿਬੇਕ ਬੁੱਧੀ ਵਾਲਾ ਇਨਸਾਨ ਹਰ ਗੱਲ ਦੀ ਤਹਿ ਤੱਕ ਜਾਂਦਾ ਹੈ ਅਤੇ ਅਸਲੀਅਤ ਲੱਭ ਲੈਂਦਾ ਹੈ, "**ਬੂਝੈ ਬੂਝਣਹਾਰੁ ਬਿਬੇਕ" ॥ (ਪੰਨਾ 285)** ਸਿੱਖ ਨੂੰ ਅਜਿਹੀ ਬਿਬੇਕ ਬੁੱਧੀ ਸਤਿ ਸੰਗਤ ਵਿੱਚੋਂ ਮਿਲਦੀ ਹੈ, "**ਸਤਸੰਗਤਿ ਮਿਲਿ ਬਿਬੇਕ ਬੁਧਿ ਹੋਈ"॥ (ਪੰਨਾ 481)** ਬਿਬੇਕ ਬੁੱਧੀ ਪ੍ਰਾਪਤ ਕਰਨ ਦਾ ਦੂਸਰਾ ਤਰੀਕਾ ਸਤਿਗੁਰੂ ਦੀ ਬਾਣੀ ਹੈ ਜਿਸ ਦਾ ਪਠਨ ਪਾਠਨ ਸਿੱਖ ਲਈ ਅਤੀ ਜ਼ਰੂਰੀ ਹੈ, "**ਬਿਬੇਕ ਬੁਧਿ ਬੀਚਾਰਿ ਗੁਰਮੁਖਿ ਗੁਰ ਸਬਦਿ ਖਿਨੁ ਖਿਨੁ ਹਰਿ ਨਿਤ ਚਵੇ"॥ (ਪੰਨਾ 1114)**

ਸਿੱਖ ਲਈ ਤਬੀਤ, ਮੰਤਰ-ਤੰਤਰ, ਜਾਦੂ-ਟੂਣੇ, ਪੁੱਛਾਂ, ਪੇਸ਼ੀਨਗੋਈਆਂ[258] ਆਦਿਕ ਸਭ ਮਨ੍ਹਾਂ ਹਨ:- "**ਤੰਤੁ ਮੰਤੁ ਪਾਖੰਡੁ ਨ ਜਾਣਾ ਰਾਮੁ ਰਿਦੈ ਮਨੁ ਮਾਨਿਆ" ॥ (ਪੰਨਾ 766), "ਅਉਖਦ ਮੰਤ੍ਰ ਤੰਤ੍ਰ ਸਭਿ ਛਾਰੁ" ॥ "ਅਵਰੁ ਨ ਅਉਖਧੁ ਤੰਤ ਨ ਮੰਤਾ ॥ ਹਰਿ ਹਰਿ ਸਿਮਰਣੁ ਕਿਲਵਿਖ ਹੰਤਾ"॥ (ਪੰਨਾ 416)**

ਭਾਈ ਸਾਹਿਬ ਭਾਈ ਗੁਰਦਾਸ ਜੀ ਹੋਰ ਵੀ ਸਪੱਸ਼ਟ ਕਰ ਕੇ ਲਿਖਦੇ ਹਨ: **"ਸਜਾ ਖਬਾ ਸਉਣ ਨ ਮੰਨਿ ਵਸਾਇਆ ਨਾਰਿ ਪੁਰਖ ਨੋ ਵੇਖਿ ਨ ਪੈਰਿ ਹਟਾਇਆ ॥ ਭਾਖ ਸੁਭਾਖ ਵੀਚਾਰਿ ਨ ਛਿੱਕ ਮਨਾਇਆ ॥ ਦੇਵੀ ਦੇਵ**

[258] "Full of misery is the mind anxious about the future." (Anonymous)

**ਨ ਸੇਵ ਪੂਜ ਕਰਾਇਆ ॥ ਭੰਬਲ ਭੂਸੇ ਖਾਇ ਨ ਮਨ ਭਰਮਾਇਆ, ਗੁਰਸਿਖ ਸਚਾ ਖੇਤ ਬੀਜ ਫਲਾਇਆ" ॥ (ਭਾਈ ਗੁਰਦਾਸ 20.8)**

ਗੁਰੂ ਜੀ ਦੇ ਵਿਚਾਰ ਅੱਜ ਕਲ੍ਹ ਦੇ ਵਿਗਿਆਨਕ ਵਿਚਾਰਾਂ ਨਾਲ ਇੰਨ ਬਿੰਨ ਮਿਲਦੇ ਹਨ । ਵਹਿਮਾਂ ਭਰਮਾਂ ਬਾਰੇ ਲੈਂਡਰ ਯੂਨੀਵਰਸਿਟੀ (ਸਾਊਥ ਕੈਰੋਲਾਈਨਾ) ਦੇ ਪਰੋਫੈਸਰ ਡਾ: ਮਾਈਕਲ ਸੌਨਟਾਗ ਨੇ ਪੂਰੀ ਖੋਜ ਬਾਅਦ ਲਿਖਿਆ ਹੈ, "Superstitious behaviour appears to be associated with a host of socially less favourable attributes such as neuroticism, depression and lower intelligence"

ਮਨੁੱਖ ਨਾਲ ਸੰਬੰਧਤ ਸ਼ਾਇਦ ਹੀ ਕੋਈ ਵਿਸ਼ਾ ਹੋਵੇ ਜਿਸ ਬਾਰੇ ਗੁਰੂ ਜੀ ਨੇ ਆਪਣੇ ਵਿਚਾਰ ਨਾ ਦਿੱਤੇ ਹੋਣ । ਲੋੜ ਹੈ ਤਾਂ ਗੁਰਬਾਣੀ ਨੂੰ ਖੋਜਣ ਦੀ ਹੈ।

**"ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ ਹੰਸ ਮਰਜੀਵਾ ਨਿਹਚੈ ਪ੍ਰਸਾਦੁਪਾਵਈ" ॥**

**"ਤੈਸੇ ਗੁਰਬਾਣੀ ਬਿਖੈ ਸਕਲ ਪਦਾਰਥ ਹੈਂ ਜੋਈ ਜੋਈ ਖੋਜੈ ਸੋਈ ਸੋਈ ਨਪਜਾਵਈ" ॥**

(ਭਾਈ ਗੁਰਦਾਸ)



# ਅਧਿਆਇ 11
## ਵਿਆਪਕ ਧਰਮ

**"ਸਿੱਖ ਧਰਮ ਵਿੱਚ ਵਿਆਪਕ ਰਾਜ ਅਤੇ ਵਿਆਪਕ ਧਰਮ ਦੇ ਬੀਜ ਛੁਪੇ ਹੋਏ ਹਨ"(ਆਰਨੋਲਡ ਟੌਇਨਬੀ)**

ਸਿੱਖ ਧਰਮ ਬਾਰੇ ਉਪ੍ਰੋਕਤ ਵਿਚਾਰ ਕੇਵਲ ਇੱਕ ਵਿਕੋਲਿਤ੍ਰੇ ਪੱਛਮੀ ਵਿਦਵਾਨ ਦੇ ਨਹੀਂ ਹਨ । ਇਸ ਤਰ੍ਹਾਂ ਦੇ ਵਿਚਾਰ ਲਗਭਗ ਹਰ ਉਸ ਵਿਅਕਤੀ ਨੇ ਪਰਗਟ ਕੀਤੇ ਹਨ ਜਿਸ ਨੇ ਸਿੱਖ ਧਰਮ ਨੂੰ ਨੀਝ ਲਾ ਕੇ ਪੜ੍ਹਿਆ ਅਤੇ ਸਮਝਿਆ ਹੈ ।

ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦਾ ਮਿਸ਼ਨ ਕਿਸੇ ਕ੍ਰਾਂਤੀ ਤੋਂ ਘੱਟ ਨਹੀਂ ਸੀ । ਇਹ ਜ਼ਾਤ-ਪਾਤ, ਰੰਗ-ਭੇਦ, ਊਚ-ਨੀਚ, ਅਮੀਰ-ਗਰੀਬ, ਲਿੰਗ ਨਾਬਰਾਬਰੀ, ਰੂੜ੍ਹੀਵਾਦੀ ਵਿਚਾਰਾਂ, ਕਰਮ-ਕਾਡਾਂ, ਵਹਿਮਾਂ-ਭਰਮਾਂ, ਅਤੇ ਪ੍ਰੰਪਰਾਗਤ ਧਾਰਨਾਵਾਂ ਆਦਿਕ ਦੇ ਵਿਰੁੱਧ ਇੱਕ ਜਹਾਦ ਸੀ । ਇਹ ਅੰਦੋਲਨ ਸ਼ੁਰੂ ਵੀ ਉਸ ਵੇਲੇ ਕੀਤਾ ਗਿਆ ਸੀ ਜਦ ਲੋਕ ਇਨ੍ਹਾਂ ਵਖੇਵਿਆਂ ਕਰਕੇ ਵੰਡੇ ਹੋਏ ਸਨ, ਰਾਜਸੀ ਸ਼ਕਤੀ ਅਤਿਆਚਾਰ ਤੇ ਉੱਤਰੀ ਹੋਈ ਸੀ, ਅਤੇ ਪ੍ਰੋਹਤ ਵਰਗ ਕਰਮ ਕਾਂਡ ਰਾਹੀਂ ਲੁੱਟਣ ਤੇ ਤੁਲਿਆ ਹੋਇਆ ਸੀ ।[259] ਸ੍ਰੀ ਜੇ ਡੀ ਕਨਿੰਘਮ ਅਨੁਸਾਰ "*ਗੁਰੂ ਨਾਨਕ ਸਾਹਿਬ ਨੇ ਲੋਕਾਂ ਨੂੰ ਸਦੀਆਂ ਦੀਆਂ ਗ਼ਲਤ ਕਦਰਾਂ ਕੀਮਤਾਂ ਵਿੱਚੋਂ ਕੱਢ ਕੇ ਆਜ਼ਾਦ ਕੀਤਾ ਅਤੇ ਸਦਾਚਾਰ ਅਤੇ ਅਧਿਆਤਮਵਾਦ ਦੀ ਉੱਚਤਮ ਟੀਸੀ ਉੱਪਰ ਪਹੁੰਚਾ ਦਿਤਾ। ਉਨ੍ਹਾਂ ਦੇ ਅਨੁਯਾਈ ਆਜ਼ਾਦ, ਪੱਖਪਾਤ ਤੋਂ ਰਹਿਤ ਸੱਚੇ ਸੁੱਚੇ ਸਚਿਆਰੇ ਭਗਤ ਬਣ ਗਏ*"। ਇੰਜ ਗੁਰੂ ਨਾਨਕ ਸਾਹਿਬ ਅਤੀਤ ਅਤੇ ਵਰਤਮਾਨ ਵਿਚਾਰ ਇੱਕ ਪੁਲ ਹੋ ਨਿਬੜੇ। ਉਨ੍ਹਾਂ ਦੇ ਤਿੰਨ ਪ੍ਰਮੁੱਖ ਵਿਚਾਰ ਹੌਲੀ ਹੌਲੀ ਹਰ ਇੱਕ ਦੀ ਜ਼ੁਬਾਨ ਉੱਪਰ ਆ ਗਏ। ਇਹ ਸਨ 'ਨਾਮ ਜਪਣਾ', 'ਧਰਮ ਦੀ ਕਿਰਤ ਕਰਨਾ' ਅਤੇ 'ਵੰਡ ਕੇ ਛਕਣਾ'। ਗੁਰੂ ਨਾਨਕ ਦੇਵ ਜੀ ਦੀ ਪ੍ਰੰਪਰਾ ਨੂੰ ਉਨ੍ਹਾਂ ਦੇ ਉਤ੍ਰਾਧਿਕਾਰੀ ਗੁਰੂਆਂ ਨੇ ਹੋਰ ਪ੍ਰਫੁਲਤ ਕੀਤਾ ਅਤੇ ਗੁਰੂ ਜੀ ਦੇ ਸਿਧਾਂਤਾਂ ਨੂੰ ਉਨ੍ਹਾਂ ਅਨੁਸਾਰ ਜੀਵਨ ਗੁਜ਼ਾਰ ਕੇ ਪ੍ਰਪੱਕ ਕਰ ਦਿੱਤਾ । ਸਮਾਜਕ ਬਰਾਬਰੀ ਵਧਣ ਲਗੀ, ਰਾਜਸੀ ਗੁਲਾਮੀ ਤਥਾ

[259] "ਕਰਮ ਕਾਂਡ ਅਹੰਕਾਰੁ ਨ ਕਾਜੈ ਕੁਸਲ ਸੇਤੀ ਘਰਿ ਜਾਹਿ ਪੰਡਿਤ" ॥ (ਪੰਨਾ 891),"ਕਰਮ ਕਾਂਡ ਬਹੁ ਕਰਹਿ ਅਚਾਰ" ॥ (ਪੰਨਾ 162)

ਆਰਥਕ ਲੁੱਟ ਘਸੁੱਟ ਘਟਣ ਲਗੀ ਅਤੇ ਧਰਮ ਦੇ ਨਾਂ ਤੇ ਨਫਰਤ ਨੂੰ ਠੱਲ ਪੈਣ ਲੱਗੀ। ਗੁਰੂ ਜੀ ਦਾ ਹਰ ਵਿਚਾਰ ਦਲੀਲ ਅਤੇ ਵਿਗਿਆਨਕ ਸੋਚਣੀ ਉੱਪਰ ਪੂਰਾ ਉਤਰਦਾ ਹੈ; ਇੱਥੇ ਕੁੱਝ ਮਿਸਾਲਾਂ ਦੇਣੀਆ ਉੱਚਿਤ ਹੋਣਗੀਆਂ।

ਲਗਭਗ ਸਭ ਧਰਮ ਮੁਕਤੀ ਦੀ ਗੱਲ ਕਰਦੇ ਹਨ। ਹਿੰਦੂ ਧਰਮ ਵਿੱਚ ਮੁਕਤੀ ਲਈ ਗੰਗਾ ਜਮਨਾ ਆਦਿਕ ਦੇ ਇਸ਼ਨਾਨ ਕਰਨ ਦਾ ਵਿਧਾਨ ਹੈ । ਸਿੱਖ ਧਰਮ ਅਜਿਹੇ ਇਸਨਾਨ ਦਾ ਕੌਡੀ ਮੁੱਲ ਨਹੀਂ ਸਮਝਦਾ, **"ਜਲ ਕੈ ਮਜਨਿ ਜੇ ਗਤਿ ਹੋਵੈ ਨਿਤ ਨਿਤ ਮੇਂਡੁਕ ਨਾਵਹਿ" ॥** (ਪੰਨਾ 484) (ਜੇ ਤੀਰਥਾਂ ਤੇ ਇਸਨਾਨ ਕਰਨ ਨਾਲ ਮੁਕਤੀ ਮਿਲਦੀ ਹੋਵੇ ਤਾਂ ਡੱਡੂ ਜਰੂਰ ਮੁਕਤ ਹੋ ਜਾਵੇਗਾ ਕਿਉਂਕਿ ਉਹ ਤਾਂ ਨਿਤ ਹੀ ਗੰਗਾ ਇਸ਼ਨਾਨ ਕਰਦਾ ਹੈ )

ਬੁੱਤ-ਪੂਜਾ ਆਮ ਹੈ ਪਰ ਸਿੱਖ ਧਰਮ ਇਸ ਦੀ ਕੋਈ ਕੀਮਤ ਨਹੀਂ ਸਮਝਦਾ, **"ਏਕੈ ਪਾਥਰ ਕੀਜੈ ਭਾਉ ਦੂਜੈ ਪਾਥਰ ਧਰੀਐ ਪਾਉ ॥ ਜੇ ਓਹੁ ਦੇਉ ਤ ਓਹੁ ਭੀ ਦੇਵਾ" ॥ (ਪੰਨਾ 525)** (ਹੇ ਪੱਥਰ ਦੇ ਪੁਜਾਰੀ ਤੂੰ ਇੱਕ ਪੱਥਰ ਉੱਪਰ ਪੈਰ ਰੱਖ ਕੇ ਮੰਦਰ ਅੰਦਰ ਜਾ ਕੇ ਦੂਸਰੇ ਪੱਥਰ ਦੀ ਪੂਜਾ ਕਰਦਾ ਹੈਂ । ਜੇ ਅੰਦਰਲਾ ਪੱਥਰ ਦੇਵਤਾ ਹੈ ਤਾਂ ਬਾਹਰਲਾ ਪੱਥਰ ਉਸ ਤੋਂ ਵੀ ਵੱਡਾ ਦੇਵਤਾ ਹੈ ਜਿਸ ਨੇ ਘੱਟੋ ਘੱਟ ਤੇਰਾ ਭਾਰ ਤਾਂ ਚੁੱਕਿਆ ਹੈ)

ਜੇ ਜੰਗਲਾਂ ਵਿੱਚ ਨੰਗੇ ਫਿਰਨ ਨਾਲ ਮੁਕਤੀ ਮਿਲਦੀ ਹੁੰਦੀ ਤਾਂ ਹਿਰਨ ਆਦਿਕ ਹੋਰ ਜੰਗਲੀ ਜਾਨਵਰ ਤਾਂ ਜਰੂਰ ਹੀ ਮੁਕਤੀ ਦੇ ਹੱਕਦਾਰ ਹਨ ਕਿਉਂਕਿ ਉਹ ਤਾਂ ਹਮੇਸ਼ਾ ਹੀ ਜੰਗਲਾਂ ਵਿੱਚ ਨੰਗੇ ਘੁੰਮਦੇ ਫਿਰਦੇ ਹਨ, **"ਨਗਨ ਫਿਰਤ ਜੌ ਪਾਈਐ ਜੋਗੁ ॥ ਬਨ ਕਾ ਮਿਰਗੁ ਮੁਕਤਿ ਸਭੁ ਹੋਗੁ**" ॥ (ਪੰਨਾ 324) ਜੇ ਸਿਰ ਮੁੰਡਾਇਆਂ ਮੁਕਤੀ ਮਿਲਦੀ ਹੋਵੇ ਤਾਂ ਭੇਡ ਬੰਦੇ ਨਾਲੋਂ ਅਜਿਹੀ ਮੁਕਤੀ ਦੀ ਵੱਧ ਹੱਕਦਾਰ ਹੈ, "**ਮੂਡ ਮੁੰਡਾਏ ਜੌ ਸਿਧਿ ਪਾਈ ॥ ਮੁਕਤੀ ਭੇਡ ਨ ਗਈਆ ਕਾਈ" ॥ (ਪੰਨਾ 324)** ਜੇ ਕਰ ਬ੍ਰਹਮਚਾਰੀ ਬਨਿਆਂ ਮੁਕਤੀ ਮਿਲਦੀ ਹੋਵੇ ਤਾਂ ਖੁਸਰਾ ਜ਼ਰੂਰ ਮੁਕਤ ਹੋ ਜਾਵੇਗਾ, **"ਬਿੰਦੁ ਰਾਖਿ ਜੌ ਤਰੀਐ ਭਾਈ ॥ ਖੁਸਰੈ ਕਿਉ ਨ ਪਰਮਗਤਿ ਪਾਈ" ॥ (ਪੰਨਾ 324)** ਇਹ ਸਭ ਵਿਚਾਰ ਅਧੁਨਿਕ ਵਿਗਿਆਨਕ ਦਲੀਲਾਂ ਅਨੁਸਾਰ ਪੂਰੇ ਉੱਤਰਦੇ ਹਨ ਪ੍ਰੰਤੂ ਹਿੰਦੂ ਧਰਮ ਵਿੱਚ ਅਜੇ ਵੀ ਬ੍ਰਹਮਚਾਰੀ ਹੋਣ, ਸਿਰ ਮੁਨਾਉਣ (ਮੁੰਡਨ ਸੰਸਕਾਰ) ਅਤੇ ਜੰਗਲੀਂ ਜਾ ਕੇ ਬਾਣਪ੍ਰਸਥ ਆਸ਼ਰਮ ਅਪਨਾਉਣ ਦਾ ਮਹਾਤਮ ਦੱਸਿਆ ਅਤੇ ਪ੍ਰਚਾਰਿਆ ਜਾਂਦਾ ਹੈ ।



ਇੱਸ ਵਿੱਚ ਕੋਈ ਸ਼ੱਕ ਨਹੀਂ ਕਿ ਹੁਣ ਫੇਰ ਸਮਾਜ ਮੁੜ ਉੱਸੇ ਪੱਧਰ ਉੱਪਰ ਆ ਗਿਆ ਹੈ ਜਿੱਥੇ 500 ਸਾਲ ਪਹਿਲਾਂ ਸੀ । ਹੁਣ ਫੇਰ ਗੁਰੂ ਜੀ ਦੇ ਵਿਚਾਰਾਂ ਦੀ ਸਖਤ ਲੋੜ ਭਾਸ ਰਹੀ ਹੈ । ਇਸ ਪੁਸਤਕ ਦੇ ਪਿੱਛਲੇ ਭਾਗਾਂ ਵਿੱਚ ਸਿੱਖ ਧਰਮ ਦੇ ਮੋਟੇ ਮੋਟੇ ਸਿਧਾਂਤਾਂ ਨੂੰ ਸਾਇੰਸ ਦੀ ਕਸਵਟੀ ਉੱਪਰ ਪਰਖਿਆ ਗਿਆ ਹੈ ਅਤੇ ਅਸੀਂ ਦੇਖ ਚੁੱਕੇ ਹਾਂ ਕਿ ਅੱਜ ਦੇ ਸਾਇੰਸਦਾਨ ਵੀ ਉਹੀ ਕੁੱਝ ਕਹਿ ਰਹੇ ਹਨ ਜੋ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਸਦੀਆਂ ਪਹਿਲਾਂ ਡੰਕੇ ਦੀ ਚੋਟ ਨਾਲ ਕਹਿ ਦਿੱਤਾ ਸੀ । ਲੋੜ ਹੈ ਤਾਂ ਇਸ ਗੱਲ ਦੀ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ ।

ਅੱਜ ਹਰ ਵਿਅਕਤੀ ਮਾਇਆ ਪਿੱਛੇ ਹੱਥ ਧੋ ਕੇ ਪਿਆ ਹੋਇਆ ਹੈ ਅਤੇ ਸਮਝਦਾ ਹੈ ਕਿ ਹਰ ਪ੍ਰਕਾਰ ਦੀ ਖ਼ੁਸ਼ੀ ਮਾਇਆ ਦੀ ਬਹੁਤਾਤ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ । ਵਿਗਿਆਨੀ ਦੱਸਦਾ ਹੈ ਕਿ ਅਸਲ਼ੀ ਖ਼ੁਸ਼ੀ ਮਾਇਆ ਜੋੜਨ ਵਿੱਚ ਨਹੀਂ ਸਗੋਂ ਮਾਇਆ ਦਾ ਲਾਲਚ ਤਿਆਗਣ ਵਿੱਚ ਹੈ ।[260] ਸਤਿਗੁਰੂ ਜੀ ਵੀ ਇਹੋ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ, "**ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥ ਪਾਪਾ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨਾ ਜਾਈ" ॥ (ਪੰਨਾ 417)** ਮਾਇਆ ਕਿਸੇ ਦਾ ਹੱਕ ਮਾਰਨ ਨਾਲ ਹੀ ਇਕੱਠੀ ਹੁੰਦੀ ਹੈ ਇਸੇ ਲਈ ਇਸ ਦੇ ਵਿੱਰੁਧ ਗੁਰੂ ਜੀ ਕਹਿੰਦੇ ਹਨ ਕਿ ਕਿਸੇ ਦਾ ਹੱਕ ਮਾਰਨਾ ਬਜਰ ਪਾਪ ਹੈ, **"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ" ॥ (ਪੰਨਾ 141)** {ਪਰਾਇਆ ਹੱਕ ਮੁਸਲਮਾਨ ਲਈ ਸੂਅਰ ਖਾਣ ਬਰਾਬਰ ਅਤੇ ਹਿੰਦੂ ਲਈ ਗਾਂ ਦਾ ਮਾਸ ਖਾਣ ਬਰਾਬਰ ਪਾਪ ਹਨ ।}

ਸਿੱਖ ਧਰਮ ਵਿਗਿਆਨਕ ਵੀ ਹੈ ਅਤੇ ਆਧੁਨਿਕ ਵੀ । ਇਸ ਨੂੰ ਸਾਇੰਸ ਤੋਂ ਕੋਈ ਖ਼ਤਰਾ ਨਹੀਂ ਸਗੋਂ ਸਿੱਖ ਧਰਮ ਸਾਇੰਸ ਨਾਲ ਕਦਮ ਨਾਲ ਕਦਮ ਮਿਲਾ ਕੇ ਚੱਲ ਸਕਦਾ ਹੈ । ਇਸ ਦੇ ਸਿਧਾਂਤ ਸਾਦਾ ਅਤੇ ਵਿਗਿਆਨਕ ਹਨ । ਅੱਧੁਨਿਕ ਸਾਇੰਸ ਵਾਂਗ ਹੀ ਸਿੱਖ ਧਰਮ ਖੋਜ ਕਰਨ ਦੀ ਨਸੀਹਤ ਕਰਦਾ ਹੈ "**ਖੋਜੀ ਉਪਜੈ**

---

[260] Ye seek happiness-alas, the day
Ye find it not in luxury not in gold
Nor in fame, nor in the mired way (P.B.Shelley)

Love of money is the root of half the evil in the world, lack of money is the root of the other half" (J.Wesley) ਇਹੋ ਗੱਲ ਗੁਰੂ ਜੀ ਨੇ ਇਸ ਤਰ੍ਹਾਂ ਕਹੀ ਸੀ :-"ਜਿਸੁ ਗ੍ਰਿਹਿ ਬਹੁਤੁ ਤਿਸੇ ਗ੍ਰਿਹਿ ਚਿੰਤਾ ॥ ਜਿਸ ਗ੍ਰਿਹਿ ਥੋਰੀ ਸੁ ਫਿਰੇ ਭ੍ਰਮੰਤਾ ॥ ਦੁਹੂ ਬਿਵਸਥਾ ਤੇ ਜੋ ਮੁਕਤਾ ਸੋਈ ਸੁਹੇਲਾ ਭਾਲੀਐ"॥ (ਪੰਨਾ 1019)

**ਬਾਦੀ ਬਿਨਸੈ ਹਉ ਬਲਿ ਬਲਿ ਗੁਰ ਕਰਤਾਰਾ" ॥ (ਪੰਨਾ 1255)** ਇਹ ਸਿੱਖਿਆ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਵਾਰ ਦਿੱਤੀ ਗਈ ਹੈ ਕਿ ਹਰ ਗੱਲ ਨੂੰ ਸਮਝ ਬੁੱਝ ਕੇ ਹੀ ਪ੍ਰਵਾਣ ਕਰਨਾ ਚਾਹੀਦਾ ਹੈ ਅਤੇ ਪੜ੍ਹ ਕੇ ਗਿਆਨ ਵਿੱਚ ਵਾਧਾ ਕਰਦੇ ਰਹਿਣਾ ਚਾਹੀਦਾ ਹੈ, **"ਖੋਜ ਬੂਝਿ ਜਉ ਕਰੈ ਬੀਚਾਰਾ" ॥ (ਪੰਨਾ 342), "ਸਮਝੈ ਸੂਝੈ ਪੜਿ ਪੜਿ ਬੂਝੈ ਅੰਤਿ ਨਿਰੰਤਰਿ ਸਾਚਾ" ॥ (ਪੰਨਾ 930)** ਅਜਿਹੇ ਧਰਮ ਦੇ ਅਧਿਅਨ ਉਪਰੰਤ ਹੀ ਡਾਕਟਰ ਕਾਪਰਾ ਵਰਗੇ ਵਿਦਵਾਨਾਂ ਨੇ ਕਿਹਾ ਕਿ ਵਰਤਮਾਨ ਸਾਇੰਸ ਧਰਮ ਦਾ ਹੀ ਪਰਛਾਵਾ ਹੈ । "Eastern thought, and more generally, mystical thought, provides consistent and relevant philosophical background to the theories of contemporary science"( Dr. Fritjof Capra *Tao of Physics page 25)*[261]

ਆਪਣੀ ਸਵੈ ਜੀਵਣੀ ਵਿੱਚ ਸ੍ਰੀ ਆਰ ਏ ਮਿਲੀਕਾਨ (R.A.Millikan) ਲਿਖਦੇ ਹਨ, "ਮੈਨੂੰ ਪ੍ਰਤੀਤ ਹੁੰਦਾ ਹੈ ਕਿ ਇਨਸਾਨੀ ਪ੍ਰਗਤੀ ਦੇ ਦੋ ਥੰਮ ਹਨ ਜਿਨ੍ਹਾਂ ਤੇ ਮਨੁੱਖੀ ਕਲਿਆਣ ਨੂੰ ਟਿਕਾਇਆ ਜਾ ਸਕਦਾ ਹੈ । ਪਹਿਲਾ ਹੈ ਸ਼ੁੱਧ ਧਾਰਮਿਕ ਪ੍ਰਵਿਰਤੀ ਅਤੇ ਦੂਸਰਾ ਥੰਮ ਹੈ ਵਿਗਿਆਨਕ ਸੋਚ । ਇੱਕ ਤੋਂ ਬਿਨਾਂ ਦੂਸਰਾ ਨਾਕਾਰਾ ਹੈ । ਸਾਇੰਸ ਲਈ ਤਾਂ ਕਾਲਜ ਯੂਨੀਵਰਸਟੀਆਂ ਆਦਿਕ ਹੋਂਦ ਵਿੱਚ ਆ ਗਏ ਹਨ ਪਰ ਪਹਿਲੇ ਨੂੰ (ਧਰਮ ਨੂੰ) ਅੱਖੋਂ ਪ੍ਰੋਖੇ ਕਰ ਦਿੱਤਾ ਗਿਆ ਹੈ ਭਾਵੇਂ ਕਿ ਹੈ ਉਹ ਵਧੇਰੇ ਮਹੱਤਵਪੂਰਣ ਹੈ" ।

ਇਸ ਬਿਆਨ ਨੂੰ ਵਿਚਾਰੀਏ ਤਾਂ ਸਿੱਖ ਧਰਮ ਆਧੁਨਿਕ ਸਮੇਂ ਦੀ ਲੋੜ ਹੈ। ਇਹੋ ਇਨਸਾਨੀ ਬੁੱਧੀ ਲਈ ਅਤੇ ਇਨਸਾਨੀ ਭਾਈਚਾਰੇ ਦੀ ਸਰਵ ਪੱਖੀ ਪ੍ਰਗਤੀ ਲਈ ਬਣਿਆ ਬਣਾਇਆ ਵਿਧਾਨ (Constitution) ਹੈ ।

**"I am not without hope that when enlightened rulers become acquainted with the merits of Sikh religion, they will not willlingly let it perish into the great abyss in which so many creeds have been engulfed."(M.A.Macauliffe)**

**"ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ"॥ (ਪੰਨਾ 67)**

[261] "All other religions lost argument centuries ago; Sikhism is the only New Age ideology which has nothing to fear from a questioning approach. ( *The Sikhs of the Punjab*-J.S.Grewal)

## ਗੁਰੂ ਨਾਨਕ ਚੈਰੀਟੇਬਲ ਟਰੱਸਟ, (ਗੁਰਮਤਿ ਭਵਨ)
## ਮੁੱਲਾਂਪੁਰ-ਦਾਖਾ ਮੰਡੀ (ਜ਼ਿਲ੍ਹਾ ਲੁਧਿਆਣਾ)

ਸੇਵਾ ਕਰਤ ਹੋਇ ਨਿਹਕਾਮੀ, ਤਿਸ ਕਉ ਹੋਤ ਪਰਾਪਤਿ ਸੁਆਮੀ
(ਸੁਖਮਨੀ ਸਾਹਿਬ ੧॥੧੮॥) ਪੰਨਾ 286

ਜੇ ਸਾਰੇ ਸੰਸਾਰ ਤੇ ਇੱਕ ਨਜ਼ਰ ਮਾਰੀਏ ਤਾਂ ਬਹੁਤ ਸੇਵਾਵਾਂ ਦੀ ਵਿਲੱਖਣ ਢੰਗ ਨਾਲ ਲੋੜ ਹੈ । ਬੱਚਿਆਂ ਤੋਂ ਲੈਕੇ ਬਜ਼ੁਰਗਾਂ ਤੱਕ ਅਜਿਹੇ ਲੋਕਾਂ ਦੀ ਗਿਣਤੀ ਬੇਸ਼ੁਮਾਰ ਹੈ ਜਿਨ੍ਹਾਂ ਨੂੰ ਸਾਡੀ ਮੱਦਦ ਦੀ ਲੋੜ ਹੈ । ਸਾਡੇ ਨਾਲੋਂ ਘੱਟ ਖੁਸ਼ਕਿਸਮਤ ਲੋਕਾਂ ਦੇ ਦੁਖਾਂ-ਤਕਲੀਫਾਂ ਨੂੰ ਲਾਂਭੇ ਕਰਨ ਦੀ ਬਜਾਇ, ਆਓ ਆਪਾਂ ਅਜਿਹੇ ਮੌਕਿਆਂ ਨੂੰ ਜੀ ਆਇਆਂ ਆਖੀਏ ।

ਜਿਨ੍ਹਾਂ ਦੀ ਬਦੌਲਤ ਪਰਮਾਤਮਾ ਨੇ ਸਾਨੂੰ ਉਨ੍ਹਾਂ ਲਈ ਕੁਝ ਕਰਨ ਅਤੇ ਮਹਿਸੂਸ ਕਰਨ ਦੀ ਪ੍ਰਤਿਭਾ ਦਿੱਤੀ ਹੈ ।

ਜਾ ਕੈ ਮਸਤਕਿ ਭਾਗ ਸਿ ਸੇਵਾ ਲਾਇਆ ॥ (ਆਸਾ ਮਹਲਾ 5) ਪੰਨਾ 457

**ਬੱਚੇ :-** ਬੱਚੇ ਸਾਡੀ ਕੌਮ ਦਾ ਭਵਿੱਖ ਹਨ । ਉਹ ਕੱਲ ਦੇ ਸ਼ਹਿਰੀ ਹਨ ਅਤੇ ਸਾਡੀਆਂ ਪੀੜ੍ਹੀਆਂ ਨੂੰ ਅੱਗੇ ਲੈ ਜਾਣ ਵਾਲੇ ਹਨ, ਜਦੋਂ ਅਸੀਂ ਨਹੀਂ ਰਹਾਂਗੇ । ਸੋ ਇਹ ਸਾਡਾ ਫਰਜ਼ ਹੈ ਕਿ ਉਨ੍ਹਾਂ ਦਾ ਪਾਲਣ-ਪੋਸ਼ਣ ਵਧੀਆ ਢੰਗ ਨਾਲ ਕਰੀਏ, ਉਨ੍ਹਾਂ ਨੂੰ ਅੱਛਾ ਭੋਜਨ ਦੇਈਏ ਅਤੇ ਉਨ੍ਹਾਂ ਨੂੰ ਪੜ੍ਹਾਈਏ ਤਾਂ ਕਿ ਉਹ ਪੂਰਨ ਮਨੁੱਖ ਬਣ ਸਕਣ ।

ਸਾਡੇ ਦੇਸ਼ ਵਿੱਚ ਸਾਧਨਾਂ ਦੀ ਕਮੀ ਕਰਕੇ ਸੈਂਕੜੇ ਬੱਚੇ ਬਦਕਿਸਮਤੀ ਨਾਲ ਮੁੱਢਲੀ ਵਿੱਦਿਆ ਤੋਂ ਵਾਂਝੇ ਰਹਿ ਜਾਂਦੇ ਹਨ । ਇਸ ਤੋਂ ਵੀ ਦੁੱਖ ਦੀ ਗੱਲ ਇਹ ਹੈ ਕਿ ਬਹੁਤ ਸਾਰੇ ਬੁੱਧੀਮਾਨ ਬੱਚੇ ਸਹੀ ਅਗਵਾਈ ਅਤੇ ਸਹੂਲਤਾਂ ਦੇ ਘਾਟੇ ਵਜੋਂ ਪਿੱਛੇ ਰਹਿ ਜਾਂਦੇ ਹਨ । ਉਨ੍ਹਾਂ ਨੂੰ ਸਿਖਲਾਈ ਸਹੂਲਤਾਂ ਦੇਣ ਦੇ ਨਾਲ ਨਾਲ ਉਹਨਾਂ ਨੂੰ ਅਜਿਹਾ ਵਾਤਾਵਰਣ ਦੇਣਾ ਚਾਹੀਦਾ ਹੈ, ਜਿਹੜਾ ਕਿ ਉਹਨਾਂ ਦੇ ਵਿਕਾਸ ਵਿੱਚ ਸਹਾਈ ਹੋਵੇ ਤਾਂ ਕਿ ਉਹ ਵੱਧ ਤੋਂ ਵੱਧ ਲਾਭ ਪ੍ਰਾਪਤ ਕਰ ਸਕਣ ।

ਇੱਥੇ ਅਜਿਹੇ ਲੋਕ ਵੀ ਹਨ ਜੋ ਦੋ ਵਕਤ ਦਾ ਖਾਣਾ ਖਾ ਕੇ ਜਾਂ ਫਿਰ ਇੱਕ ਵਾਰੀ ਖਾ ਕੇ ਵੀ ਆਪਣੇ ਆਪ ਨੂੰ ਕਿਸਮਤ ਵਾਲੇ ਮੰਨਦੇ ਹਨ । ਭੋਜਨ ਦੇ ਨਾਲ ਨਾਲ ਉਹ ਬਿਮਾਰੀ ਜਾਂ ਜਖਮੀਂ ਹਾਲਤ ਵਿੱਚ ਡਾਕਟਰੀ ਸਹਾਇਤਾ ਜਾਂ ਚਕਿਤਸਾ ਉਪਲਭਦ ਨਹੀਂ ਕਰਵਾ ਸਕਦੇ । ਆਪਣੇ ਮਾਂ-ਬਾਪ ਜਾਂ ਬੱਚਿਆਂ ਨੂੰ ਇਸ ਹਾਲਤ ਵਿੱਚ ਤੱਕਣਾਂ ਕਿਨਾਂ ਤਰਸਯੋਗ

ਹੈ ਕਿ ਫੀਸ ਉਹ ਦੇ ਨਹੀਂ ਸਕਦੇ ਅਤੇ ਦਵਾਈ ਤੋਂ ਅਸਮਰਥ ਹਨ ।

**ਸਾਡੇ ਬਜ਼ੁਰਗ :**

ਸਾਡੇ ਬਜ਼ੁਰਗ ਉਹ ਲੋਕ ਹਨ ਜਿੰਨਾਂ ਨੇ ਜੋ ਸਾਡੇ ਲਈ ਬਣਾਇਆ, ਅਸੀਂ ਉਸ ਦਾ ਅਨੰਦ ਮਾਣ ਰਹੇ ਹਾਂ । ਆਪਣੀ ਪਿਛਲੇਰੀ ਉਮਰ ਵਿੱਚ ਉਹ ਸਾਡੇ ਮਾਣ ਸਤਿਕਾਰ ਅਤੇ ਸਹਾਇਤਾ ਦੇ ਪਾਤਰ ਹਨ । ਪਰ ਇਹ ਕਹਿਣ ਵਿੱਚ ਕੋਈ ਅਤਿਕਥਨੀ ਨਹੀਂ ਕਿ ਉਨ੍ਹਾਂ ਨੂੰ ਅਣਗੌਲਿਆਂ ਕੀਤਾ ਜਾਂਦਾ ਹੈ ਅਤੇ ਉਨ੍ਹਾਂ ਦੇ ਹੀ ਨਜ਼ਦੀਕੀ ਰਿਸ਼ਤੇਦਾਰਾਂ ਦੁਆਰਾ ਉਨ੍ਹਾਂ ਨੂੰ ਇੱਕ ਬੋਝ ਸਮਝਿਆ ਜਾਂਦਾ ਹੈ । ਕਿਉਂਕਿ ਹਰ ਇੱਕ ਨੇ ਇੱਕ ਦਿਨ ਬੁੱਢੇ ਹੋਣਾ ਹੀ ਹੈ, ਇੱਕ ਨਾ ਇੱਕ ਦਿਨ ਇਹ ਅਵਸਥਾ ਸਾਡੇ ਤੇ ਵੀ ਆਉਣੀ ਹੀ ਹੈ, ਸੋ ਲੋੜ ਹੈ ਇਹ ਮਹਿਸੂਸ ਕਰਨ ਦੀ ਕਿ ਸਾਡੇ ਵੱਡੇ-ਵਡੇਰਿਆਂ ਨੂੰ ਸਾਡੇ ਧਿਆਨ ਅਤੇ ਸੇਵਾ ਸੰਭਾਲ ਦੀ ਜਰੂਰਤ ਹੈ ਅਤੇ ਸਾਨੂੰ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਸਮਝਣਾ ਚਾਹੀਦਾ ਹੈ ।

**ਨਸ਼ਾਖੋਰੀ :-**

ਨਸ਼ਾਖੋਰੀ ਇੱਕ ਸੰਸਾਰ ਪੱਧਰ ਦੀ ਚੁਨੋਤੀ ਹੈ, ਅਤੇ ਲੋੜ ਹੈ ਕਿ ਅਸੀਂ ਅਜਿਹੇ ਲੋਕਾਂ ਤੋਂ ਅਰੰਭ ਕਰੀਏ ਜਿਹੜੇ ਸਾਡੀ ਪਹੁੰਚ ਵਿੱਚ ਹਨ । ਪੰਜਾਬ ਵਿੱਚ ਇਹ ਸੱਮਸਿਆ ਪਿੰਡਾਂ ਵਿੱਚ ਬਹੁਤ ਹੀ ਗੰਭੀਰ ਹੈ, ਖਾਸ ਤੋਰ ਤੇ ਮਜ਼ਦੂਰਾਂ ਅਤੇ ਵਿਦਿਆਰਥੀਆਂ ਵਿੱਚ । ਭਾਵੇਂ ਕੋਈ ਵੀ ਨਸ਼ਾ ਹੋਵੇ ਉਸ ਦੀ ਆਦਤ ਬਹੁਤ ਸਾਰੀਆਂ ਜਿੰਦਗੀਆਂ, ਪਰਿਵਾਰ ਅਤੇ ਵੰਸ਼ਾਂ ਦਾ ਨਾਸ਼ ਕਰ ਸਕਦੀ ਹੈ । ਨਸ਼ਾ ਛਡਾਉਣਾ ਤਾਂ ਹੀ ਪੂਰਨ ਮੰਨਿਆ ਜਾਵੇਗਾ ਜੇਕਰ ਪੁਨਰ ਨਿਵਾਸ ਵੀ ਕੀਤਾ ਜਾਵੇ ।

ਨੌਜਵਾਨ ਵਰਗ ਦਾ ਨਸ਼ਿਆਂ ਦੇ ਵਿੱਚ ਗੁਲਤਾਨ ਹੋਣਾ ਬਹੁਤ ਹੀ ਮੰਦਭਾਗਾ ਹੈ, ਜਿਹੜੇ ਕਿ ਇੱਕ ਕੌਮ ਦੀ ਤਰੱਕੀ ਅਤੇ ਖੁਸ਼ਹਾਲੀ ਦਾ ਕੀਮਤੀ ਸਰਮਾਇਆ ਹਨ । ਉਨ੍ਹਾਂ ਦੀ ਅਥਾਹ ਸ਼ਕਤੀ ਨੂੰ ਉਸਾਰੂ ਕੰਮਾਂ ਅਤੇ ਉਦੇਸ਼ਾਂ ਦੀ ਪੂਰਤੀ ਲਈ ਵਰਤਿਆ ਜਾਣਾ ਚਾਹੀਦਾ ਹੈ । ਇਸ ਦਾ ਆਦਰਸ਼ਕ ਤਰੀਕਾ ਹੈ ਕਿ ਉਨ੍ਹਾਂ ਨੂੰ ਸਿਹਤਮੰਦ ਸ਼ਰੀਰ ਅਤੇ ਸਿਹਤਮੰਦ ਮਨ ਦੇ ਜੋੜ ਬਾਰੇ ਗਿਆਨ ਦਿੱਤਾ ਜਾਵੇ ।

**ਸਰੀਰਕ ਅਤੇ ਮਾਨਸਿਕ ਅਪੰਗਤਾ :**

ਸਰੀਰਕ ਅਤੇ ਮਾਨਸਿਕ ਅਪੰਗਤਾ ਇੱਕ ਹੋਰ ਪੱਖ ਹੈ ਜਿੱਥੇ ਸਾਡੀਆਂ ਸੇਵਾਵਾਂ ਦੀ ਬਹੁਤ ਲੋੜ ਹੈ । ਮਾਨਸਿਕ ਤੌਰ ਤੇ ਕਮਜ਼ੋਰ ਬੱਚੇ ਖਾਸ ਤੌਰ ਤੇ ਸਾਡੇ ਧਿਆਨ ਅਤੇ ਸਮਝ ਦੀ ਮੰਗ ਕਰਦੇ ਹਨ ।

ਮਸ਼ੀਨਰੀ ਜਾਂ ਸੜਕ ਦੁਰਘਟਨਾਵਾਂ ਕਈ ਵਾਰੀ ਲੱਤ-ਬਾਂਹ ਤੋਂ ਆਰੀ ਕਰ ਦਿੰਦੀਆਂ ਹਨ, ਜਾਂ ਫਿਰ ਕਿਸੇ ਦੀ ਰੋਜ਼ੀ-ਰੋਟੀ ਜਾਂ ਭਵਿੱਖ ਦੇ ਸੁਪਨੇ ਖੋਹ ਲੈਂਦੀਆਂ ਹਨ । ਪੋਲੀਓ ਅਤੇ ਅਧਰੰਗ ਤੋਂ ਪ੍ਰਭਾਵਿਤ ਬੱਚੇ ਜਾਂ ਸਰੀਰਕ ਤੌਰ ਤੇ ਅਪੰਗ ਬੱਚੇ ਸਮਾਜ ਅਤੇ ਪਰਿਵਾਰ ਤੇ ਬੋਝ ਸਮਝੇ ਜਾਂਦੇ ਹਨ । ਇਹਨਾਂ ਮਰੀਜਾਂ ਲਈ ਖਾਸ ਤਰੀਕੇ ਦੀ ਮਦਦ



ਦੀ ਲੋੜ ਹੁੰਦੀ ਹੈ, ਜਿਵੇਂ ਕਿ ਅਪਰੇਸ਼ਨ, ਨਕਲੀ ਲੱਤਾਂ-ਬਾਹਾਂ, ਟਰਾਈ ਸਾਈਕਲ, ਵੀਲ ਚੇਅਰ ਜਾਂ ਕਲਿਪਰਜ਼ ਆਦਿ ।

ਕਈ ਵਾਰ ਅਜਿਹਾ ਹੁੰਦਾ ਹੈ ਕਿ ਗਰੀਬ ਲੋਕ ਸਾਡੇ ਅਣਮਨੁੱਖੀ ਵਿਹਾਰ ਕਾਰਨ ਲਿਤਾੜੇ ਜਾਂਦੇ ਹਨ ਜਾਂ ਅਣਦੇਖੇ ਕੀਤੇ ਜਾਂਦੇ ਹਨ ਜਿਵੇਂ ਕਿ ਸੜਕ ਕਿਨਾਰੇ ਮਰ ਰਿਹਾ ਵਿਅਕਤੀ, ਇੱਕ ਅਣਗੋਲਿਆ ਬਜ਼ੁਰਗ, ਗਰੀਬੀ ਕਾਰਨ ਸਕੂਲ ਛੱਡਣ ਲਈ ਮਜ਼ਬੂਰ ਬੱਚਾ । ਅਸੀਂ ਕਈ ਵਾਰੀ ਆਪਣੇ ਆਲੇ-ਦੁਆਲੇ ਦੀ ਹੋਛੀ ਦੁਨੀਆਂਦਾਰੀ ਵਿੱਚ ਇਨ੍ਹਾਂ ਗੁਆਚ ਜਾਂਦੇ ਹਾਂ ਅਤੇ ਸਾਡੀਆਂ ਆਪਣੀਆਂ ਸਮੱਸਿਆਵਾਂ ਸਾਨੂੰ ਬਹੁਤ ਬੋਝਲ ਲੱਗਣ ਲੱਗ ਜਾਂਦੀਆਂ ਹਨ । ਅਸੀਂ ਆਪਣੀ ਅੰਦਰਲੀ ਰਹਿਮਦਿਲੀ ਨੂੰ ਅਣਸੁਣਿਆ ਕਰ ਦਿੰਦੇ ਹਾਂ । ਅਸੀਂ ਤਕਦੀਰ ਨੂੰ ਦੋਸ਼ ਦੇ ਛਡਦੇ ਹਾਂ ਅਤੇ ਮੰਨ ਕੇ ਬੈਠ ਜਾਂਦੇ ਹਾਂ ਕਿ ਸਾਰੇ ਦੁਖ-ਸੁੱਖ ਧੁਰੋਂ ਹੀ ਭਾਗਾਂ ਵਿੱਚ ਲਿਖਕੇ ਆਉਂਦੇ ਹਨ । ਅਸੀਂ ਆਪਣੀ ਆਤਮਾ ਦੀ ਝੂਠੀ ਤਸੱਲੀ ਲਈ ਜਾਂ ਆਪਣੇ ਨਿਮਾਣੇ ਮਨੋਰਥ ਦੀ ਪੂਰਤੀ ਲਈ ਧਰਮ ਦੇ ਨਾਂ ਤੇ ਦਾਨ ਪੁੰਨ ਕਰਦੇ ਹਾਂ, ਜਿਸ ਦੇ ਨਤੀਜੇ ਵੱਜੋਂ ਧਰਮ ਦੇ ਅਸਲੀ ਸੰਸਕਾਰ ਪਿੱਛੇ ਰਹਿ ਜਾਂਦੇ ਹਨ ਅਤੇ ਮਨੁੱਖਤਾ ਦੀ ਸੇਵਾ ਕਿਤੇ ਦਿਖਾਈ ਨਹੀਂ ਦਿੰਦੀ ।

ਕਿਉਂ ਨਾ ਆਪਾਂ ਅੰਤਰ ਆਤਮਾ ਦੀ ਆਵਾਜ਼ ਸੁਣੀਏ, ਇਹ ਅਨੁਭਵ ਕਰੀਏ ਕਿ ਅਸੀਂ ਨਾਸ਼ਵਾਨ ਹਾਂ, ਸਾਨੂੰ ਇੱਕ ਹੀ ਮਨੁੱਖਾ ਜੀਵਨ ਮਿਲਦਾ ਹੈ ਕੁੱਝ ਚੰਗਾ ਕਰਨ ਲਈ ਅਤੇ ਪਰਮਾਤਮਾ ਦੀਆਂ ਅੱਖਾਂ ਵਿੱਚ ਏਕਤਾ ਦਿਖਾਉਣ ਲਈ ਜਨਤਕ ਫੰਡਾਂ ਦਾ ਮਾਨਵਤਾ ਦੀ ਸੇਵਾ ਲਈ ਉਪਯੋਗ ਕਿਉਂ ਨਹੀਂ ਕਰਦੇ ?

"ਵਿਚਿ ਦੁਨੀਆ ਸੇਵ ਕਮਾਇਐ । ਤਾ ਦਰਗਹ ਬੈਸਣੁ ਪਾਈਐ ॥

(ਸਿਰੀ ਰਾਗ ਮਹਲਾ 1) ਪੰਨਾ 26

ਅਸਲੀ ਦਾਨ ਇਹ ਨਹੀਂ ਕਿ ਤੁਸੀਂ ਕਿੰਨਾਂ ਪੈਸਾ ਦਾਨ ਕਰਦੇ ਹੋ, ਪਰ ਇਸ ਵਿੱਚ ਹੈ ਕਿ ਤੁਹਾਡੇ ਮਨ ਵਿੱਚ ਸੇਵਾ-ਭਾਵ ਕਿੰਨਾ ਕੁ ਹੈ ..... ਚਾਹੇ ਇਹ ਇੱਕ ਰੁ: ਹੋਵੇ ਜਾਂ ਦੋ, ਸ਼ਾਇਦ ਆਪਣੇ ਆਪ ਨੂੰ ਸਮਰਪਨ ਕਰਕੇ ਜਾਂ ਕਿੰਨਾਂ ਸਮਾਂ ਤੇ ਪੈਸਾ ਤੁਸੀਂ ਸੇਵਾ ਲਈ ਦੇ ਸਕਦੇ ਹੋ ? ਅਸਲੀ ਅਤੇ ਸਦੀਵੀ ਖੁਸ਼ੀ ਦੂਜਿਆਂ ਦੀ ਸੇਵਾ ਕਰਕੇ ਅਤੇ ਜੁਆਬ ਵਿੱਚ ਉਨ੍ਹਾਂ ਤੋਂ ਕਿਸੇ ਸਨਮਾਨ ਜਾਂ ਪਿਆਰ ਦੀ ਆਸ ਨਾ ਕਰਕੇ ਮਿਲਦੀ ਹੈ ।

ਇੱਕੋ ਜਿਹੀ ਸੋਚ ਵਾਲੇ ਪੂਰਨ ਤੌਰ ਤੇ ਸੇਵਾ ਨੂੰ ਸਮਰਪਿਤ ਵਿਅਕਤੀਆਂ ਦੀ ਸਾਂਝੀ ਕੋਸ਼ਿਸ਼ ਸਦਕਾ ਇਹ ਟਰੱਸਟ 1987 ਵਿੱਚ ਸਥਾਪਿਤ ਕੀਤਾ ਗਿਆ ਅਤੇ ਸੁਸਾਈਟੀਜ਼ ਰਜਿਸਟ੍ਰੇਸ਼ਨ ਐਕਟ XXI ਦੇ 1980 (ਪੰਜਾਬ ਸਰਕਾਰ ਦੇ ਐਕਟ 1957 ਦੀ ਤਰਸੀਮ) ਰਾਹੀਂ ਰਜਿਸਟਰ ਕੀਤਾ ਗਿਆ । ਮੌਜੂਦਾ ਟਰੱਸਟ ਦੀ ਦਿੱਖਣ ਵਾਲੀ ਇਮਾਰਤ ਦਾ ਨਾਂ "ਗੁਰਮਤਿ ਭਵਨ" ਰੱਖਿਆ ਗਿਆ । ਇਸ ਦਾ ਰਜਿਸਟ੍ਰੇਸ਼ਨ ਨੰਬਰ 493-1987-88 ਮਿਤੀ 22-12-1987 ਹੈ । 'ਗੁਰਮਤਿ ਭਵਨ' ਤਿੰਨ ਏਕੜ ਜਮੀਨ ਵਿੱਚ ਬਣਾਇਆ ਗਿਆ ਹੈ । ਇਸ ਦੀ ਅਸਲੀ ਇਮਾਰਤ ਬਹੁਤ ਪ੍ਰਭਾਵਸ਼ਾਲੀ

ਦੋ-ਮੰਜਲੀ ਹੈ, ਜਿਸ ਦੇ ਆਲੇ-ਦੁਆਲੇ ਸੁੰਦਰ ਹਰਿਆਲੇ ਬਗੀਚੇ ਹਨ । ਛੱਤਿਆ ਹੋਇਆ ਰਕਬਾ 5000 ਵਰਗ ਫੁੱਟ ਤੋਂ ਵੱਧ ਹੈ ।

**ਟਰੱਸਟ ਵਿੱਚ ਚੱਲ ਰਹੇ ਮੁੱਖ ਸਮਾਜ-ਭਲਾਈ ਦੇ ਕਾਰਜ ਹੇਠ ਹਨ :-**

1. **ਗਲੀਆਂ ਵਿੱਚ ਘੁੰਮਦੇ ਬੱਚਿਆਂ ਦੀ ਭਲਾਈ :-**

ਇਹ ਵਿਲੱਖਣ ਸੈਂਟਰ 1997 ਤੋਂ ਅਣਗੌਲੇ ਗਲੀਆਂ ਵਿੱਚ ਭਾਉਂਦੇ ਬੱਚਿਆਂ ਨੂੰ ਉਪੱਰ ਚੁਕੱਣ ਲਈ ਚੱਲ ਰਿਹਾ ਹੈ । ਮਾਂ ਬਾਪ ਦੇ ਪਿਆਰ ਤੋਂ ਵਾਂਝੇ ਇਹ ਬਦਕਿਸਮਤ ਬੱਚੇ ਗਲੀਆਂ ਵਿੱਚ ਭੀਖ ਮੰਗਣ, ਲਿਫਾਫੇ ਤੇ ਲੀਰਾਂ ਚੁੱਕਣ, ਢਾਬਿਆਂ ਤੇ ਭਾਂਡੇ ਮਾਂਜਣ ਜਾਂ ਇਹੋ ਜਿਹੇ ਹੋਰ ਛੋਟੇ ਮੋਟੇ ਕਾਰਜ ਕਰਨ ਲਈ ਮਜਬੂਰ ਸਨ ।ਉਹ ਸਕੂਲ ਨਹੀਂ ਜਾ ਸਕਦੇ ਅਤੇ ਨਾਂ ਹੀ ਵਧੀਆ ਜ਼ਿੰਦਗੀ ਦਾ ਸੁਪਨਾ ਲੈ ਸਕਦੇ ਹਨ। ਇਹੋ ਜਿਹੇ 250 ਮੰਦਭਾਗੇ ਬੱਚੇ ਇਸ ਸੈਂਟਰ ਵਿੱਚ ਦਾਖਲ ਹਨ । ਹਰ ਇੱਕ ਬੱਚੇ ਦੀ ਸੰਪੂਰਨ ਡਾਕਟਰੀ ਜਾਂਚ ਕੀਤੀ ਜਾਂਦੀ ਹੈ ਅਤੇ ਜ਼ਰੂਰੀ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ । ਹਰ ਇੱਕ ਦਾਖਲ ਬੱਚੇ ਨੂੰ ਗਰਮੀ ਅਤੇ ਸਰਦੀ ਦੇ ਬਸਤਰ ਅਤੇ ਸੰਤੁਲਿਤ ਭੋਜਨ ਦਿੱਤਾ ਜਾਂਦਾ ਹੈ । ਗੁਰਮਤਿ ਭਵਨ ਦੇ ਐਲੀਮੈਂਟਰੀ ਸਕੂਲ 'ਫੁੱਲਵਾੜੀ' ਵਿਖੇ ਕੱਚੀ ਤੋਂ ਪੰਜਵੀਂ ਤੱਕ ਸਕੂਲੀ ਵਿਦਿੱਆ ਦਿੱਤੀ ਜਾਂਦੀ ਹੈ । ਸਕੂਲ ਦੀਆਂ ਕਿਤਾਬਾਂ, ਕਾਪੀਆਂ ਅਤੇ ਸਾਰੀ ਸਟੇਸ਼ਨਰੀ ਮੁਫਤ ਉਪਲੱਬਦ ਕਰਵਾਈ ਜਾਂਦੀ ਹੈ । ਸਮਾਜ ਵਿੱਚ ਸਵੈ-ਰੋਜ਼ਗਾਰ ਮੁਹਇਆ ਕਰਨ ਲਈ ਉਨ੍ਹਾਂ ਨੂੰ ਰੁਚੀ ਅਨੁਸਾਰ ਕਿੱਤਾ ਸਿਖਲਾਈ ਦਿੱਤੀ ਜਾਂਦੀ ਹੈ । ਜਿਵੇਂ ਕਿ ਮੋਮਬੱਤੀਆਂ ਬਨਾਉਣਾ, ਕੁਰਸੀਆਂ ਬੁਨਣਾ, ਦਰਜੀਪੁਣਾਂ, ਸਿਲਾਈ, ਕਢਾਈ ਅਤੇ ਬੁਣਾਈ, ਭੋਜਨ-ਸੁੱਰਖਿਆ, ਟਾਈਪ ਕਰਨਾ, ਸ਼ਾਰਟ ਹੈਂਡ, ਕੰਪਿਊਟਰ ਸਾਇੰਸ ਆਦਿ । ਉਨ੍ਹਾਂ ਦੀ ਸਿਹਤ, ਸਰੀਰਕ ਬਸਤਰ ਨਿੱਜੀ ਸਿਹਤ ਅਤੇ ਖਾਦ-ਖੁਰਾਕ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ ।

2. **ਆਲ੍ਹਣਾ :-**

ਗਰੀਬ ਯਤੀਮ ਬੱਚੇ ਜੋ ਕਿ ਰਿਸ਼ਤੇਦਾਰਾਂ ਵੱਲੋਂ ਧਿਰਕਾਰੇ ਗਏ ਹਨ, ਇੱਥੇ ਬੜੇ ਪਿਆਰੇ, ਘਰੇਲੂ ਮਹੌਲ ਵਿੱਚ ਖਾਸ ਨਿਗਰਾਨੀ ਹੇਠ ਰੱਖੇ ਜਾਂਦੇ ਹਨ ।

3. **ਸ. ਮਹਿੰਗਾ ਸਿੰਘ ਸਰਾਫ ਫਰੀ ਡਿਸਪੈਂਸਰੀ :-**

ਗਰੀਬ ਮਰੀਜਾਂ ਦੇ ਇਲਾਜ ਲਈ ਇਹ ਡਿਸਪੈਂਸਰੀ ਸਾਰਾ ਦਿਨ ਖੁੱਲੀ ਰਹਿੰਦੀ ਹੈ । ਇੱਕ ਤਜਰਬੇਕਾਰ ਡਾਕਟਰ ਅਤੇ ਡਿਸਪੈਂਸਰ ਪੱਕੇ ਤੌਰ ਤੇ ਰੱਖੇ ਹੋਏ ਹਨ । ਹਰ ਰੋਜ਼ ਔਸਤਨ 40-50 ਮਰੀਜ਼ ਇਲਾਜ ਕਰਵਾਉਂਦੇ ਹਨ ।

4. **ਅਪੰਗਾ ਲਈ ਸਹਾਇਤਾ :-**

ਇਹ ਪ੍ਰੋਜੈਕਟ ਸਿੱਖ ਐਜੁਕੇਸ਼ਨ ਐਂਡ ਵੈਲਫੇਅਰ ਏਡ (ਸੇਵਾ) ਯੂ.ਕੇ. ਦੁਆਰਾ 1998 ਵਿੱਚ ਅਰੰਭ ਕੀਤਾ ਗਿਆ ਸੀ, ਜਿਸ ਵਿੱਚ ਮੁੱਖ ਰੋਲ ਸ. ਗੁਰਬਚਨ ਸਿੰਘ ਸਿੱਧੂ



ਅਤੇ ਇੰਗਲੈਂਡ ਦੇ ਹੋਰ ਦਾਨੀਆਂ ਅਤੇ ਹੋਰ ਸਹਿਯੋਗਕਾਂ ਦੁਆਰਾ ਕੀਤਾ ਜਾਂਦਾ ਹੈ । ਪਿਛਲੇ 11 ਸਾਲਾਂ ਵਿੱਚ 6263 ਤੋਂ ਵੱਧ ਵਿਅਕਤੀ ਲਾਭ ਪ੍ਰਾਪਤ ਕਰ ਚੁੱਕੇ ਹਨ । ਸਾਰੇ ਕਿਸਮਾਂ ਦੀ ਸਰੀਰਕ ਅਯੋਗਤਾ ਦਾ ਇਲਾਜ ਅਪ੍ਰੇਸ਼ਨ ਰਾਹੀਂ ਕੀਤਾ ਜਾਂਦਾ ਹੈ ।

**ਅਪ੍ਰੇਸ਼ਨ ਰਾਹੀ ਇਲਾਜ :-**

ਜਮਾਂਦਰੂ ਅਪੰਗਤਾ ਅਤੇ ਪੋਲੀਓ ਅਪੰਗਤਾ ਦਾ ਇਲਾਜ ਅਪ੍ਰੇਸ਼ਨ ਰਾਹੀਂ ਕੀਤਾ ਜਾਂਦਾ ਹੈ ।

**ਸਹਾਇਕ ਸਮੱਗਰੀ :-**

ਜਿਹੜੇ ਵਿਅਕਤੀ ਅਪਰੇਸ਼ਨ ਦੁਆਰਾ ਠੀਕ ਨਹੀਂ ਹੋ ਸਕਦੇ, ਉਨ੍ਹਾਂ ਨੂੰ ਟ੍ਰਾਈ ਸਾਈਕਲ, ਵੀਲ ਚੇਅਰ ਕੈਲੀਪਰਜ਼ ਅਤੇ ਕਰਚੱਜ਼ (ਫਾਹੁੜੀਆਂ) ਉਪਲੱਭਧ ਕਰਵਾਈਆਂ ਜਾਂਦੀਆਂ ਹਨ ।

**ਬਨਾਉਟੀ ਅੰਗ (ਲੱਤਾਂ-ਬਾਹਾਂ) :-**

ਟੁੱਟੀ/ਕੱਟੀ ਬਾਂਹਾਂ ਜਾਂ ਲੱਤਾਂ ਵਾਲੇ ਵਿਅਕਤੀਆਂ ਦੇ ਸੰਪੂਰਨ ਮਸ਼ੀਨੀਕਰਨ ਅਤੇ ਬਿਜਲਈ ਢੰਗ ਨਾਲ ਤਿਆਰ ਕੀਤੇ ਮਨਸੁਈ ਅੰਗ (ਲੱਤਾਂ-ਬਾਹਾਂ) ਲਗਾਈਆਂ ਜਾਂਦੀਆਂ ਹਨ ।

**ਸੁਣਨ ਵਾਲੀ ਮਸ਼ੀਨ :-**

ਉਚੱਾ ਸੁਣਨ ਵਾਲੇ ਵਿਅਕਤੀਆਂ ਨੂੰ ਸਹੀ ਸੁਣਨ ਵਾਲੇ ਟੈਸਟ ਉਪਰੰਤ ਸੁਣਨ ਵਾਲੀ ਮਸ਼ੀਨ ਲਗਾਈ ਜਾਂਦੀ ਹੈ ।

5. **ਵਿਦਿਆਰਥੀਆਂ ਦੀ ਮੱਦਦ :-**

ਇਹ ਪ੍ਰੋਗਰਾਮ ਵੀ ਸਿੱਖ ਐਜੂਕੇਸ਼ਨ ਅਤੇ ਵੈਲਫੇਅਰ ਏਡ ਯੂ.ਕੇ. (ਸੇਵਾ) ਸ. ਜੀ.ਐਸ.ਸਿੱਧੂ ਅਤੇ ਸਹਿਯੋਜਕਾਂ ਵੱਲੋਂ ਗਰੀਬ ਵਿਦਿਆਰਥੀਆਂ ਦੀ ਮਦਦ ਲਈ ਚਲਾਇਆ ਜਾ ਰਿਹਾ ਹੈ, ਜਿਵੇਂ ਕਿ ਵਜ਼ੀਫਾ, ਕਿਤਾਬਾਂ-ਕਾਪੀਆਂ ਅਤੇ ਸਟੇਸ਼ਨਰੀ ਦਾ ਸਮਾਨ ਆਦਿ ਦੇਣਾ । ਪੜ੍ਹਾਈ ਅਤੇ ਖੇਡਾਂ ਵਿੱਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ ।

6. **ਅੱਖਾਂ ਦੇ ਫਰੀ ਅਪ੍ਰੇਸ਼ਨ ਕੈਂਪ :-**

ਹਰ ਸਾਲ ਅੱਖਾਂ ਦੇ ਤਿੰਨ ਫਰੀ ਕੈਂਪ ਲਗਾਏ ਜਾਂਦੇ ਹਨ ਜਿਨਾਂ ਵਿੱਚ ਅੱਖਾਂ ਨਾਲ ਸਬੰਧਿਤ ਬੀਮਾਰੀਆਂ ਦਾ ਇਲਾਜ ਅਤੇ ਅਪ੍ਰੇਸ਼ਨ ਕੀਤੇ ਜਾਂਦੇ ਹਨ । ਅਪ੍ਰੇਸ਼ਨ ਵਾਲੇ ਮਰੀਜ਼ਾਂ ਨੂੰ ਮੁਫ਼ਤ ਰਿਹਾਇਸ਼, ਖਾਣਾ, ਦਵਾਈਆਂ ਅਤੇ ਐਨਕਾਂ ਦਿੱਤੀਆਂ ਜਾਂਦੀਆਂ ਹਨ। ਪਿਛਲੇ 25 ਸਾਲਾਂ ਵਿੱਚ ਇਹੋ ਜਿਹੇ 60 ਕੈਂਪ ਲਗਾਏ ਗਏ ਹਨ । ਜਿਨ੍ਹਾਂ ਵਿੱਚ 6000 ਤੋਂ ਵੱਧ ਵਿਅਕਤੀਆਂ ਦੇ ਅਪ੍ਰੇਸ਼ਨ ਕੀਤੇ ਗਏ ਹਨ । ਕਈ ਬਰੀਕੀ ਵਾਲੇ ਕੇਸਾਂ ਵਿੱਚ ਟੰਕਾ ਰਹਿਤ ਅਪ੍ਰੇਸ਼ਨ (I.O.L) ਰਾਹੀਂ ਲੈਨਜ਼ ਪਾਏ ਜਾਂਦੇ ਹਨ । ਇਸ ਅਪ੍ਰੇਸ਼ਨ ਦਾ

ਕਿਸੇ ਵੀ ਪ੍ਰਾਈਵੇਟ ਹਸਪਤਾਲ ਵਿੱਚ 10,000 ਰੁ: ਖਰਚਾ ਆਉਂਦਾ ਹੈ । ਪਰ ਇਸ ਸੈਂਟਰ ਵਿੱਚ ਬਿਲਕੁਲ (ਫਰੀ) ਮੁਫ਼ਤ ਕੀਤਾ ਜਾਂਦਾ ਹੈ ।

ਡਾ. ਮਨਜੀਤ ਸਿੰਘ ਭੋਗਲ (ਸਿੱਖ ਏਡ ਇੰਟਰਨੈਸ਼ਨਲ ਯੂ.ਕੇ. ਰਜਿ: ਨੰ: 1086307) ਸ਼੍ਰੀਮਤੀ ਸੁਰਿੰਦਰ ਕੌਰ ਅਤੇ ਸ. ਅਵਤਾਰ ਸਿੰਘ ਸ਼ੇਖੂਪੁਰਾ (Dhata Foundation, Canada), ਸ. ਸੰਪੂਰਨ ਸਿੰਘ ਭਨੋਹੜ (ਯੂ.ਕੇ.) ਸ. ਸੁਰਜੀਤ ਸਿੰਘ ਸਿੱਧੂ (ਮਨੀਲਾ ਵਾਲੇ) ਪਿੰਡ ਪੰਡੋਰੀ ਅਜਿਹੇ ਕੈਂਪਾਂ ਨੂੰ ਲਗਾਤਾਰ ਸਪਾਂਸਰ ਕਰਦੇ ਹਨ ।

## 7. 'ਨਵੀਂ ਸਵੇਰ' ਨਸ਼ਾ ਛਡਾਓ ਅਤੇ ਪੁਨਰ ਨਿਵਾਸ ਕੇਂਦਰ :-

ਨਸ਼ਿਆਂ ਦਾ ਰੁਝਾਨ ਇਸ ਹੱਦ ਤੱਕ ਵਧ ਗਿਆ ਹੈ ਇਹ ਇੱਕ ਗੰਭੀਰ ਬੀਮਾਰੀ ਅਤੇ ਸਮੱਸਿਆ ਦਾ ਰੂਪ ਧਾਰ ਗਿਆ ਹੈ । ਨੌਜਵਾਨਾਂ ਵਿੱਚ ਨਸ਼ਾ ਕਰਨਾ ਇੱਕ ਆਮ ਜਿਹੀ ਗੱਲ ਬਣ ਗਈ ਹੈ । ਆਮ ਤੌਰ ਤੇ ਵਰਤੇ ਜਾਂਦੇ ਨਸ਼ੇ ਹਨ :- ਸ਼ਰਾਬ, ਤੰਬਾਕੂ, ਅਫੀਮ, ਭੁੱਕੀ, ਸਮੈਕ, ਭੰਗ, ਹੈਰੋਇਨ ਆਦਿ । ਨਸ਼ਿਆਂ ਦੇ ਬੁਰੇ ਰੁਝਾਨ ਕਰਕੇ ਸਮੁੱਚੇ ਸਮਾਜ ਦੀ ਸਿਹਤ, ਧਨ ਅਤੇ ਸਦਾਚਾਰ ਦਾ ਵਿਨਾਸ਼ ਹੋ ਰਿਹਾ ਹੈ ।

ਇਹ ਨਸ਼ਾ ਛਡਾਊ ਅਤੇ ਪੁਨਰ ਨਿਵਾਸ ਕੇਂਦਰ ਲੋਕਾਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਸਿੱਖਿਅਤ ਕਰਨ ਲਈ ਅਤੇ ਉਨ੍ਹਾਂ ਦੇ ਇਲਾਜ ਅਤੇ ਪੁਨਰ ਨਿਵਾਸ ਲਈ 1992 ਵਿੱਚ ਖੋਲ੍ਹਿਆ ਗਿਆ । ਇਸ ਕੇਂਦਰ ਵਿੱਚ ਕੰਮ ਕਰਨ ਵਾਲੇ ਖਾਸ ਵਿਅਕਤੀਆਂ ਦੀ ਟੀਮ ਇਲਾਕੇ ਦੇ ਸਕੂਲਾਂ, ਕਾਲਜਾਂ ਅਤੇ ਗੁਰਦੁਆਰਿਆਂ ਵਿੱਚ ਜਾ ਕੇ ਨਸ਼ਿਆਂ ਸਬੰਧੀ ਭਾਸ਼ਨਾਂ ਰਾਹੀਂ ਲੋਕਾਂ ਨੂੰ ਸੁਚੇਤ ਕਰਦੀ ਹੈ ਅਤੇ ਜਾਗਰੂਕਤਾ ਲਿਆਂਉਦੀਂ ਹੈ । ਇਸ ਅਦਾਰੇ ਦੇ ਆਪਣੇ ਸਾਧਨਾਂ ਰਾਹੀਂ ਅਜਿਹੇ ਕੇਸਾਂ ਦੀ ਪਹਿਚਾਣ ਕਰਕੇ ਇੱਥੇ ਇਲਾਜ ਲਈ ਲਿਆਦਾ ਜਾਂਦਾ ਹੈ । ਉਨ੍ਹਾਂ ਨੂੰ ਮਿਆਦ (ਨਸ਼ੇ ਦੀ) ਦੇ ਅਧਾਰ ਤੇ O.P.D. ਰਾਹੀਂ ਜਾਂ ਦਾਖਲ ਕਰਕੇ ਇਲਾਜ ਕਰਾਇਆ ਜਾਂਦਾ ਹੈ । ਉਹ ਦੋ ਤੋਂ ਚਾਰ ਹਫਤੇ ਲਈ ਰੱਖੇ ਜਾਂਦੇ ਹਨ ਅਤੇ ਉਨ੍ਹਾਂ ਦਾ ਮੁਫ਼ਤ ਇਲਾਜ ਅਤੇ ਰਹਿਣ ਸਹਿਣ ਦਾ ਪ੍ਰਬੰਧ ਕੀਤਾ ਜਾਂਦਾ ਹੈ, ਜਿੰਨੀ ਦੇਰ ਤੱਕ ਉਹ ਸੰਪੂਰਨ ਤੌਰ ਤੇ ਨਸ਼ਾ ਰਹਿਤ ਨਹੀਂ ਹੋ ਜਾਂਦੇ । ਉਨ੍ਹਾਂ ਦੇ ਪ੍ਰਵਾਰਕ ਮੈਂਬਰਾਂ ਨੂੰ ਵੀ ਉਨ੍ਹਾਂ ਦੀ ਰਿਹਾਇਸ਼ ਸਮੇਂ ਅਤੇ ਵਿਚਾਰ ਵਟਾਂਦਰੇ ਸਮੇਂ ਸ਼ਾਮਲ ਕੀਤਾ ਜਾਂਦਾ ਹੈ ।

ਜਿਹੜੇ ਨਸ਼ਈ ਨਸ਼ਾ ਛੱਡ ਜਾਂਦੇ ਹਨ ਉਹਨਾਂ ਨੂੰ ਛੇ-ਮਹੀਨੇ ਜਾਂ ਫਿਰ ਸਾਲ ਤੱਕ ਰੱਖਿਆ ਜਾਂਦਾ ਹੈ ਤਾਂ ਕਿ ਸੰਪੂਰਨ ਤੌਰ ਤੇ ਨਸ਼ਾ-ਮੁਕਤ ਹੋ ਜਾਣ । ਇਸ ਸਮੇਂ ਦੌਰਾਨ ਸਮਾਜ ਵਿੱਚ ਉਨ੍ਹਾਂ ਦੇ ਪੁਨਰ ਨਿਵਾਸ ਦਾ ਪ੍ਰਬੰਧ ਕੀਤਾ ਜਾਂਦਾ ਹੈ ਅਤੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕੀਤਾ ਜਾਂਦਾ ਹੈ । ਪਿਛਲੇ 16 ਸਾਲਾਂ ਵਿੱਚ 19672 ਤੋਂ ਵੱਧ ਵਿਅਕਤੀਆਂ ਨੂੰ ਇਲਾਜ ਕਰਕੇ ਠੀਕ ਕੀਤਾ ਗਿਆ ਹੈ ।

## 8. UNODC (United Nation Office on Drugs & Crime) :-

ਦੱਖਣੀ ਏਸ਼ੀਆ ਬੜੀ ਭਿਆਨਕ ਜਾਨਲੇਵਾ ਬਿਮਾਰੀ ਨਾਲ ਜੂਝ ਰਿਹਾ ਹੈ ਜਿਸ ਦਾ



ਨਾਮ ਹੈ Hiv/Aids. UNODC ਨੇ ਇੱਕ ਮੁਹਿੰਮ ਅਰੰਭ ਕੀਤੀ ਹੈ ਜਿਹੜੀ Hiv/Aids ਤੋਂ ਬਚਣ ਲਈ ਪਰਹੇਜ ਅਤੇ ਇਸ ਨੂੰ ਫੈਲਣ ਤੋਂ ਰੋਕਣ ਲਈ ਉਪਰਾਲੇ ਕਰਦੀ ਹੈ । Hiv/Aids ਦੇ ਸੰਭਾਵਿਤ ਖਤਰੇ ਤੋਂ ਚੇਤੰਨ ਕਰਦੀ ਹੈ । ਵੱਖ-ਵੱਖ ਤਰ੍ਹਾਂ ਦੀ ਅਬਾਦੀ ਦੇ ਗਰੁੱਪ ਜਿਵੇਂ ਕਿ ਗਲੀਆਂ ਵਿੱਚ ਘੁੰਮਦੇ ਬੱਚੇ ਆਦਿ ਅਜਿਹੇ ਬੱਚੇ ਨਾਂ ਕੇਵਲ ਅਜਿਹੀਆਂ ਬੀਮਾਰੀਆਂ ਦੇ ਸ਼ਿਕਾਰ ਹੀ ਹੁੰਦੇ ਹਨ, ਸਗੋਂ ਲਿੰਗ ਰੁਚੀਆਂ ਸਦਕਾ STI/HIV ਦੇ ਭਿਅੰਕਰ ਸਿੱਟੇ ਭੁਗਤਦੇ ਹਨ । ਟਰੱਸਟ ਸਮਾਜਕ ਨਿਆਂ ਅਤੇ ਅਖਤਿਆਰੀ ਮੰਤਰਾਲੇ ਰਾਹੀ UNODC ਦੀ ਏਜੰਸੀ ਦੇ ਤੌਰ ਤੇ ਕੰਮ ਕਰ ਰਿਹਾ ਹੈ ।

## 9. ਭਗਤ ਪੂਰਨ ਸਿੰਘ ਨਿਵਾਸ ਬਜ਼ੁਰਗਾਂ ਲਈ ਦੈਨਿਕ ਭਲਾਈ ਕੇਂਦਰ :-

ਵਡੇਰੀ ਉਮਰ ਦੇ 50 ਤੋਂ ਵੱਧ ਬਜ਼ੁਰਗ ਇਸ ਸੈਂਟਰ ਵਿੱਚ ਰਜਿਸਟਰ ਹੋ ਚੁੱਕੇ ਹਨ। ਜੋ ਵੀ ਸਮਾਂ ਉਨ੍ਹਾਂ ਲਈ ਯੋਗ ਹੈ, ਉਹ ਆ ਸਕਦੇ ਹਨ । ਉਨ੍ਹਾਂ ਨੂੰ ਦੋ ਵਾਰੀ ਚਾਹ ਨਾਲ ਨਾਸ਼ਤਾ ਦਿੱਤਾ ਜਾਂਦਾ ਹੈ । ਸਮੇਂ ਸਮੇਂ ਉਨ੍ਹਾਂ ਦਾ ਡਾਕਟਰੀ ਨਿਰੀਖਣ ਕੀਤਾ ਜਾਂਦਾ ਹੈ ਅਤੇ ਲੋੜਵਦਾਂ ਨੂੰ ਮੁਫ਼ਤ ਡਾਕਟਰੀ ਸਹਾਇਤਾ ਦਿੱਤੀ ਜਾਂਦੀ ਹੈ । ਉਹ ਲਾਈਬ੍ਰੇਰੀ ਦਾ ਪੂਰਾ ਫਾਇਦਾ ਉਠਾਉਂਦੇ ਹਨ । ਉਨ੍ਹਾਂ ਨੂੰ ਟੈਲੀਵਿਜ਼ਨ, ਡੀ.ਵੀ.ਡੀ. ਟੇਪ ਰਿਕਾਰਡਰ ਆਦਿ ਨਾਲ ਮਨੋਰੰਜਨ ਅਤੇ ਖੇਡਾਂ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ । ਉਨ੍ਹਾਂ ਨੂੰ ਪਿਕਨਿਕ ਅਤੇ ਧਾਰਮਿਕ ਸਥਾਨਾਂ ਦੀ ਯਾਤਰਾ ਲਈ ਨਿਯਮਤ ਤੌਰ ਤੇ ਲਿਜਾਇਆ ਜਾਂਦਾ ਹੈ ।

## 10. ਗਿਆਨੀ ਦਿੱਤ ਸਿੰਘ ਪਬਲਿਕ ਲਾਇਬਰੇਰੀ :-

ਇਹ ਖੁੱਲ੍ਹੇ ਹਵਾਦਾਰ ਕਮਰੇ ਵਿੱਚ 5000 ਤੋਂ ਵੱਧ ਕਿਤਾਬਾਂ, ਅਖਬਾਰਾਂ ਰਸਾਲੇ, ਮੈਗਜ਼ੀਨ ਅਤੇ ਹੋਰ ਪੜ੍ਹਣ ਸਮੱਗਰੀ ਪੰਜਾਬੀ, ਅੰਗਰੇਜ਼ੀ, ਹਿੰਦੀ ਅਤੇ ਉਰਦੂ ਵਿੱਚ ਉਪਲਬਦ ਹੈ । ਹਰ ਇੱਕ ਨੂੰ ਇਸ ਲਾਈਬ੍ਰੇਰੀ ਵਿੱਚ ਆਉਣ ਦਾ ਖੁਲ੍ਹਾ ਸੱਦਾ ਹੈ ।

## 11. ਸਿਲਾਈ - ਕਢਾਈ ਸਿਖਲਾਈ ਕੇਂਦਰ :-

ਲੜਕੀਆਂ ਲਈ ਛੇ ਮਹੀਨੇ ਦਾ ਕੋਰਸ ਹੈ ਜਿਸ ਵਿੱਚ ਉਨ੍ਹਾਂ ਨੂੰ ਸਿਲਾਈ, ਕਢਾਈ ਬੁਣਾਈ, ਪੇਂਟਿੰਗ, ਸਜਾਵਟ ਆਦਿ ਦੀ ਕਲਾ ਦੀ ਸਿਖਲਾਈ ਦਿੱਤੀ ਜਾਂਦੀ ਹੈ । ਇਹ ਸਿਲਸਿਲਾ ਨਿਯਮਤ ਰੂਪ ਵਿੱਚ ਚੱਲਦਾ ਹੈ । ਸਿਖਿਆਰਥੀਆਂ ਨੂੰ ਬਕਾਇਦਾ ਸਰਟੀਫ਼ੀਕੇਟ ਦਿੱਤੇ ਜਾਂਦੇ ਹਨ ।

## 12. ਕੰਪਿਊਟਰ ਸਿਖਲਾਈ ਕੇਂਦਰ :-

ਵਿਦਿਆਰਥੀਆਂ ਨੂੰ ਟਾਈਪ ਸਿਖਲਾਈ, ਬੇਸਿਕ ਕੰਪਿਊਟਰ ਸਿਖਲਾਈ ਜਿਵੇਂ ਕਿ ਐਮ.ਐਸ. ਆਫ਼ਿਸ, ਡਿਜ਼ਾਇਨ, ਲੇਖਾ-ਜੋਖਾ, ਇੰਟਰਨੈਟੱ ਪ੍ਰੋਗਰਾਮਿੰਗ ਆਦਿ ਸਿਖਾਏ ਜਾਂਦੇ ਹਨ । ਬਹੁਤ ਅੱਛੀ ਏ.ਸੀ. ਲੈਬ ਵਿੱਚ ਸਿਧਾਂਤਕ ਅਤੇ ਪ੍ਰੈਕਟੀਕਲ ਲਈ ਵੱਖਰੇ-ਵੱਖਰੇ ਕਮਰੇ ਮੌਜੂਦ ਹਨ । ਕੰਪਿਊਟਰ ਵੀ ਨਵੀਨਤਮ ਟੈਕਨੋਲੋਜੀ ਵਾਲੇ ਹਨ ।

13. **ਗੁਰਬਾਣੀ ਸੰਗੀਤ ਕੇਂਦਰ :-**

ਵਿਦਿਆਰਥੀਆਂ ਨੂੰ ਸ਼ਬਦ ਕੀਰਤਨ, ਗੁਰਬਾਣੀ ਦਾ ਸ਼ੁੱਧ ਉਚਾਰਣ ਅਤੇ ਪਾਠ ਦੀ ਸਿਖਲਾਈ ਦਿੱਤੀ ਜਾਂਦੀ ਹੈ ।

14. **ਧਾਰਮਿਕ ਸਮਾਗਮ :-**

ਹਰ ਵੀਰਵਾਰ ਨੂੰ ਸਤਿਸੰਗ ਹੁੰਦਾ ਹੈ । ਜਿਸ ਵਿੱਚ ਉੱਚ ਕੋਟੀ ਦੇ ਰਾਗੀ ਤੇ ਕਥਾਕਾਰ ਸਮੇਂ ਸਮੇਂ ਬੁਲਾਏ ਜਾਂਦੇ ਹਨ । ਹਰ ਮਹੀਨੇ ਦੇ ਪਹਿਲੇ ਸ਼ਨਿੱਚਰਵਾਰ ਨੂੰ ਇਸਤ੍ਰੀ ਸਤਿਸੰਗ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਅਤੇ ਕੀਰਤਨ ਕੀਤਾ ਜਾਂਦਾ ਹੈ।

16. **ਕਮਿਊਨਟੀ ਹਾਲ :-**

ਗੁਰਮਤਿ ਭਵਨ ਵਿਖੇ ਬਹੁਤ ਵਧੀਆ ਖੁੱਲ੍ਹੇ-ਡੁੱਲੇ ਦੋ ਹਾਲ ਹਨ ਗੁਰਮਤਿ ਹਾਲ (50'x60') ਬਾਬਾ ਗੁਰਸੇਵਕ ਸਿੰਘ ਹਾਲ (30'x50') ਇਹ ਹਰ ਵਰਗ ਦੇ ਲੋਕਾਂ ਲਈ (ਜਾਤ-ਪਾਤ ਦੇ ਵਿਤਕਰੇ ਤੋਂ ਰਹਿਤ) ਖੁੱਲ੍ਹੇ ਹਨ । ਬਸ਼ਰਤੇ ਕਿ ਗੈਰ ਰਾਜਨੀਤਕ ਸਮਾਗਮ ਅਤੇ ਸਮਾਜਿਕ ਰਸਮਾਂ ਹੀ ਕੀਤੀਆਂ ਜਾਣ ।

17. **ਲੋੜਵੰਦਾਂ ਦੀ ਸਹਾਇਤਾ :-**

ਸੜਕ ਦੁਰਘਟਨਾਵਾਂ ਦੇ ਪੀੜ੍ਹਤ, ਕੁਦਰਤੀ ਆਫਤਾਂ ਦੀ ਮਾਰ ਹੇਠ ਆਏ ਵਿਅਕਤੀਆਂ ਨੂੰ ਭੋਜਨ, ਕੱਪੜਾ, ਦਵਾਈਆਂ ਆਦਿ ਦੀ ਹਰ ਸੰਭਵ ਸਹਾਇਤਾ ਦਿੱਤੀ ਜਾਂਦੀ ਹੈ ।

18. **ਕੱਪੜਾ ਬੈਂਕ :-**

ਲੋਕਾਂ ਦੁਆਰਾ ਦਾਨ ਕੀਤੇ ਨਵੇਂ ਅਤੇ ਪੁਰਾਣੇ ਕੱਪੜੇ ਸਟੋਰ ਕਰਕੇ ਵੱਖ-2 ਉਮਰ, ਵਰਗ ਦੇ ਲੋੜਵੰਦਾਂ ਵਿੱਚ ਸਮੇਂ ਸਮੇਂ ਵੰਡੇ ਜਾਂਦੇ ਹਨ ।

19. **ਭਾਈ ਘਨੱਈਆ ਖੂਨ ਦਾਨ ਸੁਸਾਇਟੀ :-**

ਖੂਨ ਦਾਨ ਕਰਨ ਵਾਲਿਆਂ ਦੀ ਇੱਕ ਲਿਸਟ ਹਰ ਸਮੇਂ ਪ੍ਰਬੰਧਕਾਂ ਕੋਲ ਮੌਜੂਦ ਹੁੰਦੀ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਸੰਕਟ ਸਮੇਂ ਖੂਨ ਦਿੱਤਾ ਜਾਂਦਾ ਹੈ ।

20. **ਕਿੱਤਾ ਸਿਖਲਾਈ ਕੇਂਦਰ :-**

ਬੇਰੋਜ਼ਗਾਰ ਨੌਜਵਾਨਾਂ ਨੂੰ ਸਿਖਲਾਈ ਦੇਣ ਲਈ ਕਿੱਤਾ ਸਿਖਲਾਈ ਕੇਂਦਰ ਦਾ ਆਯੋਜਨ ਕੀਤਾ ਗਿਆ ਹੈ । ਲੜਕੇ/ਲੜਕੀਆਂ ਨੂੰ ਬਿਜਲੀ/ਬਿਜਲੀ ਯੰਤਰਾਂ ਦੀ ਮੁਰੰਮਤ ਅਤੇ ਸਾਂਭ ਸੰਭਾਲ ਬਾਰੇ ਸਿਖਲਾਈ ਦਿੱਤੀ ਜਾਂਦੀ ਹੈ । ਸਵੈਟਰ ਬੁਣਨ ਵਾਲੀ ਮਸ਼ੀਨ ਦੀ ਸਿਖਲਾਈ ਵੀ ਦਿੱਤੀ ਜਾਂਦੀ ਹੈ ।

21. **ਆਡੀਟੋਰੀਅਮ (ਸਭਾ ਭਵਨ) :-**

ਅਗਲਾ ਪ੍ਰੋਗਰਾਮ ਜੋ ਕਿ ਆਰੰਭ ਕੀਤਾ ਗਿਆ ਹੈ, ਆਧੁਨਿਕ ਸਹੂਲਤਾਂ ਪ੍ਰਦਾਨ ਕਰਦਾ ਵਧੀਆ ਫਰਨੀਚਰ-ਯੁਕਤ ਆਡੀਟੋਰੀਅਮ (ਸਭਾ ਭਵਨ) ਹੈ । ਜਿੱਥੇ ਕਿ ਸਮੇਂ



ਸਮੇਂ ਸੈਮੀਨਾਰ ਅਤੇ ਭਾਸ਼ਣ, ਬਹਿਸ ਆਦਿ ਹੋ ਸਕਦੇ ਹਨ ।

ਉਪਰੋਕਤ ਸਭ ਸੇਵਾਵਾਂ ਬਿਲਕੁਲ ਮਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ, ਉਹ ਵੀ ਬਿਨਾਂ ਕਿਸੇ ਭੇਦ ਭਾਵ ਦੇ । ਸੱਚਮੁੱਚ ਇਹ ਇੱਕ ਬੜਾ ਵੱਡਾ ਉਪਰਾਲਾ ਹੈ ਜਿਹੜਾ ਕਿ ਸੀਮਤ ਸਾਧਨਾਂ ਰਾਹੀਂ ਚੱਲ ਰਿਹਾ ਹੈ । ਜਿਸ ਵਿੱਚ ਬੈਂਕ ਦਾ ਵਿਆਜ, (ਫਿਕਸ ਡਿਪਾਜ਼ਿਟ ਤੇ) ਅਤੇ ਦਿਆਲੂ ਅਤੇ ਦਾਨੀ ਸੱਜਣਾਂ ਦੁਆਰਾ ਕਿੱਤਾ ਗਿਆ ਦਾਨ ਕੁੱਝ ਕੁ ਪ੍ਰੋਜਕਟਾਂ ਲਈ ਫੰਡ ਵੀ ਮਿਲਦੇ ਹਨ ਜੋ ਸਰਕਾਰ ਦਿੰਦੀ ਹੈ । ਟਰੱਸਟ ਨੂੰ ਦਿੱਤੇ ਗਏ ਦਾਨ ਨੂੰ ਭਾਰਤ ਸਰਕਾਰ ਵੱਲੋਂ 80G 1961 ਦੀ ਇਨਕਮ ਟੈਕਸ ਧਾਰਾ ਅਧੀਨ ਇਨਕਮ ਟੈਕਸ ਤੋਂ ਛੋਟ ਹੈ ।

ਟਰੱਸਟ ਦਾ ਲੇਖਾ-ਜੋਖਾ ਬਕਾਇਦਾ ਸੰਭਾਲਿਆ ਹੋਇਆ ਹੈ ਜਿਸ ਨੂੰ ਹਰ ਸਾਲ ਚਾਰਟਰਡ ਅਕਾਊਟੈਂਟਾਂ ਰਾਹੀਂ ਆਡਿਟ ਕੀਤਾ ਜਾਂਦਾ ਹੈ । 10,000 ਰੁ: ਦਾਨ ਕਰਨ ਵਾਲਾ ਵਿਅਕਤੀ ਇਸ ਸੰਸਥਾ ਦਾ ਉਮਰ ਭਰ ਲਈ ਮੈਂਬਰ ਬਣ ਜਾਂਦਾ ਹੈ । ਹਰ ਇੱਕ ਛੋਟੀ ਤੋਂ ਛੋਟੀ ਰਾਸ਼ੀ ਦੇ ਦਾਨ ਦੀ ਰਕਮ ਹੇਠ ਲਿਖੇ ਪਤੇ ਤੇ ਭੇਜੀ ਜਾ ਸਕਦੀ ਹੈ ।

ਬੈਂਕ ਆਫ਼ ਇੰਡਿਆ A/c No. 651110100010199, ਪੰਜਾਬ ਨੈਸ਼ਨਲ ਬੈਂਕ S.P. A/c No. 21171, ਓਰੀਐਂਟਲ ਬੈਂਕ ਆਫ਼ ਕਾਮਰਸ A/c No. 8088, ਸਟੇਟ ਬੈਂਕ ਆਫ ਪਟਿਆਲਾ A/c No. 55078058952 ਹਵਾਲਾ ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜਿ:) ।

ਪ੍ਰਮਾਤਮਾ ਸਾਡੇ ਸਭ ਤੇ ਆਪਣਾ ਮਿਹਰ ਭਰਿਆ ਹੱਥ ਰੱਖੇ ।

**ਵਿੱਦਿਅਕ ਭਲਾਈ ਸੰਸਥਾ (ਯੂ.ਕੇ.) :-**

ਸ. ਗੁਰਬਚਨ ਸਿੰਘ ਸਿੱਧੂ ਨੇ ਸਿੱਖ ਐਜੂਕੇਸ਼ਨ ਅਤੇ ਵੈਲਫੇਅਰ ਏਡ (Sewa U.K.) ਦੇ ਨਾਂ ਹੇਠ ਗੁਰੂ ਨਾਨਕ ਚੈਰੀਟੇਬਲ ਟਰੱਸਟ ਵਿੱਚ ਸਕੀਮ ਚਲਾਈ ਹੈ ਜਿਹੜੀ ਦੀਨ ਦੁਖੀਆਂ ਦੀ ਸੇਵਾ ਕਰਦੀ ਹੈ । ਇਸ ਵਿੱਚ ਕਿਸੇ ਦੀ ਜ਼ਿੰਦਗੀ ਬਚਾਉਣਾ, ਵਧੀਆ ਸਿਹਤ ਸੁਵਿਧਾਵਾਂ ਪ੍ਰਦਾਨ ਕਰਨਾ, ਮਿੱਤਰਤਾ ਭਰਪੂਰ ਸਬੰਧ ਬਨਾਉਣਾ ਅਤੇ ਆਪਸੀ ਤਾਲ ਮੇਲ ਵਧਾਉਣਾ ਸ਼ਾਮਲ ਹਨ । Sewa (U.K.) ਕੌਮ, ਜਾਤ-ਪਾਤ, ਧਰਮ ਜਾਂ ਰਾਜਨੀਤਕ ਸਮਝ ਦੇ ਅਧਾਰ ਤੇ ਕੋਈ ਵਿਤਕਰਾ ਨਹੀਂ ਰੱਖਦਾ । ਇਹ ਸਿਰਫ ਸੁਚੱਜੀ ਅਗਵਾਈ ਦੇ ਅਧਾਰ ਤੇ ਬਹੁਤ ਲੋੜਵੰਦ ਅਤੇ ਜ਼ਰੂਰੀ ਵਿਅਕਤੀਆਂ ਦੀ ਪਹਿਲ ਦੇ ਅਧਾਰ ਤੇ ਸਹਾਇਤਾ ਕਰਦਾ ਹੈ ।

ਇਸ ਕੰਮ ਲਈ ਇੱਕ ਖਾਸ ਰਾਸ਼ੀ ਅਤੇ ਫੰਡ ਰਾਖਵਾਂ ਰੱਖਿਆ ਗਿਆ ਹੈ । ਹੇਠ ਲਿਖੀਆਂ ਸੇਵਾਵਾਂ ਲਈ ਬੈਂਕ ਦਾ ਵਿਆਜ ਵਰਤਿਆ ਜਾਂਦਾ ਹੈ ।

1. ਅਪੰਗ ਸਹਾਇਤਾ ਜਿਵੇਂ ਕਿ ਅਪ੍ਰੇਸ਼ਨ, ਬਨਾਵਟੀ ਅੰਗ, ਸੁਣਨ ਮਸ਼ੀਨਾਂ, ਦੰਦਾਂ ਦੇ ਸੈਟ (ਬਨਾਵਟੀ) ਆਦਿ ।

2. ਅਨਾਥ, ਬੇਲੋੜੇ ਅਤੇ ਬੇਸਹਾਰਾ ਬੱਚਿਆਂ ਨੂੰ ਵਜੀਫੇ ਪੜ੍ਹਾਈ ਲਈ ਹਰ ਸੰਭਵ ਸਹਾਇਤਾ ਦੇਣਾ ।
3. ਬੇਸਹਾਰਾ ਬਜ਼ੁਰਗਾਂ ਨੂੰ ਭੋਜਨ ਅਤੇ ਆਸਰਾ ਦੇਣਾ ।
4. ਵਿਧਵਾਵਾਂ ਅਤੇ ਉਹਨਾਂ ਦੇ ਪਰਵਾਰਾਂ ਨੂੰ ਸਹਾਇਤਾ, ਜਿੰਨਾਂ ਦਾ ਹੋਰ ਕੋਈ ਕਮਾਈ ਕਰਨ ਵਾਲਾ ਨਾ ਹੋਵੇ । ਦਸੰਬਰ 2008 ਤੱਕ 655 ਵਿੱਧਵਾ ਅਤੇ ਆਰਥਿਕ ਪੱਖੋਂ ਕਮਜ਼ੋਰ ਔਰਤਾਂ ਨੂੰ ਸਿਲਾਈ ਮਸ਼ੀਨਾਂ ਦਿੱਤੀਆਂ ਜਾ ਚੁੱਕੀਆਂ ਹਨ ।
5. ਪੀੜ੍ਹਤਾਂ ਨੂੰ ਫੌਰੀ ਸਹਾਇਤਾ ਜਿਵੇਂ ਕਿ ਐਕਸੀਡੈਂਟ, ਹੜ੍ਹ, ਅੱਗ, ਭੁਚਾਲ ਜਾਂ ਕੋਈ ਹੋਰ ਕੁਦਰਤੀ ਆਫਤ ਕਰਕੇ ।

ਇਸ ਟਰੱਸਟ ਦੇ ਸ਼ੁਭ-ਇੱਛਕ ਅਤੇ ਦਿਆਲੂ ਦੋਸਤਾਂ ਨੂੰ ਖੁਲ੍ਹੇ ਦਿਲ ਨਾਲ ਦਾਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ । 10,000 ਰੁ: ਦਾਨ ਕਰਕੇ ਤੁਸੀਂ ਇਸ ਸੰਸਥਾ ਦੇ ਪੱਕੇ ਮੈਂਬਰ ਬਣ ਸਕਦੇ ਹੋ ।

------------ ਧੰਨਵਾਦ ------------



| | | | | | | |
|---|---|---|---|---|---|---|
| | | | | | | |
| | 119 | 2131 | 9376 | 300 | 2232 | 2188 |
| ਭੰਗ, ਚਰਸ, ਹਸ਼ੀਸ਼ ਮਾਰਜੁਆਨਾਂ | | | | | | |
| | 1023 | 1231 | 1593 | 871 | 20945 | |

| | | | | |
|---|---|---|---|---|
| | | | | |
| | 64 | 43944 | 11777 | 6729 |

**ਅਪੰਗ ਵਿਅਕਤੀਆਂ ਦੀ ਸਹਾਇਤਾ ਲਈ ਫਰੀ ਸੇਵਾਵਾਂ ਦਾ ਵੇਰਵਾ 31/03/2010 ਤੱਕ**

**ਗੁਰੂ ਨਾਨਕ ਚੈਰੀਟੇਬਲ ਟਰੱਸਟ (ਰਜ਼ਿ:) ਮੰਡੀ ਮੁੱਲਾਂਪੁਰ (ਲੁਧਿਆਣਾ)**

| | | | | | |
|---|---|---|---|---|---|
| 123 | 2237 | 1167 | 82 | 116 | 1056 |
| | | | | | |
| 529 | 1130 | 303 | 103 | 6846 | |

**ਵਿਧਵਾਵਾਂ ਨੂੰ ਦਿੱਤੀਆਂ ਗਈਆਂ ਸਿਲਾਈ ਮਸ਼ੀਨਾਂ ਦਾ ਵੇਰਵਾ 31/03/2010 ਤੱਕ – 667**